PANJAB TIMES
£2
# ਪੰਜਾਬ ਟਾਈਮਜ਼
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
27th Nov - 4th Dec 2025 • Issue No. 3108
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

# ਮਨੁੱਖੀ ਹੱਕਾਂ ਦੇ ਰਾਖੇ ਸਤਿਗੁਰੂ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਦੁਨੀਆ ਭਰ ਵਿੱਚ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਏ ਗਏ


ਸ੍ਰੀ ਅਨੰਦਪੁਰ ਸਾਹਿਬ ਵਿਖੇ 9ਵੇਂ ਪਾਤਿਸ਼ਾਹ ਦੇ ਸ਼ਹੀਦੀ ਪੁਰਬ ਸ਼੍ਰੋ: ਗੁ: ਪ੍ਰ: ਕਮੇਟੀ ਵੱਲੋਂ ਮਨਾਉਣ ਸਮੇਂ ਦੀਵਾਨ ਵਿੱਚ ਕਮੇਟੀ ਪ੍ਰਧਾਨ ਐਡਵੋਕੇਟ ਸ: ਹਰਜਿੰਦਰ ਸਿੰਘ ਧਾਮੀ, ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂ ਨਜ਼ਰ ਆ ਰਹੇ ਹਨ


ਦਿੱਲੀ ਵਿੱਚ ਸ਼ਹੀਦੀ ਪੁਰਬ ਸਬੰਧੀ ਵਿਸ਼ਾਲ ਨਗਰ ਕੀਰਤਨ ਸਜਾਏ ਗਏ, ਇਸ ਮੌਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਖੂਬਸੂਰਤ ਪਾਲਕੀ ਤੇ ਪੰਜ ਪਿਆਰੇ

## ਜਥੇਦਾਰ ਕੁਲਦੀਪ ਸਿੰਘ ਗੜਗੱਜ ਨਾਲ ਸ: ਰਾਜਿੰਦਰ ਸਿੰਘ ਪੁਰੇਵਾਲ ਦੀ ਵਿਸ਼ੇਸ਼ ਮੁਲਾਕਾਤ

ਸ੍ਰੀ ਅਨੰਦਪੁਰ ਸਾਹਿਬ ਵਿਖੇ 9ਵੇਂ ਪਾਤਿਸ਼ਾਹ ਦੇ ਸ਼ਹੀਦੀ ਪੁਰਬ ਮੌਕੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਪੰਥ ਦੇ ਮੌਜੂਦਾ ਅਹਿਮ ਮੁੱਦਿਆਂ ਬਾਰੇ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਕਿਹਾ ਕਿ ਤੁਸੀਂ ਪੰਥ ਦੀ ਚੜ੍ਹਦੀ ਕਲਾ ਅਤੇ ਏਕਤਾ ਬਾਰੇ ਬਹੁਤ ਵਧੀਆ ਭੂਮਿਕਾ ਨਿਭਾਅ ਰਹੇ ਹੋ, ਇਸ ਲਈ ਅਸੀਂ ਤੁਹਾਡਾ ਪੂਰਾ ਸਤਿਕਾਰ ਕਰਦੇ ਹਾਂ।





ਇਸ ਮੌਕੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸ: ਰਾਜਿੰਦਰ ਸਿੰਘ ਪੁਰੇਵਾਲ ਨਾਲ ਗਏ ਭਾਈ ਮਲਕੀਤ ਸਿੰਘ ਅਤੇ ਸ: ਹਰਮਿੰਦਰ ਸਿੰਘ ਪੁਰੇਵਾਲ ਦਾ ਵੀ ਮਾਣ ਸਨਮਾਨ ਕੀਤਾ

## ਡੰਗ ਮਨਚੰਦੇ ਦੇ

rajinder.pardesi7@gmail.com

ਤੇਜਿੰਦਰ ਮਨਚੰਦਾ ਪ੍ਰਦੇਸੀ

ਸਾਡੀ ਸਰਕਾਰ ਵੇਲੇ ਸਾਡੇ ਮੰਤਰੀ ਕੋਈ ਵੀ ਕੰਮ ਕਰਵਾਉਣ ਦਾ 30% ਹਿੱਸਾ ਲੈਂਦੇ ਸਨ,ਅਤੇ ਇਹ ਹੁਣ ਵਾਲਿਆ ਦਾ ਸਟੈਂਡਰਡ ਦੇਖ ਲਓ!
5% ਲੈਂਦੇ ਹੀ ਫੜੇ ਗਏ!!



# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ




# ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੂਰਵਰਤੋਂ:-

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:-

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।

# HALAL OR KUTTHA MEAT SERVED

## IN BRITISH SCHOOLS AND FRIED MEAT OUTLETS

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating “halal” (or “kuttha”) meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include “halal” ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under “halal” or (“kuttha”) terms.

## ਆਪ ਦੇ ਅਤੀ ਧੰਨਵਾਦੀ ਹੋਵਾਂਗੇ

ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ

# ਪੰਥਕ ਸੰਸਥਾਵਾਂ ਦੀ ਰਾਖੀ ਲਈ ਪੰਥ ਇਕਠਾ ਹੋਵੇ-ਸੁਖਬੀਰ ਬਾਦਲ ਨੇ ਕੀਤੀ ਅਪੀਲ

## ✪ ਕਿਹਾ ਕਿ ਆਨੰਦਪੁਰ ਸਾਹਿਬ ਨੂੰ 15 ਸਾਲ ਪਹਿਲਾਂ ਅਕਾਲੀ ਦਲ ਦੀ ਸਰਕਾਰ ਨੇ ਪਵਿੱਤਰ ਸ਼ਹਿਰ ਐਲਾਨਿਆ ਸੀ





ਆਨੰਦਪੁਰ ਸਾਹਿਬ-ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਮੂਹ ਪੰਥਕ ਧੜਿਆਂ ਵਿੱਚ ਏਕਤਾ ਲਈ ਭਾਵੁਕ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਸਮੂਹਿਕ ਤਾਕਤ ਹੀ ਸਿੱਖਾਂ ਨੂੰ ਸਿਆਸੀ ਤਾਕਤ ਹਾਸਲ ਕਰਨ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਦੀ ਰਾਖੀ ਕਰਨ ਵਿੱਚ ਮਦਦ ਕਰ ਸਕਦੀ ਹੈ। ਉਹ ਗੁਰਦੁਆਰਾ ਸੀਸ ਗੰਜ ਸਾਹਿਬ, ਆਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮ ਵਿੱਚ ਸੰਗਤ ਨੂੰ ਸੰਬੋਧਨ ਕਰ ਰਹੇ ਸਨ।

ਸੁਖਬੀਰ ਨੇ ਕਿਹਾ ਕਿ ਉਹ ਸਿੱਖ ਕੌਮ ਵਿੱਚ ਵੰਡ ਦੇਖ ਕੇ ਬਹੁਤ ਦੁਖੀ ਹਨ। ਉਨ੍ਹਾਂ ਟਿੱਪਣੀ ਕੀਤੀ, ‘‘ਈਸਾਈ ਜਾਂ ਹਿੰਦੂ ਕਦੇ ਵੀ ਆਪਣੀਆਂ ਧਾਰਮਿਕ ਸੰਸਥਾਵਾਂ ਦੇ ਵਿਰੁੱਧ ਨਹੀਂ ਬੋਲਦੇ, ਪਰ ਸਿੱਖ ਖੁਦ ਹੀ ਆਪਣੀਆਂ ਸੰਸਥਾਵਾਂ ਨੂੰ ਕਮਜ਼ੋਰ ਕਰ ਰਹੇ ਹਨ।’’ ਉਨ੍ਹਾਂ ਕਿਹਾ, ‘‘ਅਕਾਲੀ ਦਲ ਸਿੱਖ ਹਿੱਤਾਂ ਦੀ ਰਾਖੀ ਲਈ ਬਣਾਇਆ ਗਿਆ ਸੀ ਅਤੇ ਅਸਲੀ ਅਕਾਲੀ ਦਲ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੈ। ਕਈ ਤਾਕਤਾਂ ਸਿੱਖ ਸੰਸਥਾਵਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਸਾਨੂੰ ਇਨ੍ਹਾਂ ਹਮਲਿਆਂ ਦਾ ਮੁਕਾਬਲਾ ਕਰਨ ਲਈ ਇਕਜੁੱਟ ਹੋਣਾ ਚਾਹੀਦਾ ਹੈ।’’

ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਭਰ ਵਿੱਚ ਸਿੱਖ ਸੰਸਥਾਵਾਂ ਨੂੰ ਸਰਕਾਰੀ ਕੰਟਰੋਲ ਹੇਠ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ, ‘‘ਤਖ਼ਤ ਹਜ਼ੂਰ ਸਾਹਿਬ ਕਮੇਟੀ ਵਿੱਚ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪੰਜ ਮੈਂਬਰ ਹੁੰਦੇ ਸਨ, ਪਰ ਹੁਣ ਮਹਾਰਾਸ਼ਟਰ ਸਰਕਾਰ ਨੇ ਤਖ਼ਤ ਹਜ਼ੂਰ ਸਾਹਿਬ ਦਾ ਕੰਟਰੋਲ ਸੰਭਾਲ ਲਿਆ ਹੈ। ਦਿੱਲੀ ਗੁਰਦੁਆਰਾ ਕਮੇਟੀ ਨੂੰ ਵੀ ਕੇਂਦਰ ਸਰਕਾਰ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਉਹ ਜਾਣਦੇ ਹਨ ਕਿ ਸਿੱਖ ਕੌਮ ਗੁਰਦੁਆਰਿਆਂ ਤੋਂ ਤਾਕਤ ਹਾਸਲ ਕਰਦੀ ਹੈ ਅਤੇ ਇਸੇ ਲਈ ਉਹ ਕੰਟਰੋਲ ਚਾਹੁੰਦੇ ਹਨ।’’

ਇਸ ਦੌਰਾਨ ਸੁਖਬੀਰ ਬਾਦਲ ਨੇ ਕੇਂਦਰ ’ਤੇ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਅਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਨੂੰ ਇੱਕ ਹੋਰ ਉਦਾਹਰਣ ਵਜੋਂ ਯਾਦ ਕੀਤਾ। ਸੁਖਬੀਰ ਨੇ ਅਕਾਲ ਤਖ਼ਤ ਦੇ ਜਥੇਦਾਰ ਦੇ ਖ਼ਿਲਾਫ਼ ਬੋਲਣ ਲਈ ਪੰਜਾਬ ਦੇ ਮੁੱਖ ਮੰਤਰੀ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਪਹਿਲਾਂ ਕਿਸੇ ਦੀ ਅਜਿਹਾ ਕਰਨ ਦੀ ਹਿੰਮਤ ਨਹੀਂ ਹੁੰਦੀ ਸੀ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ, ‘‘ਕਿਸੇ ਵੀ ਧਰਮ ਲਈ ਸਿਆਸੀ ਤਾਕਤ ਜ਼ਰੂਰੀ ਹੈ।’’ ਉਨ੍ਹਾਂ ਅੱਗੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ 15 ਸਾਲ ਪਹਿਲਾਂ ਹੀ ਆਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨ ਦਿੱਤਾ ਸੀ ਅਤੇ ਦਾਅਵਾ ਕੀਤਾ ਕਿ ਇਲਾਕੇ ਵਿੱਚ ਵੱਡਾ ਵਿਕਾਸ ਅਕਾਲੀ ਸਰਕਾਰਾਂ ਦੌਰਾਨ ਹੋਇਆ। ਇਸ ਮੌਕੇ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਸਮੇਤ ਹੋਰ ਆਗੂ ਵੀ ਮੌਜੂਦ ਸਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਨੂੰ ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ 350 ਸਾਲ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਸਨ। ਉਨ੍ਹਾਂ ਕਿਹਾ, ‘‘ਕੇਂਦਰ ਪੰਜਾਬ ਦੇ ਹੱਕਾਂ ’ਤੇ ਕਬਜ਼ਾ ਕਰ ਰਿਹਾ ਹੈ - ਪੰਜਾਬ ਯੂਨੀਵਰਸਿਟੀ ਦਾ ਮੁੱਦਾ, ਚੰਡੀਗੜ੍ਹ ’ਤੇ ਉਪ-ਰਾਜਪਾਲ ਦੀ ਨਿਯੁਕਤੀ ਤੇ ਭਾਖੜਾ ਵਿੱਚ ਸੀਆਈਐਸਐਫ ਦੀ ਤਾਇਨਾਤੀ ਦਿੱਲੀ ਵੱਲੋਂ ਪੰਜਾਬ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਦੀਆਂ ਉਦਾਹਰਣਾਂ ਹਨ।’’

ਧਾਮੀ ਨੇ ਕੇਂਦਰ ਸਰਕਾਰ ’ਤੇ ਸਿੱਖ ਪੰਥ ਨੂੰ ਵੰਡਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਅਤੇ ਜ਼ੋਰ ਦੇ ਕੇ ਕਿਹਾ ਕਿ ਧਾਰਮਿਕ ਸਮਾਗਮਾਂ ਦੇ ਆਯੋਜਨ ਦਾ ਅਧਿਕਾਰ ਸਿਰਫ਼ ਸ਼੍ਰੋਮਣੀ ਕਮੇਟੀ ਕੋਲ ਹੈ। ਉਨ੍ਹਾਂ ਕਿਹਾ, ‘‘ਕੇਂਦਰ ਵੱਲੋਂ ਹਰਿਆਣਾ ਕਮੇਟੀ ਬਣਾਉਣ ਅਤੇ ਸਿੱਖ ਸੰਸਥਾਵਾਂ ਵਿੱਚ ਦਖਲਅੰਦਾਜ਼ੀ ਦੀ ਕੋਸ਼ਿਸ਼ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੇ ਦੇਸ਼ ਭਰ ਵਿੱਚ ਸਿੱਖਾਂ ਦੇ ਹੱਕਾਂ ਦੀ ਰਾਖੀ ਲਈ ਲਗਾਤਾਰ ਮਜ਼ਬੂਤੀ ਨਾਲ ਖੜ੍ਹੇ ਹਨ।

### ਸ਼ਹੀਦੀ ਸ਼ਤਾਬਦੀ ਸਮਾਗਮਾਂ ਦੌਰਾਨ ਜਥੇਦਾਰ ਗੜਗੱਜ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਚੁੱਕੀ ਮੰਗ

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸਬੰਧੀ ਚੱਲ ਰਹੇ ਸਮਾਗਮਾਂ ਦੌਰਾਨ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਸਜਾਏ ਗਏ ਮੁੱਖ ਪੰਡਾਲ ਵਿੱਚ

ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਸਮੇਤ ਹੋਰ ਸ਼ਖ਼ਸੀਅਤਾਂ ਵੱਲੋਂ ਵੀ ਸੰਬੋਧਨ ਕੀਤਾ ਗਿਆ। ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਧਰਮ ਅਤੇ ਜ਼ਮੀਰ ਦੀ ਆਜ਼ਾਦੀ ਲਈ ਸ਼ਹਾਦਤ ਦੇ ਕੇ ਹਿੰਦੋਸਤਾਨ ਦੀ ਧਰਤੀ ਤੋਂ ਜ਼ੁਲਮੀ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਸੀ। ਉਨ੍ਹਾਂ ਕਿਹਾ ਕਿ ਅੱਜ ਦੀਆਂ ਸਰਕਾਰਾਂ ਨੌਵੇਂ ਪਾਤਸ਼ਾਹ ਦਾ 350 ਸਾਲਾ ਸ਼ਹੀਦੀ ਦਿਹਾੜਾ ਤਾਂ ਮਨਾ ਰਹੀਆਂ ਹਨ, ਪਰ ਗੁਰੂ ਸਾਹਿਬ ਦੀ ਸੋਚ ਨੂੰ ਬਿਲਕੁਲ ਉਸੇ ਤਰ੍ਹਾਂ ਕੁਚਲਣ ਦੇ ਯਤਨ ਕਰ ਰਹੀਆਂ ਹਨ ਜਿਵੇਂ ਔਰੰਗਜ਼ੇਬ ਨੇ ਆਪਣੇ ਜ਼ੁਲਮ ਦੇ ਰਾਜ ਨੂੰ ਕਾਇਮ ਰੱਖਣ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੱਗਣ ਵਾਲਾ ਵਿਸ਼ੇਸ਼ ਸ਼ੈਸ਼ਨ ਤਾਂ ਹੀ ਸਾਰਥਿਕ ਹੋ ਸਕਦਾ ਸੀ ਜੇਕਰ ਪੰਜਾਬ ਸਰਕਾਰ ਵੱਲੋਂ ਸਿੱਖ ਕੌਮ ਨਾਲ ਸਬੰਧਤ ਮਾਮਲਿਆਂ ਅਤੇ ਖਾਸਕਰ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਲਈ ਮਤਾ ਪਾਸ ਕੀਤਾ ਜਾਂਦਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਦਿੱਲੀ ਦੀਆਂ ਵੱਖ-ਵੱਖ ਸਰਕਾਰਾਂ ਵਲੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿਆਸੀ ਸਿੱਖ ਕੈਦੀਆਂ ਨਾਲ ਕੀਤੇ ਜਾ ਰਹੇ ਧੱਕੇ ਵਿਰੁੱਧ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ ਤਾਂ ਜੋ ਪਤਾ ਲੱਗ ਸਕੇ ਕਿ ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਮਨਾ ਰਹੀ ਪੰਜਾਬ ਸਰਕਾਰ ਪੰਜਾਬ ਦੇ ਨਾਲ ਖੜ੍ਹੀ ਹੈ ਨਾ ਕਿ ਦਿੱਲੀ ਦੇ ਨਾਲ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਕਿ ਜ਼ੁਲਮ ਦੇ ਨਾਲ ਦੂਜਿਆਂ ਦੇ ਅਧਿਕਾਰਾਂ ਨੂੰ ਕੁਚਲ ਕੇ ਕੋਈ ਵੀ ਰਾਜ ਟਿਕਿਆ ਨਹੀਂ ਰਹਿ ਸਕਦਾ।

### ਸ਼੍ਰੋਮਣੀ ਕਮੇਟੀ ਨੇ ਰਾਗ ਦਰਬਾਰ ਕਰਵਾਇਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਰਾਗ ਦਰਬਾਰ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਖ਼ਾਲਸਾ, ਭਾਈ ਜਤਿੰਦਰ ਸਿੰਘ ਪ੍ਰੋ.ਫ਼ੈਸਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮਿਬਸਰ, ਭਾਈ ਹਰਜੋਤ ਸਿੰਘ ਜ਼ਖ਼ਮੀ, ਭਾਈ ਗੁਰਮੀਤ ਸਿੰਘ ਸ਼ਾਂਤ ਰਾਗੀ ਜਥਾ ਜਲੰਧਰ ਵੱਲੋਂ ਰਾਗ ਆਧਾਰਿਤ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਕਥਾ ਵਿਚਾਰਾਂ ਕਰਦਿਆਂ ਸੰਗਤਾਂ ਨੂੰ ਨੌਵੇਂ ਪਾਤਸ਼ਾਹ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਪ੍ਰੋ. ਸੁਖਵੰਤ ਸਿੰਘ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਬਾਣੀ ਦਾ ਨਿਰਧਾਰਿਤ ਰਾਗਾਂ ਦਾ ਰਾਗਾਤਮਕ ਕੀਰਤਨ ਪ੍ਰਾਜੈਕਟ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨਨਲਾ ਵਲੋਂ ਜਾਰੀ ਕੀਤਾ ਗਿਆ।

## ਸ੍ਰੀ ਆਨੰਦਪੁਰ ਸਾਹਿਬ ਵਿਖੇ ਪੰਜਾਬ ਸਰਕਾਰ ਗੁਰੂ ਤੇਗ ਬਹਾਦਰ ਦੇ ਨਾਂ ’ਤੇ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕਰੇਗੀ

ਸ੍ਰੀ ਆਨੰਦਪੁਰ ਸਾਹਿਬ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਇੱਥੇ ਗੁਰੂ ਤੇਗ ਬਹਾਦਰ ਜੀ ਦੇ ਨਾਂ ’ਤੇ ਇੱਕ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਮਾਨ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਤੋਂ ਪਹਿਲਾਂ ‘ਆਪ’ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮਾਨ ਨੂੰ ਆਨੰਦਪੁਰ ਸਾਹਿਬ ਵਿੱਚ ਇੱਕ ਵਿਸ਼ਵ ਪੱਧਰੀ ਵਿੱਦਿਅਕ ਸੰਸਥਾ ਸਥਾਪਤ ਕਰਨ ਦਾ ਐਲਾਨ ਕਰਨ ਦੀ ਅਪੀਲ ਕੀਤੀ ਸੀ।

# ਲਾਲ ਕਿਲੇ ਉਪਰ ਸ਼ਹੀਦੀ ਸਮਾਗਮ ਹੋਇਆ

## ✪ ਰਾਸ਼ਟਰਪਤੀ ਦਰੋਪਦੀ ਮੁਰਮੂ ਲਾਲ ਕਿਲ੍ਹੇ ਵਿਖੇ 350ਵੇਂ ਸ਼ਹੀਦੀ ਦਿਹਾੜੇ ਸੰਬੰਧੀ ਸਮਾਗਮ 'ਚ ਸ਼ਾਮਲ ਹੋਏ




ਨਵੀਂ ਦਿੱਲੀ-ਦਿੱਲੀ ਸਰਕਾਰ ਵਲੋਂ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲਾਲ ਕਿਲ੍ਹਾ ਵਿਖੇ ਕਰਵਾਏ ਜਾ ਰਹੇ ਤਿੰਨ ਰੋਜ਼ਾ ਗੁਰਮਤਿ ਸਮਾਗਮ ਦੇ ਤੀਜੇ ਦਿਨ ਦੇਸ਼ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਉਪ ਰਾਜਪਾਲ ਵੀ.ਕੇ. ਸਕਸੈਨਾ, ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ, ਕਪਿਲ ਮਿਸ਼ਰਾ, ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਤੇ ਹੋਰਨਾ ਧਾਰਮਿਕ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ।

ਰਾਸ਼ਟਰਪਤੀ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਧਰਮ, ਨਿਆਂ ਤੇ ਦ੍ਰਿੜਤਾ ਦੇ ਮਾਰਗ 'ਤੇ ਚਲਣ ਦਾ ਗੁਰੂ ਜੀ ਦਾ ਉਪਦੇਸ਼ ਸਮੁੱਚੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਦਿੱਲੀ ਸਰਕਾਰ ਵਲੋਂ ਦਿੱਲੀ ਕਮੇਟੀ ਦੇ ਸਹਿਯੋਗ ਨਾਲ ਪੂਰਾ ਸਾਲ ਸ਼ਹਾਦਤ ਸੰਬੰਧੀ ਪ੍ਰੋਗਰਾਮ ਉਲੀਕੇ ਜਾਣਗੇ ਅਤੇ ਸਕੂਲੀ ਬੱਚਿਆਂ ਨੂੰ ਵੀ ਸ਼ਹਾਦਤ ਤੋਂ ਜਾਣੂ ਕਰਾਇਆ ਜਾਵੇਗਾ।

ਉਨ੍ਹਾਂ ਇਕ ਹੋਰ ਵੱਡਾ ਐਲਾਨ ਕਰਦਿਆਂ ਕਿਹਾ ਕਿ ਦਿੱਲੀ ਵਿਚ ਇਕ ਵੱਡਾ ਜੰਗਲ ਸਥਾਪਿਤ ਕੀਤਾ ਜਾਵੇਗਾ, ਜੋ ਗੁਰੂ ਤੇਗ਼ ਬਹਾਦਰ ਜੀ ਨੂੰ ਸਮਰਪਿਤ ਹੋਏਗਾ। ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਧਰਮ ਦੁਨੀਆ ਨੂੰ ਆਸਰਾ ਦਿੰਦਾ ਹੈ ਪਰ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਦੇ ਕੇ ਧਰਮ ਨੂੰ ਆਸਰਾ ਦਿੱਤਾ। ਸਮਾਗਮ ਨੂੰ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਮਨਜਿੰਦਰ ਸਿੰਘ ਸਿਰਸਾ, ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਵੀ ਸੰਬੋਧਨ ਕੀਤਾ।

# ਪ੍ਰਧਾਨ ਮੰਤਰੀ ਵੱਲੋਂ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਪੁਰਬ ਮੌਕੇ ਵਿਸ਼ੇਸ਼ ਸਿੱਕਾ ਤੇ ਡਾਕ ਟਿਕਟ ਜਾਰੀ

## ✪ 350 ਸਾਲਾ ਸ਼ਹੀਦੀ ਸਮਾਗਮ 'ਚ ਸ਼ਾਮਲ; ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਕੀਤੀ ਅਪੀਲ



ਕੁਰੂਕਸ਼ੇਤਰ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਅੱਜ ਵਿਸ਼ੇਸ਼ ਸਿੱਕਾ ਅਤੇ ਯਾਦਗਾਰੀ ਡਾਕ ਟਿਕਟ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਨੇ ਸੱਚ, ਨਿਆਂ, ਵਿਸ਼ਵਾਸ ਦੀ ਰੱਖਿਆ ਨੂੰ ਆਪਣਾ ਧਰਮ ਮੰਨਿਆ ਤੇ ਇਸ ਲਈ ਆਪਣੀ ਸ਼ਹਾਦਤ ਦਿੱਤੀ। ਸ੍ਰੀ ਮੋਦੀ ਹਰਿਆਣਾ ਦੇ ਕੁਰੂਕਸ਼ੇਤਰ ਪੁੱਜੇ ਜਿਥੇ ਉਨ੍ਹਾਂ ਨੌਂਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਯਾਦ ਵਿਚ ਇਕ ਵਿਸ਼ੇਸ਼ ਸਮਾਗਮ ਵਿਚ ਹਿੱਸਾ ਲਿਆ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਅੱਜ ਸਵੇਰੇ ਰਾਮਾਇਣ ਦੀ ਨਗਰੀ ਅਯੁੱਧਿਆ ਵਿਚ ਸਨ ਅਤੇ ਹੁਣ ਉਹ ਗੀਤਾ ਦੀ ਨਗਰੀ ਕੁਰੂਕਸ਼ੇਤਰ ਵਿਚ ਹਨ। ਉਨ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ।

# ਹੜ੍ਹਾਂ ਮਗਰੋਂ ਪੰਜਾਬ ਵਿਚ ਚਿਕਨਗੁਨੀਆ ਫੈਲਿਆ, 495 ਮਾਮਲਿਆਂ ਦੀ ਪੁਸ਼ਟੀ

## ✪ ਸੰਗਰੂਰ, ਬਰਨਾਲਾ, ਪਟਿਆਲਾ ਸ਼ਹਿਰ ਸਭ ਤੋਂ ਵੱਧ ਹੋਏ ਪ੍ਰਭਾਵਿਤ




ਅੰਮ੍ਰਿਤਸਰ-ਪੰਜਾਬ ਵਿੱਚ ਚਿਕਨਗੁਨੀਆ ਦੇ ਕੇਸ ਤੇਜ਼ੀ ਨਾਲ ਵੱਧ ਰਹੇ ਹਨ। ਸੂਬੇ ਵਿੱਚ ਹੁਣ ਤੱਕ 495 ਮਾਮਲਿਆਂ ਦੀ ਪੁਸ਼ਟੀ ਹੋ ਚੁੱਕੀ ਹੈ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ, ਇਸ ਸਾਲ ਸਾਹਮਣੇ ਆਏ ਮਾਮਲੇ ਪਿਛਲੇ ਸਾਲ ਦੀ ਤੁਲਨਾ ਵਿੱਚ ਦੁੱਗਣੇ ਤੋਂ ਵੀ ਵੱਧ ਹਨ। ਇਸ ਵਾਰ ਸੰਕਰਮਣ ਦੇ ਫੈਲਾਅ ਵਿੱਚ ਇੱਕ ਵੱਡਾ ਕਾਰਨ ਸੂਬੇ ਵਿੱਚ ਇਸ ਸਾਲ ਆਇਆ ਹੜ੍ਹ ਮੰਨਿਆ ਜਾ ਰਿਹਾ ਹੈ।

ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਣੀ ਦੇ ਠਹਿਰਾਅ ਅਤੇ ਸਾਫ਼-ਸਫ਼ਾਈ ਵਿੱਚ ਆਈ ਕਮੀ ਕਾਰਨ ਏਡੀਜ਼ ਮੱਛਰ ਦੀ ਗਿਣਤੀ ਤੇਜ਼ੀ ਨਾਲ ਵਧੀ, ਜਿਸ ਕਾਰਨ ਚਿਕਨਗੁਨੀਆ ਅਤੇ ਡੇਂਗੂ ਵਰਗੇ ਮੱਛਰਾਂ ਤੋਂ ਪੈਦਾ ਹੋਣ ਵਾਲੇ ਰੋਗਾਂ ਦੇ ਮਾਮਲੇ ਲਗਾਤਾਰ ਵਧਦੇ ਚਲੇ ਗਏ। ਇਸ ਸਾਲ ਸੰਗਰੂਰ, ਬਰਨਾਲਾ ਅਤੇ ਪਟਿਆਲਾ ਵਿੱਚ ਸਭ ਤੋਂ ਵੱਧ ਮਾਮਲੇ ਰਿਪੋਰਟ ਹੋਏ ਹਨ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਸੰਗਰੂਰ ਵਿੱਚ 113 ਕੇਸ, ਬਰਨਾਲਾ ਵਿੱਚ 104 ਕੇਸ, ਪਟਿਆਲਾ ਵਿੱਚ 74 ਕੇਸ ਰਿਪੋਰਟ ਹੋਏ ਹਨ।

ਅੰਮ੍ਰਿਤਸਰ ਵਿੱਚ ਇਸ ਵਾਰ ਚਿਕਨਗੁਨੀਆ ਦੇ 16 ਮਰੀਜ਼ ਰਿਪੋਰਟ ਹੋਏ ਹਨ। ਇਸ ਤੋਂ ਇਲਾਵਾ ਲੁਧਿਆਣਾ, ਫਰੀਦਕੋਟ, ਸਾਹਿਬ, ਫਿਰੋਜ਼ਪੁਰ, ਹੁਸ਼ਿਆਰਪੁਰ ਅਤੇ ਜਲੰਧਰ ਵਿੱਚ ਵੀ ਮਾਮਲਿਆਂ ਦੀ ਗਿਣਤੀ ਵਧ ਰਹੀ ਹੈ। ਸੰਗਰੂਰ ਅਤੇ ਬਰਨਾਲਾ ਜ਼ਿਲ੍ਹੇ ਪਿਛਲੇ ਕਈ ਸਾਲਾਂ ਤੋਂ ਮੱਛਰਾਂ ਤੋਂ ਪੈਦਾ ਹੋਣ ਵਾਲੇ ਰੋਗਾਂ ਦੇ ਹੌਟਸਪੌਟ ਰਹੇ ਹਨ। ਇਸ ਸਾਲ ਹੜ੍ਹ ਤੋਂ ਬਾਅਦ ਬਣੇ ਜਲ-ਜਮਾਅ ਨੇ ਇਨ੍ਹਾਂ ਖੇਤਰਾਂ ਨੂੰ ਪ੍ਰਭਾਵਿਤ ਕੀਤਾ।

# ਧੁੱਸੀ ਬੰਨ੍ਹ ਨੇੜੇ ਮੰਡਿਆਲਾ ਪਿੰਡ ਦੇ ਹੜ੍ਹ ਪੀੜਤਾਂ ਨੂੰ ਸਿੱਖ ਸੇਵਕ ਸੁਸਾਇਟੀ ਵੱਲੋਂ ਮਸ਼ੀਨਾਂ ਦਿੱਤੀਆਂ ਗਈਆਂ

***ਮੰਡਿਆਲਾ (ਪੰਜਾਬ ਟਾਈਮਜ਼) – ਬੀਤੇ ਦਿਨੀਂ ਇਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਮਨਾਉਣ ਮੌਕੇ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਲੋੜਵੰਦ ਬੀਬੀਆਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ***

ਇਸ ਪਿੰਡ ਦੇ ਬਹੁਤ ਸਾਰੇ ਪਰਿਵਾਰ ਧੁੱਸੀ ਬੰਨ੍ਹ ਦੇ ਨੇੜੇ ਹੋਣ ਕਾਰਨ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਸਨ । ਉਹਨਾਂ ਦਾ ਬਹੁਤ ਸਾਰਾ ਨੁਕਸਾਨ ਹੋ ਗਿਆ ਸੀ । ਇਸ ਲਈ ਸਿੱਖ ਸੇਵਕ ਸੁਸਾਇਟੀ ਦੇ ਸੇਵਾਦਾਰਾਂ, ਸ: ਰਾਜਿੰਦਰ ਸਿੰਘ ਪੁਰੇਵਾਲ, ਸ: ਪ੍ਰਮਿੰਦਰਪਾਲ ਸਿੰਘ ਖਾਲਸਾ ਅਤੇ ਉਹਨਾਂ ਦੇ ਨਾਲ ਗਏ ਸਹਿਯੋਗੀ ਸਾਥੀਆਂ ਨੇ ਹੜ੍ਹ ਪੀੜਤ ਪਰਿਵਾਰਾਂ ਦੀਆਂ ਬੀਬੀਆਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ ਤਾਂ ਜੋ ਉਹ ਆਪਣਾ ਰੋਜ਼ਗਾਰ ਚਲਾ ਸਕਣ ਤੇ ਆਤਮ ਨਿਰਭਰ ਹੋ ਸਕਣ।




ਸਿੱਖ ਸੇਵਕ ਸੁਸਾਇਟੀ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਮਸ਼ੀਨਾਂ ਦਿੰਦੇ ਹੋਏ

# ਤਿੰਨ ਸ਼ਹਿਰ ਪਵਿੱਤਰ ਐਲਾਨੇ, ਪੂਰਾ ਅੰਮ੍ਰਿਤਸਰ ਕਿਉਂ ਨਹੀਂ ਐਲਾਨਿਆ ਆਪ ਸਰਕਾਰ ਨੇ?

## ✪ ਕੀ ਇਹ ਪਵਿੱਤਰ ਐਲਾਨ ਜਾਂ ਵੋਟਾਂ ਦਾ ਲਾਲੀਪਾਪ? ✪ ਪੂਰੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਨਾ ਐਲਾਨਣ ਕਾਰਣ ਸੰਗਤ ਨਾਰਾਜ਼ ✪ ਅਕਾਲੀ ਵਿਧਾਇਕ ਇਯਾਲੀ ਨੇ ਬੰਦੀ ਸਿੰਘਾਂ ਤੇ ਭਾਈ ਅੰਮ੍ਰਿਤਪਾਲ ਸਿੰਘ ਦਾ ਮੁੱਦਾ ਚੁੱਕਿਆ



ਬੀਤੇ ਦਿਨੀਂ ਪੰਜਾਬ ਦੀ ਧਰਤੀ 'ਤੇ 63 ਸਾਲਾਂ ਵਿੱਚ ਪਹਿਲੀ ਵਾਰ ਚੰਡੀਗੜ੍ਹ ਤੋਂ ਬਾਹਰ ਵਿਧਾਨ ਸਭਾ ਦਾ ਇਜਲਾਸ ਹੋਇਆ ਸੀ। ਭਾਈ ਜੈਤਾ ਜੀ ਯਾਦਗਾਰੀ ਪਾਰਕ ਵਿੱਚ ਵਾਟਰਪਰੂਫ਼ ਟੈਂਟ ਵਿੱਚ ਬੈਠੀ ਵਿਧਾਨ ਸਭਾ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਦਿਨ ਦੇ ਵਿਸ਼ੇਸ਼ ਸੈਸ਼ਨ ਵਿੱਚ ਸਰਬਸੰਮਤੀ ਨਾਲ ਤਿੰਨ ਮਤੇ ਪਾਸ ਕੀਤੇ:

ਸ੍ਰੀ ਅਨੰਦਪੁਰ ਸਾਹਿਬ, ਤਲਵੰਡੀ ਸਾਬੋ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅੰਦਰੂਨੀ ਸ਼ਹਿਰੀ ਹਿੱਸੇ (ਗਲਿਆਰੇ) ਨੂੰ "ਪਵਿੱਤਰ ਸ਼ਹਿਰ" ਐਲਾਨਿਆ। ਇਨ੍ਹਾਂ ਥਾਵਾਂ 'ਤੇ ਮਾਸ, ਸ਼ਰਾਬ, ਤੰਬਾਕੂ ਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਤੇ ਵਰਤੋਂ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਇਹ ਸਰਕਾਰੀ ਮਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਰਬਉੱਚ ਬਲੀਦਾਨ ਮੰਨਦਿਆਂ ਕੀਤਾ ਗਿਆ ਹੈ।

ਇਹ ਫ਼ੈਸਲਾ ਬਾਰੇ ਇੱਕ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਨੂੰ "ਇਤਿਹਾਸਕ ਤੇ ਧਾਰਮਿਕ ਜਿੱਤ" ਦੱਸ ਰਹੀ ਹੈ, ਦੂਜੇ ਪਾਸੇ ਵਿਰੋਧੀ ਧਿਰਾਂ, ਪੰਥਕ ਜਥੇਬੰਦੀਆਂ ਤੇ ਬੁੱਧੀਜੀਵੀਆਂ ਨੇ ਇਸ ਨੂੰ "ਅਧੂਰਾ, ਰਾਜਨੀਤੀ ਨਾਲ ਪ੍ਰੇਰਿਤ ਤੇ ਧੋਖੇ ਵਾਲਾ ਫ਼ੈਸਲਾ" ਕਰਾਰ ਦਿੱਤਾ।

### ਕੀ ਹੋਇਆ ਸਦਨ ਵਿੱਚ?

ਸਵੇਰੇ 10 ਵਜੇ ਤੋਂ ਸ਼ੁਰੂ ਹੋਇਆ ਇਜਲਾਸ ਪੂਰੀ ਤਰ੍ਹਾਂ ਰੂਹਾਨੀ ਮਾਹੌਲ ਵਿੱਚ ਰਿਹਾ। ਵਿਧਾਇਕਾਂ ਨੇ ਸਿਰਾਂ 'ਤੇ ਰੁਮਾਲ ਬੰਨ੍ਹੇ, ਕਈਆਂ ਨੇ ਕੇਸਰੀ ਦਸਤਾਰਾਂ ਬੰਨੀਆਂ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਭਾਸ਼ਨ ਵਿੱਚ ਗੁਰੂ ਤੇਗ ਬਹਾਦਰ ਜੀ ਨੂੰ "ਹਿੰਦ ਦੀ ਚਾਦਰ" ਕਿਹਾ ਤੇ ਦਾਅਵਾ ਕੀਤਾ ਕਿ ਉਹਨਾਂ ਦੀ ਸਰਕਾਰ ਨੇ ਸਿੱਖਾਂ ਦੀ ਸੈਂਕੜੇ ਸਾਲ ਪੁਰਾਣੀ ਮੰਗ ਪੂਰੀ ਕਰ ਦਿੱਤੀ ਹੈ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਗੁਰੂ ਸਾਹਿਬ ਦੀ ਸ਼ਹਾਦਤ 'ਤੇ ਅਧਿਕਾਰਤ ਮਤਾ ਪੇਸ਼ ਕੀਤਾ। ਵਿੱਤ ਮੰਤਰੀ ਹਰਪਾਲ ਚੀਮਾ ਨੇ ਦੇਸ਼ ਵਿੱਚ ਵਧ ਰਹੀ ਨਫ਼ਰਤ ਤੇ ਲੋਕਤੰਤਰ ਦੇ ਖ਼ਤਰੇ ਬਾਰੇ ਅਵਾਜ਼ ਉਠਾਈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ "ਜੁੱਗੋ ਜੁੱਗ ਅਟੱਲ ਮੇਰਾ ਹਿੰਦੁਸਤਾਨ" ਦਾ ਨਾਅਰਾ ਦਿੱਤਾ ਤੇ ਹਿੰਦੂ ਰਾਸ਼ਟਰ ਤੇ ਖ਼ਾਲਿਸਤਾਨ ਦੋਵਾਂ ਨੂੰ ਸਾਫ਼ ਰੱਦ ਕੀਤਾ। ਜਦ ਕਿ ਭਾਰਤੀ ਸੰਵਿਧਾਨ ਵਿਚ ਹਿੰਦੁਸਤਾਨ ਨਾਮ ਦਾ ਕੋਈ ਦੇਸ਼ ਨਹੀਂ। ਇੰਡੀਆ ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਵੀ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਦਿੱਤੀ। ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਬੰਦੀ ਸਿੰਘਾਂ ਤੇ ਭਾਈ ਅੰਮ੍ਰਿਤਪਾਲ ਸਿੰਘ ਦਾ ਮੁੱਦਾ ਚੁੱਕਿਆ।

### ਪੂਰੇ ਅੰਮ੍ਰਿਤਸਰ ਦਾ ਸਵਾਲ ਅਤੇ ਆਪ ਸਰਕਾਰ ਦੀ ਚੁੱਪ

ਸਭ ਤੋਂ ਵੱਡਾ ਵਿਵਾਦ "ਗਲਿਆਰੇ ਤੱਕ ਸੀਮਤ" ਰੱਖਣ 'ਤੇ ਹੋਇਆ। ਕਾਂਗਰਸ ਵਿਧਾਇਕ ਪਰਗਟ ਸਿੰਘ ਨੇ ਸਦਨ ਵਿੱਚ ਹੀ ਮੁੱਖ ਮੰਤਰੀ ਤੋਂ ਸਵਾਲ ਕੀਤਾ, "ਜੇ ਸੱਚਮੁੱਚ ਸ਼ਰਧਾ ਹੈ ਤਾਂ ਪੂਰਾ ਅੰਮ੍ਰਿਤਸਰ ਪਵਿੱਤਰ ਕਿਉਂ ਨਹੀਂ ਐਲਾਨਿਆ?" ਬਾਹਰ ਆ ਕੇ ਉਨ੍ਹਾਂ ਨੇ ਕਿਹਾ, "ਮੈਨੂੰ ਬੋਲਣ ਨਹੀਂ ਦਿੱਤਾ ਗਿਆ, ਸਰਕਾਰ ਸੱਚ ਸੁਣਨ ਤੋਂ ਡਰਦੀ ਹੈ।"

ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਵੀਟ ਕੀਤਾ: "ਅੰਮ੍ਰਿਤਸਰ ਦਾ ਅਪਮਾਨ ਕੀਤਾ ਗਿਆ। ਗਲਿਆਰੇ ਵਿੱਚ ਤਾਂ ਪਹਿਲਾਂ ਹੀ ਪਾਬੰਦੀ ਹੈ, ਬਾਕੀ ਸ਼ਹਿਰ ਵਿੱਚ ਸ਼ਰਾਬ ਦੀਆਂ ਦੁਕਾਨਾਂ ਚੱਲਦੀਆਂ ਰਹਿਣਗੀਆਂ?"

### ਪੰਥਕ ਜਥੇਬੰਦੀਆਂ ਦੀ ਵੰਡੀ ਰਾਏ

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ: "ਘੱਟੋ-ਘੱਟ ਗਲਿਆਰੇ ਦੀ ਪਵਿੱਤਰਤਾ ਨੂੰ ਸਰਕਾਰੀ ਮਾਨਤਾ ਮਿਲੀ। ਅਸੀਂ ਸਵਾਗਤ ਕਰਦੇ ਹਾਂ।"

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਕਿਹਾ ਕਿ "ਚੰਗਾ ਕਦਮ ਹੈ ਪਰ ਅਧੂਰਾ ਹੈ। ਪੂਰੇ ਸ਼ਹਿਰਾਂ ਨੂੰ ਪਵਿੱਤਰ ਐਲਾਨਣਾ ਚਾਹੀਦਾ ਸੀ।"

ਡਾ. ਦਲਜੀਤ ਸਿੰਘ ਚੀਮਾ (ਸੀਨੀਅਰ ਅਕਾਲੀ ਆਗੂ): "ਗੁਰੂ ਸਾਹਿਬ ਵਲੋਂ ਵਸਾਏ ਸ਼ਹਿਰਾਂ ਦੀ ਪਵਿੱਤਰਤਾ ਨੂੰ ਸਰਕਾਰੀ ਠੱਪੇ ਦੀ ਲੋੜ ਨਹੀਂ। ਪਹਿਲਾਂ ਵੀ ਗਲਿਆਰੇ ਵਿੱਚ ਪਾਬੰਦੀ ਸੀ। ਇਹ ਸਿਰਫ਼ ਚੋਣਾਂ ਦੀ ਰਾਜਨੀਤੀ ਹੈ।"

ਵਾਰਿਸ ਪੰਜਾਬ ਦੇ ਜਥੇਬੰਦੀ ਦੇ ਆਗੂ ਪਰਮਜੀਤ ਸਿੰਘ ਜੌਹਲ ਨੇ ਕਿਹਾ ਕਿ "ਜਦੋਂ ਤੱਕ ਪੂਰੇ ਸ਼ਹਿਰ ਨੂੰ ਪਵਿੱਤਰ ਨਹੀਂ ਐਲਾਨਿਆ ਜਾਂਦਾ, ਅਸੀਂ ਇਸ ਨੂੰ ਮਨਜ਼ੂਰ ਨਹੀਂ ਕਰਦੇ।" ਪ੍ਰਸਿੱਧ ਵਿਦਵਾਨ ਡਾ. ਪਰਮਜੀਤ ਸਿੰਘ ਮਾਨਸਾ ਨੇ ਲਿਖਿਆ:

"ਗਲਿਆਰੇ ਵਿੱਚ ਤਾਂ ਪਹਿਲਾਂ ਹੀ ਮਨਾਹੀ ਹੈ। ਪੂਰੇ ਸ਼ਹਿਰ ਨੂੰ ਪਵਿੱਤਰ ਐਲਾਨੋ। ਭਿਖਾਰੀਆਂ ਨੂੰ ਵੀ ਅੰਮ੍ਰਿਤਸਰ ਵਿੱਚੋਂ ਕੱਢੋ। ਉਹਨਾਂ ਕਿਹਾ ਕਿ ਇਹ ਸਰਕਾਰ ਦਾ ਚੋਣਾਂ ਵਾਲਾ ਸਟੰਟ ਹੈ। 2027 ਦੀਆਂ ਚੋਣਾਂ ਲਈ ਵੋਟਾਂ ਦੀ ਖੇਡ ਚੱਲ ਰਹੀ ਹੈ।""

ਕੁਝ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਆਪ ਨੂੰ ਸਿੱਖ ਵੋਟਰਾਂ ਵਿੱਚ ਚੰਗਾ ਸੁਨੇਹਾ ਗਿਆ ਹੈ।ਅਕਾਲੀ ਦਲ ਤੇ ਕਾਂਗਰਸ ਲਈ ਇਹ ਝਟਕਾ ਹੈ ,ਕਿਉਂਕਿ ਉਹ ਵੀ ਇਹੋ ਮੰਗ ਕਰਦੇ ਸਨ।

ਪੰਥਕ ਵਿਦਵਾਨਾਂ ਦੀ ਰਾਇ ਇਹ ਹੈ ਕਿ ਇਹ ਫ਼ੈਸਲਾ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵੱਡਾ ਮੋੜ ਜ਼ਰੂਰ ਹੈ। ਪਰ ਸਭ ਤੋਂ ਵੱਡਾ ਸਵਾਲ ਬਾਕੀ ਹੈ ਕਿ ਜੇ ਸੱਚਮੁੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਯਾਦ ਵਿੱਚ ਇਹ ਕਦਮ ਚੁੱਕਿਆ ਗਿਆ ਹੈ ਤਾਂ ਫਿਰ ਪੂਰੇ ਅੰਮ੍ਰਿਤਸਰ ਨੂੰ ਪਵਿੱਤਰ ਐਲਾਨਣ ਵਿੱਚ ਡਰ ਕਿਸ ਗੱਲ ਦਾ ਸੀ?

### ਕਾਨੂੰਨੀ ਤੇ ਵਿਵਹਾਰਕ ਸਵਾਲ

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਨੇ ਲਿਖਿਆ ਕਿ ਇਹ ਮਤਾ ਸਿਰਫ਼ ਰੈਜ਼ੋਲੂਸ਼ਨ ਹੈ, ਕਾਨੂੰਨ ਨਹੀਂ। ਮਾਸ-ਸ਼ਰਾਬ ਦੀ ਵਿਕਰੀ ਮਿਊਂਸਪਲ ਕਾਰਪੋਰੇਸ਼ਨ ਤੇ ਐਕਸਾਈਜ਼ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ। ਪਹਿਲਾਂ ਵੀ ਗਲਿਆਰੇ ਵਿੱਚ 500 ਮੀਟਰ ਦੇ ਘੇਰੇ ਵਿੱਚ ਮਨਾਹੀ ਸੀ। ਹੁਣ ਵੀ ਉਹੀ ਲਾਗੂ ਹੈ। ਵਿਧਾਨ ਸਭਾ ਦਾ ਮਤਾ ਬਣਾ ਕੇ ਲੋਕਾਂ ਨੂੰ ਮੂਰਖ ਬਣਾਇਆ ਜਾ ਰਿਹਾ ਹੈ।"

### ਆਪ ਸਰਕਾਰ ਦਾ ਜਵਾਬ

ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਨੇ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਦਹਾਕਿਆਂ ਤੋਂ ਸੰਗਤ ਇਹ ਮੰਗ ਕਰ ਰਹੀ ਸੀ। ਅਸੀਂ ਪੂਰੀ ਕੀਤੀ। ਇਹ ਸਿਰਫ਼ ਸਿੱਖ ਭਾਈਚਾਰੇ ਦੀ ਨਹੀਂ, ਪੂਰੇ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦੀ ਗੱਲ ਹੈ। ਹੁਣ ਇਹ ਪਾਬੰਦੀਆਂ ਕਾਨੂੰਨੀ ਤੌਰ 'ਤੇ ਮਜ਼ਬੂਤ ਹੋਣਗੀਆਂ। ਵਿਕਾਸ ਲਈ ਵੱਡਾ ਬਜਟ ਆਵੇਗਾ।"

ਉਨ੍ਹਾਂ ਨੇ ਦਾਅਵਾ ਕੀਤਾ ਕਿ ਸਰਬ-ਧਰਮ ਕਮੇਟੀ ਬਣੇਗੀ ਜਿਸ ਵਿੱਚ ਹਰ ਧਰਮ ਦਾ ਨੁਮਾਇੰਦਾ ਹੋਵੇਗਾ।

# ਪੰਜਾਬ ਵਿਚ ਗੈਂਗਸਟਰ ਪੁਲਿਸ ਮੁਕਾਬਲਿਆਂ ਤੋਂ ਡਰੇ

## ✪ ਖ਼ਰੀਦਣ ਲੱਗੇ ਬੁਲਟ ਪਰੂਫ ਜੈਕਟਾਂ

ਅੰਮ੍ਰਿਤਸਰ-ਵਿਦੇਸ਼ ਵਿਚ ਬੈਠੇ ਆਪਣੇ ਆਕਾਵਾਂ ਦੇ ਇਸ਼ਾਰੇ 'ਤੇ ਸੂਬੇ ਵਿਚ ਖ਼ੂਨੀ ਖੇਡ ਖੇਡਣ ਵਾਲੇ ਗੈਂਗਸਟਰਾਂ ਨੂੰ ਹੁਣ ਮੌਤ ਦਾ ਡਰ ਵੀ ਸਤਾਉਣ ਲੱਗਾ ਹੈ। ਇਸੇ ਕਾਰਨ ਉਹ ਬੁਲਟ ਪਰੂਫ ਜੈਕਟਾਂ ਦਾ ਇਸਤੇਮਾਲ ਕਰਨ ਲੱਗੇ ਹਨ। ਸ਼ਨਿਚਰਵਾਰ ਨੂੰ ਅੰਮ੍ਰਿਤਸਰ ਵਿਚ ਗ੍ਰਿਫ਼ਤਾਰ ਕੀਤੇ ਗਏ ਲੁੱਟਮਾਰ ਦੇ ਮੁਲਜ਼ਮ ਜੰਡਿਆਲਾ ਗੁਰੂ ਦੇ ਪਿੰਡ ਸ਼ੇਖੂਪੁਰਾ ਵਾਸੀ ਬਲਜੀਤ ਸਿੰਘ ਦੇ ਕਬਜ਼ੇ ਵਿਚੋਂ ਵੀ ਪੁਲਿਸ ਨੇ ਬੁਲਟ ਪਰੂਫ ਜੈਕਟ ਬਰਾਮਦ ਕੀਤੀ ਹੈ।

ਹਾਲਾਂਕਿ ਏਸੀਪੀ ਗਗਨਦੀਪ ਸਿੰਘ ਨੇ ਕਿਹਾ ਕਿ ਉਸ ਤੋਂ ਕਈ ਪਹਿਲੂਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁੱਛਗਿੱਛ ਦੌਰਾਨ ਬਲਜੀਤ ਸਿੰਘ ਨੇ ਦੱਸਿਆ ਕਿ ਇਹ ਜੈਕਟ ਉਸ ਨੇ ਵਿਦੇਸ਼ 'ਚ ਬੈਠੇ ਗੈਂਗਸਟਰ ਹੈਪੀ ਜੱਟ ਦੇ ਗੁਰਗਿਆਂ ਤੋਂ ਖੋਹੀ ਸੀ। ਜਾਂਚ ਚੱਲ ਰਹੀ ਹੈ। ਸ਼ੱਕ ਹੈ ਕਿ ਬਲਜੀਤ ਸਿੰਘ ਕੁਝ ਦਿਨ ਪਹਿਲਾਂ ਛੇਹਰਟਾ ਵਿਚ ਜੰਡਿਆਲਾ ਦੇ ਕੌਂਸਲਰ ਹਰਜਿੰਦਰ ਸਿੰਘ ਬਾਹਮਣ ਦੇ ਕਤਲ ਵਿਚ ਵੀ ਸ਼ਾਮਲ ਸੀ।

ਪੁਲਿਸ ਸੂਤਰਾਂ ਮੁਤਾਬਕ, ਗੈਂਗਸਟਰ ਤੋਂ ਬੁਲਟ ਪਰੂਫ ਜੈਕਟ ਮਿਲਣ ਮਗਰੋਂ ਪੁਲਿਸ ਵੀ ਗੈਂਗਸਟਰਾਂ ਖ਼ਿਲਾਫ਼ ਮੁਹਿੰਮ ਵਿਚ ਆਪਣੀ ਰਣਨੀਤੀ ਬਦਲਣ 'ਤੇ ਵਿਚਾਰ ਕਰ ਰਹੀ ਹੈ।

ਪੁਲਿਸ ਮੁਲਾਜ਼ਮ ਹੁਣ ਕਿਸੇ ਵੀ ਕਾਰਵਾਈ ਤੋਂ ਪਹਿਲਾਂ ਬੁਲਟ ਪਰੂਫ ਜੈਕਟਾਂ ਦਾ ਇਸਤੇਮਾਲ ਕਰਨਗੇ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਬੁਲਟ ਪਰੂਫ ਜੈਕਟ ਪਹਿਨਣ ਦਾ ਰੁਝਾਨ ਹੁਣ ਹਥਿਆਰ ਰੱਖਣ ਵਾਂਗ ਹੀ ਵਧਣ ਲੱਗਾ ਹੈ। ਗਹਿਣਾ ਕਾਰੋਬਾਰੀਆਂ ਸਮੇਤ ਕਈ ਵੱਡੇ ਕਾਰੋਬਾਰੀਆਂ ਨੇ ਆਨਲਾਈਨ ਬੁਲਟ ਪਰੂਫ ਜੈਕਟਾਂ ਖ਼ਰੀਦੀਆਂ ਹਨ। ਇੰਟਰਨੈੱਟ ਮੀਡੀਆ ਪਲੇਟਫਾਰਮ 'ਤੇ 10 ਹਜ਼ਾਰ ਤੋਂ ਲੈ ਕੇ 70 ਹਜ਼ਾਰ ਰੁਪਏ ਤੱਕ ਦੀਆਂ ਬੁਲਟ ਪਰੂਫ ਜੈਕਟਾਂ ਵਿਕ ਰਹੀਆਂ ਹਨ।

# ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਹੜ ਪੀੜਤਾਂ ਦੇ ਢਹੇ ਘਰ ਮੁੜ ਉਸਾਰਨ ਦਾ ਐਲਾਨ

## ✪ ਪੰਜ ਘਰਾਂ ਦਾ ਪਚੀ ਲੱਖ ਦੇ ਕਰੀਬ ਖਰਚਾ ਆਵੇਗਾ ✪ ਹੜ ਪੀੜਤ ਸਿੱਖ ਮਿਹਨਤ ਮਜ਼ਦੂਰੀ ਕਰਨ ਵਾਲੇ







ਜਲੰਧਰ-ਪੰਜਾਬ ਦੇ ਬਾਰਡਰ ਇਲਾਕਿਆਂ ਵਿੱਚ ਆਈਆਂ ਭਿਆਨਕ ਹੜ੍ਹਾਂ ਨੇ ਹਜ਼ਾਰਾਂ ਪਰਿਵਾਰਾਂ ਨੂੰ ਬੇਘਰ ਕਰ ਦਿੱਤਾ ਸੀ। ਸਰਹੱਦ ਨਾਲ ਲੱਗਦੇ ਪਿੰਡ ਖੋਖਰ, ਅਜਨਾਲਾ, ਦਿਆਲ ਭੱਟੀ, ਡੇਰਾ ਬਾਬਾ ਨਾਨਕ ਤੇ ਚੋਤਰਾਂ ਵਰਗੇ ਇਲਾਕਿਆਂ ਵਿੱਚ ਲੋਕ ਅੱਜ ਵੀ ਟੁੱਟੇ-ਫੁੱਟੇ ਘਰਾਂ ਵਿੱਚ ਜਾਂ ਰਿਸ਼ਤੇਦਾਰਾਂ ਕੋਲ ਪਨਾਹ ਲੈ ਕੇ ਰਹਿਣ ਲਈ ਮਜਬੂਰ ਹਨ। ਸਰਕਾਰੀ ਮਦਦ ਦਾ ਇੰਤਜ਼ਾਰ ਕਰਦਿਆਂ ਕਰਦਿਆਂ ਬਹੁਤ ਸਾਰੇ ਪੀੜਤ ਥੱਕ ਚੁੱਕੇ ਹਨ। ਇਸੇ ਦੌਰਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਮਾਨਵਤਾ ਦੀ ਸੇਵਾ ਦਾ ਇੱਕ ਸ਼ਾਨਦਾਰ ਉਦਾਹਰਣ ਪੇਸ਼ ਕੀਤਾ ਹੈ।

ਸੁਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਪੁਰੇਵਾਲ (ਯੂਕੇ) ਤੇ ਮੁਖ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਬੀਤੇ ਦਿਨੀਂ ਇਨ੍ਹਾਂ ਪਿੰਡਾਂ ਦਾ ਦੌਰਾ ਕੀਤਾ। ਵਫ਼ਦ ਨੇ ਖ਼ੁਦ ਜਾ ਕੇ ਪੀੜਤ ਪਰਿਵਾਰਾਂ ਦੀ ਦੁੱਖ-ਤਕਲੀਫ਼ ਸੁਣੀ ਤੇ ਉਨ੍ਹਾਂ ਦੇ ਢਹਿ-ਢੇਰੀ ਹੋਏ ਮਕਾਨਾਂ ਦਾ ਜਾਇਜ਼ਾ ਲਿਆ। ਇਸ ਮੌਕੇ ਸੁਸਾਇਟੀ ਨੇ ਪੰਜ ਹੜ ਪੀੜਤ ਕਿਰਤੀ ਪਰਿਵਾਰਾਂ ਦੇ ਮਕਾਨ ਪੂਰੀ ਤਰ੍ਹਾਂ ਮੁੜ ਉਸਾਰ ਕੇ ਦੇਣ ਦਾ ਐਲਾਨ ਕੀਤਾ।

ਜਿਨ੍ਹਾਂ ਪਰਿਵਾਰਾਂ ਨੂੰ ਇਹ ਸਹਾਇਤਾ ਮਿਲੇਗੀ, ਉਨ੍ਹਾਂ ਵਿੱਚ ਸ਼ਾਮਲ ਹਨ: ਪਿੰਡ ਖੋਖਰ ਤੋਂ ਅੰਮ੍ਰਿਤਧਾਰੀ ਬੀਬੀ ਹਰਜੀਤ ਕੌਰ ਪਿੰਡ ਦਿਆਲ ਭੱਟੀ ਤੋਂ ਰਮਨਦੀਪ ਕੌਰ ਅਜਨਾਲਾ ਤੋਂ ਗੁਰਮੀਤ ਸਿੰਘ । ਗੁਰਦਾਸਪੁਰ ਬਾਰਡਰ ਨੇੜੇ ਪਿੰਡ ਚੋਤਰਾਂ ਤੋਂ ਰਛਪਾਲ ਸਿੰਘ ਤੇ ਦੀਪਕ ਕੌਰ ਵਫ਼ਦ ਨਾਲ ਗਏ ਮਸ਼ਹੂਰ ਬਿਲਡਰ ਹਰਦੇਵ ਸਿੰਘ ਗਰਚਾ ਨੇ ਮੌਕੇ 'ਤੇ ਹੀ ਹਰੇਕ ਮਕਾਨ ਦਾ ਅੰਦਾਜ਼ਨ ਲਗਾਇਆ ਤੇ ਦੱਸਿਆ ਕਿ ਇੱਕ ਪੱਕਾ ਮਕਾਨ ਬਣਾਉਣ ਵਿੱਚ ਲਗਭਗ ਪੰਜ ਲੱਖ ਰੁਪਏ ਦਾ ਖਰਚ ਆਵੇਗਾ। ਸੁਸਾਇਟੀ ਨੇ ਸਪੱਸ਼ਟ ਕੀਤਾ ਕਿ ਸਾਰਾ ਖਰਚਾ ਉਹ ਆਪਣੇ ਸੰਗਤ ਦੇ ਸਹਿਯੋਗ ਨਾਲ ਚੁੱਕੇਗੀ।

ਰਜਿੰਦਰ ਸਿੰਘ ਪੁਰੇਵਾਲ ਨੇ ਕਿਹਾ, "ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਉਪਰ ਸਾਨੂੰ ਇਹ ਮੌਕਾ ਮਿਲਿਆ ਹੈ ਕਿ ਅਸੀਂ ਸੱਚੇ ਅਰਥਾਂ ਵਿੱਚ 'ਵੰਡ ਛਕੀਏ' ਦਾ ਸਿਧਾਂਤ ਅਮਲੀ ਰੂਪ ਦੇ ਸਕੀਏ। ਸਰਕਾਰ ਕਈ ਇਲਾਕਿਆਂ ਤੱਕ ਨਹੀਂ ਪਹੁੰਚ ਸਕੀ, ਪਰ ਸੰਗਤ ਦੀ ਸੇਵਾ ਕਿਤੇ ਵੀ ਰੁਕਦੀ ਨਹੀਂ।"

ਪਰਮਿੰਦਰ ਪਾਲ ਸਿੰਘ ਖਾਲਸਾ ਨੇ ਪੰਜਾਬ ਸਰਕਾਰ ਨੂੰ ਸਿੱਧੀ ਅਪੀਲ ਕੀਤੀ ਕਿ ਹੜ ਪੀੜਤਾਂ ਦੀ ਸਹਾਇਤਾ ਕੀਤੀ ਜਾਵੇ ਤੇ ਜਿਨ੍ਹਾਂ ਘਰ ਢਹਿ ਗਏ ਹਨ, ਉਨ੍ਹਾਂ ਨੂੰ ਤੁਰੰਤ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ, "ਸਾਡੀ ਸੁਸਾਇਟੀ ਆਪਣੇ ਪੱਧਰ 'ਤੇ ਜਿੱਥੇ ਵੀ ਸੰਭਵ ਹੋਵੇਗਾ, ਬਾਂਹ ਫੜੇਗੀ, ਪਰ ਸਰਕਾਰ ਦੀ ਜ਼ਿੰਮੇਵਾਰੀ ਸਭ ਤੋਂ ਵੱਡੀ ਹੈ। ਖਾਲਸਾ ਨੇ ਕਿਹਾ ਕਿ ਹਰ ਇਨਸਾਨ ਦੀ ਮੁੱਖ ਲੋੜ 'ਰੋਟੀ, ਕੱਪੜਾ ਤੇ ਮਕਾਨ' ਹੈ ਅਤੇ ਇੱਥੇ ਲੋਕਾਂ ਕੋਲ ਕੁਝ ਰਿਹਾ ਹੀ ਨਹੀਂ ਸੀ, ਨਾ ਮਕਾਨ, ਨਾ ਪਾਉਣ ਵਾਲਾ ਕੱਪੜਾ ਤੇ ਨਾ ਰਾਸ਼ਨ। ਹਾਲਾਤ ਬੇਹੱਦ ਚੁਣੌਤੀ ਭਰੇ ਹੋ ਗਏ ਸਨ।"

ਇਸ ਦੌਰੇ ਮੌਕੇ ਸਾਹਿਬ ਸਿੰਘ, ਬਿਲਡਰ ਹਰਦੇਵ ਸਿੰਘ ਗਰਚਾ, ਸੰਦੀਪ ਸਿੰਘ ਚਾਵਲਾ, ਹਰਿਭਜਨ ਸਿੰਘ ਬੈਂਸ, ਕਮਲਜੀਤ ਸਿੰਘ ਜਮਸ਼ੇਰ, ਗੁਰਪ੍ਰੀਤ ਸਿੰਘ ਰਾਜੂ, ਅਰਿੰਦਰਜੀਤ ਸਿੰਘ ਚੱਡਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਥਾਨਕ ਸੇਵਾਦਾਰ ਤੇ ਪੀੜਤ ਪਰਿਵਾਰ ਮੌਜੂਦ ਸਨ। ਅਜਨਾਲਾ ਤੋਂ ਗੁਰਮੀਤ ਸਿੰਘ ਨੇ ਕਿਹਾ ਕਿ ਹਾਲਾਤ ਬਹੁਤ ਮਾੜੇ ਸਨ, ਪਤਾ ਹੀ ਨਹੀਂ ਸੀ ਕਿ ਪਾਣੀ ਵਧੇਗਾ ਜਾਂ ਘਟੇਗਾ। ਕੁਝ ਸਮਾਨ ਗਿੱਲਾ ਹੋ ਗਿਆ, ਕੁਝ ਬਚ ਗਿਆ। ਨੁਕਸਾਨ ਕਾਫੀ ਹੋਇਆ ਹੈ।

ਪੀੜਤ ਬੀਬੀ ਹਰਜੀਤ ਕੌਰ ਨੇ ਅੱਖਾਂ ਵਿੱਚ ਹੰਝੂ ਭਰ ਕੇ ਕਿਹਾ, "ਪਾਣੀ ਆਉਣ ਤੋਂ ਬਾਅਦ ਹਾਲਾਤ ਬਹੁਤ ਮਾੜੇ ਹੋ ਗਏ ਸਨ ਤੇ ਕੋਈ ਆਸ ਹੀ ਨਹੀਂ ਬਚੀ ਸੀ। ਅਸੀਂ ਆਪਣੀ ਜਾਨਾਂ ਬਚਾ ਕੇ ਛੱਤ ਉੱਤੇ ਰਹੇ। 10-15 ਦਿਨਾਂ ਤੱਕ ਅਸੀਂ ਛੱਤ 'ਤੇ ਰਹੇ। ਸਾਨੂੰ ਲੱਗਦਾ ਸੀ ਸਾਡਾ ਸੁਪਨਾ ਹੀ ਢਹਿ ਗਿਆ, ਪਰ ਗੁਰੂ ਦੀ ਕਿਰਪਾ ਨਾਲ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਸਾਡੀ ਬਾਂਹ ਫੜ ਲਈ।"

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਦਰਸਾਇਆ ਹੈ ਕਿ ਸਿੱਖੀ ਦਾ ਸਿਧਾਂਤ "ਸਰਬਤ ਦਾ ਭਲਾ" ਜ਼ਿੰਦਾ ਹੈ ਤੇ ਸੰਗਤ ਦੀ ਸੇਵਾ ਕਦੇ ਨਹੀਂ ਰੁਕਦੀ। ਪੀੜਤਾਂ ਦੀ ਬਾਂਹ ਫੜਨਾ ਹਰੇਕ ਸਿੱਖ ਦਾ ਕਰਮ ਹੈ।

# ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਕਾਰ ਸੇਵਾ ਕਮੇਟੀ ਯੂ ਕੇ ਦੁਆਰਾ ਪਾਕਿਸਤਾਨ ਚ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਅਤੇ ਸ: ਪੁਰੇਵਾਲ ਦਾ ਸਨਮਾਨ

*ਜਲੰਧਰ (ਪੰਜਾਬ ਟਾਈਮਜ਼) – ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਮੌਕੇ ਸ: ਰਾਜਿੰਦਰ ਸਿੰਘ ਪੁਰੇਵਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇ, ਜਿੱਥੇ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਉਹਨਾਂ ਦੀ ਰਿਹਾਇਸ਼ 'ਤੇ ਵਿਸ਼ੇਸ਼ ਗੱਲਬਾਤ ਕੀਤੀ। ਉਹਨਾਂ ਦੱਸਿਆ ਕਿ ਪੰਥ ਦੇ ਮੌਜੂਦਾ ਸਮੇਂ ਦੇ ਬਹੁਤ ਸਾਰੇ ਮਾਮਲਿਆਂ ਬਾਰੇ ਸਿੰਘ ਸਾਹਿਬ ਨਾਲ ਬਹੁਤ ਵਧੀਆ ਗੱਲਬਾਤ ਹੋਈ, ਅਤੇ ਬਹੁਤ ਸਾਰੇ ਗੰਭੀਰ ਮੁੱਦਿਆਂ ਬਾਰੇ ਵੀ ਖੁੱਲ੍ਹ ਕੇ ਵਿਚਾਰਾਂ ਹੋਈਆਂ। ਇਸ ਸਮੇਂ ਸ: ਪੁਰੇਵਾਲ ਦੇ ਨਾਲ ਭਾਈ ਮਲਕੀਤ ਸਿੰਘ ਨੌਟਿੰਘਮ ਤੋਂ ਅਤੇ ਸ: ਹਰਮਿੰਦਰ ਸਿੰਘ ਪੁਰੇਵਾਲ ਸੋਨੀ ਸ਼ੰਕਰ ਤੋਂ ਸ਼ਾਮਿਲ ਸਨ।*


ਸ: ਪੁਰੇਵਾਲ ਨੇ ਕਿਹਾ ਕਿ ਜਥੇਦਾਰ ਕੁਲਦੀਪ ਸਿੰਘ ਪੰਥ ਦੀ ਏਕਤਾ ਅਤੇ ਚੜ੍ਹਦੀ ਕਲਾ ਲਈ ਵਧੀਆ ਕੰਮ ਕਰ ਰਹੇ ਹਨ। ਪ੍ਰਚਾਰਕਾਂ ਅਤੇ ਗ੍ਰੰਥੀ ਸਿੰਘਾਂ ਦੇ ਮਾਮਲੇ ਪ੍ਰਤੀ ਉਹਨਾਂ ਨੇ ਬਹੁਤ ਚੰਗੀ ਪਹੁੰਚ ਅਪਣਾਈ ਹੈ। ਇਸ ਮੌਕੇ ਜਥੇਦਾਰ ਕੁਲਦੀਪ ਸਿੰਘ ਨੇ ਕਿਹਾ ਕਿ ਕਾਰਸੇਵਾ ਕਮੇਟੀ ਵੱਲੋਂ ਲਾਹੌਰ ਵਿਖੇ ਸ਼ਹੀਦ ਸਿੰਘ ਸਿੰਘਣੀਆਂ ਦੀ ਯਾਦ ਵਿੱਚ ਬਣਾਇਆ ਗਿਆ ਗੁਰਦੁਆਰਾ ਇੱਕ ਮਿਸਾਲ ਹੈ। ਉਹਨਾਂ ਕਿਹਾ ਕਿ ਕਾਰਸੇਵਾ ਕਮੇਟੀ ਯੂ ਕੇ ਜੋ ਸੇਵਾਵਾਂ ਕਰਵਾ ਰਹੀ ਹੈ ਉਹ ਸ਼ਲਾਘਾਯੋਗ ਹਨ। ਉਹਨਾਂ ਦੱਸਿਆ ਕਿ ਇਹਨਾਂ ਦੇ ਇਲਾਵਾ ਹੋਰ ਵੀ ਬਹੁਤ ਸਾਰੇ ਇਤਿਹਾਸਕ ਸਥਾਨ ਹਨ, ਜਿਹਨਾਂ ਦੀ ਸੇਵਾ ਸੰਭਾਲ ਕਰਨ ਦੀ ਲੋੜ ਹੈ। ਉਹਨਾਂ ਸ: ਪੁਰੇਵਾਲ ਨੂੰ ਉਹਨਾਂ ਗੁਰੂ ਘਰਾਂ ਦੀ ਇੱਕ ਸੂਚੀ ਵੀ ਦਿੱਤੀ ਅਤੇ ਕਿਹਾ ਕਿ ਪੰਥ ਰਲ ਮਿਲ ਕੇ ਇਹ ਸਾਰੇ ਇਤਿਹਾਸਕ ਸਥਾਨ ਸਾਂਭਣੇ ਚਾਹੀਦੇ ਹਨ, ਇਹ ਖਾਲਸਾ ਪੰਥ ਦੀ ਵਿਰਾਸਤ ਹੈ।



ਜਥੇਦਾਰ ਕੁਲਦੀਪ ਸਿੰਘ ਗੜਗੱਜ, ਸ: ਰਾਜਿੰਦਰ ਸਿੰਘ ਪੁਰੇਵਾਲ ਦਾ ਸਨਮਾਨ ਕਰਦੇ ਹੋਏ

ਨੋਟ; ਹੋਰ ਤਸਵੀਰਾਂ ਮੁੱਖ ਪੰਨੇ 'ਤੇ

## ਸਟੀਲ ਕਾਰੋਬਾਰੀ ਲਕਸ਼ਮੀ ਮਿੱਤਲ ਨੇ ਛੱਡਿਆ ਬਰਤਾਨੀਆਂ



**ਲੰਡਨ: ਭਾਰਤੀ ਮੂਲ ਦੇ ਸਟੀਲ ਕੰਪਨੀ ਮਾਲਕ ਲਕਸ਼ਮੀ ਐਨ. ਮਿੱਤਲ, ਜੋ ਹੁਣ ਤਕ ਬਰਤਾਨੀਆਂ ਵਿਚ ਰਹਿੰਦੇ ਹਨ ਅਤੇ ਦੇਸ਼ ਦੇ ਸੱਭ ਤੋਂ ਅਮੀਰ ਅਰਬਪਤੀਆਂ ਦੀ ਗਿਣਤੀ ਵਿਚ ਸ਼ਾਮਲ ਰਹੇ ਹਨ, ਨੇ ਬਰਤਾਨੀਆਂ ਛੱਡਣ ਦਾ ਫੈਸਲਾ ਕੀਤਾ ਹੈ। ਸੰਡੇ ਟਾਈਮਜ਼ ਅਨੁਸਾਰ ਰਾਜਸਥਾਨ ਚ ਜਨਮੇ ਮਿੱਤਲ ਟੈਕਸ ਲਈ ਸਵਿਟਜ਼ਰਲੈਂਡ ਦੇ ਨਾਗਰਿਕ ਹਨ, ਅਤੇ ਹੁਣ ਉਹ ਅਪਣਾ ਜ਼ਿਆਦਾਤਰ ਭਵਿੱਖ ਦੁਬਈ ਚ ਬਿਤਾਉਣਗੇ। 2025 ਦੀ ਸੰਡੇ ਟਾਈਮਜ਼ ਅਮੀਰਕ ਸੂਚੀ ਅਨੁਸਾਰ ਆਰਸੇਲਰ ਮਿੱਤਲ ਸਟੀਲਵਰਕਸ ਦੇ ਸੰਸਥਾਪਕ ਦੀ ਦੌਲਤ 15.4 ਅਰਬ ਪੌਂਡ ਹੈ, ਜਿਸ ਨੇ ਉਨ੍ਹਾਂ ਨੂੰ ਯੂ.ਕੇ. ਦਾ ਅੱਠਵਾਂ ਸੱਭ ਤੋਂ ਅਮੀਰ ਵਿਅਕਤੀ ਦਰਜਾ ਦਿਤਾ ਹੈ। ਹੁਣ, ਅਖ਼ਬਾਰ ਨੇ 75 ਸਾਲ ਦੇ ਉਦਯੋਗਪਤੀ ਦੇ ਨਜ਼ਦੀਕੀ ਸੂਤਰਾਂ ਦਾ ਹਵਾਲਾ ਦਿਤਾ ਹੈ ਕਿ ਉਹ ਬੁਧਵਾਰ ਨੂੰ ਪੇਸ਼ ਕੀਤੇ ਜਾ ਰਹੇ ਦੇਸ਼ ਦੇ ਬਜਟ ਤੋਂ ਪਹਿਲਾਂ ਯੂ.ਕੇ. ਛੱਡਣ ਵਾਲੇ ਤਾਜ਼ਾ ਅਰਬਪਤੀ ਬਣ ਗਏ ਹਨ। ਅਖ਼ਬਾਰ ਦਾ ਦਾਅਵਾ ਹੈ ਕਿ ਮਿੱਤਲ ਦੀ ਪਹਿਲਾਂ ਹੀ ਦੁਬਈ ਵਿਚ ਇਕ ਹਵੇਲੀ ਹੈ ਅਤੇ ਹੁਣ ਉਨ੍ਹਾਂ ਨੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ ਨੇੜਲੇ ਨਾਇਆ ਟਾਪੂ ਉਤੇ ਇਕ ਦਿਲਚਸਪ ਜਾਇਦਾਦ ਦੇ ਹਿੱਸੇ ਖਰੀਦੇ ਹਨ। ਮਿੱਤਲ ਦੇ ਬਾਹਰ ਨਿਕਲਣ ਦੀ ਖ਼ਬਰ ਅਮੀਰਾਂ ਉਤੇ ਟੈਕਸ ਵਾਧੇ ਦੀ ਉਮੀਦ ਤੋਂ ਪਹਿਲਾਂ ਆਈ ਹੈ, ਜਦੋਂ ਯੂ.ਕੇ. ਦੀ ਵਿੱਤ ਮੰਤਰੀ ਰੀਚਲ ਰੀਵਜ਼ ਅਪਣੇ ਬਜਟ ਵਿਚ 20 ਅਰਬ ਪੌਂਡ ਹੋਰ ਟੈਕਸ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ।**

# ਓਂਟਾਰੀਓ: ਦੋ ਖਾਲਿਸਤਾਨ ਪੱਖੀ ਕਾਰਕੁਨਾਂ ਖਿਲਾਫ਼ ਹਥਿਆਰਾਂ ਦੇ ਸਾਰੇ ਦੋਸ਼ ਰੱਦ

## ✪ ਇੰਦਰਜੀਤ ਗੋਸਲ ਖਿਲਾਫ਼ ਮੁਕੱਦਮਾ ਜਾਰੀ ✪ "ਮੌਤ ਦੀ ਪਰਵਾਹ ਨਹੀਂ, ਪਰ ਰੈਫਰੈਂਡਮ ਨਹੀਂ ਛੱਡਣਾ" - ਇੰਦਰਜੀਤ ਗੋਸਲ ✪ ਆਰਸੀਐਮਪੀ ਨੇ ਖ਼ੁਦ ਕਿਹਾ - "ਕਾਤਲ ਸ਼ਹਿਰ ਵਿਚ ਆ ਗਏ ਨੇ", ਫਿਰ ਵੀ ਸੁਰੱਖਿਆ ਲੈਣ ਤੋਂ ਇਨਕਾਰ

ਓਂਟਾਰੀਓ-19 ਸਤੰਬਰ 2025 ਨੂੰ ਵ੍ਹਿਟਬੀ ਨੇੜੇ ਗ੍ਰਿਫ਼ਤਾਰ ਕੀਤੇ ਗਏ ਤਿੰਨ ਸਿੱਖ ਕਾਰਕੁਨਾਂ ਵਿੱਚੋਂ ਦੋ - ਨਿਊਯਾਰਕ ਵਾਸੀ ਜਗਦੀਪ ਸਿੰਘ ਅਤੇ ਅਰਮਾਨ ਸਿੰਘ - ਖਿਲਾਫ਼ ਸਾਰੇ 12 ਹਥਿਆਰਾਂ ਨਾਲ ਜੁੜੇ ਦੋਸ਼ ਰੱਦ ਕਰ ਦਿੱਤੇ ਗਏ ਹਨ। ਤੀਜੇ ਵਿਅਕਤੀ, ਬਰੰਪਟਨ ਦੇ ਮਸ਼ਹੂਰ ਖਾਲਿਸਤਾਨ ਪੱਖੀ ਆਗੂ ਇੰਦਰਜੀਤ ਸਿੰਘ ਗੋਸਲ ਖਿਲਾਫ਼ ਮੁਕੱਦਮਾ ਅਜੇ ਵੀ ਚੱਲ ਰਿਹਾ ਹੈ ਅਤੇ ਉਹ ਜ਼ਮਾਨਤ 'ਤੇ ਬਾਹਰ ਹਨ। ਜਗਦੀਪ ਸਿੰਘ ਨੂੰ ਬੀਤੇ ਦਿਨੀਂ ਆਪਣੇ ਵਕੀਲ ਰਾਹੀਂ ਪਤਾ ਲੱਗਾ ਕਿ ਉਸ ਖਿਲਾਫ਼ ਸਾਰੇ ਦੋਸ਼ ਵਾਪਸ ਲੈ ਲਏ ਹਨ। ਉਹ ਹੁਣ ਕੈਨੇਡਾ ਜਾਂ ਅਮਰੀਕਾ ਜਾ ਸਕਦਾ ਹੈ। ਅਰਮਾਨ ਸਿੰਘ ਦੇ ਦੋਸ਼ ਬੀਤੇ ਸ਼ੁੱਕਰਵਾਰ ਨੂੰ ਰੱਦ ਕੀਤੇ ਗਏ ਸਨ।

### ਦੋਸ਼ ਕਿਉਂ ਰੱਦ ਹੋਏ ? ਤੀਜੇ ਵਿਅਕਤੀ ਖਿਲਾਫ਼ ਕਿਉਂ ਨਹੀਂ ?

ਕ੍ਰਾਊਨ ਅਟਾਰਨੀ ਨੇ ਅਦਾਲਤ ਵਿੱਚ ਕਿਹਾ ਕਿ ਜਗਦੀਪ ਸਿੰਘ ਅਤੇ ਅਰਮਾਨ ਸਿੰਘ ਵਿਰੁੱਧ ਸਬੂਤ "ਜਨਤਕ ਹਿੱਤ ਵਿੱਚ ਮੁੱਕਦਮਾ ਚਲਾਉਣ ਲਈ ਮਜ਼ਬੂਤ ਨਹੀਂ" ਸਨ। ਸੂਤਰਾਂ ਮੁਤਾਬਕ ਦੋਵਾਂ ਨੇ ਸਾਬਤ ਕੀਤਾ ਕਿ ਉਹ ਗੱਡੀ ਵਿੱਚ ਮੌਜੂਦ ਹਥਿਆਰਾਂ ਬਾਰੇ ਜਾਣੂ ਨਹੀਂ ਸਨ ਅਤੇ ਉਨ੍ਹਾਂ ਦਾ ਕੋਈ ਸੰਬੰਧ ਨਹੀਂ ਸੀ। ਸਬੂਤਾਂ ਵਿੱਚ ਸੀਸੀ ਟੀਵੀ ਫੁਟੇਜ ਅਤੇ ਫੋਨ ਰਿਕਾਰਡ ਸਨ ਜੋ ਇਹ ਦਿਖਾਉਂਦੇ ਸਨ ਕਿ ਹਥਿਆਰ ਗੋਸਲ ਦੀ ਗੱਡੀ ਵਿੱਚ ਸਨ ਅਤੇ ਬਾਕੀ ਦੋਵੇਂ ਕੇਵਲ ਲਿਫਟ ਲੈ ਰਹੇ ਸਨ।

ਇੰਦਰਜੀਤ ਸਿੰਘ ਗੋਸਲ ਖਿਲਾਫ਼ ਦੋਸ਼ ਬਰਕਰਾਰ ਹਨ ਕਿਉਂਕਿ ਹਥਿਆਰ ਉਨ੍ਹਾਂ ਦੀ ਰਜਿਸਟਰਡ ਗੱਡੀ ਵਿੱਚ ਮਿਲੇ, ਉਹ ਡਰਾਈਵਰ ਸਨ ਅਤੇ ਕੁਝ ਹਥਿਆਰਾਂ ਦੀ ਰਜਿਸਟ੍ਰੇਸ਼ਨ ਉਨ੍ਹਾਂ ਦੇ ਨਾਂ 'ਤੇ ਸੀ। ਗੋਸਲ ਦਾ ਕਹਿਣਾ ਹੈ ਕਿ ਉਹ ਆਪਣੀ ਅਤੇ ਪਰਿਵਾਰ ਦੀ ਜਾਨ ਬਚਾਉਣ ਲਈ ਲਾਇਸੈਂਸਸ਼ੁਦਾ ਹਥਿਆਰ ਰੱਖਦੇ ਹਨ।

"ਮੇਰੀ ਜਾਨ ਨੂੰ ਲਗਾਤਾਰ ਖਤਰਾ ਹੈ"

ਗੋਸਲ "Sikhs for Justice" ਦੇ ਕੈਨੇਡੀਅਨ ਵਿੰਗ ਦੇ ਕਨਵੀਨਰ ਹਨ। 2023 ਵਿੱਚ ਸਰੀ ਵਿੱਚ ਹਰਦੀਪ ਸਿੰਘ ਨਿੱਜਰ ਦੇ ਕਤਲ ਤੋਂ ਬਾਅਦ ਉਹ ਖਾਲਿਸਤਾਨ ਰੈਫਰੈਂਡਮ ਮੁਹਿੰਮ ਦਾ ਸਭ ਤੋਂ ਵੱਡਾ ਚਿਹਰਾ ਬਣ ਗਏ ਸਨ। ਉਨ੍ਹਾਂ ਨੇ ਦੱਸਿਆ ਕਿ ਇਸ ਸਾਲ ਫਰਵਰੀ ਵਿੱਚ ਬਰੰਪਟਨ ਵਿੱਚ ਉਨ੍ਹਾਂ ਦੇ ਘਰ (ਜੋ ਉਸ ਵੇਲੇ ਉਸਾਰੀ ਅਧੀਨ ਸੀ) 'ਤੇ ਗੋਲੀਆਂ ਚੱਲੀਆਂ ਸਨ। ਗੋਸਲ ਅਨੁਸਾਰ 20 ਅਗਸਤ ਤੋਂ 10 ਸਤੰਬਰ 2025 ਦਰਮਿਆਨ ਆਰਸੀਐਮਪੀ ਉਸਦੇ ਘਰ ਅੱਠ-ਦਸ ਵਾਰ ਆਈ ਸੀ। 8 ਸਤੰਬਰ ਤੋਂ ਬਾਅਦ ਆਰਸੀਐਮਪੀ ਉਸ ਨੂੰ ਸੁਰੱਖਿਆ ਲੈਣ ਲਈ ਵਾਰ ਵਾਰ ਹਦਾਇਤ ਦੇਣ ਲਗੀ - 'ਕਾਤਲ ਸ਼ਹਿਰ ਵਿੱਚ ਆ ਗਏ ਨੇ, ਤੁਹਾਨੂੰ ਤੁਰੰਤ ਖਤਰਾ ਹੈ।' ਆਰਸੀਐਮਪੀ ਨੇ ਉਨ੍ਹਾਂ ਨੂੰ ਸੁਰੱਖਿਆ ਦੇਣ ਦੀ ਪੇਸ਼ਕਸ਼ ਕੀਤੀ ਪਰ ਸ਼ਰਤ ਸੀ ਕਿ ਉਹ




ਖਾਲਿਸਤਾਨ ਰੈਫਰੈਂਡਮ ਸਮੇਤ ਸਾਰੀਆਂ ਸਿਆਸੀ ਗਤੀਵਿਧੀਆਂ ਬੰਦ ਕਰਨ। ਗੋਸਲ ਨੇ ਸਾਫ਼ ਇਨਕਾਰ ਕਰ ਦਿੱਤਾ। ਤੇ ਕਿਹਾ ਖਾਲਿਸਤਾਨ ਰੈਫਰੈਂਡਮ ਦੀ ਮੁਹਿੰਮ ਨਹੀਂ ਛੱਡਣੀ।

### ਕਿਹੜੇ ਸਿੱਖ ਆਗੂਆਂ ਨੂੰ ਖ਼ਤਰਾ ?

ਆਰਸੀਐਮਪੀ ਨੇ 2024 ਅਤੇ 2025 ਵਿੱਚ ਕਈ ਵਾਰ ਜਨਤਕ ਅਤੇ ਨਿੱਜੀ ਤੌਰ 'ਤੇ ਚੇਤਾਵਨੀ ਜਾਰੀ ਕੀਤੀ ਕਿ ਭਾਰਤ ਸਰਕਾਰ ਨਾਲ ਜੁੜੇ ਏਜੰਟ ਖਾਲਿਸਤਾਨ ਪੱਖੀ ਆਗੂਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਜਿਨ੍ਹਾਂ ਨੂੰ ਸਭ ਤੋਂ ਵੱਧ ਖਤਰਾ ਦੱਸਿਆ ਗਿਆ ਉਨ੍ਹਾਂ ਵਿੱਚ ਸ਼ਾਮਲ ਹਨ: ਇੰਦਰਜੀਤ ਸਿੰਘ ਗੋਸਲ (ਬ੍ਰੈਂਪਟਨ), ਮੋਨਿੰਦਰ ਸਿੰਘ (ਸਰੀ, ਸਿੱਖ ਫਾਰ ਜਸਟਿਸ ਕੋਆਰਡੀਨੇਟਰ), ਗੁਰਪਤਵੰਤ ਸਿੰਘ ਪੰਨੂ (ਕੈਲਗਰੀ), ਹਰਜੀਤ ਸਿੰਘ (ਮਾਲਟਨ ਗੁਰਦੁਆਰਾ ਕਮੇਟੀ ਮੈਂਬਰ)

2024 ਦੇ ਅਖੀਰ ਵਿੱਚ ਆਰਸੀਐਮਪੀ ਨੇ ਕਿਹਾ ਸੀ ਕਿ ਭਾਰਤੀ ਡਿਪਲੋਮੈਟ ਅਤੇ ਕੌਂਸਲਰ ਅਧਿਕਾਰੀਆਂ ਨੇ "ਆਪਣੇ ਅਹੁਦੇ ਦੀ ਦੁਰਵਰਤੋਂ ਕਰਕੇ ਗੁਪਤ ਜਾਸੂਸੀ, ਜਬਰ ਅਤੇ ਧਮਕੀਆਂ ਦੀ ਵਰਤੋਂ ਕੀਤੀ ਸੀ" ਅਤੇ ਇਹ ਕਤਲਾਂ ਅਤੇ ਹਿੰਸਕ ਗਤੀਵਿਧੀਆਂ ਨਾਲ ਜੁੜੇ ਸਨ।

### ਕੈਨੇਡਾ ਸਰਕਾਰ ਬਾਰੇ ਸਿੱਖ ਆਗੂਆਂ ਦਾ ਪ੍ਰਤੀਕਰਮ

ਗੋਸਲ ਨੇ ਨਵੀਂ ਕੈਨੇਡੀਅਨ ਸਰਕਾਰ ਦੀ ਭਾਰਤ ਨਾਲ ਡਿਪਲੋਮੈਟਿਕ ਸਬੰਧ ਬਹਾਲ ਕਰਨ ਦੀ ਕੋਸ਼ਿਸ਼ ਨੂੰ "ਜਲਦਬਾਜ਼ੀ" ਕਰਾਰ ਦਿੱਤਾ। ਗੋਸਲ ਨੇ ਕਿਹਾ ਕਿ ਵਸੂਲੀਆਂ ਨਹੀਂ ਰੁਕੀਆਂ, ਗੋਲੀਆਂ ਨਹੀਂ ਰੁਕੀਆਂ - ਬਲਕਿ ਹੋਰ ਵਧ ਗਈਆਂ ਹਨ। ਕੁਝ ਵੀ ਨਹੀਂ ਬਦਲਿਆ। ਹਾਲਾਤ ਹੋਰ ਖ਼ਰਾਬ ਹੋ ਗਏ ਹਨ।

### ਕੀ ਹੈ ਕੈਨੇਡਾ ਸਰਕਾਰ ਦਾ ਪ੍ਰਤੀਕਰਮ

ਕੈਨੇਡਾ ਦੇ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕਿਹਾ ਕਿ ਭਾਰਤ ਨਾਲ ਵਪਾਰ ਸਮਝੌਤੇ ਦੀਆਂ ਗੱਲਾਂ ਕਰਦੇ ਹੋਏ ਵੀ ਕੈਨੇਡਾ ਆਪਣੀ ਜਨਤਕ ਸੁਰੱਖਿਆ, ਵਿਦੇਸ਼ੀ ਦਖਲਅੰਦਾਜ਼ੀ ਤੇ ਟਰਾਂਸਨੈਸ਼ਨਲ ਹਿੰਸਾ ਨੂੰ ਪੂਰੀ ਗੰਭੀਰਤਾ ਨਾਲ ਲੈ ਰਿਹਾ ਹੈ। ਆਨੰਦ ਨੇ ਕਿਹਾ, "ਅਸੀਂ ਇਹ ਮੁੱਦੇ ਬਹੁਤ ਗੰਭੀਰਤਾ ਨਾਲ ਲੈਂਦੇ ਆ ਤੇ ਲੈਂਦੇ ਰਹਾਂਗੇ। ਭਾਰਤ ਹੋਵੇ ਜਾਂ ਕੋਈ ਹੋਰ ਦੇਸ਼ - ਕੈਨੇਡੀਅਨ ਲੋਕਾਂ ਦੀ ਸੁਰੱਖਿਆ ਸਾਡੀ ਪਹਿਲੀ ਤਰਜੀਹ ਹੈ।"

ਐਤਵਾਰ ਨੂੰ ਦੱਖਣੀ ਅਫਰੀਕਾ ਵਿਚ ਘ20 ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਭਾਰਤੀ ਪੀ.ਐੱਮ. ਨਰਿੰਦਰ ਮੋਦੀ ਨੇ ਨਵੇਂ ਵਪਾਰ ਸਮਝੌਤੇ ਲਈ ਗੱਲਬਾਤ ਸ਼ੁਰੂ ਕਰਨ ਦਾ ਐਲਾਨ ਕੀਤਾ। ਕਾਰਨੀ ਨੇ ਕਿਹਾ ਕਿ ਇਹ ਸਮਝੌਤਾ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਨੂੰ 70 ਅਰਬ ਡਾਲਰ ਤੱਕ ਦੁੱਗਣਾ ਕਰ ਸਕਦਾ ਹੈ। ਯਾਦ ਰਹੇ ਕਿ 2023 ਵਿਚ ਸਰੀ ਵਿੱਚ ਸਿੱਖ ਆਗੂ ਹਰਦੀਪ ਸਿੰਘ ਨਿੱਜਰ ਦੇ ਕਤਲ ਤੋਂ ਬਾਅਦ ਕੈਨੇਡਾ-ਭਾਰਤ ਸਬੰਧ ਬਹੁਤ ਖਰਾਬ ਹੋ ਗਏ ਸਨ। ਕੈਨੇਡਾ ਨੇ ਭਾਰਤੀ ਏਜੰਟਾਂ 'ਤੇ ਨਿੱਜਰ ਕਤਲ ਵਿਚ ਸ਼ਮੂਲੀਅਤ ਦੇ ਇਲਜ਼ਾਮ ਲਗਾਏ ਸਨ, ਜਿਸ ਨੂੰ ਭਾਰਤ ਨੇ ਸਿਰੇ ਤੋਂ ਰੱਦ ਕਰ ਦਿੱਤਾ ਸੀ। ਹੁਣ ਦੋਵੇਂ ਦੇਸ਼ ਆਪਣੇ ਸਬੰਧਾਂ ਨੂੰ ਮੁੜ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਨੇ। ਪਰ ਕੈਨੇਡੀਅਨ ਸਿੱਖ ਭਾਈਚਾਰੇ ਵਿਚ ਇਸ ਫੈਸਲੇ ਨੂੰ ਲੈ ਕੇ ਭਾਰੀ ਰੋਸ ਹੈ। ਬੀਤੇ ਐਤਵਾਰ ਨੂੰ ਹੀ ਓਟਵਾ ਵਿਚ ਹਜ਼ਾਰਾਂ ਕੈਨੇਡੀਅਨ ਸਿੱਖਾਂ ਨੇ ਖਾਲਿਸਤਾਨ ਰੈਫਰੈਂਡਮ ਵਿਚ ਹਿੱਸਾ ਲਿਆ। "ਸਿੱਖਜ਼ ਫਾਰ ਜਸਟਿਸ" ਨੇ ਦਾਅਵਾ ਕੀਤਾ ਕਿ 53,000 ਤੋਂ ਵੱਧ ਲੋਕਾਂ ਨੇ ਵੋਟ ਪਾਈ ਤੇ ਇਹ ਵੋਟ "ਕਾਰਨੀ ਸਰਕਾਰ ਵੱਲੋਂ ਭਾਰਤ ਨਾਲ ਨਜ਼ਦੀਕੀਆਂ ਵਧਾਉਣ ਦੇ ਵਿਰੋਧ" ਵਜੋਂ ਵੀ ਸੀ। ਭਾਰਤ ਨੇ ਇਸ ਰੈਫਰੈਂਡਮ ਨੂੰ "ਫਰਜ਼ੀ" ਤੇ ਆਪਣੀ ਖੁਦਮੁਖਤਿਆਰੀ 'ਤੇ ਹਮਲਾ ਦੱਸਿਆ ਹੈ।

ਕਾਰਨੀ ਸਰਕਾਰ ਕਹਿ ਰਹੀ ਹੈ ਕਿ ਵਪਾਰ ਵਧਾਉਣ ਨਾਲ ਕੈਨੇਡੀਅਨ ਨੌਕਰੀਆਂ ਤੇ ਕਾਰੋਬਾਰਾਂ ਨੂੰ ਫਾਇਦਾ ਹੋਵੇਗਾ, ਪਰ ਸੁਰੱਖਿਆ ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਕੰਮ ਪਹਿਲਾਂ ਵਾਂਗ ਚੱਲਦਾ ਰਹੇਗਾ। ਫਿਲਹਾਲ ਦੋਵੇਂ ਦੇਸ਼ ਇੱਕ ਪਾਸੇ ਵਪਾਰ ਦੀਆਂ ਗੱਲਾਂ ਕਰ ਰਹੇ ਨੇ, ਦੂਜੇ ਪਾਸੇ ਸੁਰੱਖਿਆ ਤੇ ਨਿੱਜਰ ਕਤਲ ਜਾਂਚ ਦੇ ਮੁੱਦੇ 'ਤੇ ਵੱਖ-ਵੱਖ ਸਟੈਂਡ 'ਤੇ ਬਰਕਰਾਰ ਨੇ।

# ਬਾਦਲ ਦਲ ਵਲੋਂ ਤਾੜਨਾ ਸਰਕਾਰਾਂ ਧਾਰਮਿਕ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਨਾ ਕਰਨ

## ✪ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਪੰਜਾਬ ਨੂੰ ਮਿਲਣਾ ਚਾਹੀਦਾ



ਚੰਡੀਗੜ੍ਹ-ਅਕਾਲੀ ਦਲ ਨੇ ਕੇਂਦਰ ਅਤੇ ਵੱਖ-ਵੱਖ ਸੂਬਾ ਸਰਕਾਰਾਂ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਨਾ ਦੇਣ ਦੀ ਅਪੀਲ ਕੀਤੀ ਹੈ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਇਥੇ ਪਾਰਟੀ ਦਫ਼ਤਰ ਵਿੱਚ ਸ਼੍ਰੋਮਣੀ ਅਕਾਲੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਇਹ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸਾਰਾ ਮੁਲਕ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਿਹਾ ਹੈ ਤਾਂ ਕੇਂਦਰ ਦੇ ਨਾਲ-ਨਾਲ ਬਿਹਾਰ, ਮਹਾਰਾਸ਼ਟਰ, ਦਿੱਲੀ, ਹਰਿਆਣਾ ਅਤੇ ਹੋਰ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਸਿੱਖ ਧਾਰਮਿਕ ਸੰਸਥਾਵਾਂ ਤੇ ਗੁਰਧਾਮਾਂ 'ਤੇ ਅਸਿੱਧੇ ਢੰਗ ਨਾਲ ਹਮਲੇ ਹੋ ਰਹੇ ਹਨ। ਜੇ ਸਰਕਾਰਾਂ ਦਖ਼ਲਅੰਦਾਜ਼ੀ ਬੰਦ ਕਰਦੀਆਂ ਹਨ ਤਾਂ ਇਹ ਗੁਰੂ ਤੇਗ ਬਹਾਦਰ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਹੱਕਾਂ ਨੂੰ ਖੋਰਾ ਲਾਉਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਕੇਂਦਰ ਨੂੰ ਅਜਿਹੀਆਂ ਚਾਲਾਂ ਵਿੱਚ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਚੰਡੀਗੜ੍ਹ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਸੀ ਅਤੇ ਇਹ ਪੰਜਾਬ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇਣ।

### ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ ਇਕੱਲੇ ਲੜਾਂਗੇ: ਚੀਮਾ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ ਪਾਰਟੀ ਇਕੱਲਿਆਂ ਹੀ ਲੜੇਗੀ। ਪਾਰਟੀ ਨੇ ਉਮੀਦਵਾਰਾਂ ਦੀ ਚੋਣ ਲਈ ਜ਼ਿਲ੍ਹਾ ਪੱਧਰ 'ਤੇ ਟੀਮਾਂ ਦਾ ਗਠਨ ਕਰ ਦਿੱਤਾ ਹੈ।

ਉਨ੍ਹਾਂ ਦੋਸ਼ ਲਾਇਆ ਕਿ 'ਆਪ' ਵੱਲੋਂ ਪੰਚਾਇਤੀ ਚੋਣਾਂ ਵਾਂਗ ਇਨ੍ਹਾਂ ਚੋਣਾਂ ਵਿੱਚ ਵੀ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਪਰ ਪਾਰਟੀ ਧੱਕੇਸ਼ਾਹੀ ਦਾ ਡਟ ਕੇ ਸਾਹਮਣਾ ਕਰੇਗੀ। ਪਾਰਟੀ ਨੇ ਵਕੀਲਾਂ ਦੀਆਂ ਵਿਸ਼ੇਸ਼ ਟੀਮਾਂ ਬਣਾਈਆਂ ਹਨ, ਜਿਨ੍ਹਾਂ ਵੱਲੋਂ 'ਆਪ' ਦੀ ਧੱਕੇਸ਼ਾਹੀ ਵਿਰੁੱਧ ਕਾਨੂੰਨੀ ਲੜਾਈ ਲੜੀ ਜਾਵੇਗੀ।

## ਸੰਪਾਦਕੀ

**ਵਿਚਾਰ :–** ਵਿਵਹਾਰ ਦੀਆਂ ਛੋਟੀਆਂ ਛੋਟੀਆਂ ਗੱਲਾਂ ਹੀ ਵਿਅਕਤੀ ਦੇ ਚਰਿੱਤਰ ਦਾ ਦਰਪਣ ਹੁੰਦੀਆਂ ਹਨ ਨਾ ਕਿ ਲੰਮੀਆਂ ਚੌੜੀਆਂ ਗੱਲਾਂ। – (ਸੈਮੂਅਲ ਸਮਾਈਲ)



ਰਜਿੰਦਰ ਸਿੰਘ ਪੁਰੇਵਾਲ

# ਯੂਟਿਊਬ ਵੱਲੋਂ ਗੁਰਬਾਣੀ ਚੈਨਲ ਬੰਦ ਕਰਨਾ : ਧਾਰਮਿਕ ਅਜ਼ਾਦੀ ਉਪਰ ਸੈਂਸਰਸ਼ਿਪ ਦਾ ਨਵਾਂ ਹਮਲਾ

19 ਨਵੰਬਰ 2025 ਦੀ ਸ਼ਾਮ ਨੂੰ ਜਦੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿੱਚ ਰਹਿਰਾਸ ਸਾਹਿਬ ਦਾ ਪਾਠ ਚੱਲ ਰਿਹਾ ਸੀ ਤੇ ਲੱਖਾਂ ਸੰਗਤਾਂ ਦੁਨੀਆਂ ਭਰ ਵਿੱਚ ਘਰ ਬੈਠੇ ਇਸ ਪਵਿੱਤਰ ਅੰਮ੍ਰਿਤ-ਬਾਣੀ ਨਾਲ ਜੁੜੀਆਂ ਹੋਈਆਂ ਸਨ, ਉਸੇ ਵੇਲੇ ਯੂਟਿਊਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰਤ ਚੈਨਲ @SGPCSriAmritsar ਨੂੰ ਇੱਕ ਹਫ਼ਤੇ ਲਈ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ। ਇਸੇ ਹਫ਼ਤੇ ਫ਼ਤਹਿਗੜ੍ਹ ਸਾਹਿਬ ਦੇ ਮੁਖੀ ਗ੍ਰੰਥੀ ਗਿਆਨੀ ਹਰਪਾਲ ਸਿੰਘ ਜੀ ਦਾ ਨਿੱਜੀ ਚੈਨਲ ਵੀ ਹਮੇਸ਼ਾ ਲਈ ਬੰਦ ਕਰ ਦਿੱਤਾ ਗਿਆ। ਇਹ ਦੋਵੇਂ ਘਟਨਾਵਾਂ ਕੋਈ ਆਮ "ਕਮਿਊਨਿਟੀ ਗਾਈਡਲਾਈਨ ਉਲੰਘਣਾ" ਨਹੀਂ, ਸਗੋਂ ਸਿੱਖ ਕੌਮ ਦੀ ਧਾਰਮਿਕ ਅਜ਼ਾਦੀ, ਇਤਿਹਾਸਕ ਸੱਚ ਤੇ ਗੁਰਬਾਣੀ ਦੇ ਪ੍ਰਸਾਰਣ ਉੱਤੇ ਸਿੱਧਾ ਹਮਲਾ ਹਨ।

ਯੂਟਿਊਬ ਨੇ ਜਿਹੜੀ ਪੁਰਾਣੀ ਵੀਡੀਓ ਨੂੰ ਬਹਾਨਾ ਬਣਾਇਆ ਹੈ, ਉਹ 31 ਅਕਤੂਬਰ 2025 ਨੂੰ ਪਾਈ ਗਈ ਸੀ। ਉਸ ਵੀਡੀਓ ਵਿੱਚ ਇੱਕ ਸਿੱਖ ਪ੍ਰਚਾਰਕ ਨੇ ਨਵੰਬਰ 1984 ਦੀਆਂ ਦਰਦਨਾਕ ਘਟਨਾਵਾਂ ਦਾ ਜ਼ਿਕਰ ਕੀਤਾ ਸੀ। ਭਾਵੇਂ ਉਹ ਬਿਆਨ ਕਿੰਨੇ ਵੀ ਸਖ਼ਤ ਸਨ, ਪਰ ਉਹ ਸਿੱਖ ਇਤਿਹਾਸ ਦਾ ਅਟੱਲ ਹਿੱਸਾ ਹਨ। ਨਵੰਬਰ 1984 ਵਿੱਚ ਦਿੱਲੀ ਤੇ ਦੇਸ਼ ਭਰ ਵਿੱਚ ਹਜ਼ਾਰਾਂ ਨਿਰਦੋਸ਼ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਸੀ, ਉਹਨਾਂ ਦੀਆਂ ਦੁਕਾਨਾਂ-ਘਰ ਲੁੱਟੇ ਗਏ, ਬੱਚਿਆਂ-ਬਜ਼ੁਰਗਾਂ-ਔਰਤਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ। ਇਸ ਸਾਰੇ ਕਤਲੇਆਮ ਦੀਆਂ ਫ਼ਾਈਲਾਂ ਅੱਜ ਵੀ ਸਰਕਾਰੀ ਦਫ਼ਤਰਾਂ ਵਿੱਚ ਬੰਦ ਪਈਆਂ ਹਨ। ਪਰ ਨਿਆਂ ਨਹੀਂ ਮਿਲਿਆ। ਜਦੋਂ ਅਦਾਲਤਾਂ ਤੇ ਸਰਕਾਰਾਂ ਇਨਸਾਫ਼ ਦੇਣ ਤੋਂ ਮੂੰਹ ਮੋੜ ਲੈਂਦੀਆਂ ਹਨ ਤਾਂ ਸਿੱਖ ਆਪਣੇ ਦਰਦ ਨੂੰ ਗੁਰਬਾਣੀ ਤੇ ਇਤਿਹਾਸ ਦੇ ਹਵਾਲੇ ਨਾਲ ਹੀ ਬਿਆਨ ਕਰਦੇ ਹਨ। ਪਰ ਅੱਜ ਉਸੇ ਸੱਚ ਨੂੰ ਬੋਲਣ ਵਾਲੇ ਚੈਨਲਾਂ ਨੂੰ ਬੰਦ ਕੀਤਾ ਜਾ ਰਿਹਾ ਹੈ।

ਪ੍ਰਸ਼ਨ ਇਹ ਉੱਠਦਾ ਹੈ ਕਿ ਯੂਟਿਊਬ ਨੇ ਇਹ ਫ਼ੈਸਲਾ ਕਿਸ ਦੇ ਇਸ਼ਾਰੇ 'ਤੇ ਲਿਆ? ਯੂਟਿਊਬ ਤਾਂ ਇੱਕ ਅਮਰੀਕੀ ਕੰਪਨੀ ਹੈ, ਪਰ ਭਾਰਤ ਵਿੱਚ ਇਸ ਦੀਆਂ ਨੀਤੀਆਂ ਬਹੁਤ ਵਾਰ ਭਾਰਤ ਸਰਕਾਰ ਦੇ ਦਬਾਅ ਹੇਠ ਬਦਲਦੀਆਂ ਦਿਸੀਆਂ ਹਨ। 2020-21 ਦੇ ਕਿਸਾਨ ਅੰਦੋਲਨ ਸਮੇਂ ਵੀ ਸੈਂਕੜੇ ਟਵਿੱਟਰ ਅਕਾਊਂਟ ਤੇ ਯੂਟਿਊਬ ਚੈਨਲ ਇੱਕੋ ਰਾਤ ਵਿੱਚ ਬੰਦ ਕਰ ਦਿੱਤੇ ਗਏ ਸਨ। ਉਸ ਵੇਲੇ ਵੀ ਸਰਕਾਰ ਨੇ ਕਿਹਾ ਸੀ ਕਿ "ਇਹ ਸਾਡੇ ਕਹਿਣ 'ਤੇ ਨਹੀਂ ਹੋਇਆ", ਪਰ ਹਰ ਕੋਈ ਜਾਣਦਾ ਸੀ ਕਿ ਬਿਨਾਂ ਸਰਕਾਰੀ ਦਬਾਅ ਤੋਂ ਅਜਿਹਾ ਨਹੀਂ ਹੋ ਸਕਦਾ। ਅੱਜ ਵੀ ਉਹੀ ਖਦਸ਼ਾ ਹੈ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ, ਜਿਨ੍ਹਾਂ ਨੇ ਧਾਰਮਿਕ ਅਜ਼ਾਦੀ ਲਈ ਆਪਣਾ ਸੀਸ ਵਾਰ ਦਿੱਤਾ ਸੀ, ਉਸੇ ਵੇਲੇ ਗੁਰਬਾਣੀ ਦੇ ਲਾਈਵ ਪ੍ਰਸਾਰਣ ਨੂੰ ਰੋਕਣਾ ਕਿੰਨਾ ਵੱਡਾ ਧਕਾ ਤੇ ਅਨਿਆਂ ਹੈ?

ਸ਼੍ਰੋਮਣੀ ਕਮੇਟੀ ਨੇ ਤੁਰੰਤ ਬਦਲਵਾਂ ਪ੍ਰਬੰਧ ਕੀਤਾ ਹੈ ਤੇ ਸੰਗਤ ਨੂੰ ਨਵਾਂ ਅਧਿਕਾਰਤ ਚੈਨਲ https://youtube.com/@officialsgpc ਨਾਲ ਜੁੜਨ ਦੀ ਅਪੀਲ ਕੀਤੀ ਹੈ। ਇਹ ਚੰਗਾ ਕਦਮ ਹੈ, ਪਰ ਇੱਕ ਸੰਸਥਾ ਦੇ ਦੋ-ਦੋ ਚੈਨਲ ਬੰਦ ਹੋਣੇ ਤੇ ਇੱਕ ਮੁਖੀ ਗ੍ਰੰਥੀ ਦਾ ਨਿੱਜੀ ਚੈਨਲ ਵੀ ਬੰਦ ਹੋਣਾ ਕੋਈ ਛੋਟੀ ਘਟਨਾ ਨਹੀਂ। ਇਸ ਨਾਲ ਸਿੱਖ ਸੰਗਤ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਯੂਟਿਊਬ ਨਾਲ ਗੱਲਬਾਤ ਕਰਨ ਦੀ ਗੱਲ ਕਹੀ ਹੈ। ਪੰਥਕ ਜਥੇਬੰਦੀਆਂ ਵਿੱਚੋਂ ਦਲ ਖਾਲਸਾ, ਸਿੱਖ ਯੂਥ ਆਫ਼ ਪੰਜਾਬ, ਸਿੱਖ ਸੰਗਤ ਅਮਰੀਕਾ-ਕਨੇਡਾ ਤੇ ਯੂਕੇ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸਿਮਰਨਜੀਤ ਸਿੰਘ ਮਾਨ ਨੇ ਤਾਂ ਸਾਫ਼ ਕਿਹਾ ਹੈ ਕਿ "ਇਹ ਔਰੰਗਜ਼ੇਬੀ ਵਰਤਾਰਾ ਹੈ, ਜਦੋਂ ਗੁਰੂ ਸਾਹਿਬ ਦੀ ਬਾਣੀ ਨੂੰ ਰੋਕਿਆ ਜਾ ਰਿਹਾ ਹੈ ਤਾਂ ਸਿੱਖ ਚੁੱਪ ਨਹੀਂ ਬੈਠਣਗੇ।"

ਸ਼੍ਰੋਮਣੀ ਕਮੇਟੀ ਆਪਣਾ ਖੁਦ ਦਾ OTT ਪਲੇਟਫਾਰਮ (ਜਿਵੇਂ sgpc.live ਜਾਂ gurbani.tv) ਜਲਦੀ ਤੋਂ ਜਲਦੀ ਸ਼ੁਰੂ ਕਰੇ। ਸਾਰੀਆਂ ਪੰਥਕ ਜਥੇਬੰਦੀਆਂ ਇੱਕ ਮੰਚ 'ਤੇ ਆਉਣ ਅਤੇ ਵਿਦੇਸ਼ਾਂ ਵਿੱਚ ਵੀ ਇਸ ਮਸਲੇ ਨੂੰ ਉਠਾਉਣ। ਅਸੀਂ ਉਹ ਕੌਮ ਹਾਂ ਜਿਸ ਦੇ ਨੌਵੇਂ ਗੁਰੂ ਨੇ ਧਰਮ ਲਈ ਸੀਸ ਦਿੱਤਾ, ਦਸਵੇਂ ਗੁਰੂ ਨੇ ਆਪਣੇ ਚਾਰ ਸਾਹਿਬਜ਼ਾਦੇ ਵਾਰ ਦਿੱਤੇ। ਸਾਡੇ ਪੁਰਖਿਆਂ ਨੇ ਛੋਟੇ-ਵੱਡੇ ਗ਼ੁਲਾਮੀ ਦੇ ਜ਼ੰਜੀਰਾਂ ਨੂੰ ਤੋੜਿਆ। ਅੱਜ ਜੇਕਰ ਗੁਰਬਾਣੀ ਦਾ ਪ੍ਰਸਾਰਣ ਰੋਕਿਆ ਜਾ ਰਿਹਾ ਹੈ ਤਾਂ ਇਸ ਨੂੰ ਸਿੱਖ ਸੰਗਤ ਤੇ ਲੀਡਰਸ਼ਿਪ ਦਾ ਫ਼ਰਜ਼ ਹੈ ਕਿ ਇਸ ਵਿਰੁੱਧ ਖੜ੍ਹੇ ਹੋਣ।

-ਰਜਿੰਦਰ ਸਿੰਘ ਪੁਰੇਵਾਲ

# ਪ੍ਰਧਾਨ ਮੰਤਰੀ ਵੱਲੋਂ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਪੁਰਬ ਮੌਕੇ ਵਿਸ਼ੇਸ਼ ਸਿੱਕਾ ਅਤੇ ਯਾਦਗਾਰੀ ਡਾਕ ਟਿਕਟ ਜਾਰੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਅੱਜ ਵਿਸ਼ੇਸ਼ ਸਿੱਕਾ ਅਤੇ ਯਾਦਗਾਰੀ ਡਾਕ ਟਿਕਟ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਨੇ ਸੱਚ, ਨਿਆਂ, ਵਿਸ਼ਵਾਸ ਦੀ ਰੱਖਿਆ ਨੂੰ ਆਪਣਾ ਧਰਮ ਮੰਨਿਆ ਤੇ ਇਸ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਸ੍ਰੀ ਮੋਦੀ ਅੱਜ ਹਰਿਆਣਾ ਦੇ ਕੁਰੂਕਸ਼ੇਤਰ ਪੁੱਜੇ ਜਿਥੇ ਉਨ੍ਹਾਂ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਯਾਦ ਵਿਚ ਇਕ ਵਿਸ਼ੇਸ਼ ਸਮਾਗਮ ਵਿਚ ਹਿੱਸਾ ਲਿਆ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਅੱਜ ਸਵੇਰੇ ਰਾਮਾਇਣ ਦੀ ਨਗਰੀ ਅਯੁੱਧਿਆ ਵਿਚ ਸਨ ਅਤੇ ਹੁਣ ਉਹ ਗੀਤਾ ਦੀ ਨਗਰੀ ਕੁਰੂਕਸ਼ੇਤਰ ਵਿਚ ਹਨ। ਉਨ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਚੱਲਣ ਲਈ ਪ੍ਰੇਰਿਆ।

## NEWS & VIEWS

# *JHATKA* COUNCIL UK HAVE RAISED WIDER ISSUES WHICH CONCERN ALL SIKHS



Gurmukh Singh OBE

The issue is theo-political and concerns *all* Sikhs. Guru Nanak Sahib referred to the Islamic way of life forced on non-Muslims in *Asa ki Vaar* when He referred to: ਅਭਾਖਿਆ ਕਾ ਕੁਠਾ ਬਕਰਾ ਖਾਣਾ ॥ That means that they, the Hindu minions of the Mughal court, eat the meat of ritually killed goats [or other animals] in the Islamic way *(SGGS Ang 472).*

Despite the name which can confuse, *Jhatka* Council UK (Panjab Times Issue 3107 last week, p 35) have raised an important issue of Sikhi principle which reminds us of the above Shabad of Guru Nanak Sahib and much more. The Gurbani language is direct and powerful for those who hide or surrender their identity, language and way of life due any compulsion.

The context of Sikh rejection of *kuttha* meat needs to be understood from at least three angles: rebellion against political pressure to eat it to please Muslim rulers, the ritualism [and animal welfare] and religious hypocrisy. Guru Nanak Sahib, in the Shabad starting, *ਗਊ ਬਿਰਾਹਮਣ ਕਉ ਕਰੁ ਲਾਵਹੁ* alludes to the surrender of own way of life.

Guru Gobind Singh ji made the eating of *kuttha* a *bajjar kureht* (serious breach of Sikh conduct). The Muslims insist on their own religious ritual and Sikh ideology rejects the enforcing of own ritualism or religious brand on others.

S Gurinder Singh Josan MP for Smethwick, himself a vegetarian practising Sikh, seems to have realized the much wider implications and, for that reason, hosted the Jhatka Council event in the Parliament on 15 September, 2025. Currently, it is not a legal requirement to label halal meat. That confuses and misleads and even deceives the Muslims themselves, the Sikhs and animal welfare groups. Halal meat is sold in shops and restaurants without clear labelling.

If Sikh children are being fed halal meat without their knowledge, then that becomes a national issue for all Sikhs and not just for Sikhs who do eat meat. However, the Jhatka Council UK need to further clarify true Sikh tradition based objections and not give the impression of reacting to Islamic demands.

I have been contacted by the Jhatka Council and also read their online links. In *Sikh Reht Maryada* (Code of Sikh Conduct), the word *jhatka* is not mentioned. The exact quotation from the Sikh Reht Maryad in Panjabi is: ਕੁੱਠਾ ਖਾਣਾ ਕੁਰਹਿਤ ਹੈ। ਕੁੱਠਾ ਤੋਂ ਭਾਵ ਉਹ ਮਾਸ ਹੈ ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।

Traditionally, Sikhs who do eat meat, prefer *jhatka* meat by which method the animal is killed with one stroke of the sword or other blade. That means that the animal must be killed in the most humane way, with minimum pain. The universal method of stunning an animal to make it unconscious and insensible to pain, satisfies animal welfare groups. That would be acceptable to the Sikhs also.

Mostly, animals are stunned before being killed. Animals killed according to Islamic ritual, to be sold as Halal meat, are not stunned before slaughter. Those who eat meat including school children, do not know if they are being served ritually killed *halal* meat. However, as discussed above, the issue is much wider than *jhatka.* Jhatka Council needs to give further thought while seeking wider Sikh and non-Sikh support. Animal welfare groups can be approached.

The legal situation regarding clear labelling of *halal meat and products* needs urgent correction through the Parliament. It is encouraging that Sikh MPs are taking an interest.

Gurmukh Singh OBE, Ret'd Principal Civil Servant (UK) sewauk2005@yahoo.co.uk

# ਬਿਹਾਰ ਸਰਕਾਰ ਦਾ ਰਿਮੋਟ ਕੰਟਰੋਲ ਮੋਦੀ-ਸ਼ਾਹ ਦੇ ਹੱਥ ਵਿਚ

**✪ ਨਿਤਿਸ਼ ਦਾ ਚਿਹਰਾ, ਪਰ ਡਰਾਈਵਿੰਗ ਸੀਟ ਤੇ ਭਾਜਪਾ! ✪ ਭਾਜਪਾ ਦੀ ਚਾਣਕਿਆ ਨੀਤੀ - ਨਿਤਿਸ਼ ਨੂੰ ਬਿਹਾਰ ਦੀ ਕੁਰਸੀ ਤਾਂ ਮਿਲੀ ਪਰ ਤਾਕਤ ਖੋਹ ਲਈ! ✪ 20 ਸਾਲ ਬਾਅਦ ਨਿਤਿਸ਼ ਨੇ ਗ੍ਰਹਿ ਵਿਭਾਗ ਗਵਾਇਆ**

## ਨਿਊਜ਼ ਵਿਸ਼ਲੇਸ਼ਣ

ਬਿਹਾਰ ਦੀ ਰਾਜਨੀਤੀ ਨੇ ਫਿਰ ਤੋਂ ਇੱਕ ਵੱਡਾ ਮੋੜ ਲਿਆ ਹੈ। 75 ਸਾਲਾ ਨਿਤੀਸ਼ ਕੁਮਾਰ ਨੇ ਰਿਕਾਰਡ 10ਵੀਂ ਵਾਰ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ। ਬੀਤੇ ਦਿਨੀਂ ਰਾਜਪਾਲ ਆਰਿਫ ਮੁਹੰਮਦ ਖ਼ਾਨ ਨੇ ਗਾਂਧੀ ਮੈਦਾਨ ਵਿੱਚ ਹੋਏ ਸਮਾਗਮ ਵਿੱਚ ਨਿਤੀਸ਼ ਦੇ ਨਾਲ-ਨਾਲ ਦੋ ਉਪ ਮੁੱਖ ਮੰਤਰੀਆਂ ਅਤੇ 26 ਮੰਤਰੀਆਂ ਨੂੰ ਵੀ ਸੋਹੰ ਚੁਕਾਈ ਸੀ। ਪਰ ਸਹੁੰ ਚੁੱਕਣ ਤੋਂ ਅਗਲੇ ਹੀ ਦਿਨ ਜਦੋਂ ਵਿਭਾਗਾਂ ਦੀ ਵੰਡ ਹੋਈ ਤਾਂ ਭਾਜਪਾ ਨੇ ਬਿਹਾਰ ਦੀ ਸੱਤਾ ਉਪਰ ਕੰਟਰੋਲ ਕਰ ਲਿਆ। ਇਹ ਸਭ ਮੋਦੀ -ਸ਼ਾਹ ਦੀਆਂ ਚਾਣਕਿਆ ਨੀਤੀ ਕਾਰਣ ਸੰਭਵ ਹੋਇਆ ਹੈ। 20 ਸਾਲ ਤੋਂ ਲਗਾਤਾਰ ਆਪਣੇ ਹੱਥਾਂ ਵਿੱਚ ਰੱਖਿਆ ਗਿਆ ਸਭ ਤੋਂ ਤਾਕਤਵਰ ਗ੍ਰਹਿ ਵਿਭਾਗ ਨਿਤੀਸ਼ ਕੁਮਾਰ ਨੇ ਭਾਜਪਾ ਦੇ ਕੱਦਾਵਰ ਆਗੂ ਅਤੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਨੂੰ ਸੌਂਪ ਦਿੱਤਾ। ਇਹ ਪਹਿਲੀ ਵਾਰ ਹੈ ਜਦੋਂ 2005 ਤੋਂ ਬਾਅਦ ਗ੍ਰਹਿ ਵਿਭਾਗ ਨਿਤੀਸ਼ ਦੇ ਹੱਥੋਂ ਬਾਹਰ ਗਿਆ ਹੈ। ਸਿਆਸੀ ਗਲਿਆਰਿਆਂ ਵਿੱਚ ਇਸ ਨੂੰ ਸਪੱਸ਼ਟ ਸੰਕੇਤ ਮੰਨਿਆ ਜਾ ਰਿਹਾ ਹੈ ਕਿ ਬਿਹਾਰ ਵਿੱਚ ਐੱਨਡੀਏ ਦੀ ਗੱਡੀ ਹੁਣ ਪੂਰੀ ਤਰ੍ਹਾਂ ਭਾਜਪਾ ਦੇ ਹੱਥਾਂ ਵਿੱਚ ਆ ਚੁਕੀ ਹੈ।

### ਵਿਭਾਗਾਂ ਦੀ ਵੰਡ - ਕਿਸ ਨੂੰ ਕੀ ਮਿਲਿਆ?

ਸਹੁੰ ਚੁੱਕਣ ਤੋਂ 24 ਘੰਟੇ ਬਾਅਦ ਹੀ ਵਿਭਾਗਾਂ ਦੀ ਸੂਚੀ ਜਾਰੀ ਹੋਈ। ਸਭ ਤੋਂ ਵੱਡਾ ਝਟਕਾ ਜਦੋਂ ਲੱਗਾ ਜਦੋਂ ਗ੍ਰਹਿ ਵਿਭਾਗ ਸਮਰਾਟ ਚੌਧਰੀ ਦੇ ਨਾਂ ਦੇ ਨਾਲ ਲੱਗ ਗਿਆ। ਇਸ ਤੋਂ ਇਲਾਵਾ ਸਭ ਤੋਂ ਮਹੱਤਵਪੂਰਨ ਵਿਭਾਗਾਂ ਦੀ ਸੂਚੀ ਇਸ ਤਰ੍ਹਾਂ ਹੈ:

ਗ੍ਰਹਿ ਵਿਭਾਗ - ਸਮਰਾਟ ਚੌਧਰੀ (ਉਪ ਮੁੱਖ ਮੰਤਰੀ, ਭਾਜਪਾ)

ਭੂਮੀ ਸੁਧਾਰ, ਰਾਜਸਵ ਤੇ ਖਣਿਜ ਵਿਭਾਗ - ਵਿਜੈ ਕੁਮਾਰ ਸਿਨਹਾ (ਉਪ ਮੁੱਖ ਮੰਤਰੀ, ਭਾਜਪਾ)

ਸਿਹਤ ਤੇ ਕਾਨੂੰਨ ਵਿਭਾਗ - ਮੰਗਲ ਪਾਂਡੇ (ਭਾਜਪਾ)

ਉਦਯੋਗ ਵਿਭਾਗ - ਦਿਲੀਪ ਜੈਸਵਾਲ (ਭਾਜਪਾ)

ਸੜਕ ਨਿਰਮਾਣ ਤੇ ਸ਼ਹਿਰੀ ਵਿਕਾਸ - ਨਿਤਿਨ ਨਵੀਨ (ਭਾਜਪਾ)

ਖੇਤੀਬਾੜੀ - ਰਾਮਕ੍ਰਿਪਾਲ ਯਾਦਵ (ਭਾਜਪਾ)

ਸਹਿਕਾਰਤਾ ਤੇ ਵਾਤਾਵਰਨ-ਜੰਗਲ - ਪ੍ਰਮੋਦ ਚੰਦਰਵੰਸ਼ੀ (ਭਾਜਪਾ)

ਗੰਨਾ ਉਦਯੋਗ ਤੇ ਲੋਕ ਸਿਹਤ ਇੰਜੀਨੀਅਰਿੰਗ - ਚਿਰਾਗ ਪਾਸਵਾਨ ਦੀ ਪਾਰਟੀ (ਐੱਲਜੇਪੀ ਰਾਮਵਿਲਾਸ)

ਲਘੂ ਜਲ ਸਰੋਤ - ਹਿੰਦੁਸਤਾਨੀ ਅਵਾਮ ਮੋਰਚਾ (ਸੰਤੋਸ਼ ਸੁਮਨ)

ਜਦਕਿ ਜੇਡੀਯੂ ਦੇ ਹਿੱਸੇ ਵਿੱਚ ਸਿਰਫ਼ ਸਾਧਾਰਣ ਪ੍ਰਬੰਧਨ, ਕੈਬਨਿਟ ਸਕੱਤਰੇਤ ਅਤੇ ਕੁਝ ਛੋਟੇ-ਮੋਟੇ ਵਿਭਾਗ ਆਏ ਹਨ। ਨਿਤੀਸ਼ ਕੁਮਾਰ ਨੇ ਆਪਣੇ ਕੋਲ ਕੋਈ ਵੀ ਵੱਡਾ ਵਿਭਾਗ ਨਹੀਂ ਹੈ।

### ਸਮਰਾਟ ਚੌਧਰੀ ਦੀ ਵਧੀ ਤਾਕਤ

ਕੁਸ਼ਵਾਹਾ ਭਾਈਚਾਰੇ ਦੇ ਵੱਡੇ ਚਿਹਰੇ ਸਮਰਾਟ ਚੌਧਰੀ ਹੁਣ ਬਿਹਾਰ ਦੇ ਕਾਨੂੰਨ-ਵਿਵਸਥਾ ਦੇ ਪੂਰੇ ਮਾਲਕ ਬਣ ਗਏ ਹਨ। ਸੀਮਾਂਚਲ ਦੇ ਚਾਰ ਜ਼ਿਲ੍ਹਿਆਂ - ਕਿਸ਼ਨਗੰਜ, ਅਰਰੀਆ, ਪੂਰਨੀਆ ਤੇ ਕਟਿਹਾਰ ਵਿੱਚ ਘੁਸਪੈਠ ਦਾ ਮੁੱਦਾ ਲੰਮੇ ਸਮੇਂ ਤੋਂ ਭਾਜਪਾ ਦਾ ਸਭ ਤੋਂ ਵੱਡਾ ਹਥਿਆਰ ਰਿਹਾ ਹੈ। ਹੁਣ ਗ੍ਰਹਿ ਵਿਭਾਗ ਮਿਲਣ ਨਾਲ ਸਮਰਾਟ ਚੌਧਰੀ ਨੂੰ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਜ਼ ਵਰਗੇ ਮੁੱਦਿਆਂ ਤੇ ਸਿੱਧਾ ਐਕਸ਼ਨ ਲੈਣ ਦੀ ਖੁੱਲ੍ਹ ਮਿਲ ਗਈ ਹੈ। ਸੂਤਰ ਦੱਸਦੇ ਹਨ ਕਿ ਸਹੁੰ ਚੁੱਕਣ ਤੋਂ ਇੱਕ ਦਿਨ ਪਹਿਲਾਂ ਤੱਕ ਜੇਡੀਯੂ ਗ੍ਰਹਿ ਵਿਭਾਗ ਛੱਡਣ ਲਈ ਤਿਆਰ ਨਹੀਂ ਸੀ। ਮੀਡੀਆ ਰਿਪੋਰਟਾਂ ਵਿੱਚ ਆਈਆਂ ਖ਼ਬਰਾਂ ਮੁਤਾਬਕ ਐੱਨਡੀਏ ਸਹਿਯੋਗੀਆਂ ਵਿੱਚ ਇਸ ਮੁੱਦੇ ਤੇ ਤਣਾਅ ਸੀ। ਆਖਿਰਕਾਰ ਨਿਤੀਸ਼ ਕੁਮਾਰ ਨੇ ਇਸ ਨੂੰ ਭਾਜਪਾ ਨੂੰ ਸੌਂਪ ਕੇ ਵੱਡਾ ਸੰਦੇਸ਼ ਦਿੱਤਾ - "ਮੈਂ ਹੁਣ ਸਿਰਫ਼ ਵਿਕਾਸ ਪੁਰਸ਼ ਬਣ ਕੇ ਰਹਿਣਾ ਚਾਹੁੰਦਾ ਹਾਂ, ਕਾਨੂੰਨ-ਵਿਵਸਥਾ ਤੇ ਘੁਸਪੈਠ ਵਰਗੇ ਮੁੱਦੇ ਭਾਜਪਾ ਸੰਭਾਲੇ।"



### ਨਿਤਿਸ਼ ਦਾ ਮਾਸਟਰਸਟ੍ਰੋਕ ਜਾਂ ਮਜਬੂਰੀ?

ਸਿਆਸੀ ਮਾਹਿਰਾਂ ਵਿੱਚ ਇਸ ਫ਼ੈਸਲੇ ਨੂੰ ਲੈ ਕੇ ਦੋ ਧਾਰਨਾਵਾਂ ਹਨ। ਇੱਕ ਧੜਾ ਇਸ ਨੂੰ ਨਿਤੀਸ਼ ਦਾ ਮਾਸਟਰਸਟ੍ਰੋਕ ਮੰਨ ਰਿਹਾ ਹੈ। ਉਹ ਕਹਿੰਦੇ ਹਨ ਕਿ ਨਿਤੀਸ਼ ਨੇ ਆਪਣੇ ਆਖ਼ਰੀ ਕਾਰਜਕਾਲ ਵਿੱਚ ਆਪਣੀ ਪੁਰਾਣੀ ਵਿਕਾਸ ਪੁਰਸ਼ ਵਾਲੀ ਇਮੇਜ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਕਾਨੂੰਨ-ਵਿਵਸਥਾ ਤੇ ਘੁਸਪੈਠ ਵਰਗੇ ਵਿਵਾਦਿਤ ਮੁੱਦੇ ਭਾਜਪਾ ਦੇ ਹਿੱਸੇ ਛੱਡ ਕੇ ਉਹ ਆਪਣੇ ਆਪ ਨੂੰ ਵਿਵਾਦਾਂ ਤੋਂ ਦੂਰ ਰੱਖਣਾ ਚਾਹੁੰਦੇ ਹਨ।

ਦੂਜਾ ਧੜਾ ਇਸ ਨੂੰ ਸਪੱਸ਼ਟ ਮਜਬੂਰੀ ਮੰਨ ਰਿਹਾ ਹੈ। 2024 ਲੋਕ ਸਭਾ ਅਤੇ 2025 ਵਿਧਾਨ ਸਭਾ ਚੋਣਾਂ ਵਿੱਚ ਮਿਲੇ ਜਨਾਦੇਸ਼ ਨੇ ਭਾਜਪਾ ਦੀ ਸਥਿਤੀ ਬਹੁਤ ਮਜ਼ਬੂਤ ਕਰ ਦਿੱਤੀ ਹੈ। ਜੇਡੀਯੂ ਨੂੰ ਭਾਵੇਂ ਮੁੱਖ ਮੰਤਰੀ ਦੀ ਕੁਰਸੀ ਮਿਲ ਗਈ ਪਰ ਸਭ ਤੋਂ ਤਾਕਤਵਰ ਵਿਭਾਗ ਭਾਜਪਾ ਨੇ ਝਪਟ ਲਏ ਹਨ। ਇਹ ਮਹਾਰਾਸ਼ਟਰ ਵਰਗਾ ਹਾਲ ਹੈ ਜਿੱਥੇ ਸੱਤਾ ਦਾ ਅਸਲ ਰਿਮੋਟ ਕੰਟਰੋਲ ਭਾਜਪਾ ਦੇ ਹੱਥਾਂ ਵਿੱਚ ਹੈ।

### ਵਿਰੋਧੀ ਧਿਰ ਦਾ ਹਮਲਾ

ਆਰਜੇਡੀ, ਕਾਂਗਰਸ ਤੇ ਬਾਕੀ ਵਿਰੋਧੀ ਧਿਰ ਨੇ ਤੁਰੰਤ ਹਮਲਾ ਬੋਲ ਦਿੱਤਾ। ਤੇਜਸਵੀ ਯਾਦਵ ਨੇ ਕਿਹਾ, "20 ਸਾਲ ਤੱਕ ਗ੍ਰਹਿ ਵਿਭਾਗ ਰੱਖ ਕੇ ਵੀ ਬਿਹਾਰ ਵਿੱਚ ਅਪਰਾਧ ਨਹੀਂ ਰੁਕਿਆ, ਹੁਣ ਭਾਜਪਾ ਨੂੰ ਸੌਂਪ ਦਿੱਤਾ। ਇਹ ਸਾਬਤ ਹੋ ਗਿਆ ਕਿ ਬਿਹਾਰ ਵਿੱਚ ਹੁਣ ਭਾਜਪਾ ਦਾ ਰਿਮੋਟ ਕੰਟਰੋਲ ਸ਼ਾਸਨ ਚੱਲੇਗਾ। ਨਿਤੀਸ਼ ਜੀ ਸਿਰਫ਼ ਸ਼ੋਅਪੀਸ ਬਣ ਕੇ ਰਹਿ ਗਏ ਹਨ।"

### ਅੱਗੇ ਕੀ?

ਹੁਣ ਸਾਰੀਆਂ ਨਜ਼ਰਾਂ ਸਮਰਾਟ ਚੌਧਰੀ ਤੇ ਹਨ। ਸੀਮਾਂਚਲ ਵਿੱਚ ਘੁਸਪੈਠ ਦੇ ਮੁੱਦੇ ਤੇ ਉਹ ਕਿੰਨੀ ਸਖ਼ਤੀ ਵਿਖਾਉਂਦੇ ਹਨ, ਇਹ ਦੇਖਣ ਵਾਲੀ ਗੱਲ ਹੋਵੇਗੀ। ਇਸ ਤੋਂ ਇਲਾਵਾ 2026 ਦੇ ਪੱਛਮ ਬੰਗਾਲ ਚੋਣਾਂ ਤੋਂ ਪਹਿਲਾਂ ਘੁਸਪੈਠ ਦਾ ਮੁੱਦਾ ਰਾਸ਼ਟਰੀ ਪੱਧਰ ਤੇ ਗਰਮਾਉਣ ਵਾਲਾ ਹੈ।

ਨਿਤੀਸ਼ ਕੁਮਾਰ ਨੇ ਗਿਣਤੀ ਦੇ ਹਿਸਾਬ ਨਾਲ ਸਭ ਤੋਂ ਵੱਧ ਵਾਰ ਮੁੱਖ ਮੰਤਰੀ ਬਣਨ ਦਾ ਰਿਕਾਰਡ ਬਣਾ ਲਿਆ ਪਰ ਸਭ ਤੋਂ ਲੰਮੇ ਸਮੇਂ (24 ਸਾਲ 165 ਦਿਨ) ਦਾ ਰਿਕਾਰਡ ਅਜੇ ਵੀ ਸਿੱਕਮ ਦੇ ਪਵਨ ਚਾਮਲਿੰਗ ਕੋਲ ਹੈ। ਅੱਗੇ ਚੁਣੌਤੀਆਂ ਵੀ ਵੱਡੀਆਂ ਹਨ - 40 ਹਜ਼ਾਰ ਕਰੋੜ ਦਾ ਰੇਵੜੀ ਬੋਝ, ਨੌਜਵਾਨਾਂ ਨੂੰ ਨੌਕਰੀ, ਪਲਾਇਨ ਰੋਕਣਾ, ਸਿਲੈਂਡਰ ਰਿਫਾਰਮ, ਸਿੰਚਾਈ ਤੇ ਉਦਯੋਗ।

ਪਰ ਸਵਾਲ ਅਜੇ ਵੀ ਬਾਕੀ ਹੈ - ਬਿਹਾਰ ਵਿੱਚ ਮੁੱਖ ਮੰਤਰੀ ਦਾ ਚਿਹਰਾ ਨਿਤੀਸ਼ ਹੈ, ਪਰ ਡਰਾਈਵਿੰਗ ਸੀਟ ਤੇ ਭਾਜਪਾ ਕਿਉਂ? ਕੀ ਨਿਤੀਸ਼ ਦੀ ਹੋਂਦ ਨੂੰ ਭਾਜਪਾ ਦਾ ਖ਼ਤਰਾ ਬਣਿਆ ਰਹੇਗਾ? ਕੀ ਭਾਜਪਾ ਮਹਾਰਾਸ਼ਟਰ ਵਾਂਗ ਬਿਹਾਰ ਨੂੰ ਵੀ ਪੂਰੀ ਤਰ੍ਹਾਂ ਕਾਬੂ ਕਰ ਲਵੇਗੀ?

ਇਸ ਦਾ ਜਵਾਬ ਸਮਾਂ ਹੀ ਦੱਸੇਗਾ। ਫ਼ਿਲਹਾਲ ਬਿਹਾਰ ਦੀ ਸਿਆਸਤ ਨਵਾਂ ਰੰਗ ਲੈ ਚੁੱਕੀ ਹੈ - ਚਿਹਰਾ ਨਿਤੀਸ਼ ਦਾ, ਪਰ ਸਟੀਅਰਿੰਗ ਭਾਜਪਾ ਦੇ ਹੱਥਾਂ ਵਿੱਚ ਹੈ।

## ਬੂਟਾ ਸਿੰਘ 'ਤੇ ਟਿੱਪਣੀ ਦੇ ਦੋਸ਼ ਵਿਚ ਫਸੇ ਰਾਜਾ ਵੜਿੰਗ ਨੂੰ ਵੱਡੀ ਰਾਹਤ

**✪ ਹਾਈਕੋਰਟ ਨੇ ਪੰਜਾਬ ਸਰਕਾਰ ਤੋਂ ਮੰਗਿਆ ਜੁਆਬ, ਐਸ ਸੀ ਕਮਿਸ਼ਨ ਜਾਂਚ ਵਿਚ ਨਹੀਂ ਦੇਵੇਗਾ ਦਖ਼ਲ**

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਵੱਡੀ ਰਾਹਤ ਦਿੰਦੇ ਹੋਏ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਉਨ੍ਹਾਂ ਦੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਨਾਲ ਹੀ ਅਦਾਲਤ ਨੇ ਸਾਫ਼ ਹੁਕਮ ਦਿੱਤਾ ਹੈ ਕਿ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਇਸ ਮਾਮਲੇ ਦੀ ਕਿਸੇ ਵੀ ਕਿਸਮ ਦੀ ਜਾਂਚ ਜਾਂ ਕਾਰਵਾਈ ਵਿਚ ਫਿਲਹਾਲ ਦਖ਼ਲ ਨਹੀਂ ਦੇਵੇਗਾ। ਰਾਜਾ ਵੜਿੰਗ ਨੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਤਰਨਤਾਰਨ ਜ਼ਿਮਨੀ ਚੋਣ ਦੌਰਾਨ ਉਨ੍ਹਾਂ ਖ਼ਿਲਾਫ਼ ਕਮਿਸ਼ਨ ਵੱਲੋਂ ਸ਼ੁਰੂ ਕੀਤੀ ਗਈ ਕਾਰਵਾਈ ਨੂੰ ਚੁਣੌਤੀ ਦਿੱਤੀ ਹੈ। ਇਹ ਮਾਮਲਾ 2 ਨਵੰਬਰ ਦੇ ਉਸ ਬਿਆਨ ਨਾਲ ਜੁੜਿਆ ਹੈ, ਜੋ ਵੜਿੰਗ ਨੇ ਸਾਬਕਾ ਕੇਂਦਰੀ ਮੰਤਰੀ ਬੂਟਾ ਸਿੰਘ ਦੇ ਸਬੰਧ ਵਿਚ ਚੋਣ ਪ੍ਰਚਾਰ ਦੌਰਾਨ ਦਿੱਤਾ ਸੀ। ਇਸ ਬਿਆਨ ਦੇ ਆਧਾਰ 'ਤੇ ਕਮਿਸ਼ਨ ਨੇ ਸੂ-ਮੋਟੋ ਲੈਂਦੇ ਹੋਏ ਉਨ੍ਹਾਂ ਖ਼ਿਲਾਫ਼ ਕਾਰਵਾਈ ਸ਼ੁਰੂ ਕੀਤੀ ਸੀ।



ਪਟੀਸ਼ਨ 'ਚ ਰਾਜਾ ਵੜਿੰਗ ਨੇ ਕਿਹਾ ਹੈ ਕਿ ਇਸ ਕਥਿਤ ਬਿਆਨਬਾਜ਼ੀ ਦੇ ਮਾਮਲੇ ਵਿਚ 4 ਨਵੰਬਰ ਨੂੰ ਪਹਿਲਾਂ ਹੀ ਉਨ੍ਹਾਂ ਖ਼ਿਲਾਫ਼ ਐਫਆਈਆਰ ਦਰਜ ਹੋ ਚੁੱਕੀ ਹੈ, ਇਸ ਲਈ ਕਮਿਸ਼ਨ ਵੱਲੋਂ ਬਰਾਬਰ ਕਾਰਵਾਈ ਕਰਨਾ ਕਾਨੂੰਨੀ ਤੌਰ 'ਤੇ ਗਲਤ ਹੈ। ਉਨ੍ਹਾਂ ਇਸਨੂੰ "ਡਬਲ ਪ੍ਰੋਸੀਡਿੰਗ" ਦੱਸਦੇ ਹੋਏ ਰੋਕਣ ਦੀ ਮੰਗ ਕੀਤੀ ਸੀ।

ਵੜਿੰਗ ਨੇ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ 'ਤੇ ਵੀ ਗੰਭੀਰ ਦੋਸ਼ ਲਗਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੜ੍ਹੀ ਸਿਆਸੀ ਰੰਜਿਸ਼ ਕਾਰਨ ਲਗਾਤਾਰ ਮੀਡੀਆ 'ਚ ਉਨ੍ਹਾਂ ਖ਼ਿਲਾਫ਼ ਬਿਆਨ ਦੇ ਰਹੇ ਹਨ, ਜਿਸ ਨਾਲ ਸਾਬਿਤ ਹੁੰਦਾ ਹੈ ਕਿ ਕਮਿਸ਼ਨ ਨਿਰਪੱਖ ਨਹੀਂ ਹੈ ਤੇ ਕਾਰਵਾਈ ਸਿਆਸੀ ਉਦੇਸ਼ਾਂ ਤੋਂ ਪ੍ਰੇਰਿਤ ਹੈ। ਹਾਈਕੋਰਟ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਸੂਬਾ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

# ਯੂ.ਕੇ ਵਿਚ ਸਭ ਤੋਂ ਸਖ਼ਤ ਇਮੀਗ੍ਰੇਸ਼ਨ ਬਦਲਾਅ ਦੇ ਐਲਾਨ ਨੇ ਪ੍ਰਵਾਸੀਆ ਵਿੱਚ ਮਚਾਈ ਹਲਚਲ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਯੂ.ਕੇ ਸਰਕਾਰ ਨੇ ਪਿਛਲੇ 50 ਸਾਲਾਂ ਵਿੱਚ ਸਭ ਤੋਂ ਵੱਡੇ ਇਮੀਗ੍ਰੇਸ਼ਨ ਬਦਲਾਅ ਲਿਆਉਂਦੇ ਹਨ, ਜਿਨਾਂ ਕਰਕੇ ਭਾਰਤ ਅਤੇ ਹੋਰ ਦੇਸ਼ਾਂ ਤੋਂ ਵੱਖ ਵੱਖ ਤਰਿਕਿਆ ਰਾਹੀਂ ਇਥੇ ਆਏ ਗੈਰ ਕਾਨੂੰਨੀ ਲੋਕਾਂ ਅਤੇ ਪਰਿਵਾਰਾਂ ਚ ਇਸ ਵੇਲੇ ਮਾਯੂਸੀ ਦਾ ਮਾਹੌਲ ਪਾਇਆ ਜਾ ਰਿਹਾ ਹੈ। ਦੂਜੇ ਪਾਸੇ ਇਨ੍ਹਾਂ ਇੰਮੀਗ੍ਰੇਸ਼ਨ ਬਦਲਾਵਾਂ ਵਿਰੁੱਧ ਇੰਡੀਅਨ ਵਰਕਰਜ ਐਸੋਸੀਏਸ਼ਨ ਵੱਲੋਂ ਵੀ ਸਰਕਾਰ ਨੂੰ ਇਸ ਤੇ ਮੁੜ ਵਿਚਾਰ ਕਰਨ ਅਤੇ ਲੰਮੇ ਸਮੇਂ ਤੋਂ ਇਥੇ ਰਹਿ ਰਹੇ ਗੈਰ ਕਾਨੂੰਨੀ ਲੋਕਾਂ ਨੂੰ ਰਾਹਤ ਦੇਣ ਦੀ ਅਪੀਲ ਕੀਤੀ ਜਾ ਰਹੀ ਹੈ। ਇਨ੍ਹਾਂ ਨਵੇਂ ਨਿਯਮਾਂ ਨੇ ਸੈਟਲਮੈਂਟ ਅਤੇ ਅਸਾਇਲਮ ਸਿਸਟਮ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਨਵੇਂ ਨਿਯਮ 11 ਨਵੰਬਰ ਤੋਂ ਲਾਗੂ ਹੋ ਚੁੱਕੇ ਹਨ ਅਤੇ ਇਹ ਦੱਖਣੀ ਏਸ਼ੀਆ, ਖ਼ਾਸ ਕਰਕੇ ਭਾਰਤੀਆਂ, ਪਾਕਿਸਤਾਨੀਆਂ, ਬੰਗਲਾਦੇਸ਼ੀਆਂ ਸਮੇਤ ਲੱਖਾਂ ਪ੍ਰਵਾਸੀਆਂ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰਨ ਵਾਲੇ ਹਨ। ਇੰਡਿਅਨ ਵਰਕਰਜ਼ ਐਸੋਸੀਏਸ਼ਨ ਨੇ ਇਨ੍ਹਾਂ ਬਦਲਾਵਾਂ ਤੇ ਤਿੱਖੀ ਚਿੰਤਾ ਜ਼ਾਹਿਰ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਤਬਦੀਲੀਆਂ ਹਜ਼ਾਰਾਂ ਪਰਿਵਾਰਾਂ ਨੂੰ ਕਾਨੂੰਨੀ ਨਿਯਮਾ ਦੇ ਅਨੁਸਾਰ ਅਤੇ ਪਰਿਵਾਰਕ ਵਿਛੋੜੇ ਵਿੱਚ ਧੱਕ ਸਕਦੀਆਂ ਹਨ। ਸਰਕਾਰ ਨੇ ਸਭ ਤੋਂ ਵੱਡਾ ਬਦਲਾਅ ਇਹ ਕੀਤਾ ਹੈ ਕਿ ਹੁਣ ਕੋਈ ਵੀ ਵਿਦੇਸ਼ੀ ੂਖ ਵਿੱਚ ਹਮੇਸ਼ਾ ਲਈ ਰਹਿਣ ਜਾਂ ਆਈ ਐਲ ਆਰ ਲਈ ਅਰਜ਼ੀ ਤਦ ਹੀ ਦੇ ਸਕੇਗਾ ਜਦੋਂ ਉਹ ਦੇਸ਼ ਵਿੱਚ ਘੱਟੋ-ਘੱਟ 10 ਸਾਲ ਕਾਨੂੰਨੀ ਤੌਰ ਤੇ ਰਿਹ ਚੁੱਕਿਆ ਹੋਵੇ। ਪਹਿਲਾਂ ਇਹ ਸਮਾਂ 5 ਸਾਲ ਹੁੰਦਾ ਸੀ। ਹੋਮ ਸੈਕਰੇਟਰੀ ਸ਼ਬਾਨਾ ਮਹਿਮੂਦ ਨੇ ਕਿਹਾ ਹੈ ਕਿ ਬ੍ਰਿਟੇਨ ਵਿੱਚ ਹਮੇਸ਼ਾ ਲਈ ਵੱਸ ਜਾਣਾ ਹੁਣ ਇਕ ਖਾਸ ਅਧਿਕਾਰ ਹੈ, ਜਿਸ ਨੂੰ ਕਮਾਉਣਾ ਲਾਜ਼ਮੀ ਹੈ। ਨਵੇਂ ਮਾਡਲ ਅਨੁਸਾਰ, ਜਦੋਂ ਤੱਕ ਕੋਈ ਵਿਅਕਤੀ ਨਾਗਰਿਕਤਾ ਨਾ ਲੈ ਲਏ, ਉਸਨੂੰ ਪਬਲਿਕ ਫੰਡ, ਬੇਨੀਫਿਟ ਜਾਂ ਸੋਸ਼ਲ ਹਾਉਸਿੰਗ ਦੀ ਪਹੁੰਚ ਨਹੀਂ ਮਿਲੇਗੀ ਫ਼ਮਦਓਸਹਭਾਵੇਂ ਉਹਨਾਂ ਕੋਲ ਆਈ ਐਲ ਆਰ ਹੀ ਕਿਉਂ ਨਾ ਹੋਵੇ। ਹਲਾਤ ਹੋਰ ਸਖ਼ਤ ਉਸ ਵੇਲੇ ਹੋ ਗਏ ਜਦੋਂ ਸਰਕਾਰ ਨੇ ਪੁਰਾਣੇ ਪਾਰਟ.9 ਗਰਾਊਂਡ ਫਾਰ ਰੀਫੀਉਜਲ ਨੂੰ ਹਟਾ ਕੇ ਇੱਕ ਨਵਾਂ, ਹੋਰ ਕਠੋਰ ਨਿਯਮ ਪਾਰਟ ਸੂਟਾਬਿਲਿਟੀ ਲਾਗੂ ਕਰ ਦਿੱਤਾ। ਇਹ ਨਿਯਮ ਤਕਰੀਬਨ ਹਰ ਵੀਜ਼ਾ ਕੈਟੇਗਰੀ, ਪਰਿਵਾਰ, ਸਟੂਡੈਂਟ, ਵਿਜ਼ਟਰ ਅਤੇ ਸੈਟਲਮੈਂਟ ਦੇ ਲਈ ਇਕੋ ਜਿਹਾ ਹੋ ਗਿਆ। ਹੁਣ ਹੋਮ ਆਫ਼ਿਸ ਛੋਟੀ-ਛੋਟੀ ਗਲਤੀਆਂ ਤੇ ਵੀ ਵੀਜ਼ਾ ਰੱਦ ਕਰ ਸਕਦਾ ਹੈ, ਜਿਵੇਂ ਥੋੜ੍ਹਾ ਜਿਹਾ ਓਵਰਸਟੇ, ਕਾਗਜ਼ੀ ਗਲਤੀ, ਕਾਨੂੰਨੀ ਰੂਪ ਵਿੱਚ ਦੋਸ਼ੀ ਹੋਣਾ ਜਾਂ ਐਨ ਐਚ ਐਸ ਦਾ ਬਕਾਇਆ। ਪਹਿਲਾਂ ਅਜਿਹੇ ਕੇਸ ਕਈ ਵਾਰ ਮਾਫ਼ ਕਰ ਦਿੱਤੇ ਜਾਂਦੇ ਸਨ, ਪਰ ਹੁਣ ਸਿੱਧਾ ਇਨਕਾਰ ਹੋ ਸਕਦਾ ਹੈ। ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਇਹ ਨਿਯਮ ਯੂਰਪੀ ਮਨੁੱਖੀ ਅਧਿਕਾਰ ਕਾਨੂੰਨ ਦੇ ਆਰਟੀਕਲ 8, ਜੋ ਪਰਿਵਾਰਕ ਅਤੇ ਨਿੱਜੀ ਜ਼ਿੰਦਗੀ ਦੀ ਰੱਖਿਆ ਕਰਦਾ ਹੈ, ਦੀ ਤਾਕਤ ਨੂੰ ਕਮਜ਼ੋਰ ਕਰ ਦਿੰਦੇ ਹਨ। ਹੁਣ ਕੇਸ ਵਰਕਰ ਪਹਿਲਾਂ ਸਖ਼ਤ ਸੂਟਾਬਿਲਿਟੀ ਦੇ ਨਿਯਮ ਲਗਾਉਂਦੇ ਹਨ, ਫਿਰ ਹੀ ਹਮਦਰਦੀ ਜਾਂ ਪਰਿਵਾਰਕ ਮਜਬੂਰੀ ਦੀ ਗੱਲ ਸੁਣਦੇ ਹਨ। ਇਸ ਕਰਕੇ ਅਰਜ਼ੀਆਂ ਸ਼ੁਰੂਆਤੀ ਪੜਾਅ ਤੇ ਹੀ ਰੱਦ ਹੋਣ ਦੀ ਸੰਭਾਵਨਾ ਕਾਫ਼ੀ ਵੱਧ ਗਈ ਹੈ। ਆਈ ਡਬਲਿਊ ਏ ਦੇ ਜਨਰਲ ਸੈਕਰੇਟਰੀ ਅਤੇ ਇਮੀਗ੍ਰੇਸ਼ਨ ਲਾਇਰ ਸੀਤਲ ਸਿੰਘ ਗਿੱਲ ਦਾ ਕਹਿਣਾ ਹੈ ਕਿ ਕਾਨੂੰਨੀ ਮਦਦ ਮਹਿੰਗੀ ਹੋ ਗਈ ਹੈ ਅਤੇ ਆਮ ਵਰਕਿੰਗ ਪਰਿਵਾਰਾਂ ਲਈ ਅਪੀਲ ਕਰਨਾ ਹੁਣ ਬਹੁਤ ਔਖਾ ਹੋ ਗਿਆ ਹੈ। ਉਹ ਕਹਿੰਦੇ ਹਨ ਕਿ ਪਹਿਲਾਂ ਜਿੱਥੇ ਆਰਟੀਕਲ 8 ਨਾਲ ਮਦਦ ਮਿਲ ਜਾਂਦੀ ਸੀ, ਹੁਣ ਪਰਿਵਾਰ ਬੱਚਿਆਂ ਦੇ ਹਕ (ਸੈਕਸ਼ਨ 55) ਦਾ ਸਹਾਰਾ ਲੈ ਕੇ ਹੀ ਆਪਣੇ ਆਪ ਨੂੰ ਇਕੱਠਾ ਰੱਖ ਸਕਦੇ ਹਨ। ਅਸਾਇਲਮ ਸਿਸਟਮ ਵਿੱਚ ਵੀ ਵੱਡੇ ਬਦਲਾਅ ਕੀਤੇ ਗਏ ਹਨ, ਜਿਵੇਂ ਅਸਥਾਈ ਸ਼ਰਨਾਰਥੀ ਸੁਰੱਖਿਆ, ਹੋਰ ਸਖ਼ਤ ਪਰਿਵਾਰਕ ਮਿਲਾਪ ਨਿਯਮ, ਅਤੇ ਇਹ ਤੱਕ ਸੰਭਾਵਨਾ ਹੈ ਕਿ ਅਸਾਇਲਮ ਮੰਗਣ ਵਾਲਿਆਂ ਨੂੰ ਰਹਿਣ ਲਈ ਘਰ ਜਾਂ ਬੁਨਿਆਦੀ ਮਦਦ ਵੀ ਗਰੰਟੀ ਨਹੀਂ ਮਿਲੇਗੀ। ਕਈਆਂ ਲਈ ਸੈਟਲਮੈਂਟ ਦੀ ਰਾਹ 20 ਸਾਲ ਤੱਕ ਲੰਬੀ ਹੋ ਸਕਦੀ ਹੈ, ਜਿਸ ਨਾਲ ਕਮਜ਼ੋਰ ਅਤੇ ਬੇਸਹਾਰਾ ਲੋਕ ਲੰਬੇ ਸਮੇਂ ਤੱਕ ਕਾਨੂੰਨੀ ਦਬਾਅ ਹੇਠ ਰਹਿ ਸਕਦੇ ਹਨ।ਇੰਡਿਅਨ ਵਰਕਰਜ਼ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਇਹ ਨਵੇਂ ਨਿਯਮ ਦੱਖਣੀ ਏਸ਼ੀਆਈ, ਅਫ਼ਰੀਕੀ, ਕੈਰੀਬੀਆਈ ਅਤੇ ਮੱਧ-ਪੂਰਬੀ ਕਮਿਊਨਿਟੀਆਂ ਨੂੰ ਹੋਰ ਵੀ ਨੁਕਸਾਨ ਪਹੁੰਚਾਉਣਗੇ। ਸੰਗਠਨ ਦਾ ਮੰਨਣਾ ਹੈ ਕਿ ਇਹ ਬਦਲਾਅ ਬ੍ਰਿਟੇਨ ਦੀ ਨਿਆਂ, ਇਨਸਾਫ਼ ਅਤੇ ਮਨੁੱਖਤਾ ਦੀ ਲੰਬੀ ਪਰੰਪਰਾ ਨੂੰ ਚੁਣੌਤੀ ਦੇਂਦੇ ਹਨ। ਕਮਿਊਨਿਟੀ ਦੇ ਨੇਤਾ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਉਹ ਨਵੇਂ ਸੂਟਾਬਿਲਿਟੀ ਨਿਯਮਾਂ ਦੀ ਸਮੀਖਿਆ ਕਰੇ, ਬੱਚਿਆਂ ਦੀ ਸੁਰੱਖਿਆ ਨੂੰ ਪਹਿਲਾਂ ਪੜਾਅ ਵਿੱਚ ਹੀ ਤਰਜੀਹ ਦੇਵੇ ਅਤੇ ਪ੍ਰਭਾਵਿਤ ਪਰਿਵਾਰਾਂ ਲਈ ਕਾਨੂੰਨੀ ਮਦਦ ਪਹੁੰਚਯੋਗ ਬਣਾਏ ਤਾਂ ਜੋ ਲੋਕ ਆਪਣੀ ਜੀਵਨ-ਜੰਗ ਇਨਸਾਫ਼ ਨਾਲ ਲੜ ਸਕਣ।

## ਗ੍ਰੇਵਸ਼ੈਮ ਦੇ ਮੇਅਰ ਕੌਂਸਲਰ ਸ: ਮੱਖਣ ਸਿੰਘ ਸੁਰਗਵਾਸ

ਗ੍ਰੇਵਜ਼ੈਂਡ (ਪੰਜਾਬ ਟਾਈਮਜ਼) – ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ ਦੇ ਸੇਵਾਦਾਰਾਂ ਵੱਲੋਂ ਭੇਜੀ ਗਈ ਸੂਚਨਾ ਮੁਤਾਬਕ ਗ੍ਰੇਵਸ਼ੈਮ 'ਚ ਲੰਮਾ ਸਮਾਂ ਕੌਂਸਲਰ ਵਜੋਂ ਸੇਵਾ ਕਰਨ ਵਾਲੇ ਅਤੇ ਸਾਬਕਾ ਮੇਅਰ, ਕੌਂਸਲਰ ਸ: ਮੱਖਣ ਸਿੰਘ ਬੀਤੇ ਦਿਨੀਂ ਸੁਰਗਵਾਸ ਹੋ ਗਏ। ਉਹ 84 ਸਾਲਾਂ ਦੇ ਸਨ। ਉਹਨਾਂ ਨੇ ਇਸ ਗੁਰਦੁਆਰਾ ਸਾਹਿਬ ਦੀ ਕਮੇਟੀ ਵਿੱਚ ਵੀ ਪ੍ਰਧਾਨ, ਖਜ਼ਾਨਚੀ ਅਤੇ ਜਨਰਲ ਸੈਕਟਰੀ ਵਜੋਂ ਕਈ ਸਾਲ ਸੇਵਾਵਾਂ ਨਿਭਾਈਆਂ। ਉਹ ਤਕਰੀਬਨਬ 15 ਸਾਲ ਦੀ ਉਮਰ ਵਿੱਚ 1956 'ਚ ਇੰਗਲੈਂਡ ਆ ਕੇ ਡੌਨਕਾਸਟਰ ਵਿਖੇ ਰਹਿਣ ਲੱਗੇ ਸਨ ਤੇ ਬਾਅਦ 1960 ਵਿੱਚ ਉਹ ਗ੍ਰੇਵਜ਼ੈਂਡ ਚਲੇ ਗਏ। ਇਥੇ ਰਹਿੰਦਿਆਂ ਉਹਨਾਂ ਕਈ ਮਹਿਕਮਿਆਂ ਵਿੱਚ ਵੱਖ ਵੱਖ ਸੇਵਾਵਾਂ ਕੀਤੀਆਂ। ਗੁਰਦੁਆਰਾ ਸਾਹਿਬ ਦੀ ਕਮੇਟੀ ਮੈਂਬਰਾਂ ਵੱਲੋਂ ਸਵਰਗੀ ਮੱਖਣ ਸਿੰਘ ਦੇ ਪਰਿਵਾਰ ਨਾਲ ਗਹਿਰੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।



ਸ: ਮੱਖਣ ਸਿੰਘ 2017 'ਚ ਫਰੀਡਮ ਆਫ਼ ਬਾਰੋ ਆਫ਼ ਗ੍ਰੇਵਸ਼ੈਮ ਐਵਾਰਡ ਮੇਅਰ ਪਾਸੋਂ ਹਾਸਲ ਕਰਦੇ ਹੋਏ

## ਧਰਮਵੀਰ ਕਲੇਰ ਦੇ ਦਫ਼ਤਰ ਦੀ ਭੰਨਤੋੜ ਕਰਕੇ ਚੋਰ ਸਮਾਨ ਲੁੱਟ ਕੇ ਲੈ ਗਏ



ਧਰਮਵੀਰ ਕਲੇਰ ਦਾ ਪਿਨੇਕਲ ਬਰੋਕਰਜ਼ ਫਾਈਨਾਂਸ ਦਫ਼ਤਰ ਅਤੇ ਕੀਤੀ ਭੰਨਤੋੜ ਨਜ਼ਰ ਆ ਰਹੀ ਹੈ

ਕਵੈਂਟਰੀ (ਪੰਜਾਬ ਟਾਈਮਜ਼) ਬੀਤੇ ਦਿਨੀਂ ਇਥੇ ਕਲੇਅ ਲੇਨ ਉਤੇ ਸਥਿੱਤ ਲੰਬੜਦਾਰ ਧਰਮਵੀਰ ਸਿੰਘ ਕਲੇਰ ਦੇ ਪਿਨੇਕਲ ਬਰੋਕਰ ਦੇ ਦਫ਼ਤਰ ਦੀ ਭੰਨਤੋੜ ਕਰਕੇ ਚੋਰ ਉਹਨਾਂ ਦੇ ਦਫ਼ਤਰ ਵਿੱਚੋਂ ਲੈਪਟੋਪ ਅਤੇ ਕੰਪਿਊਟਰ ਆਦਿ ਸਮਾਨ ਚੋਰੀ ਕਰਕੇ ਲੈ ਗਏ।

ਪਿਨੇਕਲ ਬਰੋਕਰ ਦੇ ਮਾਲਕ ਧਰਮਵੀਰ ਕਲੇਰ ਜੋ ਫਾਈਨਾਂਸ ਸਬੰਧੀ ਕਾਰੋਬਾਰ ਕਰਦੇ ਹਨ, ਤੇ ਉਹਨਾਂ ਕਮਰਸ਼ਲ ਫਾਈਨਾਂਸ ਦਾ ਦਫ਼ਤਰ ਲਿਮਿੰਗਟਨ ਵਿਖੇ ਵੀ ਹੈ ਨੇ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਉਹ ਆਪਣਾ ਸਮਾਨ ਦਫ਼ਤਰ ਵਿੱਚ ਹੀ ਛੱਡ ਗਏ ਸਨ ਕਿ ਰਾਤ ਸਮੇਂ ਚੋਰਾਂ ਨੇ ਦਫ਼ਤਰ ਪਿਛਲੇ ਪਾਸੇ ਦਾ ਲੱਕੜ ਦਾ ਦਰਵਾਜ਼ਾ ਤੋੜ ਕੇ ਦਫ਼ਤਰ ਦੇ ਅੰਦਰ ਦਾਖਲ ਹੋਏ ਅਤੇ ਉਸ ਦਾ ਸਮਾਨ ਚੋਰੀ ਕਰ ਲਿਆ।

ਉਹਨਾਂ ਦੱਸਿਆ ਕਿ ਪੁਲਿਸ ਕੋਲ ਇਸ ਘਟਨਾ ਦੀ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ ਤੇ ਪੁਲਿਸ ਚੋਰਾਂ ਦੀ ਭਾਲ ਕਰ ਰਹੀ ਹੈ। ਲੰਬੜਦਾਰ ਕਲੇਰ ਨੇ ਕਵੈਂਟਰੀ ਦੇ ਇਸ ਇਲਾਕੇ 'ਚ ਰਹਿਣ ਵਾਲੇ ਲੋਕਾਂ ਅਤੇ ਦੁਕਾਨਦਾਰਾਂ ਨੂੰ ਖ਼ਬਰਦਾਰ ਕੀਤਾ ਹੈ ਕਿ ਆਪਣੇ ਕੀਮਤੀ ਸਮਾਨ ਨੂੰ ਚੋਰਾਂ ਦੀ ਪਹੁੰਚ ਤੋਂ ਦੂਰ ਰੱਖਣ।

## ਪੰਜਾਬ ਦੇ ਹੱਕਾਂ 'ਤੇ ਇੱਕ ਹੋਰ ਡਾਕਾ ਚੰਡੀਗੜ੍ਹ ਵਿਚ ਉਪ ਰਾਜਪਾਲ ਲਾਉਣ ਦੀ ਤਿਆਰੀ!

ਕੇਂਦਰ ਸਰਕਾਰ ਨੇ ਪੰਜਾਬ ਦੇ ਹੱਕਾਂ ਤੇ ਇੱਕ ਹੋਰ ਡਾਕਾ ਮਾਰਦਿਆਂ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿਚ ਉਪ ਰਾਜਪਾਲ ਲਾਉਣ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ (UT) ਨੂੰ ਚਲਾਉਣ ਲਈ ਉਪ ਰਾਜਪਾਲ ਦੀ ਨਿਯੁਕਤੀ ਲਈ ਇਕ ਬਿੱਲ ਅਗਾਮੀ ਸਰਦ ਰੁੱਤ ਇਜਲਾਸ ਵਿਚ ਪੇਸ਼ ਕਰਨ ਲਈ ਸੂਚੀਬੰਦ ਕੀਤਾ ਹੈ। ਮੋਦੀ ਸਰਕਾਰ ਦੀ ਇਸ ਪੇਸ਼ਕਦਮੀ ਦਾ ਪੰਜਾਬ ਦੇ ਦਾਅਵੇ ਤੇ ਰਾਜਧਾਨੀ ਚੰਡੀਗੜ੍ਹ ਨਾਲ ਸਾਂਝ ਤੇ ਵੱਡਾ ਅਸਰ ਪੈ ਸਕਦਾ ਹੈ। ਰਾਜ ਸਭਾ ਦੀ ਵੈੱਬਸਾਈਟ ਉੱਤੇ ਜਾਰੀ ਬੁਲਿਟਨ ਵਿਚ ਸੂਚੀਬੰਦ ਸੰਵਿਧਾਨ (131ਵੀਂ ਸੋਧ) ਬਿੱਲ 2025 ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਨੂੰ ਭਾਰਤ ਦੇ ਸੰਵਿਧਾਨ ਦੀ ਧਾਰਾ 240 ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਧਾਰਾ ਤਹਿਤ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਜਿਵੇਂ ਕਿ ਅੰਡੇਮਾਨ ਅਤੇ ਨਿਕੋਬਾਰ ਟਾਪੂ, ਲਕਸ਼ਦੀਪ, ਦਾਦਰਾ ਅਤੇ ਨਗਰ ਹਵੇਲੀ ਅਤੇ ਦਮਨ ਅਤੇ ਦੀਉ, ਅਤੇ ਪੁਡੂਚੇਰੀ, ਜਿੱਥੇ ਵਿਧਾਨ ਸਭਾਵਾਂ ਨਹੀਂ ਹਨ, ਦਾ ਕੰਟਰੋਲ ਉਪ ਰਾਜਪਾਲਾਂ ਕੋਲ ਹੈ।

# ਵਿਸ਼ਵ ਯੁੱਧਾਂ ਵਿਚ ਹਿੱਸਾਂ ਲੈਣ ਵਾਲੇ ਸਿੱਖ ਸਿਪਾਹੀਆਂ ਸਬਧੀ ਲੱਗੀ ਪ੍ਰਦਰਸ਼ਨੀ ਵਿੱਚ ਨਾਟਕਾਂ ਰਾਹੀਂ ਪੇਸ਼ਕਾਰੀਆਂ

# ਸੋਫੀਆ ਦਲੀਪ ਸਿੰਘ ਭਾਰਤੀ ਫੌਜੀਆਂ ਨੂੰ ਚਾਹ ਤੇ ਬਲਾਉਂਦੀ ਸੀ



ਸੂਬੇਦਾਰ ਬਲਵੰਤ ਸਿੰਘ ਦੀ ਅਗਵਾਈ ਵਿੱਚ 1902 ਤਾਜਪੋਸ਼ੀ ਸਮਾਰੋਹ ਵਿੱਚ ਹਿੱਸਾ ਲੈਣ ਵਾਲੇ ਸਿੱਖ ਸਿਪਾਹੀ, ਫੰਡ ਇਕੱਠਾ ਕਰਦੀ ਹੋਈ ਸੋਫੀਆ ਦਲੀਪ ਸਿੰਘ ਅਤੇ ਪੈਲੇਸ ਨੇੜੇ ਸੋਫੀਆ ਦਾ ਘਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਯੁੱਧਾਂ ਵਿੱਚ ਸਿੱਖ ਸਿਪਾਹੀਆਂ ਦੇ ਇਤਿਹਾਸ ਨੂੰ ਪੇਸ਼ ਕਰਦੀ ਇੱਕ ਪ੍ਰਦਰਸ਼ਨੀ ਹੈਪਟਨ ਕੋਰਟ ਪੈਲੇਸ ਵਿੱਚ ਲੱਗੀ ਹੋਈ ਹੈ। ਜਿਸ ਦੇ ਸਬੰਧ ਵਿੱਚ ਇੱਕ ਵਿਸ਼ੇਸ਼ ਸਮਾਗਮ ਬੀਤੇ ਦਿਨੀ ਕਰਵਾਇਆ ਗਿਆ। ਇਸ ਮੌਕੇ ਡਾ: ਤੇਜਪਾਲ ਸਿੰਘ ਰਲਮਿਲ ਅਤੇ ਰਵ ਸਿੰਘ ਨੇ ਦੱਸਿਆ ਕਿ ਭਾਰਤੀ ਫੌਜ 1907 ਤੋਂ ਲੈ ਕੇ ਦੂਜੇ ਵਿਸ਼ਵ ਯੁੱਧ ਤੱਕ 4 ਵਾਰ ਉਸ ਸਮੇਂ ਦੇ ਸ਼ਾਸ਼ਕਾਂ ਦੀ ਤਾਜਪੋਸ਼ੀ ਅਤੇ ਯੁੱਧ ਵਿੱਚ ਹਿੱਸਾ ਲੈਣ ਲਈ ਆਏ ਤਾਂ ਉਹਨਾਂ ਦੀ ਰਿਹਾਇਸ਼ ਹੈਨਰੀ ਅੱਠਵੇਂ ਦੇ ਇਸ ਮਹੱਲ ਵਿੱਚ ਹੋਇਆ ਕਰਦੀ ਸੀ। ਇਸ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਸੋਫੀਆ ਦਲੀਪ ਸਿੰਘ ਜੋ ਮਹੱਲ ਦੇ ਨੇੜੇ ਰਹਿੰਦੀ ਸੀ ਨਾਲ ਵੀ ਮਿਲਿਆ ਕਰਦੇ ਸਨ।*

ਡਾ: ਤੇਜਪਾਲ ਸਿੰਘ ਨੇ ਸੋਫੀਆ ਦਾ ਇੱਕ ਪੱਤਰ ਵਿਖਾਉਂਦਿਆਂ ਦੱਸਿਆ ਕਿ ਸੋਫੀਆ ਵੱਲੋਂ ਸਿੱਖ ਸਿਪਾਹੀਆਂ ਨੂੰ ਚਾਹ ਤੇ ਬੁਲਾਇਆ ਜਾਂਦਾ ਸੀ, ਉਹਨਾਂ ਨਾਲ ਪੰਜਾਬੀ ਵਿੱਚ ਵੀ ਗੱਲ ਕਰਦੀ ਸੀ, ਇਸ ਤੋਂ ਇਲਾਵਾ ਭਾਰਤੀ ਸਿਪਾਹੀਆਂ ਨੂੰ ਮਹਾਰਾਜਾ ਦਲੀਪ ਸਿੰਘ ਅਤੇ ਆਪਣੀਆਂ ਤਸਵੀਰਾਂ ਵੀ ਵੰਡਿਆ ਕਰਦੀ ਸੀ ਤਾਂ ਕਿ ਉਹ ਭਾਰਤ ਵਾਪਸੀ ਮੌਕੇ ਪੰਜਾਬ ਦੇ ਲੋਕਾਂ ਨੂੰ ਦੱਸ ਸਕਣ ਕੇ ਮਹਾਰਾਜਾ ਰਣਜੀਤ ਸਿੰਘ ਦੇ ਪ੍ਰੀਵਾਰ ਦੇ ਮੈਂਬਰ ਇੰਗਲੈਂਡ ਵਿੱਚ ਹਨ। ਇਸ ਪ੍ਰਦਰਸ਼ਨੀ ਵਿੱਚ ਹੈਂਪਟਨ ਕੋਰਟ ਵਿੱਚ ਸਿੱਖ ਫੌਜ ਦੇ ਅਧਿਕਾਰੀਆਂ ਦੀਆਂ ਤਸਵੀਰਾਂ, ਵੀਡੀਓ ਤੋਂ ਇਲਾਵਾ ਭਾਰਤੀ ਫੌਜ ਅਧਿਕਾਰੀਆਂ ਦੀਆਂ ਚਿੱਠੀਆਂ ਵੀ ਹਿੱਸਾ ਹਨ। ਭਾਰਤੀ ਸਿਪਾਹੀਆਂ ਦੀ ਮਦਦ ਲਈ ਸੋਫੀਆ ਦਲੀਪ ਸਿੰਘ ਫੰਡ ਵੀ ਇਕੱਤਰ ਕਰਿਆ ਕਰਦੀ ਸੀ, ਜਿਸ ਨਾਲ ਉਹਨਾਂ ਨੂੰ ਗਰਮ ਕੱਪੜੇ ਅਤੇ ਹੋਰ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਕਰਦੀ ਸੀ। ਪ੍ਰਦਰਸ਼ਨੀ ਦੇ ਨਾਲ ਨਾਲ ਪ੍ਰਵੇਸ਼ ਕੁਮਾਰ ਐਮ ਬੀ ਈ ਵੱਲੋਂ ਲਿਖੇ ਅਤੇ ਅਮੀਤ ਚਾਨਾ ਵੱਲੋਂ ਨਿਰਦੇਸ਼ ਕੀਤੇ ਸੋਫੀਆ ਦਲੀਪ ਸਿੰਘ ਨਾਲ ਮਿਲਣੀ, ਉਸ ਸਮੇਂ ਦੇ ਭਾਰਤੀ ਫੌਜ ਦੇ ਅਧਿਕਾਰੀਆਂ ਦੀਆਂ ਵੱਖ ਮੌਕਿਆਂ ਦੀ ਗੱਲਬਾਤ ਨੂੰ ਤਿੰਨ ਨਾਟਕੀ ਰੂਪ ਵਿੱਚ ਸ਼ਾਸ਼ਾਨਕ ਬੁਧੀਆ, ਰੈਕਸਸਟਾਰ, ਅੰਕੁਰ ਸੱਭਰਵਾਲ ਅਤੇ ਸੱਤਿਆਜੀਤ ਸਰਕਾਰ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਪੇਸ਼ਕਾਰੀਆਂ ਵੀ ਖਿਚ ਦਾ ਕੇਂਦਰ ਹਨ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਸਬੰਧੀ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਪ੍ਰਦਰਸ਼ਨੀ ਲਗਾਈ-92 ਪ੍ਰੀਵਾਰਾਂ ਵੱਲੋਂ ਸਹਿਜ ਪਾਠਾਂ ਦੇ ਭੋਗ ਪਾਏ



ਸਹਿਜ ਪਾਠਾਂ ਦੇ ਭੋਗ ਪਾਉਣ ਵਾਲੀਆਂ ਸੰਗਤਾਂ ਅਤੇ ਸੰਬੋਧਨ ਕਰਦੇ ਹੋਏ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸ਼ਹੀਦੀ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਸਬੰਧੀ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਇਤਿਹਾਸ ਨੂੰ ਤਸਵੀਰਾਂ ਰਾਹੀਂ ਦਰਸਾਇਆ ਗਿਆ। ਸ਼ਹੀਦੀ ਸਮਾਗਮਾਂ ਮੌਕੇ 92 ਪ੍ਰੀਵਾਰਾਂ ਵੱਲੋਂ ਸ੍ਰੀ ਸਹਿਜ ਪਾਠਾਂ ਦੇ ਭੋਗ ਸਮੂਹਿਕ ਰੂਪ ਵਿੱਚ ਪਾਏ ਗਏ। ਉਪਰੰਤ ਗੁਰਬਾਣੀ ਕੀਰਤਨ ਰਾਹੀਂ ਹਜ਼ੂਰੀ ਰਾਗੀ ਜੱਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ।*

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾ ਗੱਦੀ ਦਿਵਸ ਦੀ ਵਧਾਈ ਦਿੱਤੀ। ਉੱਥੇ ਹੀ ਉਹਨਾਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹੀਦੀ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਬਹੁਤ ਲੋੜ ਹੈ। ਇਸ ਮੌਕੇ ਸ: ਗੁਰਬਚਨ ਸਿੰਘ ਅਠਵਾਲ, ਬੀਬੀ ਸੁਰਜੀਤ ਕੌਰ, ਸੋਹਣ ਸਿੰਘ ਸਮਰਾ, ਬਲਜੀਤ ਸਿੰਘ ਮੱਲੀ, ਭਰਪੂਰ ਸਿੰਘ, ਬਲਵਿੰਦਰ ਸਿੰਘ ਗਿੱਲ ਦੀਨੇਵਾਲੀਆ, ਹਿੰਮਤ ਸਿੰਘ ਸੋਹੀ, ਰਾਜਵਿੰਦਰ ਸਿੰਘ ਸਿੱਧੂ, ਗੁਰਮੀਤ ਸਿੰਘ ਸਿੱਧੂ, ਸੁਲੱਖਣ ਸਿੰਘ ਆਦਿ ਹਾਜ਼ਰ ਸਨ।

# ਕੈਨੇਡਾ 'ਚ ਪੰਜਾਬੀ ਪਰਿਵਾਰ ਨਾਲ ਵਾਪਰਿਆ ਵੱਡਾ ਭਾਣਾ, ਘਰ ਨੂੰ ਅੱਗ ਲੱਗਣ ਨਾਲ 5 ਜੀਆਂ ਦੀ ਮੌਤ

*ਕੈਨੇਡਾ ਦੇ ਬ੍ਰੈਂਪਟਨ ਸ਼ਹਿਰ ਵਿਚ ਬੀਤੇ ਹਫਤੇ 20 ਨਵੰਬਰ ਨੂੰ ਇੱਕ ਘਰ ਵਿੱਚ ਭਿਆਨਕ ਅੱਗ ਲੱਗ ਗਈ, ਜਿਸ ਵਿਚ ਇੱਕ ਪੰਜਾਬੀ ਪਰਿਵਾਰ ਪੂਰੀ ਤਰ੍ਹਾਂ ਤਬਾਹ ਹੋ ਗਿਆ। ਭਿਆਨਕ ਅੱਗ ਵਿੱਚ ਪਰਿਵਾਰ ਦੇ ਪੰਜ ਜੀਅ, ਜਿਨ੍ਹਾਂ ਵਿੱਚ ਉਨ੍ਹਾਂ ਦਾ ਅਣਜੰਮਿਆ ਬੱਚਾ ਵੀ ਸ਼ਾਮਲ ਸੀ, ਦੀ ਮੌਤ ਹੋ ਗਈ, ਜਦੋਂ ਕਿ ਚਾਰ ਹੋਰ ਗੰਭੀਰ ਰੂਪ ਵਿੱਚ ਝੁਲਸ ਗਏ, ਜੋਕਿ ਆਈਸੀਯੂ ਵਿੱਚ ਭਰਤੀ ਹਨ।*



ਪੀਲ ਰੀਜਨਲ ਪੁਲਿਸ ਨੇ ਇਸ ਦੁਖਦਾਈ ਘਟਨਾ ਦੀ ਪੁਸ਼ਟੀ ਕੀਤੀ। ਘਰ ਵਿਚ ਰਹਿਣ ਵਾਲੇ ਜੁਗਰਾਜ ਸਿੰਘ ਨੇ ਪੁਲਿਸ ਨੂੰ ਸੂਚਿਤ ਕੀਤਾ ਕਿ ਉਹ ਅੱਗ ਲੱਗਣ ਵੇਲੇ ਬਾਹਰ ਸੀ ਅਤੇ ਹੁਣ ਪਰਿਵਾਰ ਦਾ ਇੱਕੋ ਇੱਕ ਜਿਉਂਦਾ ਮੈਂਬਰ ਹੈ। ਜੁਗਰਾਜ ਸਿੰਘ ਨੇ ਇੱਕ ਕ੍ਰਾਊਡਫੰਡਿੰਗ ਪੇਜ ਤੇ ਇੱਕ ਭਾਵੁਕ ਜਾਣਕਾਰੀ ਸ਼ੇਅਰ ਕਰਦੇ ਹੋਏ ਦੱਸਿਆ ਕਿ ਅੱਗ ਵਿੱਚ ਉਸ ਦੇ ਪੰਜ ਪਰਿਵਾਰ ਵਾਲਿਆਂ ਦੀ ਜਾਨ ਚਲੀ ਗਈ, ਜਿਨ੍ਹਾਂ ਵਿਚ ਉਸਦੀ ਸੱਸ, ਉਸਦੀ ਸਾਲੀ, ਸਾਲੀ ਦੀ ਦੋ ਸਾਲ ਦੀ ਧੀ, ਉਸ ਦੀ ਪਤਨੀ ਦਾ ਚਚੇਰਾ ਭਰਾ ਤੇ ਉਸ ਦੀ ਪਤਨੀ ਦਾ ਅਣਜੰਮਿਆ ਬੱਚਾ ਸ਼ਾਮਲ ਹਨ।

ਐਮਰਜੈਂਸੀ ਕਰਮਚਾਰੀਆਂ ਨੂੰ ਵੀਰਵਾਰ ਸਵੇਰੇ ਘਟਨਾ ਸਥਾਨ ਤੇ ਸਭ ਤੋਂ ਪਹਿਲਾਂ ਦੋ ਲਾਸ਼ਾਂ ਮਿਲੀਆਂ। ਸ਼ੁੱਕਰਵਾਰ ਨੂੰ ਮਲਬੇ ਦੀ ਭਾਲ ਦੌਰਾਨ ਤੀਜੇ ਬਾਲਗ ਦੀ ਲਾਸ਼ ਬਰਾਮਦ ਕੀਤੀ ਗਈ। ਐਤਵਾਰ ਦੁਪਹਿਰ ਤੱਕ ਇੱਕ ਛੋਟੇ ਬੱਚੇ ਸਮੇਤ ਦੋ ਹੋਰ ਲਾਪਤਾ ਲੋਕਾਂ ਦੀ ਭਾਲ ਜਾਰੀ ਰਹੀ।

# ਟਰੰਪ ਵੱਲੋਂ ਮਮਦਾਨੀ ਦਾ ਵ੍ਹਾਈਟ ਹਾਊਸ ਵਿੱਚ ਨਿੱਘਾ ਸਵਾਗਤ

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਿਊਯਾਰਕ ਸਿਟੀ ਦੇ ਮੇਅਰ-ਚੁਣੇ ਗਏ ਜ਼ੋਹਰਾਨ ਮਮਦਾਨੀ ਨਾਲ ਵ੍ਹਾਈਟ ਹਾਊਸ ਵਿੱਚ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਟਰੰਪ ਨੇ ਮਮਦਾਨੀ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਸ਼ਵਾਸ ਪ੍ਰਗਟਾਇਆ ਕਿ ਉਹ ਬਹੁਤ ਵਧੀਆ ਕੰਮ ਕਰ ਸਕਦੇ ਹਨ। ਮਮਦਾਨੀ ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ ਵਿੱਚ ਟਰੰਪ ਨਾਲ ਆਪਣੀ ਪਹਿਲੀ ਮੁਲਾਕਾਤ ਲਈ ਵਾਸ਼ਿੰਗਟਨ ਡੀਸੀ ਲਈ ਰਵਾਨਾ ਹੋਏ। ਲੰਮੇ ਸਮੇਂ ਦੀ ਕੌੜੀ ਬਿਆਨਬਾਜ਼ੀ ਤੋਂ ਬਾਅਦ ਦੋਵਾਂ ਨੇਤਾਵਾਂ ਨੇ ਮੀਟਿੰਗ ਦੌਰਾਨ ਇੱਕ ਆਪਸੀ ਗਰਮਜੋਸ਼ੀ ਵਾਲਾ ਸੁਰ ਅਪਣਾਇਆ।

# ਬਰਤਾਨੀਆ ਨੇ ਇਮੀਗ੍ਰੇਸ਼ਨ ਨਿਯਮ ਅਮਰੀਕਾ ਤੋਂ ਸਖ਼ਤ ਬਣਾਏ

## ✪ ਭਾਰਤੀਆਂ ਸਮੇਤ 16 ਲੱਖ ਵਿਦੇਸ਼ੀਆਂ 'ਤੇ ਪਏਗਾ ਅਸਰ

ਲੰਡਨ-ਬੀਤੇ ਦਿਨੀਂ ਬਰਤਾਨੀਆ ਦੀ ਲੇਬਰ ਪਾਰਟੀ ਦੀ ਸਰਕਾਰ ਨੇ ਇਮੀਗ੍ਰੇਸ਼ਨ (ਵਿਦੇਸ਼ੀ ਨਾਗਰਿਕਾਂ ਦੇ ਆਉਣ-ਜਾਣ) ਦੇ ਨਿਯਮਾਂ ਨੂੰ 50 ਸਾਲਾਂ ਵਿੱਚ ਸਭ ਤੋਂ ਵੱਡਾ ਤੇ ਸਭ ਤੋਂ ਸਖ਼ਤ ਬਦਲਾਅ ਕਰਨ ਦਾ ਐਲਾਨ ਕੀਤਾ ਹੈ। ਇਸ ਨਵੇਂ ਸਿਸਟਮ ਨੂੰ "ਅਰਨਡ ਸੈਟਲਮੈਂਟ ਮਾਡਲ" ਕਿਹਾ ਜਾ ਰਿਹਾ ਹੈ। ਇਸ ਦਾ ਮਤਲਬ ਹੈ ਕਿ ਹੁਣ ਬਰਤਾਨੀਆ ਵਿੱਚ ਹਮੇਸ਼ਾ ਲਈ ਰਹਿਣਾ, ਸਰਕਾਰੀ ਮਦਦ ਲੈਣਾ ਜਾਂ ਸ਼ਹਿਰੀ ਹੱਕ ਪ੍ਰਾਪਤ ਕਰਨਾ ਬਹੁਤ ਜ਼ਿਆਦਾ ਮੁਸ਼ਕਲ ਹੋ ਜਾਵੇਗਾ।

ਮੁੱਖ ਬਦਲਾਅ ਕੀ-ਕੀ ਹਨ?-ਹੁਣ 10 ਸਾਲ ਤੋਂ ਬਾਅਦ ਵੀ ਸੈਟਲਮੈਂਟ ਨਹੀਂ ਮਿਲੇਗਾ। ਪਹਿਲਾਂ ਕੋਈ ਵਿਅਕਤੀ 5 ਸਾਲ ਵੀਜ਼ੇ 'ਤੇ ਰਹਿੰਦਾ ਸੀ ਤਾਂ ਉਸ ਨੂੰ "ਇੰਡੈਫਿਨਿਟ ਲੀਵ ਟੂ ਰਿਮੇਨ" (ਹਮੇਸ਼ਾ ਰਹਿਣ ਦੀ ਇਜਾਜ਼ਤ) ਮਿਲ ਜਾਂਦੀ ਸੀ। ਹੁਣ ਇਹ ਸਮਾਂ ਦੁੱਗਣਾ ਯਾਨੀ 10 ਸਾਲ ਕਰ ਦਿੱਤਾ ਗਿਆ ਹੈ। ਯਾਨੀ 10 ਸਾਲ ਰਹਿਣ ਦੇ ਬਾਵਜੂਦ ਸੈਟਲਮੈਂਟ ਨਹੀਂ ਮਿਲੇਗਾ, ਸਗੋਂ ਹੋਰ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ। ਸਰਕਾਰੀ ਸਹੂਲਤਾਂ ਸਿਰਫ਼ ਬਰਤਾਨਵੀ ਨਾਗਰਿਕਤਾ ਮਿਲਣ 'ਤੇ ਹੀ ਮਿਲਣਗੀਆਂ।

ਪਹਿਲਾਂ ਸੈਟਲਮੈਂਟ ਮਿਲਦਿਆਂ ਹੀ ਵਿਅਕਤੀ ਨੂੰ ਸੋਸ਼ਲ ਹਾਊਸਿੰਗ, ਬੈਨਿਫਿਟਸ, ਮੈਡੀਕਲ ਸਹੂਲਤਾਂ ਆਟੋਮੈਟਿਕ ਮਿਲ ਜਾਂਦੀਆਂ ਸਨ। ਹੁਣ ਇਹ ਸਾਰੀਆਂ ਸਹੂਲਤਾਂ ਸਿਰਫ਼ ਉਦੋਂ ਮਿਲਣਗੀਆਂ ਜਦੋਂ ਵਿਅਕਤੀ ਪੂਰੀ ਬਰਤਾਨਵੀ ਨਾਗਰਿਕਤਾ ਲੈ ਲਵੇਗਾ। ਨਾਗਰਿਕਤਾ ਲੈਣ ਲਈ "ਲਾਈਫ ਇਨ ਯੂ.ਕੇ." ਟੈਸਟ ਪਾਸ ਕਰਨਾ ਪਏਗਾ ਤੇ ਵੱਡੀ ਫੀਸ ਵੀ ਦੇਣੀ ਪਏਗੀ।

ਹੈਲਥ ਤੇ ਕੇਅਰ ਵਰਕਰਾਂ ਲਈ ਵੀ ਸਖ਼ਤ ਨਿਯਮ-ਜਿਹੜੇ ਲੋਕ ਬਰਤਾਨੀਆ ਦੇ ਹਸਪਤਾਲਾਂ ਤੇ ਕੇਅਰ ਹੋਮਾਂ ਵਿੱਚ ਕੰਮ ਕਰਦੇ ਹਨ, ਉਨ੍ਹਾਂ ਲਈ ਵੀ ਘੱਟੋ-ਘੱਟ 15 ਸਾਲ ਦੀ ਸ਼ਰਤ ਲਾਈ ਗਈ ਹੈ।

ਗਲਤ ਵੀਜ਼ਾ ਜਾਂ ਓਵਰ ਸਟੇ ਕਰਨ ਵਾਲਿਆਂ 'ਤੇ 30 ਸਾਲ ਦੀ ਪਾਬੰਦੀ-ਜੇਕਰ ਕੋਈ ਵਿਅਕਤੀ ਗੈਰ-ਕਾਨੂੰਨੀ ਤਰੀਕੇ ਨਾਲ ਰਿਹਾ ਜਾਂ ਵੀਜ਼ਾ ਖ਼ਤਮ ਹੋਣ ਦੇ ਬਾਵਜੂਦ ਰੁਕ ਗਿਆ ਤਾਂ ਉਸ ਨੂੰ ਸੈਟਲਮੈਂਟ ਲਈ 30 ਸਾਲ ਤੱਕ ਇੰਤਜ਼ਾਰ ਕਰਨਾ ਪਵੇਗਾ। ਯਾਨੀ ਉਸ ਦੀ ਹਮੇਸ਼ਾ ਰਹਿਣ ਦੀ ਉਮੀਦ ਲਗਭਗ ਖ਼ਤਮ ਹੋ ਜਾਵੇਗੀ।

ਕਿਸ-ਕਿਸ 'ਤੇ ਪਵੇਗਾ ਅਸਰ?-ਸਰਕਾਰ ਮੁਤਾਬਕ ਇਹ ਨਿਯਮ 2021 ਤੋਂ ਬਾਅਦ ਬਰਤਾਨੀਆ ਆਏ ਲਗਭਗ 16 ਲੱਖ (1.6 ਮਿਲੀਅਨ) ਵਿਦੇਸ਼ੀ ਨਾਗਰਿਕਾਂ 'ਤੇ ਲਾਗੂ ਹੋਣਗੇ। ਭਾਰਤ ਬਰਤਾਨੀਆ ਵਿੱਚ ਸਭ ਤੋਂ ਵੱਡਾ ਮਾਈਗ੍ਰੇਸ਼ਨ ਸਰੋਤ ਹੈ, ਇਸ ਲਈ ਸਭ ਤੋਂ ਜ਼ਿਆਦਾ ਅਸਰ ਭਾਰਤੀ



ਵਿਦਿਆਰਥੀਆਂ, ਸਕਿੱਲਡ ਵਰਕਰਾਂ ਤੇ ਹੈਲਥ ਵਰਕਰਾਂ 'ਤੇ ਪਵੇਗਾ। ਜਿਨ੍ਹਾਂ ਨੂੰ ਪਹਿਲਾਂ ਹੀ ਸੈਟਲਮੈਂਟ ਮਿਲ ਚੁੱਕੀ ਹੈ, ਉਨ੍ਹਾਂ ਨੂੰ ਕੋਈ ਫਰਕ ਨਹੀਂ ਪਵੇਗਾ।

ਸਰਕਾਰ ਕਿਉਂ ਇਹ ਸਖ਼ਤ ਕਦਮ ਚੁੱਕ ਰਹੀ ਹੈ?-ਬਰਤਾਨੀਆ ਦੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ, "ਇਸ ਦੇਸ਼ ਵਿੱਚ ਹਮੇਸ਼ਾ ਰਹਿਣਾ ਕੋਈ ਹੱਕ ਨਹੀਂ, ਬਲਕਿ ਇੱਕ ਵਿਸ਼ੇਸ਼ ਅਧਿਕਾਰ ਹੈ ਜਿਸ ਨੂੰ ਕਮਾਉਣਾ ਪੈਂਦਾ ਹੈ। ਅਸੀਂ ਟੁੱਟੇ ਹੋਏ ਸਿਸਟਮ ਨੂੰ ਬਦਲ ਕੇ ਨਵਾਂ ਸਿਸਟਮ ਲਿਆ ਰਹੇ ਹਾਂ ਜੋ ਬਰਤਾਨਵੀ ਵਿਕਾਸ ਤੇ ਨਿਆਂ ਦੀ ਭਾਵਨਾ ਲਈ ਯੋਗ ਦੇਵੇਗਾ।"

ਸਰਕਾਰ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਜ਼ਿਆਦਾ ਲੋਕ ਆਏ ਹਨ, ਜਿਸ ਕਾਰਨ ਸਿਹਤ ਸੇਵਾਵਾਂ, ਘਰ ਤੇ ਸਕੂਲਾਂ 'ਤੇ ਦਬਾਅ ਵਧਿਆ ਹੈ। ਇਸ ਲਈ ਹੁਣ "ਕੰਟਰੋਲਡ ਤੇ ਸਿਲੈਕਟਿਵ" ਸਿਸਟਮ ਬਣਾਇਆ ਜਾ ਰਿਹਾ ਹੈ। ਮਾਹਿਰਾਂ ਮੁਤਾਬਕ ਬਰਤਾਨੀਆ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਾਲੇ ਸਖ਼ਤ ਇਮੀਗ੍ਰੇਸ਼ਨ ਮਾਡਲ ਵੱਲ ਵਧ ਰਿਹਾ ਹੈ।

ਭਾਰਤੀਆਂ ਨੂੰ ਕੀ ਸਲਾਹ ਹੈ?-ਜੇਕਰ ਤੁਸੀਂ 2021 ਤੋਂ ਬਾਅਦ ਬਰਤਾਨੀਆ ਆਏ ਹੋ ਤਾਂ ਆਪਣੇ ਵੀਜ਼ਾ ਦੀ ਮਿਆਦ, ਅੰਗਰੇਜ਼ੀ ਭਾਸ਼ਾ ਤੇ "ਲਾਈਫ ਇਨ ਯੂ.ਕੇ." ਟੈਸਟ ਦੀ ਤਿਆਰੀ ਹੁਣੇ ਸ਼ੁਰੂ ਕਰ ਦਿਓ।


ਜਲਦੀ ਤੋਂ ਜਲਦੀ ਪੱਕਾ ਯੋਗਦਾਨ ਦਿਖਾਉਣ ਦੀ ਕੋਸ਼ਿਸ਼ ਕਰੋ, ਕਿਉਂਕਿ ਹੁਣ ਸਿਰਫ਼ ਕੰਮ ਕਰਨ ਨਾਲ ਨਹੀਂ, ਪੂਰਾ "ਇੰਟੈਗ੍ਰੇਸ਼ਨ" (ਦੇਸ਼ ਨਾਲ ਜੁੜਨਾ) ਦਿਖਾਉਣਾ ਪਵੇਗਾ। ਜਿਨ੍ਹਾਂ ਦਾ ਸੈਟਲਮੈਂਟ 2025-26 ਵਿੱਚ ਆਉਣ ਵਾਲਾ ਹੈ, ਉਹ ਜਲਦੀ ਅਪਲਾਈ ਕਰ ਲੈਣ ਕਿਉਂਕਿ ਪੁਰਾਣੇ ਨਿਯਮਾਂ ਤਹਿਤ ਹੀ ਫੈਸਲਾ ਹੋਵੇਗਾ।

ਬਰਤਾਨੀਆ ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਦੇਸ਼ ਦਾ ਇਮੀਗ੍ਰੇਸ਼ਨ ਸਿਸਟਮ ਯੂਰਪ ਵਿੱਚ ਸਭ ਤੋਂ ਸਖ਼ਤ ਹੋ ਜਾਵੇਗਾ। ਪਰ ਬਹੁਤ ਸਾਰੇ ਭਾਰਤੀ ਤੇ ਦੂਜੇ ਵਿਦੇਸ਼ੀ ਨਾਗਰਿਕਾਂ ਲਈ "ਬਰਤਾਨੀਆ ਵਿੱਚ ਘਰ ਬਣਾਉਣ" ਦਾ ਸੁਪਨਾ ਹੁਣ ਬਹੁਤ ਜ਼ਿਆਦਾ ਮੁਸ਼ਕਲ ਹੋ ਗਿਆ ਹੈ।

# ਲੁਧਿਆਣਾ ਵਿਚ ਗ੍ਰਨੇਡ ਤੇ ਹਥਿਆਰ ਮਿਲਣ ਦਾ ਲਿੰਕ ਇਕ ਵਾਰੀ ਫਿਰ ਜੇਲ੍ਹਾਂ ਨਾਲ ਜੁੜਿਆ

## ✪ ਚਾਰ ਜੇਲ੍ਹਾਂ ਵਿਚ ਬੰਦ ਲਾਰੈਂਸ ਦੇ 100 ਗੁੰਡਿਆਂ ਨੂੰ ਪਾਕਿ ਏਜੰਟ ਨੇ ਦਿੱਤੇ ਨੰਬਰ, ਫਿਰ ਤਿਆਰ ਹੋਈ ਗ੍ਰਨੇਡ ਹਮਲਾ ਟੀਮ

ਲੁਧਿਆਣਾ-ਲੁਧਿਆਣਾ ਵਿਚ ਗ੍ਰਨੇਡ ਤੇ ਹਥਿਆਰ ਮਿਲਣ ਦਾ ਲਿੰਕ ਇਕ ਵਾਰੀ ਫਿਰ ਜੇਲ੍ਹਾਂ ਨਾਲ ਜੁੜ ਗਿਆ ਹੈ। ਇਸ ਵਾਰੀ ਪਾਕਿਸਤਾਨ ਦੀ ਏਜੰਸੀ ਆਈਐੱਸਆਈ ਨੇ ਪੰਜਾਬ, ਰਾਜਸਥਾਨ, ਦਿੱਲੀ ਤੇ ਹੋਰ ਜੇਲ੍ਹਾਂ ਵਿਚ ਬੰਦ ਲਾਰੈਂਸ ਬਿਸ਼ਨੋਈ ਗੈਂਗ ਦੇ ਗੁਰਗਿਆਂ ਦੀ ਮਦਦ ਲਈ ਹੈ। ਹੈਂਡਲਰ ਜਸਵੀਰ ਜੱਸਾ ਚੌਧਰੀ ਨੇ ਦੋ ਜੇਲ੍ਹਾਂ ਵਿਚ ਬੰਦ ਲਾਰੈਂਸ ਗਿਰੋਹ ਦੇ 100 ਤੋਂ ਵੱਧ ਗੁਰਗਿਆਂ ਨਾਲ ਆਪਣਾ ਨੰਬਰ ਸਾਂਝਾ ਕੀਤਾ ਤੇ ਕਿਹਾ ਕਿ ਉਹ ਇਹ ਨੰਬਰ ਬਾਹਰ ਬੈਠੇ ਸਾਥੀਆਂ ਨਾਲ ਸਾਂਝਾ ਕਰਨ, ਜੋ ਕਿ ਨਸ਼ੇ ਦੇ ਆਦੀ ਹਨ ਜਾਂ ਜਿਨ੍ਹਾਂ ਨੂੰ ਪੈਸੇ ਦੀ ਲੋੜ ਹੈ, ਭਾਵੇਂ ਉਹ ਕਿਸੇ ਵੀ ਸੂਬੇ ਵਿਚ ਹੋਣ। ਇਸ ਤੋਂ ਬਾਅਦ ਜੇਲ੍ਹਾਂ ਤੋਂ ਇਹ ਨੰਬਰ ਬਾਹਰ ਪੁੱਜਾ ਤੇ 45 ਜਣੇ ਲੱਭੇ ਗਏ, ਜਿਸ ਵਿੱਚੋਂ ਪੰਜ ਜਣਿਆਂ ਨੂੰ ਚੁਣਿਆ ਗਿਆ। ਇਨ੍ਹਾਂ ਪੰਜਾਂ ਦਾ ਆਪਸ ਵਿਚ ਕੋਈ ਰਾਬਤਾ ਨਹੀਂ ਸੀ, ਬਲਕਿ ਜੱਸੇ ਨੇ ਵੀ ਇਕ-ਦੂਜੇ ਦੇ ਸਾਹਮਣੇ ਨਹੀਂ ਆਉਣ ਦਿੱਤਾ। ਪੁਲਿਸ ਸੂਤਰਾਂ ਮੁਤਾਬਕ ਜੇ ਸ਼ਮਸ਼ੇਰ ਨੂੰ ਫੜਿਆ ਨਾ ਜਾਂਦਾ ਤਾਂ ਗ੍ਰਨੇਡ ਤੋਂ ਬਾਅਦ ਪੰਜਾਬ ਵਿਚ ਦੋ ਅਸਾਲਟ ਰਾਈਫਲਾਂ ਆਉਣੀਆਂ ਸਨ ਪਰ ਲੁਧਿਆਣਾ ਪੁਲਿਸ ਤੇ ਕਾਊਂਟਰ ਇੰਟੈਲੀਜੈਂਸ ਦੀ ਟੀਮ ਨੇ ਇਹ ਮਾਮਲਾ ਟ੍ਰੇਸ ਕਰ ਲਿਆ। ਪੁਲਿਸ ਮੁਤਾਬਕ ਮੁਲਜ਼ਮ ਦਿਨ ਵਿਚ ਕਈ ਵਾਰ ਵ੍ਹਟਸਐਪ 'ਤੇ



ਪਾਕਿਸਤਾਨ ਬੈਠੇ ਜੱਸੇ ਨਾਲ 5 ਤੋਂ 20 ਵਾਰੀ ਗੱਲਬਾਤ ਕਰਦੇ ਸਨ।

ਤਿੰਨ ਦਿਨ ਰੇਕੀ ਕਰਨ ਪਿੱਛੋਂ ਗ੍ਰਨੇਡ ਹਮਲੇ ਤੋਂ ਮੁਕਰਿਆ ਸ਼ਮਸ਼ੇਰ, ਫਿਰ ਬਿਹਾਰ ਦੇ ਓਝਾ ਨੂੰ ਦਿੱਤਾ ਟਾਰਗੈਟ : ਪੁਲਿਸ ਨੇ ਇਸ ਮਾਮਲੇ ਵਿਚ 16 ਨਵੰਬਰ ਨੂੰ ਜਦੋਂ ਸ਼ਮਸ਼ੇਰ ਬਿੱਲੇ ਨੂੰ ਗ੍ਰਿਫ਼ਤਾਰ ਕੀਤਾ ਤਾਂ ਉਸ ਦੇ ਫੋਨ ਤੋਂ ਕਈ ਵੀਡੀਓਜ਼ ਮਿਲੀਆਂ ਜਿਨ੍ਹਾਂ ਵਿਚ ਉਹ ਗ੍ਰਨੇਡ ਚੁੱਕਦਾ ਤੇ ਰੱਖਦਾ ਨਜ਼ਰੀਂ ਪੈਂਦਾ ਹੈ। ਇਸ ਦੇ ਨਾਲ ਹੀ ਯੂਟਿਊਬ ਦੇ ਵੀਡੀਓ ਲਿੰਕ ਸਨ, ਜਿਸ ਵਿਚ ਗ੍ਰਨੇਡ ਨੂੰ ਚਲਾਉਣ ਸਬੰਧੀ ਲਿੰਕ ਮੌਜੂਦ ਸਨ। ਪੁੱਛਗਿੱਛ ਦੌਰਾਨ ਸ਼ਮਸ਼ੇਰ ਨੇ ਦੱਸਿਆ ਕਿ ਉਸ ਨੂੰ ਪਾਕਿਸਤਾਨ ਵਿਚ ਬੈਠੇ ਜੱਸੇ ਚੌਧਰੀ ਦਾ ਫੋਨ ਆਇਆ ਸੀ ਤੇ ਜੱਸਾ ਕਹਿ ਰਿਹਾ ਸੀ ਕਿ ਉਹ ਗ੍ਰਨੇਡ ਲਿਆਵੇ ਤਾਂ ਜੋ ਟਾਰਗੇਟ ਮੁਤਾਬਕ ਗ੍ਰਨੇਡ ਨੂੰ ਸੁੱਟਿਆ ਜਾ ਸਕੇ। ਨਸ਼ੇ ਤੇ ਪੈਸੇ ਦੀ ਪੇਸ਼ਕਸ਼ ਸੁਣ ਕੇ ਸ਼ਮਸ਼ੇਰ ਮੰਨ ਗਿਆ ਸੀ, ਉਸ ਦੀ ਟ੍ਰੇਨਿੰਗ ਲਈ ਜੱਸਾ ਪਾਕਿਸਤਾਨ ਤੋਂ ਉਸ ਨੂੰ ਗ੍ਰਨੇਡ ਚਲਾਉਣ ਸਬੰਧੀ ਵੀਡੀਓਜ਼ ਭੇਜਣ ਲੱਗਾ। ਹਫ਼ਤੇ ਤੱਕ ਸ਼ਮਸ਼ੇਰ ਵੀਡੀਓਜ਼ ਦੇਖਦਾ ਰਿਹਾ, ਫਿਰ ਉਹ ਤਿੰਨ ਦਿਨ ਤੱਕ ਉਸ ਥਾਂ ਦੀ ਰੇਕੀ ਕਰਦਾ ਰਿਹਾ ਤੇ ਵੀਡੀਓ ਬਣਾ ਕੇ ਜੱਸੇ ਨੂੰ ਭੇਜੀ ਸੀ। ਜਿਸ ਦਿਨ ਗ੍ਰਨੇਡ ਸੁੱਟਣਾ ਸੀ, ਉਸ ਤੋਂ ਇਕ ਰਾਤ ਪਹਿਲਾਂ ਸ਼ਮਸ਼ੇਰ ਮੁੱਕਰ ਗਿਆ। ਇਸ ਤੋਂ ਬਾਅਦ ਇਹ ਕੰਮ ਬਿਹਾਰ ਦੇ ਹਰਸ਼ ਕੁਮਾਰ ਓਝਾ ਨੂੰ ਦਿੱਤਾ ਗਿਆ। ਓਝੇ ਦੇ ਖ਼ਿਲਾਫ਼ ਰੰਗਦਾਰੀ, ਹਥਿਆਰ ਕਾਨੂੰਨ ਤਹਿਤ ਕਈ ਮਾਮਲੇ ਦਰਜ ਹਨ। ਸ਼ਮਸ਼ੇਰ ਨੂੰ ਕਿਹਾ ਗਿਆ ਕਿ ਉਹ ਗ੍ਰਨੇਡ ਇਕ ਖ਼ਾਸ ਥਾਂ ਰੱਖ ਦੇਵੇ, ਜਿਸ ਨੂੰ ਹਰਿਆਣਾ ਨਿਵਾਸੀ ਅਜੈ ਆ ਕੇ ਲੈ ਜਾਵੇਗਾ ਅਤੇ ਫਿਰ ਓਝੇ ਨੂੰ ਦੇ ਦੇਵੇਗਾ। ਇਸ ਤੋਂ ਪਹਿਲਾਂ ਪੁਲਿਸ ਨੇ ਓਝਾ ਨੂੰ ਬਿਹਾਰ ਵਿਚ ਜਾ ਕੇ ਫੜ ਲਿਆ ਤੇ ਜਦੋਂ ਅਜੈ ਲੁਧਿਆਣੇ ਪੁੱਜਾ ਤਾਂ ਉਸ ਨੂੰ ਵੀ ਫੜ ਲਿਆ। ਇਸ ਪਿੱਛੋਂ ਜੱਸਾ ਚੌਧਰੀ ਨੇ ਗ੍ਰਨੇਡ ਹਮਲਾ ਕਰਨ ਲਈ ਫਾਜ਼ਿਲਕਾ ਦੇ ਪਿੰਡ ਸੇਰੇਵਾਲ ਦੇ ਨਿਵਾਸੀ ਦੀਪੂ ਤੇ ਗੰਗਾਨਗਰ ਦੇ ਪਿੰਡ ਤਾਖਰਾ ਦੇ ਨਿਵਾਸੀ ਰਾਮ ਲਾਲ ਨੂੰ ਭੇਜ ਦਿੱਤਾ, ਜੋ ਕਿ ਪਿਛਲੇ ਦੋ ਦਿਨਾਂ ਤੋਂ ਲੁਧਿਆਣਾ ਵਿਚ ਲੁਕੇ ਹੋਏ ਸਨ। ਜਦੋਂ ਉਹ ਲੁਧਿਆਣਾ ਦੇ ਲਾਡੋਵਾਲ ਇਲਾਕੇ ਤੋਂ ਗ੍ਰਨੇਡ ਚੁੱਕਣ ਆਏ ਤਾਂ ਉਥੇ ਪਹਿਲਾਂ ਤੋਂ ਮੌਜੂਦ ਪੁਲਿਸ ਨੇ ਮੁਲਜ਼ਮਾਂ ਦਾ ਪੁਲਿਸ ਨੇ ਮੁਕਾਬਲਾ ਕਰ ਦਿੱਤਾ।

ਲੁਧਿਆਣਾ ਹੀ ਨਿਸ਼ਾਨਾ ਕਿਉਂ?: ਲੁਧਿਆਣਾ ਵਿਚ ਪਿਛਲੇ 24 ਦਿਨਾਂ ਦੌਰਾਨ ਤਿੰਨ ਗ੍ਰਨੇਡ ਅਤੇ ਹਥਿਆਰ ਮਿਲ ਚੁੱਕੇ ਹਨ। ਵਾਰ-ਵਾਰ ਲੁਧਿਆਣਾ ਵਿਚ ਫੜੇ ਜਾਣ ਦੀ ਵਜ੍ਹਾ ਇਹ ਹੈ ਕਿ ਇੱਥੇ ਵੱਖ-ਵੱਖ ਸੂਬਿਆਂ ਦੇ ਲੋਕ ਰਹਿੰਦੇ ਹਨ ਅਤੇ ਸਨਅਤਾਂ ਵੀ ਹਨ। ਇਸ ਤੋਂ ਆਈਐੱਸਆਈ ਪੰਜਾਬ ਦੇ ਲੋਕਾਂ ਨੂੰ ਤਿਆਰ ਕਰਦੀ ਸੀ ਤੇ ਵਿਦੇਸ਼ ਭੇਜਣ ਦਾ ਲਾਲਚ ਦੇ ਕੇ ਹਮਲਾ ਕਰਵਾਉਂਦੀ ਸੀ ਪਰ ਹੁਣ ਆਈਐੱਸਆਈ ਹੋਰਨਾਂ ਭਾਰਤੀ ਸੂਬਿਆਂ ਦੇ ਬਦਮਾਸ਼ਾਂ ਨੂੰ ਭਰਤੀ ਕਰ ਰਹੀ ਹੈ।

# ਜ਼ੋਨਲ ਕੌਂਸਲ ਵਿਚ ਭਗਵੰਤ ਮਾਨ ਪੰਜਾਬ ਦੀ ਕੋਈ ਮੰਗ ਕਿਉਂ ਨਹੀਂ ਮਨਵਾ ਸਕੇ ?

## ✪ ਪੰਜਾਬ ਦੇ ਮੁੱਦੇ ਮੁਲਤਵੀ ਕਰਵਾਉਣਾ ਕੀ ਮਾਨ ਦੀ ਜਿੱਤ ਹੈ ? ✪ ਚੰਡੀਗੜ੍ਹ, ਪਾਣੀ, ਬਿਜਲੀ - ਸਭ ਕੁਝ ਵੀ ਨਾ ਮਿਲਿਆ, ਬੱਸ ਮਾਨ ਨੂੰ ਮਿਲਿਆ ਫੋਟੋ ਸੈਸ਼ਨ-ਖਹਿਰਾ ✪ ਜ਼ੋਨਲ ਕੌਂਸਲ ਬਣੀ ਰੰਗਮੰਚ: ਹਰਿਆਣਾ-ਰਾਜਸਥਾਨ ਲੁੱਟ ਲੈ ਗਏ, ਮਾਨ ਤਾੜੀਆਂ ਵਜਾਉਂਦੇ ਰਹੇ



ਬੀਤੇ ਦਿਨੀਂ ਜੰਮੂ ਵਿਖੇ ਹੋਈ ਉੱਤਰੀ ਜ਼ੋਨਲ ਕੌਂਸਲ ਦੀ 32 ਵੀਂ ਮੀਟਿੰਗ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਜੰਮੂ-ਕਸ਼ਮੀਰ, ਦਿੱਲੀ ਤੇ ਲੱਦਾਖ ਦੇ ਮੁੱਖ ਮੰਤਰੀ/ਲੈਫਟੀਨੈਂਟ ਗਵਰਨਰ ਤੇ ਉੱਚ ਅਧਿਕਾਰੀ ਸ਼ਾਮਲ ਹੋਏ ਸਨ। ਮੀਟਿੰਗ ਦੀ ਪ੍ਰਧਾਨਗੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੀਤੀ ਸੀ। ਏਜੰਡੇ ਵਿੱਚ 28 ਮੁੱਦੇ ਸਨ, ਜਿਨ੍ਹਾਂ ਵਿੱਚੋਂ 11 ਸਿੱਧੇ ਤੌਰ ਤੇ ਪੰਜਾਬ ਨਾਲ ਜੁੜੇ ਹੋਏ ਸਨ। ਪਰ ਮੀਟਿੰਗ ਖ਼ਤਮ ਹੋਣ ਤੋਂ ਬਾਅਦ ਜੋ ਤਸਵੀਰ ਸਾਹਮਣੇ ਆਈ ਉਹ ਬੜੀ ਹੈਰਾਨ ਕਰਨ ਵਾਲੀ ਸੀ - ਪੰਜਾਬ ਨਾਲ ਸਬੰਧਿਤ ਸਾਰੇ 11ਮੁੱਦੇ "ਅਗਲੀ ਮੀਟਿੰਗ ਤੱਕ ਮੁਲਤਵੀ" ਕਰ ਦਿੱਤੇ ਗਏ ਸਨ। ਕੋਈ ਸਿਫ਼ਾਰਸ਼ ਨਹੀਂ, ਕੋਈ ਸਹਿਮਤੀ ਨਹੀਂ, ਕੋਈ ਸਮਾਂ-ਸੀਮਾ ਨਹੀਂ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੀਟਿੰਗ ਤੋਂ ਬਾਅਦ ਦਿੱਲੀ ਵਿੱਚ ਪ੍ਰੈੱਸ ਕਾਨਫ਼ਰੰਸ ਕਰਕੇ ਦਾਅਵਾ ਕੀਤਾ ਕਿ "ਹਰਿਆਣਾ, ਰਾਜਸਥਾਨ ਤੇ ਹਿਮਾਚਲ ਵਰਗੇ ਰਾਜ ਪੰਜਾਬ ਦੇ ਹੱਕ ਖੋਹਣ ਲਈ ਤੁਲੇ ਹੋਏ ਸਨ, ਮੈਂ ਉਨ੍ਹਾਂ ਦਾ ਜ਼ੋਰਦਾਰ ਵਿਰੋਧ ਕੀਤਾ। ਗਿਆਰਾਂ ਮੁੱਦੇ ਪਹਿਲੀ ਵਾਰ ਮੁਲਤਵੀ ਕਰਵਾ ਕੇ ਮੈਂ ਪੰਜਾਬ ਦੇ ਹੱਕ ਬਚਾਏ ਹਨ।" ਮਾਨ ਨੇ ਇਹ ਵੀ ਕਿਹਾ ਕਿ ਉਹਨਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਪੱਸ਼ਟ ਕਿਹਾ ਕਿ "ਕਿਸੇ ਵੀ ਰਾਜ ਨੂੰ ਪੰਜਾਬ ਦੇ ਹੱਕ ਖੋਹਣ ਦੀ ਇਜਾਜ਼ਤ ਨਾ ਦਿੱਤੀ ਜਾਵੇ।"

ਪਰ ਵਿਰੋਧੀ ਪਾਰਟੀਆਂ ਸਵਾਲ ਉੱਠ ਰਹੀਆਂ ਹਨ ਕਿ ਕੀ ਮੁੱਦੇ ਮੁਲਤਵੀ ਕਰਵਾ ਲੈਣਾ ਕੋਈ ਜਿੱਤ ਹੈ ? ਜਾਂ ਇਹ ਪੰਜਾਬੀਆਂ ਨੂੰ ਗੁੰਮਰਾਹ ਕਰਨ ਦਾ ਤਰੀਕਾ ਹੈ ?

ਜ਼ੋਨਲ ਕੌਂਸਲ ਦੀ ਅਸਲ ਹਕੀਕਤ 1956 ਦੇ ਸਟੇਟਸ ਰੀਆਰਗੇਨਾਈਜ਼ੇਸ਼ਨ ਐਕਟ ਦੀ ਧਾਰਾ 15 ਤੋਂ 22 ਅਧੀਨ ਬਣੀਆਂ ਪੰਜ ਜ਼ੋਨਲ ਕੌਂਸਲਾਂ (ਉੱਤਰੀ, ਦੱਖਣੀ, ਪੂਰਬੀ, ਪੱਛਮੀ ਤੇ ਉੱਤਰ-ਪੂਰਬੀ) ਸਿਰਫ਼ ਸਲਾਹਕਾਰ ਸੰਸਥਾਵਾਂ ਹਨ। ਧਾਰਾ 21(1) ਵਿੱਚ ਸਾਫ਼ ਲਿਖਿਆ ਹੈ ਕਿ ਇਹ ਸੰਸਥਾਵਾਂ "ਸਲਾਹਕਾਰ ਕਮੇਟੀ" ਹੈ। ਧਾਰਾ 21(2) ਮੁਤਾਬਕ ਇਨ੍ਹਾਂ ਕੋਲ ਸਿਰਫ਼ ਚਰਚਾ ਕਰਨ ਤੇ ਸਿਫ਼ਾਰਸ਼ਾਂ ਕਰਨ ਦਾ ਹੱਕ ਹੈ, ਫ਼ੈਸਲਾ ਲੈਣ ਜਾਂ ਲਾਗੂ ਕਰਨ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ।

ਭਾਵ, ਤੁਸੀਂ ਇੱਥੇ ਜਿੰਨਾ ਮਰਜ਼ੀ ਰੌਲਾ ਪਾਓ, ਰੋਵੋ - ਉਸ ਦਾ ਕੋਈ ਕਾਨੂੰਨੀ ਅਸਰ ਨਹੀਂ। ਜੇ ਸਾਰੇ ਰਾਜ ਆਪਸ ਵਿੱਚ ਸਹਿਮਤ ਹੋ ਜਾਣ ਤਾਂ ਗੱਲ ਵੱਖਰੀ ਐ, ਪਰ ਜਦੋਂ ਵਿਰੋਧੀ ਧਿਰਾਂ ਹੋਣ ਤਾਂ ਇੱਥੇ ਕੋਈ ਫ਼ੈਸਲਾ ਹੋਇਆ ਵੀ ਤਾਂ ਉਹ ਸਿਰਫ਼ "ਸਿਫ਼ਾਰਸ਼" ਹੀ ਰਹਿੰਦੀ ਹੈ, ਜਿਸ ਨੂੰ ਮੰਨਣਾ ਜਾਂ ਨਾ ਮੰਨਣਾ ਰਾਜ ਸਰਕਾਰ ਦੀ ਮਰਜ਼ੀ ਹੁੰਦੀ ਐ।

ਇਸੇ ਲਈ ਪੰਜਾਬ ਦੇ ਸਾਰੇ 11ਮੁੱਦੇ - ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਬੀ. ਬੀ. ਐੱਮ. ਬੀ. ਵਿੱਚ ਰਾਜਸਥਾਨ-ਹਿਮਾਚਲ ਨੂੰ ਸ਼ਾਮਲ ਨਾ ਕਰਨਾ, ਸਤਲੁਜ-ਯਮੁਨਾ ਲਿੰਕ ਨਹਿਰ, ਪੌਂਗ ਡੈਮ ਦੀ ਡੀ-ਸਿਲਟਿੰਗ ਦਾ ਖਰਚਾ ਸਾਂਝਾ ਕਰਨਾ, ਚਨਾਬ ਦਾ ਪਾਣੀ (ਜਿਸ ਤੇ ਹੁਣ ਇੰਡਸ ਟ੍ਰੀਟੀ ਖ਼ਤਮ ਹੋਣ ਕਾਰਨ ਪੰਜਾਬ ਦਾ ਪੂਰਾ ਹੱਕ ਬਣਦਾ ਹੈ), ਪਰਾਲੀ ਤੇ ਪ੍ਰਦੂਸ਼ਣ ਲਈ ਸਿਰਫ਼ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਉਣਾ - ਸਾਰੇ ਮੁਲਤਵੀ ਹੋਏ। ਕਿਉਂਕਿ ਕੋਈ ਵੀ ਰਾਜ ਸਹਿਮਤ ਨਹੀਂ ਸੀ।

ਮੁੱਖ ਮੰਤਰੀ ਮਾਨ ਦਾ ਦਾਅਵਾ ਹੈ ਕਿ "ਪਹਿਲੀ ਵਾਰ 11ਮੁੱਦੇ ਮੁਲਤਵੀ ਕਰਵਾਏ"। ਪਰ ਪਿਛਲੇ 30-35 ਸਾਲਾਂ ਤੋਂ ਇਹੀ ਹੁੰਦਾ ਆ ਰਿਹਾ ਹੈ - ਪੰਜਾਬ ਵਾਲੇ ਰੌਲਾ ਪਾਉਂਦੇ ਨੇ, ਬਾਕੀ ਰਾਜ ਵਿਰੋਧ ਕਰਦੇ ਨੇ, ਮੁੱਦੇ ਮੁਲਤਵੀ ਹੋ ਜਾਂਦੇ ਨੇ। ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਬੇਅੰਤ ਸਿੰਘ - ਹਰ ਮੁੱਖ ਮੰਤਰੀ ਨੇ ਇਸੇ ਤਰ੍ਹਾਂ ਦਾਅਵੇ ਕੀਤੇ ਕਿ "ਮੈਂ ਜ਼ੋਰਦਾਰ ਵਿਰੋਧ ਕੀਤਾ"। ਪਰ ਨਤੀਜਾ ? ਜ਼ੀਰੋ।

ਸਤਲੁਜ-ਯਮੁਨਾ ਲਿੰਕ ਮਸਲੇ ਤੇ ਸੁਪਰੀਮ ਕੋਰਟ ਨੇ 2004 ਤੇ 2016 ਵਿੱਚ ਪੰਜਾਬ ਖਿਲਾਫ਼ ਫ਼ੈਸਲਾ ਦਿੱਤਾ, ਪਰ ਪੰਜਾਬ ਨੇ ਨਹਿਰ ਦੀ ਜ਼ਮੀਨ ਵਾਪਸ ਲੈ ਕੇ ਐਕਟ ਪਾਸ ਕੀਤਾ ਤੇ ਅਦਾਲਤ ਨੇ ਉਸ ਨੂੰ ਵੀ ਅਸੰਵਿਧਾਨਕ ਕਹਿ ਕੇ ਰੱਦ ਕਰ ਦਿੱਤਾ।

ਚੰਡੀਗੜ੍ਹ ਤੇ ਭਾਖੜਾ-ਬਿਆਸ ਮਸਲੇ ਤੇ ਵੀ ਕੇਸ ਚੱਲ ਰਹੇ ਨੇ, ਪਰ ਦਹਾਕਿਆਂ ਤੋਂ "ਅਗਲੀ ਤਾਰੀਕ" ਤੇ "ਅਗਲੀ ਤਾਰੀਕ"। ਪਰਾਲੀ ਸਾੜਨ ਤੇ ਪ੍ਰਦੂਸ਼ਣ ਲਈ ਪੰਜਾਬ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ, ਹਾਲਾਂਕਿ ਹਰਿਆਣਾ-ਯੂ.ਪੀ. ਵਿੱਚ ਵੀ ਪਰਾਲੀ ਸੜਦੀ ਹੈ, ਪਰ ਉੱਥੇ ਕੋਈ ਕਾਰਵਾਈ ਨਹੀਂ।

ਅਦਾਲਤਾਂ ਵਿੱਚ ਪੰਜਾਬ ਦੀ ਹਾਰ ਦਾ ਸਭ ਤੋਂ ਵੱਡਾ ਕਾਰਨ - ਕੇਂਦਰ ਸਰਕਾਰ ਦਾ ਰਵੱਈਆ ਹੈ। ਜਦੋਂ ਵੀ ਪੰਜਾਬ ਦੇ ਹੱਕ ਦੀ ਗੱਲ ਆਉਂਦੀ ਹੈ ਤਾਂ ਕੇਂਦਰ ਸਰਕਾਰ ਹਰਿਆਣਾ/ਰਾਜਸਥਾਨ ਦੇ ਪੱਖ ਵਿੱਚ ਐਫੀਡੇਵਿਟ ਪਾ ਦਿੰਦੀ ਐ। ਅਦਾਲਤ ਵੀ ਆਖਿਰਕਾਰ ਕੇਂਦਰ ਦੀ ਗੱਲ ਮੰਨ ਲੈਂਦੀ ਹੈ।

ਆਖਿਰ ਪੰਜਾਬ ਕੋਲ ਕਿਹੜਾ ਰਾਹ ਬਚਿਆ ਹੈ ?-ਸਭ ਤੋਂ ਪਹਿਲਾਂ ਸਿਆਸੀ ਪਾਰਟੀਆਂ ਦੀ ਇਕਜੁਟਤਾ ਦੀ ਲੋੜ ਹੈ। ਸਾਰੀਆਂ ਪਾਰਟੀਆਂ (ਆਪ, ਕਾਂਗਰਸ, ਅਕਾਲੀ, ਭਾਜਪਾ) ਨੂੰ ਇਕ ਮੰਚ ਤੇ ਆ ਕੇ ਪੰਜਾਬ ਦੇ ਹੱਕਾਂ ਲਈ ਸਾਂਝਾ ਸੰਘਰਸ਼ ਛੇੜਨਾ ਪਵੇਗਾ।

ਪੰਜਾਬੀਆਂ ਨੂੰ ਸਮਝਾਉਣਾ ਪਵੇਗਾ ਕਿ ਚੰਡੀਗੜ੍ਹ, ਪਾਣੀ, ਬਿਜਲੀ ਦੇ ਮਸਲੇ ਸਿਰਫ਼ ਸਿੱਖਾਂ ਜਾਂ ਕਿਸੇ ਇਕ ਧਿਰ ਦੇ ਨਹੀਂ, ਸਗੋਂ ਸਾਰੇ ਪੰਜਾਬੀਆਂ ਦੇ ਜੀਣ-ਮਰਨ ਦੇ ਸਵਾਲ ਨੇ। ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਕੇਂਦਰ ਨੂੰ ਚੁਣੌਤੀ ਦੇਣੀ ਚਾਹੀਦੀ ਹੈ - ਜਿਵੇਂ 2020 ਵਿੱਚ ਖੇਤੀ ਕਾਨੂੰਨਾਂ ਖਿਲਾਫ਼ ਮਤਾ ਪਾਸ ਕੀਤਾ ਸੀ।

ਅੰਤਿਮ ਸੱਚਾਈ ਜਦੋਂ ਤੱਕ ਪੰਜਾਬੀ ਆਪਣੇ ਹੱਕਾਂ ਲਈ ਇਕੱਠੇ ਨਹੀਂ ਹੋਣਗੇ, ਤਦ ਤੱਕ ਜ਼ੋਨਲ ਕੌਂਸਲ ਹੋਵੇ, ਸੁਪਰੀਮ ਕੋਰਟ ਹੋਵੇ ਜਾਂ ਪਾਰਲੀਮੈਂਟ - ਹਰ ਥਾਂ ਪੰਜਾਬ ਦੇ ਮੁੱਦੇ "ਮੁਲਤਵੀ" ਹੀ ਹੁੰਦੇ ਰਹਿਣਗੇ। ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਜੀ, ਮੁਲਤਵੀ ਕਰਵਾਉਣਾ ਕੋਈ ਜਿੱਤ ਨਹੀਂ, ਅਸਲ ਜਿੱਤ ਤਾਂ ਪੰਜਾਬ ਦੇ ਹੱਕ ਵਿਚ ਫ਼ੈਸਲਾ ਲਾਗੂ ਕਰਵਾਉਣਾ ਹੈ। ਉਹ ਤਾਂ ਲੋਕਾਂ ਦੀ ਤਾਕਤ ਨਾਲ ਹੀ ਸੰਭਵ ਐ, ਕਿਸੇ ਜ਼ੋਨਲ ਕੌਂਸਲ ਦੀ ਮੇਜ਼ ਤੇ ਨਹੀਂ।

## ਚੀਨ ਬਣਾ ਰਿਹਾ ਏ ਤੈਰਦਾ ਟਾਪੂ, ਪ੍ਰਮਾਣੂ ਧਮਾਕਿਆਂ ਦਾ ਇਸ ਉਪਰ ਨਹੀਂ ਹੋਵੇਗਾ ਅਸਰ



ਬੀਜਿੰਗ-ਚੀਨ ਇਕ ਵਿਸ਼ਾਲ ਤੈਰਦੇ ਹੋਏ ਸਮੁੰਦਰੀ ਖੋਜ ਪਲੇਟਫਾਰਮ ਦਾ ਨਿਰਮਾਣ ਕਰ ਰਿਹਾ ਹੈ, ਜਿਸ ਨੂੰ ਪ੍ਰਮਾਣੂ ਧਮਾਕੇ ਕਰਕੇ ਲੱਗਣ ਵਾਲੇ ਝਟਕੇ ਤੋਂ ਸੁਰੱਖਿਅਤ ਰੱਖਣ ਲਈ ਡਿਜ਼ਾਈਨ ਕੀਤਾ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਪ੍ਰਾਜੈਕਟ ਸਮੁੰਦਰੀ ਅਸਰ ਵਾਲੇ ਖੇਤਰ ਵਿਚ ਆਲਮੀ ਮੁਕਾਬਲੇ ਨੂੰ ਨਵਾਂ ਰੂਪ ਦੇ ਸਕਦਾ ਹੈ। ਚੀਨ ਦੀ 14ਵੀਂ ਪੰਜ ਸਾਲਾ ਯੋਜਨਾ ਤਹਿਤ ਕੌਮੀ ਪ੍ਰਮੁੱਖ ਵਿਗਿਆਨਕ ਢਾਂਚਾਗਤ ਪ੍ਰਾਜੈਕਟ ਦੇ ਰੂਪ ਵਿਚ ਸ਼ਾਮਲ ਇਹ ਡੀਪ-ਸੀ ਆਲ ਵੈਦਰ ਰੈਜ਼ੀਡੈਂਟ ਫਲੋਟਿੰਗ ਰਿਸਰਚ ਫੈਸਿਲਟੀ ਵਿਸ਼ਵ ਦਾ ਪਹਿਲਾ ਮੋਬਾਇਲ, ਸਵੈ-ਨਿਰਭਰ ਨਕਲੀ ਟਾਪੂ ਹੋਵੇਗਾ। ਐੱਸ ਸੀ ਐੱਮ ਪੀ. ਕਾਮ ਅਨੁਸਾਰ ਇਹ ਇੱਕ 78,000 ਟਨ ਅੱਧਾ ਪਾਣੀ ਵਿਚ ਡੁੱਬਿਆ ਟਵਿਨ-ਹਲ ਪਲੇਟਫਾਰਮ ਹੈ, ਜੋ ਲੰਮੇ ਸਮੇਂ ਲਈ ਸਮੁੰਦਰ ਵਿੱਚ ਕੰਮ ਕਰਨ ਦੇ ਸਮਰੱਥ ਹੋਵੇਗਾ। ਸ਼ੰਘਾਈ ਜਿਆਓ ਟੌਂਗ ਯੂਨੀਵਰਸਿਟੀ ਵੱਲੋਂ ਵਿਕਸਤ ਇਸ ਪਲੇਟਫਾਰਮ ਦੀ ਲੰਬਾਈ 138 ਮੀਟਰ, ਚੌੜਾਈ 85 ਮੀਟਰ ਤੇ ਮੁੱਖ ਡੈੱਕ ਦੀ ਉਚਾਈ 45 ਮੀਟਰ ਹੋਵੇਗੀ। ਇਸ ਦੀ ਸਮਰੱਥਾ 238 ਵਿਅਕਤੀਆਂ ਦੀ ਰਹੇਗੀ, ਜੋ 4 ਮਹੀਨੇ ਤੱਕ ਬਿਨਾਂ ਕਿਸੇ ਬਾਹਰੀ ਸਪਲਾਈ ਦੇ ਇਥੇ ਰਹਿ ਸਕਣਗੇ। ਇਸ ਦੀ ਰਫ਼ਤਾਰ 15 ਨੌਟ ਤੱਕ ਰਹੇਗੀ। ਇਹ ਸਮੁੰਦਰ ਦੀ ਸੀ ਸਟੇਟ ਜੀ ਸਥਿਤੀ ਵਿਚ ਸੰਚਾਲਨ ਦੇ ਸਮਰੱਥ ਹੈ। ਇਹ ਕੈਟਾਗਰੀ ਸਮੁੰਦਰੀ ਤੂਫਾਨ ਨੂੰ ਵੀ ਝੱਲਣ ਦੇ ਸਮਰੱਥ ਹੈ। ਹਾਲਾਂ ਕਿ ਇਸ ਨੂੰ ਇਕ ਗੈਰ-ਫੌਜੀ ਪ੍ਰੋਜੈਕਟ ਵਜੋਂ ਦਰਸਾਇਆ ਗਿਆ ਹੈ, ਪਰ ਇਸ ਦੀ ਬਣਤਰ ਵਿੱਚ ਪ੍ਰਮਾਣੂ ਧਮਾਕਿਆਂ ਤੋਂ ਸੁਰੱਖਿਆ ਲਈ ਫੌਜੀ-ਗ੍ਰੇਡ ਤਕਨਾਲੋਜੀ ਸ਼ਾਮਲ ਹੈ। ਪ੍ਰੋਫੈਸਰ ਯਾਂਗ ਡੇਕਿੰਗ ਦੀ ਟੀਮ ਵੱਲੋਂ ਪ੍ਰਕਾਸ਼ਤ ਇੱਕ ਖੋਜ ਪੱਤਰ ਅਨੁਸਾਰ ਸੁਪਰ ਸਟਰਕਚਰ ਦੇ ਹਿੱਸੇ ਦਾ ਮਿਆਰ ਇਸ ਪੱਧਰ ਦਾ ਹੋਵੇਗਾ ਕਿ ਇਨ੍ਹਾਂ ਸੁਰੱਖਿਅਤ ਚੈਂਬਰਾਂ ਵਿਚ ਪਾਵਰ, ਨੈਵੀਗੇਸ਼ਨ ਅਤੇ ਸੰਚਾਰ ਲਈ ਮਹੱਤਵਪੂਰਨ ਪ੍ਰਣਾਲੀਆਂ ਰੱਖੀਆਂ ਜਾਣਗੀਆਂ। ਇਸ ਪਲੇਟਫਾਰਮ ਦੇ 2028 ਤੱਕ ਅਮਲ ਵਿਚ ਆਉਣ ਦੀ ਉਮੀਦ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨੂੰ ਇੱਕ ਕਮਾਂਡ ਸੈਂਟਰ, ਲੌਜਿਸਟਿਕਸ ਹੱਬ ਜਾਂ ਨਿਗਰਾਨੀ ਪਲੇਟਫਾਰਮ ਵਜੋਂ ਵੀ ਵਰਤਿਆ ਜਾ ਸਕਦਾ ਹੈ।

# ਰਾਜਸਥਾਨ ਦੀਆਂ ਜੇਲ੍ਹਾਂ ਤੋਂ ਹੋ ਰਹੀ ਏ ਪੰਜਾਬ ਵਿਚ ਹਥਿਆਰਾਂ ਦੀ ਸਮਗਲਿੰਗ

## ✪ ਆਈਐੱਸਆਈ ਏਜੰਟ ਜੱਸਾ ਦੇ ਖ਼ਤਰਨਾਕ ਨੈੱਟਵਰਕ ਦਾ ਪਰਦਾਫਾਸ਼



ਲੁਧਿਆਣਾ-ਖਾੜਕੂਆਂ ਵੱਲੋਂ ਲੁਧਿਆਣਾ ਵਿਚ ਪਹੁੰਚਾਏ ਗਏ ਗ੍ਰਨੇਡ ਅਤੇ ਹਥਿਆਰਾਂ ਨੂੰ ਪੁਲਿਸ ਨੇ ਬਰਾਮਦ ਕਰ ਲਿਆ ਹੈ। ਦੂਜੇ ਪਾਸੇ, ਹੁਣ ਇਕ ਹੋਰ ਵੱਡੀ ਸਮੱਸਿਆ ਖੜ੍ਹੀ ਹੋ ਗਈ ਹੈ, ਕਿਉਂਕਿ ਖਾੜਕੂਆਂ ਵੱਲੋਂ ਰਾਜਸਥਾਨ ਦੀਆਂ ਜੇਲ੍ਹਾਂ ਤੇ ਉਸ ਸੂਬੇ ਵਿਚ ਰਹਿੰਦੇ ਹੋਰ ਮਾੜੇ ਅਨਸਰਾਂ ਦੀ ਮਦਦ ਨਾਲ ਪੰਜਾਬ ਵਿਚ ਹੋਰ ਵੀ ਹਥਿਆਰ ਭੇਜੇ ਗਏ ਹਨ, ਜਿਨ੍ਹਾਂ ਨੂੰ ਲੱਭਣਾ ਪੁਲਿਸ ਲਈ ਚੈਲੇਂਜ ਹੋਵੇਗਾ। ਹਾਲਾਂਕਿ ਪੁਲਿਸ ਦੀਆਂ ਟੀਮਾਂ ਇਸ ਜਾਂਚ ਲਈ ਰਾਜਸਥਾਨ ਪਹੁੰਚ ਗਈਆਂ ਹਨ। ਜਲਦੀ ਹੀ ਪੁਲਿਸ ਇਸ ਮਾਮਲੇ ਵਿਚ ਵੱਡੀ ਰਿਕਵਰੀ ਕਰ ਕੇ ਮੀਡੀਆ ਸਾਹਮਣੇ ਆਏਗੀ। ਇਸ ਮਾਮਲੇ ਵਿਚ ਇਕ ਵਿਦੇਸ਼ੀ ਪਹਿਲੂ ਵੀ ਸਾਹਮਣੇ ਆ ਰਿਹਾ ਹੈ, ਜੋ ਕਿ ਪਾਕਿਸਤਾਨ ਵਿਚ ਬੈਠੇ ਆਈਐੱਸਆਈ ਦੇ ਏਜੰਟ ਜਸਵੀਰ ਜੱਸਾ ਚੌਧਰੀ ਦੇ ਸੰਪਰਕ ਵਿਚ ਹੈ। ਇਸ ਗਿਰੋਹ ਦੀ ਹਰ ਕੜੀ ਨੂੰ ਪੁਲਿਸ ਤੋੜਣ ਵਿਚ ਲੱਗੀ ਹੈ। ਇਸ ਦੇ ਨਾਲ ਹੀ ਪੁਲਿਸ ਨੂੰ ਮੁਲਜ਼ਮਾਂ ਦੇ ਫੋਨ ਤੋਂ 80 ਦੇ ਕਰੀਬ ਸੰਪਰਕ ਮਿਲੇ ਹਨ, ਜਿਨ੍ਹਾਂ 'ਤੇ ਆਪਸ ਵਿਚ ਗੱਲਬਾਤ ਹੋਈ ਹੈ।

ਗ਼ੌਰ ਕਰਨ ਵਾਲੀ ਗੱਲ ਹੈ ਕਿ 20 ਨਵੰਬਰ ਨੂੰ ਪੁਲਿਸ ਨੇ ਸ਼ਮਸ਼ੇਰ ਬਿੱਲਾ ਨਾਮ ਦੇ ਵਿਅਕਤੀ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜੋ ਕਿ ਪਾਕਿਸਤਾਨ ਵਿਚ ਆਈਐੱਸਆਈ ਏਜੰਟ ਦੇ ਕਹਿਣ 'ਤੇ ਲੁਧਿਆਣਾ ਵਿਚ ਗ੍ਰਨੇਡ ਅਤੇ ਹਥਿਆਰ ਲੈ ਕੇ ਆਏ ਸਨ। ਇਸ ਦੇ ਬਦਲੇ ਉਨ੍ਹਾਂ ਨੂੰ ਨਸ਼ੇ ਤੇ 12 ਹਜ਼ਾਰ ਰੁਪਏ ਮਿਲਣੇ ਸਨ। ਇਸ ਦੌਰਾਨ ਪੁਲਿਸ ਨੇ ਗ੍ਰਨੇਡ ਲੈ ਕੇ ਆਏ ਦੋ ਖਾੜਕੂਆਂ ਦਾ ਮੁਕਾਬਲਾ ਬਣਾ ਦਿੱਤਾ ਸੀ। ਹੁਣ ਤੱਕ ਇਸ ਮਾਮਲੇ ਵਿਚ 2 ਗ੍ਰਨੇਡ, 5 ਪਿਸਟਲ ਅਤੇ 40 ਤੋਂ ਵੱਧ ਗੋਲੀਆਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ।

### ਪੁਲਿਸ ਕੋਲ ਖਾੜਕੂਆਂ ਦੇ 26 ਹੋਰ ਗੁਰਗਿਆਂ ਦੀ ਸੂਚੀ

ਇਸ ਮਾਮਲੇ ਵਿਚ ਪੁਲਿਸ ਕੋਲ ਹੁਣ 26 ਹੋਰ ਲੋਕਾਂ ਦੇ ਨਾਂ ਸਾਹਮਣੇ ਆਏ ਹਨ। ਇਹ ਉਹ ਲੋਕ ਹਨ, ਜਿਨ੍ਹਾਂ ਨੇ ਹਥਿਆਰਾਂ ਦੀ ਸਪਲਾਈ ਵਿਚ ਮਦਦ ਕੀਤੀ ਤੇ ਉਨ੍ਹਾਂ ਨੂੰ ਵੀ ਇਸ ਹਮਲੇ ਦੀ ਟ੍ਰੇਨਿੰਗ ਲਈ ਸਟੈਂਡ ਬਾਈ 'ਤੇ ਰੱਖਿਆ ਗਿਆ ਹੈ।

ਇਨ੍ਹਾਂ ਵਿੱਚੋਂ ਕੁਝ ਰਾਜਸਥਾਨ ਦੀ ਜੇਲ੍ਹ ਵਿਚ ਬੰਦ ਹਨ ਅਤੇ ਕੁਝ ਰਾਜਸਥਾਨ ਦੇ ਪਿੰਡਾਂ ਦੇ ਰਹਿਣ ਵਾਲੇ ਹਨ। ਲੁਧਿਆਣਾ ਪੁਲਿਸ ਦੀਆਂ ਟੀਮਾਂ ਹੁਣ ਉਨ੍ਹਾਂ ਲੋਕਾਂ ਦੇ ਟਿਕਾਣਿਆਂ 'ਤੇ ਛਾਪੇ ਮਾਰ ਰਹੀਆਂ ਹਨ ਅਤੇ ਜੇਲ੍ਹਾਂ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਕੁਝ ਮੁਲਜ਼ਮਾਂ ਨੂੰ ਲੁਧਿਆਣਾ ਲਿਆਂਦਾ ਜਾਵੇਗਾ। ਪੁਲਿਸ ਨੂੰ ਉਮੀਦ ਹੈ ਕਿ ਇਨ੍ਹਾਂ ਲੋਕਾਂ ਤੋਂ ਹਥਿਆਰਾਂ ਦਾ ਸੁਰਾਗ਼ ਮਿਲ ਸਕਦਾ ਹੈ, ਇਸ ਲਈ ਜਲਦੀ ਹੀ ਇਸ ਮਾਮਲੇ ਵਿਚ ਹਥਿਆਰਾਂ ਦੀ ਵੱਡੀ ਰਿਕਵਰੀ ਹੋਵੇਗੀ। ਇਸ ਦੇ ਨਾਲ, ਜ਼ਖ਼ਮੀ ਦੀਪਕ ਦੀਪੂ ਅਤੇ ਰਾਮ ਲਾਲ ਵੀ ਆਈਐੱਸਆਈ ਦੇ ਕਹਿਣ 'ਤੇ ਹਥਿਆਰਾਂ ਦੀ ਡਿਲਿਵਰੀ ਦੇਣ ਆਏ ਸਨ, ਇਸ ਲਈ ਪੁਲਿਸ ਉਨ੍ਹਾਂ ਦੇ ਸਿਹਤਮੰਦ ਹੋਣ ਦੀ ਉਡੀਕ ਕਰ ਰਹੀ ਹੈ, ਤਾਂ ਜੋ ਉਹ ਵੀ ਹਥਿਆਰਾਂ ਬਾਰੇ ਜਾਣਕਾਰੀ ਦੇ ਸਕਣ।

### ਮਾਮਲੇ 'ਚ ਵਿਦੇਸ਼ੀ ਅੱਤਵਾਦੀ ਦੀ ਐਂਟਰੀ

ਸੂਤਰਾਂ ਮੁਤਾਬਕ ਇਸ ਮਾਮਲੇ ਵਿਚ ਪੁਲਿਸ ਨੂੰ ਵਿਦੇਸ਼ੀ ਵਿਅਕਤੀ ਦੀ ਸ਼ਮੂਲੀਅਤ ਦਾ ਸ਼ੱਕ ਹੈ ਕਿਉਂਕਿ ਇਨ੍ਹਾਂ ਨੰਬਰਾਂ ਵਿੱਚੋਂ ਇਕ ਨੰਬਰ ਵਿਦੇਸ਼ੀ ਲੱਗ ਰਿਹਾ ਹੈ। ਹਾਲਾਂਕਿ ਇਹ ਪਤਾ ਨਹੀਂ ਚੱਲਿਆ ਕਿ ਉਹ ਨੰਬਰ ਕਿਹੜੇ ਮੁਲਕ ਦਾ ਹੈ? ਇਸ ਦੀ ਪੜਤਾਲ ਪੁਲਿਸ ਕਰ ਰਹੀ ਹੈ। ਦੱਸਣਾ ਬਣਦਾ ਹੈ ਕਿ 27 ਦਿਨ ਪਹਿਲਾਂ ਜੋ ਗ੍ਰਨੇਡ ਪੁਲਿਸ ਨੂੰ ਮਿਲਿਆ ਸੀ, ਉਸ ਮਾਮਲੇ ਵਿਚ ਵੀ ਇਕ ਵਿਦੇਸ਼ੀ ਲਿੰਕ ਸੀ, ਜੋ ਕਿ ਮਲੇਸ਼ੀਆ ਵਿਚ ਬੈਠਾ ਹੈ। ਇਸ ਲਈ ਪੁਲਿਸ ਦੋਵਾਂ ਮਾਮਲਿਆਂ ਨੂੰ ਜੋੜ ਕੇ ਜਾਂਚ ਕਰ ਰਹੀ ਹੈ।

# ਸਰਬਜੀਤ ਕੌਰ ਨੇ ਨਾਸਿਰ ਨਾਲ ਪਹਿਲਾਂ ਤੁਰਕੀ ਵਿਚ ਨਿਕਾਹ ਕਰਨ ਦੀ ਬਣਾਈ ਸੀ ਸਕੀਮ

## ✪ ਜਲਦੀ ਸਰਬਜੀਤ ਦੇ ਵੀਜ਼ੇ ਵਿਚ ਵਾਧਾ ਹੋਣ ਦੀ ਸੰਭਾਵਨਾ

ਅੰਮ੍ਰਿਤਸਰ-ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥੇ ਨਾਲ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਪਹੁੰਚੀ ਸਰਬਜੀਤ ਕੌਰ ਦੇ ਪਾਕਿਸਤਾਨੀ ਪਤੀ ਨਾਸਿਰ ਹੁਸੈਨ ਵਾਸੀ ਸ਼ੇਖ਼ੂਪੁਰਾ ਬਾਰੇ ਉੱਥੋਂ ਦੇ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿਚ ਕੰਮ ਕਰਦੇ ਮੁਜਾਹਿਦ ਬਸ਼ੀਰ ਨੇ ਕਈ ਖ਼ੁਲਾਸੇ ਕੀਤੇ ਹਨ।



ਸ਼ੇਖ਼ੂਪੁਰਾ ਦੇ ਰਾਣਾ ਓਮੇਰ ਨੇ ਮੁਜਾਹਿਦ ਬਸ਼ੀਰ ਤੋਂ ਮਿਲੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਧਰਮ ਪਰਿਵਰਤਨ ਕਰਕੇ ਨੂਰ ਹੁਸੈਨ ਬਣੀ ਸਰਬਜੀਤ ਕੌਰ ਨੇ ਪਹਿਲਾਂ ਜੁਲਾਈ 2024 'ਚ ਨਾਸਿਰ ਹੁਸੈਨ ਨੂੰ ਤੁਰਕੀ ਪਹੁੰਚ ਕੇ ਨਿਕਾਹ ਕਰਵਾਉਣ ਲਈ ਮਨਾਇਆ ਸੀ। ਇਸ ਦੇ ਲਈ ਸਰਬਜੀਤ ਕੌਰ ਨੇ ਉਸ ਤੋਂ 4 ਲੱਖ ਰੁਪਏ ਦੀ ਮੰਗ ਵੀ ਕੀਤੀ ਸੀ।

ਬਸ਼ੀਰ ਮੁਤਾਬਿਕ ਨਾਸਿਰ ਨੇ ਸਰਬਜੀਤ ਨੂੰ ਤੁਰਕੀ ਭੇਜਣ ਲਈ ਦੋਸਤਾਂ ਕੋਲੋਂ ਉਧਾਰੇ ਪੈਸੇ ਵੀ ਮੰਗੇ ਸਨ, ਪਰ ਫਿਰ ਇਹ ਮਾਮਲਾ ਵਿਚਾਲੇ ਲਟਕ ਗਿਆ। ਉਸ ਨੇ ਦੱਸਿਆ ਕਿ ਸਰਬਜੀਤ ਕੌਰ ਨੇ ਭਾਰਤ ਵਿਚੋਂ ਫ਼ਰਾਰ ਹੋਣ ਲਈ ਯੋਜਨਾ ਤਹਿਤ ਇਕ ਜਨਵਰੀ 2024 ਨੂੰ ਜਲੰਧਰ ਤੋਂ ਆਪਣਾ ਪਾਸਪੋਰਟ ਬਣਵਾਇਆ। ਉਸ ਨੇ ਜਥੇ ਨਾਲ ਪਾਕਿ ਆਉਣ ਦੀ ਯੋਜਨਾ ਇਸ ਕਰਕੇ ਬਣਾਈ ਤਾਂ ਕਿ ਉਸ ਦੇ ਇਕੱਲਿਆਂ ਪਾਕਿ ਵੀਜ਼ਾ ਲਗਵਾ ਕੇ ਆਉਣ 'ਤੇ ਉਹ ਭਾਰਤੀ ਖ਼ੁਫ਼ੀਆ ਏਜੰਸੀਆਂ ਦੀਆਂ ਨਜ਼ਰਾਂ 'ਚ ਆ ਸਕਦੀ ਸੀ।

ਸ਼ੇਖ਼ੂਪੁਰਾ ਬਾਰ ਐਸੋਸੀਏਸ਼ਨ ਦੇ ਵਕੀਲਾਂ ਮੁਤਾਬਿਕ ਸਰਬਜੀਤ ਕੌਰ ਦੇ ਭਾਰਤ ਵਾਪਸੀ ਦੀ ਕੋਈ ਸੰਭਾਵਨਾ ਨਹੀਂ ਹੈ, ਕਿਉਂਕਿ ਲਾਹੌਰ ਹਾਈ ਕੋਰਟ ਨੇ ਵੀ ਪੁਲਿਸ ਨੂੰ ਉਕਤ ਜੋੜੇ ਨੂੰ ਤੰਗ ਪਰੇਸ਼ਾਨ ਨਾ ਕਰਨ ਦਾ ਹੁਕਮ ਦੇ ਕੇ ਇਹ ਸਾਫ਼ ਕਰ ਦਿੱਤਾ ਹੈ ਕਿ ਜਲਦੀ ਉਸ ਦੇ ਵੀਜ਼ੇ 'ਚ ਵਾਧਾ ਕੀਤਾ ਜਾਵੇਗਾ।

# ਬਠਿੰਡਾ ਅਦਾਲਤ ਵਿਚ ਕੰਗਨਾ ਖ਼ਿਲਾਫ਼ ਦੋਸ਼ ਆਇਦ

## ✪ ਕੰਗਨਾ ਨੂੰ ਮੁਆਫ਼ੀ ਦੇਣ ਤੋਂ ਇਨਕਾਰੀ ਬਜ਼ੁਰਗ ਮਾਤਾ ਦਾ ਪਰਿਵਾਰ

ਬਠਿੰਡਾ-ਹਿਮਾਚਲ ਪ੍ਰਦੇਸ਼ ਦੇ ਲੋਕ ਸਭਾ ਹਲਕਾ ਮੰਡੀ ਤੋਂ ਲੋਕ ਸਭਾ ਮੈਂਬਰ ਅਤੇ ਫ਼ਿਲਮੀ ਅਦਾਕਾਰਾ ਕੰਗਨਾ ਰਣੌਤ ਦੀ ਇੱਥੇ ਅਦਾਲਤ ਵਿੱਚ ਪੇਸ਼ੀ ਸੀ। ਉਹ ਖ਼ੁਦ ਤਾਂ ਪੇਸ਼ ਨਹੀਂ ਹੋਏ ਪਰ ਉਨ੍ਹਾਂ ਦੇ ਵਕੀਲ ਨੇ ਹਾਜ਼ਰੀ ਭਰੀ। ਜਾਣਕਾਰੀ ਅਨੁਸਾਰ ਅਦਾਲਤ ਨੇ ਕੰਗਨਾ ਰਣੌਤ ਖ਼ਿਲਾਫ਼ ਚਾਰਜ ਫਰੇਮ ਕਰ ਦਿੱਤੇ ਹਨ। ਸੁਣਵਾਈ ਦੌਰਾਨ ਮੁਦੱਈ ਧਿਰ ਦੇ ਵਕੀਲ ਰਘਬੀਰ ਸਿੰਘ ਵੈਹਣੀਵਾਲ ਨੇ ਅਦਾਲਤ ਵਿਚ ਆਪਣੇ ਮੁਵੱਕਲ ਦਾ ਪੱਖ ਪੇਸ਼ ਕੀਤਾ। ਵੈਹਣੀਵਾਲ ਨੇ ਦੱਸਿਆ ਕਿ ਲੰਘੀ 27 ਅਕਤੂਬਰ ਨੂੰ ਨਿੱਜੀ ਪੇਸ਼ੀ ਤੋਂ ਬਾਅਦ ਕੰਗਨਾ ਦੇ ਵਕੀਲਾਂ ਨੇ ਅਗਲੀਆਂ ਸੁਣਵਾਈਆਂ ਮੌਕੇ ਵੀਡੀਓ ਕਾਨਫਰੰਸਿੰਗ (ਵੀਸੀ) ਰਾਹੀਂ ਪੇਸ਼ ਹੋਣ ਦੀ ਇਜਾਜ਼ਤ ਮੰਗੀ ਸੀ। ਕੰਗਨਾ ਦੇ ਵਕੀਲਾਂ ਨੇ ਸੁਰੱਖਿਆ ਦੇ ਲਿਹਾਜ਼ ਨਾਲ ਕੰਗਨਾ ਨੂੰ ਅਦਾਲਤੀ ਪੇਸ਼ੀ ਤੋਂ ਛੋਟ ਦੇਣ ਬਾਰੇ ਫਿਰ ਅਰਜ਼ੀ ਦਾਇਰ ਕੀਤੀ। ਅਰਜ਼ੀ 'ਚ ਏਅਰਪੋਰਟ 'ਤੇ ਕੰਗਨਾ 'ਤੇ ਹੋਏ ਹਮਲੇ ਅਤੇ ਕੁੱਝ ਐਫਆਈਆਰ ਨੂੰ ਹਵਾਲਾ ਬਣਾਇਆ ਗਿਆ ਸੀ।



ਦੱਸਿਆ ਗਿਆ ਕਿ ਹੁਣ ਕੰਗਨਾ ਦੇ ਵਕੀਲ 4 ਦਸੰਬਰ ਨੂੰ ਅਗਲੀ ਪੇਸ਼ੀ ਮੌਕੇ ਆਪਣਾ ਜਵਾਬ ਦਾਇਰ ਕਰਨਗੇ। ਪਿਛਲੀ ਸੁਣਵਾਈ ਸਮੇਂ ਕੰਗਨਾ ਰਣੌਤ ਨੇ ਮਹਿਲਾ ਕਿਸਾਨਾਂ ਬਾਰੇ ਟਵੀਟ ਕੀਤੇ ਆਪਣੇ ਟਵੀਟ ਲਈ ਅਦਾਲਤ ਵਿੱਚ ਮੁਆਫ਼ੀ ਮੰਗੀ ਸੀ। ਆਪਣੀ ਪੇਸ਼ੀ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਸੀ ਕਿ 'ਇਹ ਇੱਕ ਗ਼ਲਤਫ਼ਹਿਮੀ ਸੀ। ਮੈਂ ਮਾਤਾ ਨੂੰ ਸੁਨੇਹਾ ਭੇਜਿਆ ਹੈ ਕਿ ਉਹ ਗ਼ਲਤਫ਼ਹਿਮੀ ਦਾ ਸ਼ਿਕਾਰ ਹੋਈ ਹੈ। ਇਹ ਮੇਰਾ ਇਰਾਦਾ ਨਹੀਂ ਸੀ।'

ਗੌਰਤਲਬ ਹੈ ਕਿ ਮਾਮਲਾ 2021 ਵਿੱਚ ਹੋਏ ਕਿਸਾਨਾਂ ਅੰਦੋਲਨ ਦਾ ਹੈ। ਉਦੋਂ ਕੰਗਨਾ ਰਣੌਤ ਨੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਬਹਾਦਰਗੜ੍ਹ ਜੰਡੀਆ ਦੀ 87 ਸਾਲਾ ਬਿਰਧ ਮਹਿਲਾ ਮਹਿੰਦਰ ਕੌਰ ਬਾਰੇ ਟਵੀਟ ਕਰਦਿਆਂ 100-100 ਰੁਪਏ ਲੈ ਕੇ ਧਰਨੇ ਵਿਚ ਸ਼ਾਮਿਲ ਹੋਣ ਵਾਲੀ ਔਰਤ ਦੱਸਿਆ ਸੀ। ਮਹਿੰਦਰ ਕੌਰ ਨੇ ਇਸ ਟਵੀਟ ਨੂੰ ਲੈ ਕੇ ਕੰਗਨਾ ਵਿਰੁੱਧ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਮਹਿੰਦਰ ਕੌਰ ਦੇ ਵਕੀਲ ਨੇ ਦੱਸਿਆ ਕਿ ਮਹਿੰਦਰ ਕੌਰ ਵਾਇਰਲ ਬੁਖ਼ਾਰ ਹੋਣ ਕਰਕੇ ਅਦਾਲਤ 'ਚ ਨਹੀਂ ਪਹੁੰਚੇ, ਪਰ ਉਨ੍ਹਾਂ ਦਾ ਪਤੀ ਲਾਭ ਸਿੰਘ ਹਾਜ਼ਰ ਸੀ। ਲਾਭ ਸਿੰਘ ਨੇ ਕੰਗਨਾ ਨੂੰ ਮੁਆਫ਼ੀ ਦੇਣ ਤੋਂ ਇਨਕਾਰੀ ਹੁੰਦਿਆਂ, ਕੇਸ ਨੂੰ ਤੋੜ ਸਿਰੇ ਚੜ੍ਹਾਉਣ ਤੱਕ ਦੀ ਗੱਲ ਆਖੀ।

# ਪੰਜਾਬੀ ਮੂਲ ਦੀ ਬਰਤਾਨਵੀ ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ ਭਾਰਤ ਦੌਰੇ ਤੇ ਵੀਜ਼ਾ ਧੋਖਾਧੜੀ ਰੋਕਣ ਲਈ ਜਾਗਰੂਕਤਾ ਮੁਹਿੰਮ ਨੂੰ ਤਾਮਿਲਨਾਡੂ ਤੱਕ ਵਧਾਇਆ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਮੂਲ ਦੀ ਬਰਤਾਨਵੀ ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ ਭਾਰਤ ਫੇਰੀ ਤੇ ਹਨ। ਵਿਦੇਸ਼ ਮੰਤਰਾਲੇ ਵਿੱਚ ਰਾਜ ਮੰਤਰ ਬਣਨ ਤੋਂ ਬਾਅਦ ਇਹ ਉਹਨਾਂ ਦੀ ਪਹਿਲੀ ਭਾਰਤ ਫੇਰੀ ਹੈ। ਬਰਤਾਨਵੀ ਸਰਕਾਰ ਦੀ ਵੀਜ਼ਾ ਧੋਖਾਧੜੀ ਨੂੰ ਰੋਕਣ ਦੀ ਮੁਹਿੰਮ ਦਾ ਤਾਮਿਲਨਾਡੂ ਤੱਕ ਵਿਸਤਾਰ ਕੀਤਾ ਗਿਆ।***

ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫ਼ਤਰ ਨੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਜਾਅਲੀ ਵੀਜ਼ਾ 'ਤੇ ਯੂ ਕੇ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਨੂੰ ਘਟਾਉਣਾ ਹੈ। ਦਫ਼ਤਰ ਨੇ ਕਿਹਾ ਕਿ ਦੋਵੇਂ ਦੇਸ਼ ਯਾਤਰੀਆਂ ਨੂੰ ਧੋਖਾਧੜੀ ਤੋਂ ਬਚਾਉਣ ਅਤੇ ਗੈਰ-ਕਾਨੂੰਨੀ ਪ੍ਰਵਾਸ ਦਾ ਮੁਕਾਬਲਾ ਕਰਨ ਲਈ ਸਹਿਯੋਗ ਕਰ ਰਹੇ ਹਨ।ਯੂ ਕੇ ਦੇ ਇੰਡੋ-ਪੈਸੀਫਿਕ ਮਾਮਲਿਆਂ ਦੀ ਮੰਤਰੀ ਮਲਹੋ-ਤਰਾ ਨੇ ਚੇਨਈ ਵਿੱਚ ਮੁਹਿੰਮ ਦੀ ਸ਼ੁਰੂਆਤ ਕੀਤੀ। ਜੋ ਪੰਜਾਬ ਵਿੱਚ ਪਹਿਲਾਂ ਤੋਂ ਇੱਕ ਸਫਲ ਤਰੀਕੇ ਨਾਲ ਚੱਲ ਰਹੀ ਹੈ।

ਸੀਨਾ ਮਲਹੋਤਰਾ ਨੇ ਕਿਹਾ ਕਿ "ਇਹ ਸਰਕਾਰ ਗੈਰ-ਕਾਨੂੰਨੀ ਪ੍ਰਵਾਸ ਦੇ ਪ੍ਰਵਾਹ ਨੂੰ ਰੋਕਣ ਲਈ ਕੰਮ ਕਰ ਰਹੀ ਹੈ। ਵੀਜ਼ਾ ਧੋਖਾਧੜੀ ਨੂੰ ਰੋਕਣ, ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਸਾਡੀਆਂ ਸਰਹੱਦਾਂ ਨੂੰ ਸੁਰੱਖਿਅਤ ਰੱਖਣ ਲਈ ਹੌਟਸਪੌਟ ਖੇਤਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਵਿਸ਼ੇਸ਼ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।" ਐਫ ਸੀ ਡੀ ਓ ਨੇ ਕਿਹਾ ਕਿ ਇਹ ਧੋਖਾਧੜੀ ਵਿਰੋਧੀ ਕਾਰਵਾਈ ਭਾਰਤ-ਯੂ ਕੇ ਸਾਂਝੇਦਾਰੀ ਦੀ ਨਿਰੰਤਰ ਗਤੀ ਨੂੰ ਦਰਸਾਉਂਦੀ ਹੈ, ਜੋ ਕਮਜ਼ੋਰ ਲੋਕਾਂ ਦੀ ਰੱਖਿਆ ਕਰਨ ਅਤੇ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਇਕੱਠੇ ਕੰਮ ਕਰ ਰਹੀ ਹੈ।



ਸਾਇੰਸ ਗੈਲਰੀ ਬੰਗਲੌਰ ਵਿੱਚ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਵਿੱਚ ਬਰਤਾਨਵੀ ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ ਅਤੇ ਹੋਰ

ਇਹ ਕਦਮ ਭਾਰਤ-ਯੂਕੇ ਵਿਜ਼ਨ 2035 ਸਮਝੌਤੇ 'ਤੇ ਆਧਾਰਿਤ ਹੈ, ਜਿਸ ਵਿੱਚ ਅਪਰਾਧਿਕ ਸੰਗਠਨਾਂ ਦੁਆਰਾ ਕੀਤੇ ਜਾਂਦੇ ਸ਼ੋਸ਼ਣ ਨਾਲ ਨਜਿੱਠਣ ਅਤੇ ਗੈਰ-ਕਾਨੂੰਨੀ ਪ੍ਰਵਾਸ ਨੂੰ ਘਟਾਉਣ ਦੀਆਂ ਵਚਨਬੱਧਤਾਵਾਂ ਸ਼ਾਮਲ ਹਨ।ਸ਼ੀਨਾ ਮਲਹੋਤਰਾ ਨੇ ਕਿਹਾ ਕਿ ਬ੍ਰਿਟਿਸ਼ ਕੌਂਸਲ ਦਾ ਵੂਮੈਨ ਇਨ ਐਸ ਟੀ ਈ ਐਮ ਸਕਾਲਰਸ਼ਿਪ ਪ੍ਰੋਗਰਾਮ ਦੱਖਣੀ ਏਸ਼ੀਆ ਵਿੱਚ ਵਾਪਸ ਆ ਰਹੀ ਹੈ, ਜਿਸ ਵਿੱਚ 4 ਲੱਖ ਪੌਂਡ ਦੀਆਂ 10 ਨਵੀਆਂ ਸਕਾਲਰਸ਼ਿਪਾਂ ਹੋਣਗੀਆਂ। ਉਹਨਾਂ ਸਾਇੰਸ ਗੈਲਰੀ ਬੰਗਲੌਰ ਵਿੱਚ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਵਿੱਚ ਸ਼ਿਰਕਤ ਕੀਤੀ।

## ਕੈਨੇਡਾ: ਪਿਤਾ ਦੀ ਹੱਤਿਆ ਕਰ ਕੇ ਪੰਜਾਬੀ ਲੜਕਾ ਫਰਾਰ



**ਪੀਲ ਪੁਲੀਸ ਉਸ ਪੰਜਾਬੀ ਮੁੰਡੇ ਦੀ ਭਾਲ ਕਰ ਰਹੀ ਹੈ, ਜੋ ਸ਼ਨਿਚਰਵਾਰ ਦੀ ਸ਼ਾਮ ਨੂੰ ਬਰੈਂਪਟਨ ਵਿੱਚ ਆਪਣੇ ਪਿਤਾ ਦੀ ਹੱਤਿਆ ਕਰਕੇ ਫਰਾਰ ਹੋ ਗਿਆ ਸੀ। ਪੁਲੀਸ ਅਨੁਸਾਰ ਸ਼ਹਿਰ ਦੀ ਕਲੀਅਰ ਜੋਇ ਸਟਰੀਟ ਫ਼ਰਸਤੁੱਤੇ ਘਰ ਵਿੱਚ ਗੋਲੀਆਂ ਚੱਲੀਆਂ ਜਿਸ ਤੋਂ ਬਾਅਦ ਜਦੋਂ ਪੁਲੀਸ ਉਥੇ ਪੁੱਜੀ ਤਾਂ 50 ਸਾਲਾ ਵਿਅਕਤੀ ਗੰਭੀਰ ਜ਼ਖ਼ਮੀ ਮਿਲਿਆ ਜਿਸ ਦੀ ਕੁਝ ਦੇਰ ਬਾਅਦ ਮੌਤ ਹੋ ਗਈ। ਪਤਾ ਲੱਗਾ ਕਿ ਉਸ ਨੂੰ ਉਸ ਦੇ ਪੁੱਤਰ ਨੇ ਹੀ ਗੋਲੀਆਂ ਮਾਰੀਆਂ ਸੀ, ਜਿਸ ਦੀ ਪਛਾਣ 25 ਸਾਲਾ ਨਿਕੋਲਸ ਜਗਲਾਲ ਵਜੋ ਕੀਤੀ ਗਈ। ਪੁਲੀਸ ਨੇ ਉਸਦੀ ਫੋਟੋ ਜਾਰੀ ਕਰਕੇ ਉਸ ਨੂੰ ਫੜਾਉਣ ਲਈ ਲੋਕਾਂ ਤੋਂ ਸਹਿਯੋਗ ਮੰਗਿਆ ਹੈ। ਘਟਨਾ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।**

# ਸਾਊਥਾਲ ਵਿੱਚ ਭਿਆਨਕ ਅੱਗ ਨਾਲ ਵੱਡੀ ਤਬਾਹੀ



ਸਾਊਥਾਲ ਵਿੱਚ ਲੱਗੀ ਅੱਗ ਦਾ ਦ੍ਰਿਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇਲਾਕੇ ਅਤੇ ਪੰਜਾਬੀਆਂ ਦੇ ਗੜ੍ਹ ਸਾਊਥਾਲ ਵਿੱਚ ਇੱਕ ਕਾਰੋਬਾਰੀ ਸਥਾਨ ਨੂੰ ਲੱਗੀ ਅੱਗ ਕਾਰਨ ਵੱਡੀ ਤਬਾਹੀ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰੇ 8:40 ਵਜੇ ਅਚਾਨਕ ਪਟਾਕੇ ਚੱਲਣ ਦੀਆਂ ਅਵਾਜ਼ਾਂ ਆਉਣ ਲੱਗੀਆਂ ਅਤੇ ਅੱਗ ਦੀਆਂ ਲਪਟਾਂ ਉੱਠਣ ਲੱਗੀਆਂ। ਕੁਝ ਸਮੇਂ ਵਿੱਚ ਹੀ ਧੂੰਏਂ ਕਾਰਨ ਸਾਰਾ ਅਸਮਾਨ ਭਰ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਸਾਊਥਾਲ ਦੇ ਬ੍ਰਿਜ ਰੋਡ ਇੰਡਸਟਰੀਅਲ ਇਲਾਕੇ ਦੇ ਇੱਕ ਗੁਦਾਮ ਨੂੰ ਅੱਗ ਲੱਗੀ ਜਿਸ ਤੋਂ ਬਾਅਦ ਆਸ ਪਾਸ ਦੀਆਂ ਇਮਾਰਤਾਂ ਨੂੰ ਵੀ ਲਪੇਟੇ ਵਿੱਚ ਲੈ ਲਿਆ। ਖਬਰ ਲਿਖੇ ਜਾਣ ਤੱਕ ਲਗਭਗ 150 ਫਾਇਰਫਾਈਟਰ ਅਤੇ 25 ਫਾਇਰ ਇੰਜਣ ਅੱਗ ਨਾਲ ਜੂਝ ਰਹੇ ਹਨ। ਪੁਲਿਸ ਨੇ ਇਸ ਨੂੰ ਵੱਡੀ ਘਟਨਾ ਕਰਾਰ ਦਿੱਤਾ ਹੈ।

ਸਾਊਥਾਲ ਦੀ ਆਵਾਜਾਈ ਜਿੱਥੇ ਪ੍ਰਭਾਵਿਤ ਹੋ ਰਹੀ ਹੈ, ਉੱਥੇ ਹੀ ਪੁਲਿਸ ਨੇ ਲੋਕਾਂ ਨੂੰ ਘਰਾਂ ਦੀਆਂ ਖਿੜਕੀਆਂ ਬੰਦ ਰੱਖਣ ਦੀ ਸਲਾਹ ਦਿੱਤੀ ਹੈ॥ ਸਹਾਇਕ ਕਮਿਸ਼ਨਰ ਪੈਟ ਗੌਲਬੋਰਨ ਨੇ ਕਿਹਾ ਵੱਡੀ ਘਟਨਾ ਐਲਾਨਨ ਦਾ ਫੈਸਲਾ ਇਮਾਰਤ ਦੇ ਅੰਦਰ ਪਟਾਕਿਆਂ ਅਤੇ ਸਿਲੰਡਰਾਂ ਦੀ ਸ਼ੱਕੀ ਮੌਜੂਦਗੀ ਕਾਰਨ ਲਿਆ ਗਿਆ ਹੈ। ਸਾਰੇ ਫਾਇਰਫਾਈਟਰ ਸੁਰੱਖਿਅਤ ਦੂਰੀ 'ਤੇ ਹਨ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅੱਗ ਨਾਲ ਲੜ ਰਹੇ ਹਨ। ਪਰ ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।


JSR CONTRACTS LTD T/A

JSR 247 RECOVERY

Reliable Vehicle Transport & Recovery Services – Local and Nationwide

We provide professional and efficient vehicle transport solutions tailored to your needs:



- Local and Nationwide Vehicle Transport – Single or multiple vehicles
- Trade Plate Deliveries & Collections – Fast and compliant vehicle movements
- Auction Collections & Dealership Transfers – Safe and timely service
- Transport for Non-Runners & Damaged Vehicles – Secure and careful handling
- Customer Handovers, Scheduled Deliveries, Professional presentation every time
- Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

Contact us today for a reliable quote and hassle-free service!

We are available 24X7 and cover Bilston, West Bromwich, Dalston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

ਜੇ.ਐਸ.ਆਰ. 247 ਰਿਕਵਰੀ

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।

ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਨ।

* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫ਼ੀਲਡ, ਵਿਲਨਹਾਲ, ਵੂਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।

* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ।
ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

FOR MORE INFO CALL OR SEND MESSAGE TO:

WhatsApp Phone: 07462 760 215
Email:info@jsr247recovery.com
www.jsr247recovery.com



# ਯੂ ਕੇ ਨਵੇਂ ਇੰਮੀਗ੍ਰੇਸ਼ਨ ਨਿਯਮਾਂ ਦੇ ਐਲਾਨ ਨੇ ਬਰਤਾਨੀਆਂ ਵਿੱਚ ਲਿਆਂਦਾ ਭੁਚਾਲ
## ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਯੂ ਕੇ ਵਿੱਚ ਪੱਕੇ ਹੋਣ ਲਈ 30 ਸਾਲਾਂ ਤੱਕ ਉਡੀਕ ਕਰਨੀ ਪਵੇਗੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਕੀਰ ਸਟਾਰਮਰ ਦੀ ਅਗਵਾਈ ਵਾਲੀ ਸਰਕਾਰ ਨੇ ਦੇਸ਼ ਦੇ ਇਮੀਗ੍ਰੇਸ਼ਨ ਢਾਂਚੇ 'ਚ ਵੱਡੇ ਬਦਲਾਅ ਕਰਨ ਦਾ ਐਲਾਨ ਕੀਤਾ ਹੈ।ਇਨ੍ਹਾਂ ਬਦਲਾਵਾਂ ਨੂੰ ਲਗਭਗ 50 ਸਾਲਾਂ 'ਚ ਕਾਨੂੰਨੀ ਮਾਈਗ੍ਰੇਸ਼ਨ ਢਾਂਚੇ ਵਿੱਚ ਸਭ ਤੋਂ ਵੱਡਾ ਅਤੇ ਸਭ ਤੋਂ ਅਹਿਮ ਬਦਲਾਅ ਮੰਨਿਆ ਜਾ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਸੁਧਾਰ ਹਾਲ ਹੀ ਦੇ ਸਾਲਾਂ 'ਚ ਬ੍ਰਿਟੇਨ ਆਏ ਲੋਕਾਂ ਦੀ ਵਿਸ਼ਾਲ ਸੰਖਿਆ ਦੇ ਮੱਦੇਨਜ਼ਰ ਕੀਤੇ ਗਏ ਹਨ।***

ਨਿਯਮਾਂ 'ਚ ਤਬਦੀਲੀ ਨੂੰ ਲੈ ਕੇ ਬੀਤੇ ਕੁਝ ਦਿਨਾਂ ਵਿੱਚ ਤਰਥੱਲੀ ਮੱਚੀ ਹੋਈ ਹੈ।ਲੇਬਰ ਪਾਰਟੀ ਦੀ ਇਹ ਯੋਜਨਾ ਨਵੀਂ ਉੱਭਰ ਰਹੀ ਰਾਜਨੀਤਿਕ ਪਾਰਟੀ ਰੀਫੋਰਮ ਨੂੰ ਵੱਡੀ ਚੁਣੌਤੀ ਬਣ ਸਕਦੀ ਹੈ। ਕਿਉਂਕਿ ਬੀਤੇ ਕੁਝ ਸਮੇਂ ਤੋਂ ਸਿਆਸੀ ਪਾਰਟੀਆਂ ਲਈ ਪ੍ਰਵਾਸ ਵੱਡਾ ਮੁੱਦਾ ਬਣਿਆ ਹੋਇਆ ਹੈ। ਲੇਬਰ ਸਰਕਾਰ ਦੀ ਨਵੀਂ ਨੀਤੀ ਤਹਿਤ ਪ੍ਰਵਾਸੀਆਂ ਲਈ ਬ੍ਰਿਟੇਨ ਵਿੱਚ ਪੱਕੇ ਤੌਰ ਤੇ ਰਹਿਣ ਲਈ ਜਾਣੀ ਅਨਿਸ਼ਚਿਤ ਸਮੇਂ ਲਈ ਰਹਿਣ ਦੀ ਇਜਾਜ਼ਤ ਜਾਂ ਸੈਟਲਮੈਂਟ ਲਈ ਅਰਜ਼ੀ ਦੇਣ ਤੋਂ ਪਹਿਲਾਂ ਲੱਗਣ ਵਾਲਾ ਸਮਾਂ 5 ਸਾਲ ਤੋਂ ਵੱਧ ਕੇ 10 ਸਾਲ ਹੋ ਜਾਵੇਗਾ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਨਵਾਂ 'ਅਰਨਡ ਸੈਟਲਮੈਂਟ ਮਾਡਲ' ਪੇਸ਼ ਕੀਤਾ ਹੈ। ਸ਼ਬਾਨਾ ਮਹਿਮੂਦ ਨੇ ਕਿਹਾ ਹੈ ਕਿ "ਇਸ ਦੇਸ਼ ਵਿੱਚ ਹਮੇਸ਼ਾ ਲਈ ਵਸਣਾ ਕੋਈ ਆਮ ਨਹੀਂ ਹੈ, ਬਲਕਿ ਇੱਕ ਖਾਸ



ਅਧਿਕਾਰ ਹੈ ਅਤੇ ਕਿਸੇ ਨੂੰ ਵੀ ਇਸ ਨੂੰ ਕਮਾਉਣਾ ਹੋਵੇਗਾ"।

ਨਵੇਂ ਪ੍ਰਸਤਾਵਾਂ ਤਹਿਤ ਸਮਾਜਿਕ ਭੱਤੇ ਵੀ ਸੀਮਤ ਹੋਣਗੇ। ਜਨਤਕ ਫੰਡਾਂ ਤੱਕ ਪਹੁੰਚ ਸਿਰਫ਼ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਹੀ ਮਿਲੇਗੀ, ਜਿਸ ਲਈ ਯੂ ਕੇ ਲਾਈਫ ਟੈਸਟ ਪਾਸ ਕਰਨ ਲਈ ਵਾਧੂ ਫੀਸ ਦੇਣੀ ਜ਼ਰੂਰੀ ਹੋਵੇਗੀ।

ਸਿਹਤ ਤੇ ਸੋਸ਼ਲ ਕੇਅਰ ਵਰਕਰਾਂ ਲਈ ਸੈਟਲਮੈਂਟ ਦੀ ਮਿਆਦ 15 ਸਾਲ ਹੋਵੇਗੀ। ਗੈਰ-ਕਾਨੂੰਨੀ ਪ੍ਰਵਾਸੀ ਅਤੇ ਉਹ ਲੋਕ ਜੋ ਤੈਅ ਸਮੇਂ ਤੋਂ ਵੱਧ ਸਮੇਂ ਤੱਕ ਦੇਸ਼ 'ਚ ਰਹਿੰਦੇ ਹਨ, ਉਨ੍ਹਾਂ ਨੂੰ ਪੱਕੇ ਹੋਣ ਲਈ 30 ਸਾਲਾਂ ਤੱਕ ਉਡੀਕ ਕਰਨੀ ਪਵੇਗੀ। ਇਹ ਸਖ਼ਤ ਨਿਯਮ ਉਨ੍ਹਾਂ ਕਰੀਬ 20 ਲੱਖ ਪ੍ਰਵਾਸੀਆਂ 'ਤੇ ਲਾਗੂ ਹੋਣਗੇ ਜੋ 2021 ਤੋਂ ਬਾਅਦ ਯੂ ਕੇ 'ਚ ਆਏ ਹਨ। ਗ੍ਰਹਿ ਦਫ਼ਤਰ ਦਾ ਕਹਿਣਾ ਹੈ ਕਿ ਇਸ ਬਦਲਾਅ ਦਾ ਮਕਸਦ ਇੱਕ ਢਾਂਚਾ ਬਣਾਉਣਾ ਹੈ, ਜੋ ਯੂਰਪ ਵਿੱਚ ਸਭ ਤੋਂ ਸਖ਼ਤ ਹੋਵੇਗਾ।

# ਭਾਰਤੀ ਮੂਲ ਦੇ ਤਕਨਾਲੋਜੀ ਨਿਵੇਸ਼ਕ ਸੁਮੀਤ ਬੈਨਰਜੀ ਨੇ ਬੀ ਬੀ ਸੀ ਬੋਰਡ ਮੈਂਬਰ ਵਜੋਂ ਦਿੱਤਾ ਅਸਤੀਫਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੇ ਤਕਨਾਲੋਜੀ ਨਿਵੇਸ਼ਕ ਸੁਮੀਤ ਬੈਨਰਜੀ ਨੇ ਬ੍ਰਿਟਿਸ਼ ਜਨਤਕ ਪ੍ਰਸਾਰਕ ਦੇ ਉੱਚ ਪੱਧਰ 'ਤੇ "ਕਾਰਜਸ਼ੀਲ ਮੁੱਦਿਆਂ" ਨੂੰ ਲੈ ਕੇ ਬੀ ਬੀ ਸੀ ਦੇ ਗੈਰ-ਕਾਰਜਕਾਰੀ ਬੋਰਡ ਮੈਂਬਰ ਵਜੋਂ ਅਸਤੀਫਾ ਦੇ ਦਿੱਤਾ ਹੈ। ਬੈਨਰਜੀ ਦਾ ਅਸਤੀਫਾ ਬੀਤੇ ਕੱਲ ਉਸ ਸਮੇਂ ਆਇਆ ਜਦੋਂ ਬੀ ਬੀ ਸੀ ਵਿੱਚ ਇੱਕ ਦਸਤਾਵੇਜ਼ੀ ਫਿਲਮ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ 2021 ਦੇ ਭਾਸ਼ਣ ਦੇ ਸੰਪਾਦਨ ਨੂੰ ਲੈ ਕੇ ਡੂੰਘਾ ਵਾਦ ਵਿਵਾਦ ਚੱਲ ਰਿਹਾ ਹੈ। ਆਪਣੇ ਅਸਤੀਫੇ ਵਿੱਚ ਬੈਨਰਜੀ ਨੇ ਕਿਹਾ ਕਿ ਡਾਇਰੈਕਟਰ ਜਨਰਲ ਟਿਮ ਡੇਵੀ ਅਤੇ ਨਿਊਜ਼ ਮੁਖੀ ਡੇਬੋਰਾ ਟਰਨੈਸ ਦੇ ਅਸਤੀਫੇ ਤੋਂ ਪਹਿਲਾਂ ਦੀਆਂ ਘਟਨਾਵਾਂ ਬਾਰੇ ਉਨ੍ਹਾਂ ਨਾਲ "ਸਲਾਹ-ਮਸ਼ਵਰਾ ਨਹੀਂ ਕੀਤਾ।

ਬ੍ਰਿਟਿਸ਼ ਪ੍ਰਸਾਰਣ ਕਾਰਪੋਰੇਸ਼ਨ (ਬੀ.ਬੀ.ਸੀ.) ਨੇ ਸੁਮਿਤ ਬੈਨਰਜੀ ਦੇ ਅਸਤੀਫੇ ਦੀ ਪੁਸ਼ਟੀ ਕੀਤੀ ਹੈ। ਬੀ ਬੀ ਸੀ ਨੇ ਕਿਹਾ ਕਿ ਬੋਰਡ ਵਿੱਚ ਗੈਰ-ਕਾਰਜਕਾਰੀ ਮੈਂਬਰ ਵਜੋਂ ਬੈਨਰਜੀ ਦਾ ਕਾਰਜਕਾਲ ਦਸੰਬਰ ਦੇ ਅੰਤ ਵਿੱਚ ਖਤਮ ਹੋਣ ਵਾਲਾ ਸੀ ਅਤੇ ਅਸੀਂ ਉਨ੍ਹਾਂ ਦੀਆਂ ਸੇਵਾਵਾਂ ਲਈ ਧੰਨਵਾਦ ਕਰਦੇ ਹਾਂ। ਉਨ੍ਹਾਂ ਨੂੰ ਬਦਲਣ ਲਈ ਕੰਮ ਪਹਿਲਾਂ ਹੀ ਚੱਲ ਰਿਹਾ ਹੈ ਅਤੇ ਅਸੀਂ ਸਹੀ ਸਮੇਂ ਤੇ ਹੋਰ ਜਾਣਕਾਰੀ ਦੇਵਾਂਗੇ।


ਬੋਰਡ ਦੇ ਚੇਅਰਮੈਨ ਸਮੀਰ ਸ਼ਾਹ ਨੇ ਮੰਨਿਆ ਕਿ ਬੀ ਬੀ ਸੀ ਦੇ "ਪੈਨੋਰਮਾ" ਪ੍ਰੋਗਰਾਮ 'ਚ ਟਰੰਪ ਦੇ ਬਿਆਨ ਨੂੰ ਸੰਪਾਦਿਤ ਕਰਨ ਨਾਲ ਗਲਤ ਪ੍ਰਭਾਵ ਪੈਦਾ ਹੋਇਆ। ਟਰੰਪ ਨੇ ਬੀ ਬੀ ਸੀ ਦੀ ਮੁਆਫ਼ੀ ਦੇ ਬਾਵਜੂਦ ਮੁਕੱਦਮਾ ਕਰਨ ਦੀ ਧਮਕੀ ਦਿੱਤੀ ਹੈ। ਜਦ ਕਿ ਬੀ ਬੀ ਸੀ ਨੇ ਕਿਸੇ ਤਰ੍ਹਾਂ ਦੇ ਮੁਆਵਜ਼ੇ ਤੋਂ ਇਨਕਾਰ ਕੀਤਾ ਹੈ।



ਸੁਮੀਤ ਬੈਨਰਜੀ

# ਬਰਤਾਨੀਆਂ ਨੇ ਪੰਜਾਬ ਦੇ ਕਾਂਗੜਾ ਵਿੱਚ 1810 ਈਸਵੀ ਵਿੱਚ ਬਣਾਈ ਵਿਲੱਖਣ ਹਿੰਦੂ ਚਿੱਤਰਾਂ ਦੀ ਲੜੀ ਦੇ ਨਿਰਯਾਤ 'ਤੇ ਲਗਾਈ ਪਾਬੰਦੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਸਰਕਾਰ ਨੇ ਇਸ ਹਫ਼ਤੇ 200 ਸਾਲ ਪੁਰਾਣੀ ਰੰਗਦਾਰ ਅਤੇ ਵਿਲੱਖਣ ਚਿੱਤਰਾਂ ਦੀ ਲੜੀ ਦੇ ਨਿਰਯਾਤ 'ਤੇ ਪਾਬੰਦੀ ਲਗਾ ਦਿੱਤੀ ਹੈ ਜੋ ਹਿੰਦੂ ਧਰਮ ਦੇ ਸਭ ਤੋਂ ਮਹੱਤਵਪੂਰਨ ਬਿਰਤਾਂਤਾਂ ਵਿੱਚੋਂ ਇੱਕ ਨੂੰ ਦਰਸਾਉਂਦੀ ਹੈ। ਮਾਂ ਕਾਲੀ ਦੇਵੀ ਦੀ ਉਤਪਤੀ ਅਤੇ ਜਿੱਤ ਨੂੰ ਦਰਸਾਉਂਦੀਆਂ 56 ਚਿੱਤਰਾਂ ਦੀ ਲੜੀ ਦੀ ਕੀਮਤ ਲਗਭਗ 2 ਲੱਖ 80 ਹਜ਼ਾਰ ਪੌਂਡ ਜਾਣੀ 3 ਕਰੋੜ 28 ਲੱਖ ਰੁਪਏ ਤੋਂ ਵੱਧ ਦੀ ਹੈ।***



ਪਾਬੰਦੀ ਲਗਾਈ ਚਿੱਤਰਾਂ ਦੀ ਲੜੀ ਦਾ ਇੱਕ ਚਿੱਤਰ

ਇਸ ਵਿਲੱਖਣ ਲੜੀ ਵਿਚਲੇ 56 ਚਿੱਤਰਾਂ ਲਈ ਸੋਨੇ ਅਤੇ ਚਾਂਦੀ ਦੇ ਰੰਗਾਂ ਦੀ ਵਰਤੋਂ ਕੀਤੀ ਗਈ ਹੈ। ਯੂ ਕੇ ਦੀ ਸੱਭਿਆਚਾਰ ਮੰਤਰੀ ਬੈਰੋਨੇਸ ਫਿਓਨਾ ਟਵਾਈਕ੍ਰਾਸ ਨੇ ਕਿਹਾ ਕਿ "ਇਹ ਲੜੀ ਨਾ ਸਿਰਫ਼ ਸੁੰਦਰ ਹੈ ਬਲਕਿ ਬਰਤਾਨੀਆਂ ਵਿੱਚ ਵਿਲੱਖਣ ਹੈ।" ਉਹਨਾਂ ਕਿਹਾ ਕਿ ਸਾਡੇ ਦੇਸ਼ ਵਿੱਚ ਅਜਿਹਾ ਕੋਈ ਹੋਰ ਲਗਭਗ ਪੂਰਾ ਬਿਰਤਾਂਤ ਮੌਜੂਦ ਨਹੀਂ ਹੈ, ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਅਸੀਂ ਇਸ ਲੜੀ ਨੂੰ ਸੁਰੱਖਿਅਤ ਬਰਤਾਨੀਆਂ ਵਿੱਚ ਹੀ ਰੱਖਣ ਦਾ ਮੌਕਾ ਲਈਏ ਅਤੇ ਖੋਜਕਰਤਾਵਾਂ ਨੂੰ ਇਸਦੇ ਭੇਦਾਂ ਨੂੰ ਉਜਾਗਰ ਕਰਨ ਲਈ ਜ਼ਰੂਰੀ ਸਮਾਂ ਦੇਈਏ। ਇਹ ਲੜੀ ਲਗਭਗ ਪੂਰੀ ਤਰ੍ਹਾਂ ਸੁਰੱਖਿਅਤ ਹੈ ਇਸ ਦੇ ਮੂਲ 59 ਪੰਨਿਆਂ ਵਿੱਚੋਂ 56 ਚਿੱਤਰਾਂ ਦੇ ਪੰਨਿਆਂ ਅਤੇ ਮੁੱਖ ਪੰਨੇ 'ਤੇ ਸੰਸਕ੍ਰਿਤ ਅਤੇ ਹਿੰਦੀ ਵਿੱਚ ਸ਼ਿਲਾਲੇਖ ਹਨ ਜੋ ਵਿਅਕਤੀਗਤ ਚਿੱਤਰਾਂ ਦੇ ਵਿਸ਼ਿਆਂ ਦਾ ਵਰਣਨ ਕਰਦੇ ਹਨ। ਇਹ ਲਗਭਗ ਸੰਨ 1810 ਦੀਆਂ ਹਨ ਅਤੇ ਪੰਜਾਬ ਦੇ ਕਾਂਗੜਾ ਖੇਤਰ ਵਿੱਚ ਬਣਾਈਆਂ ਗਈਆਂ ਸਨ।

ਸੱਭਿਆਚਾਰ, ਮੀਡੀਆ ਅਤੇ ਖੇਡ ਵਿਭਾਗ ਨੇ ਕਿਹਾ ਕਿ ਯੂ ਕੇ ਵਿੱਚ ਕੋਈ ਹੋਰ ਤੁਲਨਾਤਮਕ ਲੜੀ ਮੌਜੂਦ ਨਹੀਂ ਹੈ, ਭਾਵ ਇਹ ਨਿਰਯਾਤ ਪਾਬੰਦੀ ਅਜਿਹੇ ਚਿੱਤਰਕਾਰੀ ਬਿਰਤਾਂਤਾਂ ਦੀ ਸਿਰਜਣਾ ਅਤੇ ਵਿਕਾਸ ਦੋਵਾਂ ਦਾ ਅਧਿਐਨ ਕਰਨ ਦਾ ਇੱਕ ਵਿਲੱਖਣ ਮੌਕਾ ਪੈਦਾ ਕਰਦੀ ਹੈ। ਯੂ ਕੇ ਸਰਕਾਰ ਨੇ ਇਸ ਹਫ਼ਤੇ ਕਿਹਾ ਕਿ ਇਹ ਚਿੱਤਰ ਬਰਤਾਨੀਆਂ ਅਤੇ ਪੰਜਾਬ ਵਿਚਕਾਰ ਚੱਲ ਰਹੇ ਸੱਭਿਆਚਾਰਕ ਸਬੰਧਾਂ ਦੀ ਯਾਦ ਦਿਵਾਉਂਦੀਆਂ ਹਨ, ਕਿਉਂਕਿ ਅੱਜ ਬਰਤਾਨੀਆਂ ਵਿੱਚ 10 ਲੱਖ ਤੋਂ ਵੱਧ ਹਿੰਦੂ ਰਹਿੰਦੇ ਹਨ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਬੌਲੀਵੁੱਡ ਅਦਾਕਾਰ ਧਰਮਿੰਦਰ ਚਲ ਵਸੇ

## ✪ 89 ਸਾਲ ਦੀ ਉਮਰ ਵਿੱਚ ਲਏ ਆਖ਼ਰੀ ਸਾਹ; ਪਿਛਲੇ ਕੁਝ ਸਮੇਂ ਤੋਂ ਬਿਮਾਰ ਸੀ ਧਰਮਿੰਦਰ





ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਧਰਮਿੰਦਰ ਦਾ ਬੀਤੇ ਦਿਨੀਂ ਲੰਬੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ। 89 ਸਾਲਾ ਅਦਾਕਾਰ ਨੇ ਬੀਤੇ ਸੋਮਵਾਰ ਦੁਪਹਿਰ ਨੂੰ ਆਪਣੇ ਘਰ ਵਿੱਚ ਹੀ ਆਖਰੀ ਸਾਹ ਲਏ। ਉਨ੍ਹਾਂ ਦਾ ਅੰਤਿਮ ਸਸਕਾਰ ਵਿਲੇ ਪਾਰਲੇ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ, ਜਿਸ ਵਿੱਚ ਸਲਮਾਨ ਖਾਨ, ਸੰਜੇ ਦੱਤ, ਅਮਿਤਾਭ ਬੱਚਨ ਅਤੇ ਆਮਿਰ ਖਾਨ ਸਮੇਤ ਕਈ ਮਸ਼ਹੂਰ ਹਸਤੀਆਂ ਸ਼ਾਮਲ ਹੋ ਰਹੀਆਂ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ ’ਤੇ ਇਕ ਪੋਸਟ ਵਿਚ ਬਜ਼ੁਰਗ ਅਦਾਕਾਰ ਦੇ ਦੇਹਾਂਤ ’ਤੇ ਦੁੱਖ ਜਤਾਇਆ ਹੈ। ਧਰਮਿੰਦਰ ਦੇ ਦੇਹਾਂਤ ਨਾਲ ਪੂਰੀ ਫ਼ਿਲਮ ਇੰਡਸਟਰੀ ਵਿੱਚ ਸੋਗ ਦੀ ਲਹਿਰ ਹੈ।

### ਧਰਮਿੰਦਰ ਦਾ ਪੰਜਾਬ ਦੇ ਪਿੰਡ ਤੋਂ ਬਾਲੀਵੁੱਡ ਦੇ ਸੁਪਰਸਟਾਰ ਤੱਕ ਦਾ ਸਫ਼ਰ

ਧਰਮਿੰਦਰ ਸਿੰਘ ਦਿਓਲ ਦਾ ਜਨਮ 8 ਦਸੰਬਰ 1935 ਨੂੰ ਪੰਜਾਬ (ਉਦੋਂ ਬ੍ਰਿਟਿਸ਼ ਭਾਰਤ) ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਇੱਕ ਜੱਟ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਦਿਓਲ ਪਿੰਡ ਦੇ ਸਕੂਲ ਵਿੱਚ ਹੈੱਡਮਾਸਟਰ ਸਨ। ਧਰਮਿੰਦਰ ਦਾ ਬਚਪਨ ਸਾਹਨੇਵਾਲ ਪਿੰਡ ਵਿੱਚ ਬੀਤਿਆ ਅਤੇ ਉਨ੍ਹਾਂ ਨੇ ਆਪਣੀ ਇੰਟਰਮੀਡੀਏਟ ਦੀ ਪੜ੍ਹਾਈ ਫਗਵਾੜਾ ਦੇ ਰਾਮਗੜ੍ਹੀਆ ਕਾਲਜ ਤੋਂ 1952 ਵਿੱਚ ਪੂਰੀ ਕੀਤੀ। ਬਚਪਨ ਤੋਂ ਹੀ ਧਰਮਿੰਦਰ ਦਾ ਝੁਕਾਅ ਫ਼ਿਲਮਾਂ ਵੱਲ ਸੀ। ਕਿੱਸਾ ਹੈ ਕਿ ਉਹ ਫ਼ਿਲਮਾਂ ਦੇਖਣ ਲਈ ਕਈ ਮੀਲ ਪੈਦਲ ਜਾਂਦੇ ਸਨ। ਸਿਨੇਮਾ ਲਈ ਉਨ੍ਹਾਂ ਦਾ ਇਹ ਜਨੂੰਨ ਉਨ੍ਹਾਂ ਨੂੰ ਮੁੰਬਈ ਲੈ ਗਿਆ।

ਸਾਲ 1958 ਵਿੱਚ ਉਨ੍ਹਾਂ ਨੇ ‘ਫਿਲਮਫੇਅਰ’ ਮੈਗਜ਼ੀਨ ਦੇ ‘ਟੈਲੰਟ ਹੰਟ’ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਇਸ ਨੂੰ ਜਿੱਤ ਲਿਆ। ਇਸ ਮੁਕਾਬਲੇ ਨੇ ਹੀ ਉਨ੍ਹਾਂ ਲਈ ਬਾਲੀਵੁੱਡ ਦੇ ਦਰਵਾਜ਼ੇ ਖੋਲ੍ਹ ਦਿੱਤੇ। ਧਰਮਿੰਦਰ ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ 1960 ਵਿੱਚ ਫ਼ਿਲਮ ‘ਦਿਲ ਬੀ ਤੇਰਾ ਹਮ ਬੀ ਤੇਰੇ’ ਨਾਲ ਕੀਤੀ ਸੀ। ਆਪਣੇ ਸ਼ੁਰੂਆਤੀ ਸਾਲਾਂ (1960 ਤੋਂ 1968) ਦੌਰਾਨ ਉਨ੍ਹਾਂ ਨੇ ਜ਼ਿਆਦਾਤਰ ਰੋਮਾਂਟਿਕ ਅਤੇ ਨਰਮ ਕਿਰਦਾਰ ਨਿਭਾਏ।

ਹਾਲਾਂਕਿ, ਉਨ੍ਹਾਂ ਦੀ ਪਛਾਣ 1966 ਵਿੱਚ ਆਈ ਫ਼ਿਲਮ ‘ਫੂਲ ਔਰ ਪੱਥਰ’ ਨਾਲ ਬਣੀ, ਜਿਸ ਨੇ ਉਨ੍ਹਾਂ ਨੂੰ ਇੱਕ ਐਕਸ਼ਨ ਹੀਰੋ ਅਤੇ ਪ੍ਰਮੁੱਖ ਅਦਾਕਾਰ ਵਜੋਂ ਸਥਾਪਿਤ ਕੀਤਾ। ਇਸ ਫ਼ਿਲਮ ਨੇ ਉਨ੍ਹਾਂ ਨੂੰ ਬੈਸਟ ਐਕਟਰ ਲਈ ਪਹਿਲੀ ਫਿਲਮ ਫੇਅਰ ਨਾਮਜ਼ਦਗੀ ਵੀ ਦਿਵਾਈ।1970 ਅਤੇ 1980 ਦੇ ਦਹਾਕੇ ਵਿੱਚ, ਧਰਮਿੰਦਰ ਨੇ ਬਾਲੀਵੁੱਡ ਉੱਤੇ ਰਾਜ ਕੀਤਾ। ਉਨ੍ਹਾਂ ਦੀ ਗੱਭਰੂ ਦਿੱਖ, ਬਹੁਪੱਖੀ ਅਦਾਕਾਰੀ ਅਤੇ ਸਕਰੀਨ ’ਤੇ ਮਜ਼ਬੂਤ ਹਾਜ਼ਰੀ ਕਾਰਨ ਉਨ੍ਹਾਂ ਨੂੰ ‘ਹੀ-ਮੈਨ’ ਅਤੇ ‘ਗਰਮ ਧਰਮ’ ਵਰਗੇ ਨਾਮ ਮਿਲੇ। ਧਰਮਿੰਦਰ ਨੇ ਆਪਣੇ 6 ਦਹਾਕਿਆਂ ਤੋਂ ਵੱਧ ਦੇ ਫ਼ਿਲਮੀ ਕਰੀਅਰ ਵਿੱਚ 300 ਤੋਂ ਵੱਧ ਫ਼ਿਲਮਾਂ ਵਿੱਚ ਕੰਮ ਕੀਤਾ ਅਤੇ ਹਿੰਦੀ ਸਿਨੇਮਾ ਦੇ ਇਤਿਹਾਸ ਵਿੱਚ ਇੱਕ ਅਮਿੱਟ ਛਾਪ ਛੱਡੀ।

### ਧਰਮਿੰਦਰ ਦਾ ਨਿੱਜੀ ਜੀਵਨ ਵੀ ਕਾਫ਼ੀ ਚਰਚਾ ਵਿੱਚ ਰਿਹਾ

ਉਨ੍ਹਾਂ ਦਾ ਪਹਿਲਾ ਵਿਆਹ 1954 ਵਿੱਚ, ਜਦੋਂ ਉਹ ਸਿਰਫ਼ 19 ਸਾਲ ਦੇ ਸਨ, ਪ੍ਰਕਾਸ਼ ਕੌਰ ਨਾਲ ਹੋਇਆ। ਇਸ ਵਿਆਹ ਤੋਂ ਉਨ੍ਹਾਂ ਦੇ ਚਾਰ ਬੱਚੇ ਹਨ: ਦੋ ਪੁੱਤਰ, ਜੋ ਕਿ ਸਫਲ ਅਦਾਕਾਰ ਹਨ, ਸੰਨੀ ਦਿਓਲ ਅਤੇ ਬੌਬੀ ਦਿਓਲ, ਅਤੇ ਦੋ ਧੀਆਂ, ਵਿਜੇਤਾ ਤੇ ਅਜੀਤਾ, ਜੋ ਲਾਈਮਲਾਈਟ ਤੋਂ ਦੂਰ ਰਹਿੰਦੀਆਂ ਹਨ।

ਦੂਜਾ ਵਿਆਹ ਸਾਲ 1980 ਵਿੱਚ ਉਨ੍ਹਾਂ ਨੇ ਬਾਲੀਵੁੱਡ ਦੀ ‘ਡ੍ਰੀਮ ਗਰਲ’ ਅਦਾਕਾਰਾ ਹੇਮਾ ਮਾਲਿਨੀ ਨਾਲ ਵਿਆਹ ਕੀਤਾ। ਇਸ ਵਿਆਹ ਤੋਂ ਉਨ੍ਹਾਂ ਦੀਆਂ ਦੋ ਧੀਆਂ ਹਨ: ਅਦਾਕਾਰਾ ਏਸ਼ਾ ਦਿਓਲ ਅਤੇ ਅਹਾਨਾ ਦਿਓਲ। ਧਰਮਿੰਦਰ ਦਾ ਪੂਰਾ ਪਰਿਵਾਰ ਫ਼ਿਲਮ ਜਗਤ ਵਿੱਚ ਸਰਗਰਮ ਰਿਹਾ ਹੈ ਅਤੇ ਦਿਓਲ ਪਰਿਵਾਰ ਨੂੰ ਬਾਲੀਵੁੱਡ ਦੇ ਸਭ ਤੋਂ ਮਸ਼ਹੂਰ ਪਰਿਵਾਰਾਂ ਵਿੱਚ ਗਿਣਿਆ ਜਾਂਦਾ ਹੈ।

### ਬਾਲੀਵੁੱਡ ਵਿੱਚ ਧਰਮਿੰਦਰ ਦਾ ਸ਼ਾਨਦਾਰ ਯੋਗਦਾਨ

ਧਰਮਿੰਦਰ ਨੂੰ ਭਾਰਤੀ ਸਿਨੇਮਾ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ। ਫਿਲਮਫੇਅਰ ਲਾਈਫਟਾਈਮ ਅਚੀਵਮੈਂਟ ਅਵਾਰਡ (1997), ਪਦਮ ਭੂਸ਼ਣ (2012): ਭਾਰਤ ਸਰਕਾਰ ਦੁਆਰਾ ਦਿੱਤਾ ਜਾਣ ਵਾਲਾ ਤੀਜਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਹੈ। ਇੱਕ ਅਦਾਕਾਰ ਹੋਣ ਦੇ ਨਾਲ-ਨਾਲ ਧਰਮਿੰਦਰ ਨੇ ਰਾਜਨੀਤੀ ਵਿੱਚ ਵੀ ਹੱਥ ਅਜ਼ਮਾਇਆ। ਉਹ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਮੈਂਬਰ ਵਜੋਂ ਰਾਜਸਥਾਨ ਦੇ ਬੀਕਾਨੇਰ ਹਲਕੇ ਤੋਂ 14ਵੀਂ ਲੋਕ ਸਭਾ (2004-2009) ਦੇ ਮੈਂਬਰ ਰਹੇ।ਉਨ੍ਹਾਂ ਦਾ ਜੀਵਨ ਸੰਘਰਸ਼, ਪ੍ਰਤਿਭਾ ਅਤੇ ਸਫਲਤਾ ਦੀ ਇੱਕ ਅਜਿਹੀ ਕਹਾਣੀ ਹੈ, ਜਿਸ ਨੇ ਉਨ੍ਹਾਂ ਨੂੰ ਸੱਚਮੁੱਚ ਹਿੰਦੀ ਸਿਨੇਮਾ ਦਾ ਅਮਰ ’ਹੀ-ਮੈਨ’ ਬਣਾ ਦਿੱਤਾ ਹੈ।

### ਬਾਲੀਵੁੱਡ ਅਦਾਕਾਰ ਧਰਮਿੰਦਰ ਦੀ ਫਗਵਾੜਾ ਤੇ ਸਾਹਨੇਵਾਲ ਨਾਲ ਖ਼ਾਸ ਸਾਂਝ

ਲੁਧਿਆਣਾ ਦੇ ਨੇੜੇ ਸਾਹਨੇਵਾਲ ਵਿੱਚ ਜਨਮੇ ਧਰਮਿੰਦਰ ਨੇ ਆਪਣੇ ਸ਼ੁਰੂਆਤੀ ਸਾਲ ਫਗਵਾੜਾ ਵਿੱਚ ਬਿਤਾਏ, ਜਿੱਥੇ ਉਨ੍ਹਾਂ ਦੇ ਪਿਤਾ ਮਾਸਟਰ ਕੇਵਲ ਕ੍ਰਿਸ਼ਨ ਚੌਧਰੀ ਆਰੀਆ ਹਾਈ ਸਕੂਲ ਵਿੱਚ ਗਣਿਤ ਅਤੇ ਸਮਾਜਿਕ ਅਧਿਐਨ ਦੇ ਇੱਕ ਸਤਿਕਾਰਤ ਅਧਿਆਪਕ ਵਜੋਂ ਸੇਵਾ ਕਰਦੇ ਸਨ। ਨੌਜਵਾਨ ਧਰਮਿੰਦਰ ਨੇ 1950 ਵਿੱਚ ਆਰੀਆ ਹਾਈ ਸਕੂਲ ਤੋਂ ਆਪਣੀ ਮੈਟ੍ਰਿਕ ਪੂਰੀ ਕੀਤੀ। ਉਸ ਸਮੇਂ ਉਨ੍ਹਾਂ ਦੇ ਜਮਾਤੀ ਉਨ੍ਹਾਂ ਨੂੰ ਵੱਡੇ ਸੁਪਨਿਆਂ ਅਤੇ ਨਿਮਰ ਸੁਭਾਅ ਵਾਲੇ ਇੱਕ ਸਾਦੇ, ਚੰਗੇ ਸੁਭਾਅ ਵਾਲੇ ਮੁੰਡੇ ਵਜੋਂ ਯਾਦ ਕਰਦੇ ਹਨ।

ਦੱਸ ਦਈਏ ਕਿ ਧਰਮਿੰਦਰ ਸਿੰਘ ਦਿਓਲ ਦਾ ਜਨਮ 8 ਦਸੰਬਰ 1935 ਨੂੰ ਪੰਜਾਬ (ਉਦੋਂ ਬ੍ਰਿਟਿਸ਼ ਭਾਰਤ) ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਇੱਕ ਜੱਟ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਦਿਓਲ ਪਿੰਡ ਦੇ ਸਕੂਲ ਵਿੱਚ ਹੈੱਡਮਾਸਟਰ ਸਨ। ਧਰਮਿੰਦਰ ਦਾ ਬਚਪਨ ਸਾਹਨੇਵਾਲ ਪਿੰਡ ਵਿੱਚ ਬੀਤਿਆ ਅਤੇ ਉਨ੍ਹਾਂ ਨੇ ਆਪਣੀ ਇੰਟਰਮੀਡੀਏਟ ਦੀ ਪੜ੍ਹਾਈ ਫਗਵਾੜਾ ਦੇ ਰਾਮਗੜ੍ਹੀਆ ਕਾਲਜ ਤੋਂ 1952 ਵਿੱਚ ਪੂਰੀ ਕੀਤੀ। ਬਚਪਨ ਤੋਂ ਹੀ ਧਰਮਿੰਦਰ ਦਾ ਝੁਕਾਅ ਫ਼ਿਲਮਾਂ ਵੱਲ ਸੀ। ਕਿੱਸਾ ਹੈ ਕਿ ਉਹ ਫ਼ਿਲਮਾਂ ਦੇਖਣ ਲਈ ਕਈ ਮੀਲ ਪੈਦਲ ਜਾਂਦੇ ਸਨ। ਸਿਨੇਮਾ ਲਈ ਉਨ੍ਹਾਂ ਦਾ ਇਹ ਜਨੂੰਨ ਉਨ੍ਹਾਂ ਨੂੰ ਮੁੰਬਈ ਲੈ ਗਿਆ।

# ਸੋਨਮ ਬਾਜਵਾ ਤੇ ਫ਼ਿਲਮ ਪਿੱਟ ਸਿਆਪਾ ਦੀ ਟੀਮ ’ਤੇ ਮੁਕੱਦਮਾ ਦਰਜ ਕਰਕੇ ਗ੍ਰਿਫ਼ਤਾਰ ਕਰੋ-ਸ਼ਾਹੀ ਇਮਾਮ ਦੀ ਮੰਗ



ਲੁਧਿਆਣਾ-ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਪੁਲਿਸ ਤੋਂ ਮੰਗ ਕੀਤੀ ਕਿ ਫਿਲਮ ‘ਪਿੱਟ ਸਿਆਪਾ’ ਦੀ ਅਦਾਕਾਰਾ ਸੋਨਮ ਬਾਜਵਾ ਅਤੇ ਫਿਲਮ ਦੇ ਡਾਇਰੈਕਟਰ ਤੇ ਟੀਮ ਦੇ ਨਾਲ-ਨਾਲ ਪੁਰਾਤਨ ਵਿਭਾਗ ਖਿਲਾਫ ਵੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਮੁਕੱਦਮਾ ਦਰਜ ਕਰਕੇ ਤੁਰੰਤ ਗ੍ਰਿਫਤਾਰ ਕਰਕੇ ਜੇਲ੍ਹ ’ਚ ਭੇਜਿਆ ਜਾਵੇ। ਸ਼ਾਹੀ ਇਮਾਮ ਨੇ ਦੱਸਿਆ ਕਿ ਬੀਤੇ ਦਿਨੀਂ ਇਕ ਪੰਜਾਬੀ ਫਿਲਮ ਦੀ ਸ਼ੂਟਿੰਗ ਦੌਰਾਨ ਸੋਨਮ ਬਾਜਵਾ ਅਤੇ ਉਸ ਦੀ ਟੀਮ ਨੇ ਸਰਹਿੰਦ ਸਥਿਤ ਇਤਿਹਾਸਕ ਮਸਜਿਦ ਭਗਤ ਸਦਨਾ ਕਸਾਈ ਵਿਚ ਜਾ ਕੇ ਸ਼ੂਟਿੰਗ ਕੀਤੀ, ਜਦਕਿ ਕਦੇ ਕਿਸੇ ਵੀ ਮਸਜਿਦ ਵਿਚ ਸ਼ੂਟਿੰਗ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਸ਼ਾਹੀ ਇਮਾਮ ਨੇ ਕਿਹਾ ਕਿ ਦਿਨ ਬ ਦਿਨ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਕੀ ਅੰਮ੍ਰਿਤਪਾਲ ਜੇਲ੍ਹ 'ਤੋਂ ਮੁਕਤ ਹੋਕੇ ਸੰਸਦ ਪਹੁੰਚੇਗਾ ਜਾਂ ਐਨਐਸਏ ਦੀਆਂ ਸਲਾਖਾਂ ਹੀ ਬਣਨਗੀਆਂ ਰੁਕਾਵਟ ?

## ✪ ਪੈਰੋਲ ਬਾਰੇ ਪੰਜਾਬ ਸਰਕਾਰ ਨੂੰ ਹਾਈ ਕੋਰਟ ਦਾ ਇੱਕ ਹਫ਼ਤੇ ਵਿੱਚ ਫੈਸਲਾ ਲੈਣ ਦਾ ਹੁਕਮ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਦੇ ਸੰਸਦ ਮੈਂਬਰ ਅਤੇ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੀ ਅੰਤਰਿਮ ਪੈਰੋਲ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਉਹ ਇੱਕ ਹਫ਼ਤੇ ਦੇ ਅੰਦਰ-ਅੰਦਰ ਪੈਰੋਲ ਜਾਂ ਸੰਸਦ ਵਿੱਚ ਹਾਜ਼ਰੀ ਦੇ ਪ੍ਰਬੰਧ ਬਾਰੇ ਠੋਸ ਫੈਸਲਾ ਲਵੇ। ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਅਤੇ ਜਸਟਿਸ ਲਪਿਤਾ ਬੈਨਰਜੀ ਦੀ ਡਿਵੀਜ਼ਨ ਬੈਂਚ ਨੇ ਟਿੱਪਣੀ ਕੀਤੀ ਕਿ ਸੰਸਦ ਦਾ ਸਰਦ ਰੁੱਤ ਸੈਸ਼ਨ 1 ਦਸੰਬਰ ਤੋਂ 19 ਦਸੰਬਰ 2025 ਤੱਕ ਚੱਲੇਗਾ, ਇਸ ਲਈ ਸਰਕਾਰ ਨੂੰ "ਬਿਨਾਂ ਦੇਰੀ" ਫੈਸਲਾ ਲੈਣਾ ਚਾਹੀਦਾ ਹੈ।

ਅੰਮ੍ਰਿਤਪਾਲ ਸਿੰਘ ਦੇ ਵਕੀਲ ਐਡਵੋਕੇਟ ਇੰਦਰਪ੍ਰੀਤ ਸਿੰਘ ਬਿੱਟੂ ਨੇ ਦਲੀਲ ਦਿੱਤੀ ਕਿ ਉਨ੍ਹਾਂ ਦਾ ਮੁਵੱਕਿਲ ਲੋਕ ਸਭਾ ਦਾ ਚੁਣਿਆ ਹੋਇਆ ਨੁਮਾਇੰਦਾ ਹੈ ਅਤੇ ਸੰਸਦ ਵਿੱਚ ਬੋਲਣ ਦਾ ਸੰਵਿਧਾਨਕ ਹੱਕ ਰੱਖਦਾ ਹੈ। ਉਨ੍ਹਾਂ ਕਿਹਾ, "ਜੇਲ੍ਹ ਵਿੱਚ ਰਹਿੰਦਿਆਂ ਵੀ ਸੰਸਦ ਮੈਂਬਰ ਦਾ ਅਹੁਦਾ ਖ਼ਤਮ ਨਹੀਂ ਹੁੰਦਾ। NSA ਦੀ ਧਾਰਾ 15 ਤਹਿਤ ਸਰਕਾਰ ਕੋਲ ਅਸਥਾਈ ਰਿਹਾਈ ਦੇਣ ਦਾ ਅਧਿਕਾਰ ਹੈ।"

### ਪਿਛੋਕੜ: 2023 ਦੀ ਗ੍ਰਿਫ਼ਤਾਰੀ ਤੋਂ ਲੈ ਕੇ ਲੋਕ ਸਭਾ ਚੋਣ ਤੱਕ ਦਾ ਸਫ਼ਰ

23 ਮਾਰਚ 2023 ਨੂੰ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਐਨਐਸਏ ਤਹਿਤ ਬੰਦ ਕੀਤਾ ਗਿਆ ਸੀ। ਉਸ 'ਤੇ ਦੇਸ ਧਰੋਹ, ਨਸ਼ਿਆਂ ਵਿਰੋਧੀ ਮੁਹਿੰਮ ਦੌਰਾਨ ਹਥਿਆਰਬੰਦ ਸਮੂਹ ਬਣਾਉਣ ਅਤੇ ਪੰਜਾਬ ਵਿੱਚ ਵੱਖਵਾਦੀ ਮਾਹੌਲ ਪੈਦਾ ਕਰਨ ਦੇ ਇਲਜ਼ਾਮ ਲੱਗੇ ਸਨ। ਪਰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਉਹ ਡਿਬਰੂਗੜ੍ਹ ਜੇਲ੍ਹ ਤੋਂ ਹੀ ਖਡੂਰ ਸਾਹਿਬ ਸੀਟ 'ਤੇ ਚੋਣ ਲੜੇ ਅਤੇ ਕਾਂਗਰਸ ਦੇ ਕੁਲਬੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਦੇ ਵਿਸ਼ਾਲ ਫਰਕ ਨਾਲ ਹਰਾ ਕੇ ਸੰਸਦ ਮੈਂਬਰ ਚੁਣੇ ਗਏ। ਇਹ ਜਿੱਤ ਪੰਜਾਬ ਦੀ ਸਿਆਸਤ ਵਿੱਚ ਇੱਕ ਵੱਡਾ



ਉਲਟਫੇਰ ਸੀ - ਇੱਕ 31 ਸਾਲਾ ਨੌਜਵਾਨ, ਜਿਸ ਨੂੰ ਕੇਂਦਰ ਤੇ ਪੰਜਾਬ ਸਰਕਾਰਾਂ "ਖ਼ਤਰਨਾਕ" ਕਹਿ ਰਹੀਆਂ ਸਨ, ਉਹ ਲੋਕਾਂ ਦੀ ਪਹਿਲੀ ਪਸੰਦ ਬਣ ਗਿਆ।

### ਕੀ ਐਨ ਐਸ ਏ ਤਹਿਤ ਬੰਦ ਵਿਅਕਤੀ ਸੰਸਦ ਵਿੱਚ ਜਾ ਸਕਦਾ ਹੈ ?

ਭਾਰਤੀ ਸੰਵਿਧਾਨ ਦੀ ਧਾਰਾ 101(4) ਅਨੁਸਾਰ ਜੇ ਕੋਈ ਸੰਸਦ ਮੈਂਬਰ ਲਗਾਤਾਰ 60 ਦਿਨ ਸਦਨ ਵਿੱਚ ਹਾਜ਼ਰ ਨਾ ਹੋਵੇ ਤਾਂ ਉਸ ਦੀ ਮੈਂਬਰੀ ਖ਼ਤਮ ਕੀਤੀ ਜਾ ਸਕਦੀ ਹੈ। ਅੰਮ੍ਰਿਤਪਾਲ ਸਿੰਘ ਨੇ ਮਾਨਸੂਨ ਸੈਸ਼ਨ ਵੀ ਮਿਸ ਕੀਤਾ ਸੀ। ਹੁਣ ਸਰਦ ਰੁੱਤ ਸੈਸ਼ਨ ਵਿੱਚ ਵੀ ਉਹ ਜੇਲ੍ਹ ਵਿੱਚ ਹੀ ਹਨ। ਇਸ ਲਈ ਉਨ੍ਹਾਂ ਦੇ ਵਕੀਲਾਂ ਨੇ ਦੋ ਬਦਲ ਦਿੱਤੇ ਹਨ: ਪੂਰੇ ਸੈਸ਼ਨ ਲਈ ਅਸਥਾਈ ਪੈਰੋਲ (ਪੈਰੋਲ ਦੌਰਾਨ ਸੁਰੱਖਿਆ ਏਜੰਸੀਆਂ ਦੀ ਨਿਗਰਾਨੀ ਹੇਠ ਦਿੱਲੀ ਆਉਣ-ਜਾਣ ਦਾ ਪ੍ਰਬੰਧ) ਜਾਂ ਫਿਰ ਵੀਡੀਓ ਕਾਨਫਰੰਸਿੰਗ ਰਾਹੀਂ ਸਦਨ ਵਿੱਚ ਭਾਗ ਲੈਣ ਦੀ ਇਜਾਜ਼ਤ।

ਪਿਛਲੀ ਸੁਣਵਾਈ ਵਿੱਚ ਚੀਫ਼ ਜਸਟਿਸ ਨੇ ਸਵਾਲ ਚੁੱਕਿਆ ਸੀ ਕਿ "ਜਦੋਂ ਤੱਕ ਐਨ ਐਸ ਏ ਦੀ ਹਿਰਾਸਤ 'ਤੇ ਰੋਕ ਨਹੀਂ ਲੱਗਦੀ, ਉਹ ਸੰਸਦ ਵਿੱਚ ਕਿਵੇਂ ਜਾਵੇਗਾ ?"

ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਐਡੀਸ਼ਨਲ ਐਡਵੋਕੇਟ ਜਨਰਲ ਨੇ ਕਿਹਾ ਕਿ ਮਾਮਲਾ "ਸੁਰੱਖਿਆ ਨਾਲ ਜੁੜਿਆ" ਹੈ ਅਤੇ ਫੈਸਲਾ ਲੈਣ ਵਿੱਚ ਸਮਾਂ ਲੱਗੇਗਾ। ਪਰ ਹਾਈ ਕੋਰਟ ਨੇ ਸਪੱਸ਼ਟ ਕਰ ਦਿੱਤਾ ਕਿ ਸਮਾਂ ਨਹੀਂ ਹੈ - ਇੱਕ ਹਫ਼ਤੇ ਵਿੱਚ ਫੈਸਲਾ ਲੈਣਾ ਪਵੇਗਾ।

### ਕੀ ਪੰਜਾਬ ਸਰਕਾਰ ਪੈਰੋਲ ਦੇਵੇਗੀ ?

ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਲਈ ਇਹ ਫੈਸਲਾ ਆਸਾਨ ਨਹੀਂ ਹੈ। ਇੱਕ ਪਾਸੇ ਕੇਂਦਰ ਦੀ ਮੋਦੀ ਸਰਕਾਰ ਤੇ ਖੁਫੀਆ ਏਜੰਸੀਆਂ ਅੰਮ੍ਰਿਤਪਾਲ ਸਿੰਘ ਨੂੰ "ਰਾਸ਼ਟਰੀ ਸੁਰੱਖਿਆ ਲਈ ਖ਼ਤਰਾ" ਮੰਨਦੀਆਂ ਹਨ। ਐਨ ਐਸ ਏ ਦੀ ਮਿਆਦ ਵਾਰ-ਵਾਰ ਵਧਾਈ ਜਾ ਰਹੀ ਹੈ।

ਦੂਜੇ ਪਾਸੇ ਖਡੂਰ ਸਾਹਿਬ ਦੀਆਂ ਚੋਣਾਂ ਵਿੱਚ ਅੰਮ੍ਰਿਤਪਾਲ ਨੂੰ ਮਿਲੀ ਰਿਕਾਰਡ ਵੋਟਾਂ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਇੱਕ ਵੱਡਾ ਹਿੱਸਾ ਉਨ੍ਹਾਂ ਦੇ ਨਾਲ ਹੈ।

ਪੈਰੋਲ ਤੋਂ ਇਨਕਾਰ ਕਰਨ ਨਾਲ ਸਰਕਾਰ 'ਤੇ "ਲੋਕਤੰਤਰ ਦੀ ਹੱਤਿਆ" ਦਾ ਇਲਜ਼ਾਮ ਲੱਗ ਸਕਦਾ ਹੈ। ਪੈਰੋਲ ਤੋਂ ਇਨਕਾਰ ਕਰਨ ਨਾਲ ਪੰਜਾਬ ਦੀ ਸਿਆਸਤ ਇੱਕ ਵਾਰ ਫਿਰ ਗਰਮਾ ਸਕਦੀ ਹੈ। ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਸੰਭਵ ਤੌਰ 'ਤੇ "ਸਖ਼ਤ ਸ਼ਰਤਾਂ" ਵਾਲੀ ਪੈਰੋਲ 'ਤੇ ਵਿਚਾਰ ਕਰ ਰਹੀ ਹੈ - ਜਿਵੇਂ ਪੈਰੋਲ ਦੌਰਾਨ ਪੁਲਿਸ ਏਸਕਾਰਟ, ਜੀਪੀਐਸ ਟਰੈਕਿੰਗ, ਭਾਸ਼ਣਾਂ 'ਤੇ ਪਾਬੰਦੀ ਅਤੇ ਸਿਰਫ਼ ਸੰਸਦੀ ਕਾਰਵਾਈ ਵਿੱਚ ਹਿੱਸਾ ਲੈਣ ਦੀ ਇਜਾਜ਼ਤ।

ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਐਨ ਐਸ ਏ, ਯੂਏਪੀਏ ਵਰਗੇ ਕਾਨੂੰਨਾਂ ਨੂੰ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਲਈ ਵਰਤਿਆ ਜਾ ਰਿਹਾ ਹੈ। ਉਹ ਬੰਦੀ ਸਿੰਘਾਂ ਦੀ ਰਿਹਾਈ ਵਾਂਗ "ਅੰਮ੍ਰਿਤਪਾਲ ਸਿੰਘ ਦੀ ਰਿਹਾਈ" ਨੂੰ ਵੱਡਾ ਮੁੱਦਾ ਬਣਾ ਰਹੇ ਹਨ। ਇੱਕ ਹਫ਼ਤੇ ਵਿੱਚ ਪੰਜਾਬ ਸਰਕਾਰ ਜੋ ਵੀ ਫੈਸਲਾ ਲਵੇਗੀ, ਉਹ ਪੰਜਾਬ ਦੀ ਸਿਆਸਤ ਦਾ ਅਗਲਾ ਅਧਿਆਇ ਲਿਖੇਗਾ।

# ਅੰਮ੍ਰਿਤਪਾਲ ਸਿੰਘ ਦੀ ਮਾਂ ਉਪਰ ਕੈਨੇਡਾ ਜਾਣ ਉਪਰ ਪਾਬੰਦੀ

## ✪ ਦਿੱਲੀ ਏਅਰਪੋਰਟ 'ਤੇ ਰੋਕਿਆ, ਧੀ ਨੂੰ ਮਿਲਣ ਜਾਣਾ ਸੀ ਕੈਨੇਡਾ



ਅੰਮ੍ਰਿਤਸਰ-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਮਾਂ ਬਲਵਿੰਦਰ ਕੌਰ ਨੂੰ ਦਿੱਲੀ ਏਅਰਪੋਰਟ 'ਤੇ ਰੋਕ ਲਿਆ ਗਿਆ। ਉਹ ਬੀਤੇ ਦਿਨੀਂ ਦਿੱਲੀ ਤੋਂ ਕੈਨੇਡਾ ਜਾਣ ਵਾਲੇ ਸਨ। ਉਨ੍ਹਾਂ ਦੀ ਬੇਟੀ ਨੇ ਪੁੱਤਰ ਨੂੰ ਜਨਮ ਦਿੱਤਾ ਹੈ ਤੇ ਉਹ ਉਸ ਨੂੰ ਦੇਖਣ ਜਾ ਰਹੇ ਸਨ। ਪਤਾ ਚੱਲਿਆ ਹੈ ਕਿ ਅੰਮ੍ਰਿਤਸਰ ਦੇਹਾਤ ਪੁਲਿਸ ਨੇ ਬਲਵਿੰਦਰ ਕੌਰ ਖ਼ਿਲਾਫ਼ ਐਲਓਸੀ ਜਾਰੀ ਕਰਵਾਇਆ ਹੋਇਆ ਸੀ। ਚੈਕਿੰਗ ਦੌਰਾਨ ਏਅਰਪੋਰਟ ਅਥਾਰਟੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਖ਼ਿਲਾਫ਼ ਐਲਓਸੀ ਜਾਰੀ ਹੈ, ਇਸ ਲਈ ਉਹ ਦੇਸ਼ ਤੋਂ ਬਾਹਰ ਨਹੀਂ ਜਾ ਸਕਦੇ। ਬਲਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦਾ ਕੇਸ ਦਰਜ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਰੋਕਣਾ ਗਲਤ ਹੈ। ਇਸ ਤੋਂ ਪਹਿਲਾਂ, ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਤੇ ਪਿਤਾ ਤਰਸੇਮ ਸਿੰਘ ਨੂੰ ਵੀ ਏਅਰਪੋਰਟ 'ਤੇ ਰੋਕਿਆ ਜਾ ਚੁੱਕਾ ਹੈ।

# ਮਹਾਰਾਸ਼ਟਰ ਸਰਕਾਰ ਵਲੋਂ ਸਿੱਖ ਸ਼ਹਾਦਤ ਨੂੰ ਪਾਠਕ੍ਰਮ ਵਿਚ ਸ਼ਾਮਿਲ ਕਰਨ ਦਾ ਜਾਰੀ ਕੀਤਾ ਆਰਡੀਨੈਂਸ

ਮੁੰਬਈ-ਸਿੱਖ ਸ਼ਹਾਦਤ (1500-1765) ਨੂੰ ਸੂਬੇ ਦੇ ਪਾਠਕ੍ਰਮ ਵਿਚ ਸ਼ਾਮਿਲ ਕੀਤੇ ਜਾਣ ਦਾ ਆਰਡੀਨੈਂਸ ਜਾਰੀ ਹੋਣ 'ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਪ੍ਰਧਾਨ ਸੰਤ ਸਮਾਜ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸਰਕਾਰ ਦਾ ਅਜਿਹਾ ਉਪਰਾਲਾ ਸਿੱਖ ਸੰਗਤਾਂ ਲਈ ਵੱਡੀ ਸੌਗਾਤ ਤੇ ਬਹੁਤ ਮਾਣ ਵਾਲੀ ਗੱਲ ਹੈ ਉਨ੍ਹਾਂ ਕਿਹਾ ਕਿ ਮੁੰਬਈ ਵਿਖੇ ਕਰਵਾਏ ਗਏ 350 ਸਾਲਾਂ ਸ਼ਹੀਦੀ ਸਮਾਗਮਾਂ ਦੌਰਾਨ ਮੁੱਖ ਮੰਤਰੀ ਫੜਨਵੀਸ ਨੇ ਸਿੱਖ ਭਾਈਚਾਰੇ ਲਈ ਜੋ ਐਲਾਨ ਕੀਤਾ ਸੀ, ਉਸ ਨੂੰ ਪੂਰਾ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਹੋਰ ਸਿੱਖ ਸ਼ਹੀਦਾਂ ਦੀ ਵਿਲੱਖਣ ਵਿਰਾਸਤ ਨੂੰ ਸਿੱਖਿਆ ਰਾਹੀਂ ਨਵੀਂ ਪੀੜ੍ਹੀ ਤੱਕ ਪੁੱਜਦਾ ਕਰਨ ਲਈ ਸਿੱਖ ਸ਼ਹਾਦਤ (1500-1765) ਨੂੰ ਆਪਣੇ ਪਾਠਕ੍ਰਮ ਵਿਚ ਸ਼ਾਮਲ ਕਰ ਲਿਆ ਗਿਆ ਹੈ ਤੇ ਹੁਣ ਇਸ ਨੂੰ ਇਕ ਅਲੱਗ 'ਤੇ ਚੋਣਵੇਂ ਵਿਸ਼ੇ ਵਜੋਂ ਮਹਾਰਾਸ਼ਟਰ ਦੇ ਸਾਰੇ ਸਕੂਲ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਾਇਆ ਜਾ ਸਕੇਗਾ।

ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਉਨ੍ਹਾਂ ਵਲੋਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਸਿੱਖਿਆ ਸਿਲੇਬਸ ਦਾ ਹਿੱਸਾ ਬਣਾਉਣ ਦੀ ਜੋ ਮੰਗ ਕੀਤੀ ਗਈ ਸੀ, ਉਸ ਨੂੰ ਸਵੀਕਾਰਤਾ ਮਿਲਣ ਤੋਂ ਬਾਅਦ ਮੁੰਬਈ ਯੂਨੀਵਰਸਿਟੀ ਦੇ ਵਿਦਵਾਨਾਂ ਦੀ ਮਾਹਿਰ ਟੀਮ ਦੁਆਰਾ ਬਹੁਤ ਗੰਭੀਰਤਾ ਤੇ ਘੋਖ ਪੜਤਾਲ ਨਾਲ ਤਿਆਰ ਹੋਏ ਪੂਰਨ ਵੇਰਵੇ ਨੂੰ ਓਪਨ ਇਲੈਕਟਿਵ ਵਿਸ਼ੇ ਵਜੋਂ ਪਾਠਕ੍ਰਮ 'ਚ ਸ਼ਾਮਲ ਕੀਤਾ ਗਿਆ ਹੈ।

# ਅਕਾਲੀ ਦਲ ਬਾਦਲ ਦੇ ਆਈਟੀ ਵਿੰਗ ਦੇ ਮੁਖੀ ਨੂੰ ਹਾਈਕੋਰਟ ਤੋਂ ਮਿਲੀ ਜਮਾਨਤ



ਚੰਡੀਗੜ੍ਹ-ਹਾਈ ਕੋਰਟ ਨੇ ਅਕਾਲੀ ਆਗੂ ਨਛੱਤਰ ਸਿੰਘ ਨੂੰ ਵੱਡੀ ਰਾਹਤ ਦਿੰਦਿਆਂ ਜ਼ਮਾਨਤ ਦੇ ਦਿੱਤੀ ਹੈ। ਤਰਨਤਾਰਨ ਪੁਲਿਸ ਨੇ ਆਈਟੀ ਵਿੰਗ ਦੇ ਪ੍ਰਧਾਨ ਨਛੱਤਰ ਸਿੰਘ ਗਿੱਲ 15 ਨਵੰਬਰ ਨੂੰ ਦੋ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਸੀ। ਅਕਾਲੀ ਆਗੂ ਅਤੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਛੱਤਰ ਸਿੰਘ ਗਿੱਲ ਦੀ ਗ੍ਰਿਫ਼ਤਾਰ ਨੂੰ ਗੈਰ-ਕਾਨੂੰਨੀ ਦੱਸਦੇ ਹੋਏ ਪਟੀਸ਼ਨ ਦਾਖ਼ਲ ਕੀਤੀ ਗਈ ਸੀ।

# ਓਟਵਾ ਵਿਚ ਹਮਲਾ ਨਹੀਂ ਹੋਇਆ, ਫਿਰ ਵੀ ਅਮਰਜੋਤ ਸਿੰਘ ਨੂੰ 'ਖਾੜਕੂ' ਕਿਉਂ ਬਣਾ'ਤਾ ਭਾਰਤ ਸਰਕਾਰ ਨੇ ?

## ○ ਅਮਰਜੋਤ ਨੂੰ ਖਾੜਕੂ ਹਮਲੇ ਦਾ ਦੋਸ਼ੀ ਕਿਉਂ ਠਹਿਰਾਇਆ ਗਿਆ ? ○ ਇੱਕ ਸ਼ਾਂਤ ਰੈਲੀ, ਇੱਕ ਝੂਠਾ ਗ੍ਰਨੇਡ, ਇੱਕ ਪਰਿਵਾਰ ਬੇਚੈਨ ਹੋਇਆ ਦਹਿਸ਼ਤ ਕਾਰਣ

ਵਿਸ਼ੇਸ਼ ਰਿਪੋਟ

ਮੌਂਟਰੀਆਲ ਦਾ ਛੋਟਾ ਜਿਹੇ ਫਲੈਟ ਵਿੱਚ ਤੜਕੇ ਅਮਰਜੋਤ ਸਿੰਘ ਦਾ ਫ਼ੋਨ ਵੱਜਿਆ। ਉਹ ਅਧ-ਨੀਂਦ ਵਿੱਚ ਪਿਆ ਸੀ। ਪਰ ਲਾਈਨ ਉੱਤੇ ਭਾਰਤ ਤੋਂ ਆਉਣ ਵਾਲੀ ਉਸਦੇ ਰਿਸ਼ਤੇਦਾਰ ਦੀ ਆਵਾਜ਼ ਨੇ ਉਸ ਨੂੰ ਹੈਰਾਨੀ ਅਤੇ ਦਹਿਸ਼ਤ ਵਿੱਚ ਡੁਬੋ ਦਿੱਤਾ। "ਅਮਰਜੋਤ, ਤੇਰਾ ਨਾਂ ਅਖ਼ਬਾਰਾਂ ਵਿੱਚ ਆ ਗਿਆ। ਐੱਨ.ਆਈ.ਏ. ਤੇਰੇ ਪਿੱਛੇ ਲੱਗ ਗਈ ਏ। ਤੈਨੂੰ ਖਾੜਕੂ ਐਲਾਨ ਦਿੱਤਾ ਹੈ।" ਇਹ ਜੂਨ 2023 ਵਾਲੀ ਗੱਲ ਸੀ, ਪਰ ਅੱਜ ਵੀ, ਨਵੰਬਰ 2025 ਵਿੱਚ, ਅਮਰਜੋਤ ਨੂੰ ਉਹ ਗੱਲ ਯਾਦ ਆਉਂਦੀ ਹੈ ਜਿਵੇਂ ਕੱਲ੍ਹ ਹੀ ਵਾਪਰੀ ਹੋਵੇ। ਉਹ ਟਰੱਕ ਡਰਾਈਵਰ ਹੈ, ਧਾਰਮਿਕ ਵਿਅਕਤੀ ਹੈ, ਪਰ ਭਾਰਤ ਸਰਕਾਰ ਲਈ ਉਹ ਖਾੜਕੂ ਬਣ ਗਿਆ। ਕਿਉਂ ? ਕਿਉਂਕਿ ਉਹ ਇੱਕ ਸ਼ਾਂਤੀਪੂਰਨ ਭਾਰਤ ਵਿਰੋਧੀ ਰੈਲੀ ਵਿੱਚ ਸ਼ਾਮਲ ਹੋਇਆ ਸੀ।

ਅਮਰਜੋਤ ਸਿੰਘ, ਪੰਜਾਬ ਦੇ ਬੁਟਾਲੇ ਨੇੜੇ ਇੱਕ ਪਿੰਡ ਵਿੱਚ ਪੈਦਾ ਹੋਇਆ ਸੀ। ਉਸ ਦੇ ਦਾਦਾ ਜੀ 1984 ਦੌਰਾਨ ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਵਿੱਚ ਮਾਰੇ ਗਏ ਸਨ। ਉਹ ਆਰਥਿਕ ਮੁਸੀਬਤਾਂ ਕਾਰਨ ਸੰਯੁਕਤ ਅਰਬ ਅਮੀਰਾਤ ਗਿਆ ਸੀ, ਫਿਰ 2018 ਵਿੱਚ ਕੈਨੇਡਾ ਆ ਗਿਆ ਸੀ। ਇੱਥੇ ਉਸ ਨੂੰ ਵਾਤਾਵਰਨ ਚੰਗਾ ਲੱਗਾ। ਪਰ ਜੂਨ 2023 ਵਿੱਚ ਐੱਨ.ਆਈ.ਏ. ਨੇ ਉਸ ਨੂੰ ਨਿਸ਼ਾਨਾ ਬਣਾ ਲਿਆ। ਉਹਨਾਂ ਨੇ ਉਸ ਨੂੰ ਓਟਵਾ ਵਿੱਚ ਭਾਰਤੀ ਹਾਈ ਕਮਿਸ਼ਨ ਉੱਤੇ ਮਾਰਚ 2023 ਵਾਲੇ ਪ੍ਰਦਰਸ਼ਨ ਵਿੱਚ ਦੋ ਗ੍ਰਨੇਡ ਸੁੱਟਣ ਵਾਲੀ ਭੀੜ ਦਾ ਆਗੂ ਠਹਿਰਾਇਆ। ਪਰ ਅਮਰਜੋਤ ਕਹਿੰਦਾ ਹੈ, "ਮੈਂ ਤਾਂ ਸਿਰਫ਼ ਰੈਲੀ ਵਿੱਚ ਗਿਆ ਸੀ। ਉਥੇ ਕੋਈ ਹਿੰਸਾ ਨਹੀਂ ਹੋਈ ਸੀ।"

ਮਾਰਚ 23, 2023 ਨੂੰ ਓਟਵਾ ਵਿੱਚ ਇੱਕ ਰੈਲੀ ਹੋਈ ਸੀ। ਇਹ ਪੰਜਾਬ ਵਿੱਚ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਵਿਰੁੱਧ ਸੀ। ਅੰਮ੍ਰਿਤਪਾਲ ਸਿੰਘ ਅਮਰਜੋਤ ਸਿੰਘ ਦਾ ਸਾਲਾ ਹੈ - ਉਸ ਦੀ ਪਤਨੀ ਦਾ ਜੁੜਵਾਂ ਭਰਾ। ਅੰਮ੍ਰਿਤਪਾਲ ਸਿੰਘ ਨੂੰ ਅਪ੍ਰੈਲ 2023 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਅਤੇ ਉਹ ਅੱਜ ਵੀ ਗੁਜਰਾਤ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਹੈ। ਪਰ ਉਹ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਜਿੱਤ ਗਿਆ ਸੀ। ਰੈਲੀ ਵਿੱਚ ਸਿੱਖ ਭਾਈਚਾਰੇ ਨੇ ਸ਼ਾਂਤੀਪੂਰਨ ਤਰੀਕੇ ਨਾਲ ਨਾਅਰੇ ਲਗਾਏ, ਝੰਡੇ ਲਹਿਰਾਏ। ਅਮਰਜੋਤ ਸਿੰਘ ਵੀ ਉੱਥੇ ਸੀ, ਪਰ ਉਹ ਕਹਿੰਦਾ ਹੈ ਕਿ ਉਹ ਕੋਈ ਆਗੂ ਨਹੀਂ ਸੀ। ਉਹ ਤਾਂ ਆਪਣੇ ਸਾਲੇ ਦੇ ਸਮਰਥਨ ਵਿੱਚ ਆਇਆ ਸੀ।

ਭਾਰਤੀ ਮੀਡੀਆ ਅਤੇ ਐੱਨ. ਆਈ. ਏ. ਨੇ ਇਸ ਨੂੰ ਖਾੜਕੂ "ਹਮਲਾ" ਕਿਹਾ ਸੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪ੍ਰਦਰਸ਼ਕਾਰੀਆਂ ਨੇ ਖਾਲਿਸਤਾਨੀ ਝੰਡੇ ਝੁਲਾਏ, ਭਾਰਤ-ਵਿਰੋਧੀ ਨਾਅਰੇ ਲਗਾਏ ਅਤੇ ਦੋ ਗ੍ਰਨੇਡ ਸੁੱਟੇ। ਜੂਨ 2023 ਵਿੱਚ ਐੱਨ. ਆਈ. ਏ. ਨੇ ਐੱਫ. ਆਈ. ਆਰ. ਦਰਜ ਕੀਤੀ, ਅਮਰਜੋਤ ਸਿੰਘ ਨੂੰ ਮੁੱਖ ਦੋਸ਼ੀ ਬਣਾਇਆ ਸੀ। ਪਰ ਕੈਨੇਡੀਅਨ ਪੁਲਿਸ ਨੇ ਕਿਹਾ ਕਿ ਕੋਈ ਵੱਡੀ ਘਟਨਾ ਨਹੀਂ ਵਾਪਰੀ। ਓਟਵਾ ਪੁਲਿਸ ਨੇ ਜਨਰਲ ਡੇ ਮੌਂਟਰੀਆਲ ਅਤੇ ਗਲੋਬ ਐਂਡ ਮੇਲ ਨੂੰ ਦੱਸਿਆ ਕਿ "ਕੋਈ ਵੱਡੀ ਘਟਨਾ ਨਹੀਂ ਵਾਪਰੀ, ਸਿਰਫ਼ ਸਮੋਕ ਕੈਨਿਸਟਰ ਸੁੱਟੇ ਜਾਣ ਦੀ ਸੰਭਾਵਨਾ ਸੀ।" ਉਸ ਦਿਨ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਦਾ ਦੌਰਾ ਵੀ ਸੀ, ਇਸ ਲਈ ਸੁਰੱਖਿਆ ਪੂਰੀ ਸੀ। ਕੋਈ ਮੰਦਭਾਗੀ ਘਟਨਾ ਨਹੀਂ ਵਾਪਰੀ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਇਸ ਨੂੰ "ਝੂਠੀ ਖ਼ਬਰ" ਕਿਹਾ। ਉਹਨਾਂ ਕਿਹਾ ਕਿ ਇਹ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ।

ਅਮਰਜੋਤ ਸਿੰਘ ਕਹਿੰਦਾ ਹੈ, "ਮੈਂ ਇੱਕ ਪੱਥਰ ਵੀ ਨਹੀਂ ਸੁੱਟਿਆ। ਉਹ ਰੈਲੀ ਬਿਲਕੁਲ ਸ਼ਾਂਤੀਪੂਰਨ ਸੀ।" ਉਹ ਇੱਕ ਨੀਲੀ ਪੱਗ ਵਾਲਾ, ਹਲਕੀ ਦਾੜ੍ਹੀ ਵਾਲਾ, ਗੁਰਸਿੱਖ ਹੈ ਜੋ ਟਰੱਕ ਚਲਾ ਕੇ ਘਰ ਚਲਾਉਂਦਾ ਹੈ। ਪਰ ਭਾਰਤ ਲਈ ਉਹ ਖਤਰਾ ਹੈ ਕਿਉਂਕਿ ਉਸ ਦਾ ਸਬੰਧ ਅੰਮ੍ਰਿਤਪਾਲ ਸਿੰਘ ਨਾਲ ਹੈ, ਜੋ ਭਾਰਤੀ ਸੱਤਾ ਦਾ ਵਿਰੋਧੀ ਹੈ। ਇਸ ਘਟਨਾ ਤੋਂ ਕੁਝ ਦਿਨ ਪਹਿਲਾਂ ਹੀ, ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਹਰਦੀਪ ਸਿੰਘ ਨਿੱਝਰ ਨੂੰ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਨਿੱਝਰ ਖਾਲਿਸਤਾਨ ਅੰਦੋਲਨ ਦਾ ਪ੍ਰਮੁਖ ਨੇਤਾ ਸੀ। ਉਹ ਭਾਰਤ ਵਿੱਚ ਮਨੁੱਖੀ ਅਧਿਕਾਰ ਉਲੰਘਣਾ ਦੀ ਆਲੋਚਨਾ ਕਰਦਾ ਸੀ। ਭਾਰਤ ਨੇ ਉਸ ਨੂੰ ਖਾੜਕੂ ਐਲਾਨਿਆ ਸੀ ਅਤੇ ਉਸ ਉਪਰ 10 ਲੱਖ ਰੁਪਏ ਦਾ ਇਨਾਮ ਰੱਖਿਆ ਸੀ। ਜੂਨ 18, 2023 ਦੌਰਾਨ ਉਸ ਨੂੰ ਮਾਰ ਦਿੱਤਾ ਗਿਆ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਕਿਹਾ ਕਿ ਇਸ ਘਟਨਾ ਦਾ ਭਾਰਤੀ ਏਜੰਟਾਂ ਨਾਲ ਲਿੰਕ ਹੈ। ਆਰ. ਸੀ. ਐੱਮ. ਪੀ. ਨੇ ਅਕਤੂਬਰ 2024 ਵਿੱਚ ਐਲਾਨ ਕੀਤਾ ਕਿ ਲਾਰੰਸ ਬਿਸ਼ਨੋਈ ਗੈਂਗ ਨੇ ਭਾਰਤ ਦੇ ਇਸ਼ਾਰੇ ਤੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ। ਘੱਟੋ-ਘੱਟ ਬਾਰਾਂ ਸਿੱਖ ਵਿਅਕਤੀਆਂ ਨੂੰ ਚਿਤਾਵਨੀ ਦਿੱਤੀ ਗਈ ਕਿ ਹਮਲੇ ਤੋਂ ਸਾਵਧਾਨ ਰਹਿਣ। ਮਈ 2024 ਵਿੱਚ ਚਾਰ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ - ਕਰਨ ਬ੍ਰਾਰ, ਕਮਲਪ੍ਰੀਤ ਸਿੰਘ, ਕਰਨਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ। ਉਨ੍ਹਾਂ ਉਪਰ ਹੱਤਿਆ ਅਤੇ ਗੁਪਤ ਢੰਗ ਨਾਲ ਹੱਤਿਆ ਦੀ ਸਾਜ਼ਿਸ਼ ਦੇ ਆਰੋਪ ਲੱਗੇ। ਆਰ.ਸੀ.ਐੱਮ.ਪੀ. ਨੇ ਕਿਹਾ ਕਿ ਉਹ ਇਹਨਾਂ ਦੀ ਭਾਰਤੀ ਸਰਕਾਰ ਨਾਲ ਲਿੰਕਾਂ ਦੀ ਜਾਂਚ ਕਰ ਰਹੇ ਹਨ।

2025 ਵਿੱਚ ਵੀ ਜਾਂਚ ਜਾਰੀ ਹੈ। ਅਕਤੂਬਰ ਵਿੱਚ ਆਰ.ਸੀ.ਐੱਮ.ਪੀ. ਨੇ ਭਾਰਤੀ ਰਾਜਦੂਤ ਸਮੇਤ ਛੇ ਕੂਟਨੀਤਕਾਂ ਨੂੰ ਕੱਢ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਭਾਰਤ ਨੇ ਨਿੱਝਰ ਅਤੇ ਹੋਰ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲਈ ਗੈਂਗਸ ਨੂੰ ਵਰਤਿਆ ਸੀ। ਪਰ ਭਾਰਤ ਨੇ ਇਨਕਾਰ ਕੀਤਾ। ਇਹ ਘਟਨਾ ਅਮਰਜੋਤ ਨੂੰ ਡਰਾਉਂਦੀ ਰਹੀ। ਉਸ ਨੂੰ ਲੱਗਿਆ ਕਿ ਉਹ ਅਗਲਾ ਨਿਸ਼ਾਨਾ ਹੋ ਸਕਦਾ ਹੈ।

ਖੰਡਾ ਅਤੇ ਪੰਨੂੰ: ਸਾਜ਼ਿਸ਼ਾਂ ਦਾ ਸ਼ਿਕਾਰ- ਅਮਰਜੋਤ ਦੀ ਘਟਨਾ ਨਾਲ ਸਮਾਨਤਾ ਹੈ ਲੰਡਨ ਵਾਲੇ ਅਵਤਾਰ ਸਿੰਘ ਖੰਡੇ ਨਾਲ। ਖੰਡਾ ਨੂੰ ਵੀ ਭਾਰਤ ਨੇ ਲੰਡਨ ਵਿੱਚ ਭਾਰਤੀ ਝੰਡਾ ਉਤਾਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਹ ਅੰਮ੍ਰਿਤਪਾਲ ਦਾ ਵੀ ਨੇੜਲਾ ਸਹਿਯੋਗੀ ਸੀ। ਜੂਨ 15, 2023 ਨੂੰ ਉਸ ਦੀ ਮੌਤ ਹੋ ਗਈ ਸੀ - ਸ਼ੱਕ ਜ਼ਹਿਰ ਨਾਲ। ਉਸ ਨਾਲੋਂ ਅੱਠ ਦਿਨ ਬਾਅਦ ਅਮਰਜੋਤ ਉੱਤੇ ਆਰੋਪ ਲੱਗੇ। ਖੰਡੇ ਦੇ ਪਰਿਵਾਰ ਨੇ ਜਾਂਚ ਦੀ ਮੰਗ ਕੀਤੀ, ਪਰ ਬ੍ਰਿਟਿਸ਼ ਪੁਲਿਸ ਨੇ ਕਿਹਾ ਕਿ ਕੋਈ ਸ਼ੱਕੀ ਗੱਲ ਨਹੀਂ। ਫਿਰ ਨਿਊਯਾਰਕ ਵਿੱਚ ਸਿੱਖਸ ਫਾਰ ਜਸਟਿਸ ਦੇ ਨੇਤਾ ਗੁਰਪਤਵੰਤ ਸਿੰਘ ਪੰਨੂੰ ਨੂੰ ਮਾਰਨ ਦੀ ਸਾਜ਼ਿਸ਼ ਹੋਈ। ਉਹ ਭਾਰਤ ਵਿਰੁੱਧ,



ਖਾਲਿਸਤਾਨ ਰੇਫਰੈਂਡਮ ਚਲਾਉਂਦਾ ਹੈ। ਨਵੰਬਰ 2023 ਵਿੱਚ ਅਮਰੀਕਾ ਨੇ ਐਲਾਨ ਕੀਤਾ ਕਿ ਭਾਰਤੀ ਏਜੰਟ ਨੇ ਉਸ ਨੂੰ ਮਾਰਨ ਲਈ ਹਮਲਾਵਰ ਮੰਗਵਾਏ ਸਨ। ਵਿਕਾਸ ਯਾਦਵ, ਇੱਕ ਭੂੱਤਪੂਰਵ ਭਾਰਤੀ ਅਧਿਕਾਰੀ, ਨੂੰ ਅਰੋਪੀ ਬਣਾਇਆ ਗਿਆ। ਉਹ ਨਿਖਲ ਗੁਪਤਾ ਨੂੰ ਵਰਤ ਕੇ ਪੰਨੂੰ ਦੀ ਹੱਤਿਆ ਕਰਨਾ ਚਾਹੁੰਦਾ ਸੀ। ਅਮਰੀਕਾ ਨੇ ਇਸ ਬਾਰੇ ਭਾਰਤ ਨੂੰ ਚੇਤਾਵਨੀ ਦਿੱਤੀ ਸੀ। ਭਾਰਤ ਨੇ ਕਿਹਾ ਕਿ ਉਹ ਜਾਂਚ ਕਰ ਰਹੇ ਹਨ, ਪਰ 2025 ਵਿੱਚ ਵੀ ਕੋਈ ਨਤੀਜਾ ਨਹੀਂ ਆਇਆ। ਇਹ ਘਟਨਾਵਾਂ ਅਮਰਜੋਤ ਨੂੰ ਯਾਦ ਕਰਾਉਂਦੀਆਂ ਹਨ ਕਿ ਭਾਰਤ ਵਿਦੇਸ਼ਾਂ ਵਿੱਚ ਵੀ ਆਪਣੇ ਵਿਰੋਧੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਉਹ ਕਹਿੰਦਾ ਹੈ, "ਸਰਹੱਦਾਂ ਗੋਲੀਆਂ ਨੂੰ ਨਹੀਂ ਰੋਕ ਸਕਦੀਆਂ।"

ਕੈਨੇਡੀਅਨ ਸਿੱਖ ਜਥੇਬੰਦੀਆਂ ਅਤੇ ਪੁਲਿਸ: ਡਰ ਅਤੇ ਗੁੱਸੇ ਦੀ ਆਵਾਜ਼-ਕੈਨੇਡਾ ਵਿੱਚ ਸਿੱਖ ਭਾਈਚਾਰਾ, ਜੋ ਦੇਸ਼ ਦੀ ਆਬਾਦੀ ਦੇ 2% ਤੱਕ ਹੈ, ਡਰ ਵਿੱਚ ਜੀ ਰਿਹਾ ਹੈ। ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਯੂ. ਐੱਸ. ਓ.) ਨੇ ਅਮਰਜੋਤ ਦੇ ਮਾਮਲੇ ਨੂੰ "ਸਟੇਟ-ਡ੍ਰਿਵਨ ਡਿਸਇਨਫਾਰਮੇਸ਼ਨ" ਕਿਹਾ। ਉਨ੍ਹਾਂ ਨੇ ਕਿਹਾ ਕਿ ਭਾਰਤ ਸਿੱਖਾਂ ਨੂੰ ਡਰਾਉਣ ਲਈ ਝੂਠੇ ਆਰੋਪ ਲਗਾ ਰਿਹਾ ਹੈ। ਬਲਪ੍ਰੀਤ ਸਿੰਘ, ਡਬਲਯੂ. ਐੱਸ. ਓ. ਦੇ ਵਕੀਲ, ਨੇ ਕਿਹਾ, "ਅਮਰਜੋਤ ਦੀ ਜਾਨ ਨੂੰ ਖ਼ਤਰਾ ਹੈ।" ਉਨ੍ਹਾਂ ਨੇ ਅਮਰਜੋਤ ਦਾ ਇੰਟਰਵਿਊ ਗੁਪਤ ਰੱਖਿਆ।

ਮੋਨਿੰਦਰ ਸਿੰਘ, ਬੀ. ਸੀ. ਗੁਰਦੁਆਰਾ ਕੌਂਸਲ ਦੇ ਸਪੋਕਸਪਰਸਨ, ਨੇ ਕਿਹਾ ਕਿ ਪੁਲਿਸ ਨੇ ਉਸ ਨੂੰ ਦੋ ਵਾਰ ਚੇਤਾਵਨੀ ਦਿੱਤੀ ਕਿ ਉਸ ਦੀ ਜਾਨ ਨੂੰ ਖ਼ਤਰਾ ਹੈ। ਆਰ.ਸੀ.ਐੱਮ.ਪੀ. ਨੇ ਅਕਤੂਬਰ 2024 ਵਿੱਚ ਐਲਾਨ ਕੀਤਾ ਕਿ ਭਾਰਤੀ ਏਜੰਟਾਂ ਨੇ ਗੈਂਗਸ ਨਾਲ ਮਿਲ ਕੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਨੇ ਘੱਟੋ-ਘੱਟ ਬਾਰਾਂ ਸਿੱਖਾਂ ਨੂੰ ਚਿਤਾਵਨੀ ਦਿੱਤੀ ਕਿ ਸੰਭਲਕੇ ਰਹਿਣ ਕਿਉਂ ਕਿ ਉਹਨਾਂ ਉਪਰ ਹਮਲਾ ਹੋ ਸਕਦਾ ਹੈ। 2025 ਵਿੱਚ ਵੀ, ਆਰ. ਸੀ. ਐੱਮ. ਪੀ. ਨੇ ਕਿਹਾ ਕਿ ਜਾਂਚ ਜਾਰੀ ਹੈ ਅਤੇ ਭਾਰਤ ਸਹਿਯੋਗ ਨਹੀਂ ਕਰ ਰਿਹਾ। ਸਿੱਖ ਭਾਈਚਾਰੇ ਨੂੰ ਲੱਗਦਾ ਹੈ ਕਿ ਉਹ ਵਪਾਰ ਅਤੇ ਜਿਓਪਾਲਿਟਿਕਸ ਦੀ ਭੇਟ ਚੜ੍ਹ ਰਹੇ ਹਨ। ਅਗਸਤ 2024 ਵਿੱਚ ਅਮਰਜੋਤ ਨੇ ਕੈਨੇਡਾ ਦੇ ਫ਼ੌਰਨ ਇੰਟਰਫ਼ੇਅਰੈਂਸ ਕਮਿਸ਼ਨ ਨੂੰ ਚਿੱਠੀ ਲਿਖੀ: "ਸਿੱਖਾਂ ਨੂੰ ਵਿਦੇਸ਼ੀ ਦਖਲ ਤੋਂ ਬਚਾਓ।"

ਭਾਰਤ ਸਰਕਾਰ ਦਾ ਪੱਖ: ਖਾਲਿਸਤਾਨੀ ਖ਼ਤਰਾ ਅਤੇ ਵਿਦੇਸ਼ੀ ਸੁਰੱਖਿਆ-ਭਾਰਤ ਸਰਕਾਰ ਅਮਰਜੋਤ ਅਤੇ ਹੋਰਾਂ ਨੂੰ ਖਾਲਿਸਤਾਨੀ ਖਾੜਕੂ ਕਹਿੰਦੀ ਹੈ। ਉਨ੍ਹਾਂ ਨੇ ਕਿਹਾ ਕਿ ਕੈਨੇਡਾ "ਖਾਲਿਸਤਾਨੀ ਖਾੜਕੂਆਂ ਲਈ ਸੁਰੱਖਿਅਤ ਥਾਂ" ਬਣ ਗਿਆ ਹੈ। ਐੱਨ. ਆਈ. ਏ. ਨੇ 2024 ਵਿੱਚ ਪੰਜਾਬ ਵਿੱਚ ਛਾਪੇ ਮਾਰੇ, ਅਮਰਜੋਤ ਦੇ ਰਿਸ਼ਤੇਦਾਰਾਂ ਦੇ ਘਰ ਤਲਾਸ਼ੀ ਲਈ। ਉਨ੍ਹਾਂ ਨੇ ਕਿਹਾ ਕਿ ਓਟਵਾ ਵਾਲਾ ਪ੍ਰਦਰਸ਼ਨ ਹਮਲਾ ਸੀ, ਅਤੇ ਅਮਰਜੋਤ ਨੇ ਭੀੜ ਨੂੰ ਲੀਡ ਕੀਤਾ ਸੀ। ਭਾਈ ਨਿੱਝਰ ਹੱਤਿਆ ਬਾਰੇ ਭਾਰਤ ਨੇ ਕਿਹਾ ਕਿ ਉਹ ਖਾੜਕੂ ਸੀ, ਅਤੇ ਕੈਨੇਡਾ ਵਲੋਂ ਉਸ ਨੂੰ ਸ਼ਰਧਾਂਜਲੀ ਨਹੀਂ ਦੇਣੀ ਚਾਹੀਦੀ। 2023-2025 ਵਿੱਚ ਭਾਰਤ ਨੇ ਕੈਨੇਡਾ ਨੂੰ ਖਾਲਿਸਤਾਨੀ ਗਤੀਵਿਧੀਆਂ ਬਾਰੇ ਚਿਤਾਵਨੀਆਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਐੱਸ. ਐੱਫ. ਜੇ. ਵਰਗੀਆਂ ਜਥੇਬੰਦੀਆਂ ਹਿੰਸਕ ਹਨ ਅਤੇ ਭਾਰਤ ਵਿਰੁੱਧ ਹਿੰਸਾ ਨੂੰ ਉਕਸਾਉਂਦੀਆਂ ਹਨ। ਅਮਰੀਕਾ ਅਤੇ ਕੈਨੇਡਾ ਨੂੰ ਇਸ ਨੂੰ ਰੋਕਣਾ ਚਾਹੀਦਾ ਹੈ।

ਮਾਰਕ ਕਾਰਨੀ ਸਰਕਾਰ: ਵਾਪਸੀ ਜਾਂ ਵਿਸ਼ਵਾਸਘਾਤ ?-2025 ਵਿੱਚ ਮਾਰਕ ਕਾਰਨੀ ਦੀ ਸਰਕਾਰ ਨੇ ਭਾਰਤ ਨਾਲ ਹੱਥ ਮਿਲਾਇਆ ਸੀ। ਜੂਨ ਵਿੱਚ ਜੀ-7 ਸੰਮੇਲਨ ਵਿੱਚ ਕਾਰਨੀ ਨੇ ਨਰਿੰਦਰ ਮੋਦੀ ਨੂੰ ਸੱਦਾ ਦਿੱਤਾ ਸੀ। ਉਹਨਾਂ ਨੇ ਨਵੇਂ ਹਾਈ ਕਮਿਸ਼ਨਰ ਨਿਯੁਕਤ ਕੀਤੇ ਅਤੇ ਵੀਜ਼ਾ ਸੇਵਾਵਾਂ ਵਾਪਸ ਚਲਾਈਆਂ। ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕਿਹਾ, "ਸਬੰਧ ਸੁਧਾਰਨਗੇ।" ਪਰ ਸਿੱਖ ਭਾਈਚਾਰੇ ਨੇ ਵਿਰੋਧ ਕੀਤਾ। ਡਬਲਯੂ. ਐੱਸ. ਓ. ਨੇ ਕਿਹਾ, "ਇਹ ਵਿਸ਼ਵਾਸਘਾਤ ਹੈ।" ਕੈਲਗਰੀ ਵਿੱਚ ਪ੍ਰਦਰਸ਼ਨ ਹੋਏ, ਭਾਰਤੀ ਝੰਡੇ ਫਾੜੇ ਗਏ। ਕਾਰਨੀ ਨੇ ਨਿੱਝਰ ਹੱਤਿਆ ਬਾਰੇ ਚੁੱਪ ਧਾਰਨ ਰੱਖੀ। ਉਹਨਾਂ ਨੇ ਕਿਹਾ ਕਿ ਜਾਂਚ ਜਾਰੀ ਹੈ, ਪਰ ਵਪਾਰ ਅਤੇ ਸੁਰੱਖਿਆ ਨੂੰ ਤਰਜੀਹ। ਇਹ ਫੈਸਲਾ ਸਿੱਖਾਂ ਨੂੰ ਲੱਗਿਆ ਕਿ ਉਹ ਵਪਾਰ ਦੀ ਭੇਟ ਚੜ੍ਹ ਰਹੇ ਹਨ। ਆਰ. ਸੀ. ਐੱਮ. ਪੀ. ਨੇ ਕਿਹਾ ਕਿ ਭਾਰਤ ਨਾਲ ਸਹਿਯੋਗ ਨਹੀਂ ਵਧਿਆ।

ਅਮਰਜੋਤ ਦਹਿਸ਼ਤ ਵਿਚ ਕਿਉਂ-ਅਮਰਜੋਤ ਨੇ ਪੰਜਾਬ ਵਿੱਚ ਆਪਣੇ ਪਰਿਵਾਰ ਨਾਲ ਸੰਪਰਕ ਘਟਾ ਦਿੱਤਾ। ਉਸ ਦੀ ਮਾਂ, ਭੈਣ ਅਤੇ ਮਾਮੇ ਦੇ ਘਰ ਐੱਨ.ਆਈ.ਏ. ਨੇ ਛਾਪੇ ਮਾਰੇ। ਦਸਤਾਵੇਜ਼, ਫੋਟੋਆਂ, ਮੋਬਾਈਲ ਲੈ ਲਏ। ਉਹ ਕਹਿੰਦਾ ਹੈ, "ਇਹ ਸੱਤਾ ਦੀ ਖੇਡ ਹੈ - ਵਿਰੋਧੀਆਂ ਦੇ ਪਰਿਵਾਰ ਨੂੰ ਡਰਾਉਣਾ।" ਉਸ ਨੇ ਅਤੇ ਉਸ ਦੀ ਪਤਨੀ ਨੇ ਮੌਂਟਰੀਆਲ ਛੱਡ ਦਿੱਤਾ, ਨਵੇਂ ਸ਼ਹਿਰ ਵਿੱਚ ਨੌਕਰੀ ਲੱਭੀ, ਪਰ ਆਰਥਿਕ ਨੁਕਸਾਨ ਹੋਇਆ। ਉਸ ਦੀ ਪਤਨੀ ਚੁੱਪ ਰਹਿੰਦੀ ਹੈ, ਪਰ ਉੱਪਰ ਜਾ ਕੇ ਰੋਂਦੀ ਹੈ। ਅਮਰਜੋਤ ਦਾ ਕਹਿਣਾ ਹੈ ਕਿ ਸਾਡੇ ਲਈ ਬਹੁਤ ਔਖਾ ਸਮਾਂ ਹੈ। ਉਸ ਨੂੰ ਲੱਗਿਆ ਸੀ ਕਿ ਕੈਨੇਡਾ ਉਸ ਨੂੰ ਪੰਜਾਬ ਦੇ ਕਾਲੇ ਪਰਛਾਵਿਆਂ ਤੋਂ ਬਚਾ ਲਵੇਗਾ। ਪਰ ਹੁਣ ਉਸ ਨੂੰ ਸਮਝ ਆ ਗਈ - ਡਰ ਸਰਹੱਦਾਂ ਨੂੰ ਨਹੀਂ ਮੰਨਦਾ। ਇਹ ਕਹਾਣੀ ਸਿਰਫ਼ ਅਮਰਜੋਤ ਦੀ ਨਹੀਂ, ਕੈਨੇਡਾ ਵਿੱਚ ਰਹਿਣ ਵਾਲੇ ਅਨੇਕਾਂ ਸਿੱਖਾਂ ਦੀ ਹੈ। ਭਾਰਤ ਅਤੇ ਕੈਨੇਡਾ ਵਿਚਕਾਰ ਸਬੰਧ ਸੁਧਰ ਰਹੇ ਹਨ, ਪਰ ਨਿਆਂ ਅਤੇ ਸੁਰੱਖਿਆ ਦੀ ਲੜਾਈ ਜਾਰੀ ਹੈ। ਅਮਰਜੋਤ ਅੱਜ ਵੀ ਦਹਿਸ਼ਤ ਵਿਚ ਹੈ, ਪਰ ਉਹ ਆਪਣੀ ਨਵਜੰਮੀ ਧੀ ਲਈ ਸੰਘਰਸ਼ ਰਹੇਗਾ। ਕੈਨੇਡਾ ਵਿਚ ਉਸ ਲਈ, ਸੁਰੱਖਿਆ ਸਿਰਫ਼ ਇੱਕ ਸੁਪਨਾ ਨਹੀਂ, ਇੱਕ ਹੱਕ ਹੈ।

* * * * * * * *

## ਤਰਨਤਾਰਨ ਵਿਖੇ ਪਤੀ ਨੇ ਸਰਕਾਰੀ ਟੀਚਰ ਪਤਨੀ ਨੂੰ ਕੀਤਾ ਕਤਲ



ਗੋਇੰਦਵਾਲ ਸਾਹਿਬ - ਜ਼ਿਲ੍ਹਾ ਤਰਨਤਾਰਨ ਅਧੀਨ ਆਉਂਦੇ ਪਿੰਡ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਨੂੰ ਜਾਣ ਵਾਲੇ ਰੋਡ ਬਹਿਕਾ ਵਿਚ ਪਤੀ ਵੱਲੋਂ ਆਪਣੀ ਪਤਨੀ ਨੂੰ ਤੇਜ਼ਧਾਰ ਹਥਿਆਰ ਨਾਲ ਵੱਢ ਕੇ ਕਤਲ ਕਰਨ ਦਾ ਰੂਹ ਕੰਬਾਊ ਮਾਮਲਾ ਸਾਹਮਣੇ ਆਇਆ ਹੈ। ਲੜਕੀ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸਾਡੀ ਧੀ 35 ਸਾਲਾ ਜਸਪਾਲ ਕੌਰ ਜੋ ਸਰਕਾਰੀ ਟੀਚਰ ਸੀ, ਨੂੰ ਉਸ ਦੇ ਪਤੀ ਅਮਰਬੀਰ ਸਿੰਘ ਨੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਰਲ ਕੇ ਕਤਲ ਕੀਤਾ ਹੈ। ਲੜਕੀ ਦੇ ਪਰਿਵਾਰ ਨੇ ਇਨਸਾਫ਼ ਦੀ ਮੰਗ ਕੀਤੀ ਹੈ। ਗੋਇੰਦਵਾਲ ਸਾਹਿਬ ਦੇ ਐਸਐਚਓ ਕਸ਼ਮੀਰ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਖਿਲਾਫ਼ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸਾਬਕਾ ਫ਼ੌਜੀ ਵਲੋਂ ਪਤਨੀ ਤੇ ਸੱਸ ਦੀ ਗੋਲੀ ਮਾਰ ਕੇ ਕਤਲ ਕਰਨ ਤੋਂ ਬਾਅਦ ਕੀਤੀ ਖੁਦਕੁਸ਼ੀ



ਗੁਰਦਾਸਪੁਰ-ਜ਼ਿਲ੍ਹਾ ਗੁਰਦਾਸਪੁਰ ਦੇ ਥਾਣਾ ਦੋਰਾਂਗਲਾ ਅਧੀਨ ਆਉਂਦੇ ਪਿੰਡ ਖੁੱਥੀ ਵਿਖੇ ਸਾਬਕਾ ਫ਼ੌਜੀ ਨੇ ਆਪਣੀ ਪਤਨੀ ਅਤੇ ਸੱਸ ਦੀ ਗੋਲੀ ਮਾਰ ਕੇ ਹੱਤਿਆ ਕਰਨ ਬਾਅਦ ਖੁਦ ਨੂੰ ਵੀ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਸਾਬਕਾ ਫ਼ੌਜੀ ਗੁਰਪ੍ਰੀਤ ਸਿੰਘ ਪਿਤਾ ਗੁਰਜੀਤ ਸਿੰਘ ਵਾਸੀ ਮਿਰਜਾਨਪੁਰ ਦਾ ਰਹਿਣਾ ਵਾਲਾ ਸੀ ਤੇ ਉਹ ਫ਼ੌਜ ਵਿਚੋਂ ਸੇਵਾ ਮੁਕਤ ਹੋਣ ਬਾਅਦ ਇਕ ਕੰਪਨੀ ਰਾਹੀਂ ਕੇਂਦਰੀ ਜੇਲ੍ਹ ਗੁਰਦਾਸਪੁਰ ਵਿਖੇ ਸੁਰੱਖਿਆ ਗਾਰਡ ਵਜੋਂ ਤਾਇਨਾਤ ਸੀ।

ਜਿਸ ਦਾ ਵਿਆਹ 2016 ਵਿਚ ਅਕਵਿੰਦਰ ਕੌਰ ਪੁੱਤਰੀ ਬਖਸ਼ੀਸ਼ ਸਿੰਘ ਵਾਸੀ ਖੁੱਥੀ ਨਾਲ ਹੋਇਆ ਸੀ ਪਰ ਵਿਆਹ ਤੋਂ ਬਾਅਦ ਗੁਰਪ੍ਰੀਤ ਸਿੰਘ ਦੀ ਆਪਣੀ ਪਤਨੀ ਨਾਲ ਅਣਬਣ ਹੋ ਜਾਣ 'ਤੇ ਉਸ ਦੀ ਪਤਨੀ ਪਿਛਲੇ ਕਰੀਬ 5 ਸਾਲਾਂ ਤੋਂ ਆਪਣੇ ਪੇਕੇ ਪਿੰਡ ਖੁੱਥੀ ਵਿਖੇ ਆਪਣੀ ਮਾਤਾ ਨਾਲ ਰਹਿ ਰਹੀ ਸੀ।

ਜਾਣਕਾਰੀ ਅਨੁਸਾਰ ਤੜਕੇ 3 ਵਜੇ ਦੇ ਕਰੀਬ ਗੁਰਪ੍ਰੀਤ ਸਿੰਘ ਪਿੰਡ ਖੁਥੀ ਆਇਆ ਅਤੇ ਕੰਧ ਟੱਪ ਕੇ ਘਰ ਅੰਦਰ ਦਾਖ਼ਲ ਹੋ ਗਿਆ। ਜਿਵੇਂ ਹੀ ਘਰ ਅੰਦਰ ਹਾਜ਼ਰ ਉਸ ਦੀ ਪਤਨੀ ਅਕਵਿੰਦਰ ਕੌਰ ਨੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਉਸ ਨੇ ਹੱਥ ਵਿਚ ਫੜੀ ਏ.ਕੇ 47 ਗੰਨ ਨਾਲ ਉਸ ਦੇ ਗੋਲੀਆਂ ਮਾਰ ਦਿੱਤੀਆਂ ਅਤੇ ਘਰ ਅੰਦਰ ਆਪਣੀ ਸੱਸ ਗੁਰਜੀਤ ਕੌਰ ਪਤਨੀ ਬਖਸ਼ੀਸ਼ ਸਿੰਘ ਦੇ ਵੀ ਗੋਲੀਆਂ ਮਾਰ ਕੇ ਦੋਵਾਂ ਦੀ ਹੱਤਿਆ ਕਰ ਦਿੱਤੀ ਅਤੇ ਮੌਕੇ ਤੋਂ ਫਰਾਰ ਹੋ ਕੇ ਆਪਣੀ ਰਿਹਾਇਸ਼ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਦੀ ਸਕੀਮ ਨੰਬਰ 7 ਵਿਚ ਪਹੁੰਚ ਗਿਆ। ਘਟਨਾ ਦੀ ਸੂਚਨਾ ਮਿਲਣ 'ਤੇ ਜਦ ਪੁਲਿਸ ਨੇ ਕੁਆਰਟਰ ਦੀ ਘੇਰਾਬੰਦੀ ਕਰਕੇ ਉਸ ਨੂੰ ਆਤਮ ਸਮਰਪਣ ਕਰਨ ਲਈ ਕਿਹਾ ਤਾਂ ਉਸ ਨੇ ਕਿਹਾ ਕਿ ਉਹ ਮੀਡੀਆ ਸਾਹਮਣੇ ਆਤਮ ਸਮਰਪਣ ਕਰੇਗਾ, ਪਰ ਜਦੋਂ ਜ਼ਿਲ੍ਹੇ ਦਾ ਮੀਡੀਆ ਇਕੱਠਾ ਹੋਇਆ ਤਾਂ ਗੁਰਪ੍ਰੀਤ ਸਿੰਘ ਨੇ ਆਤਮ ਸਮਰਪਣ ਕਰਨ ਦੀ ਬਜਾਏ ਖੁਦ ਨੂੰ ਵੀ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ।

## 55 ਸਾਲਾ ਵਹਿਸ਼ੀ ਵਿਅਕਤੀ ਵਲੋਂ ਬੱਚੀ ਨਾਲ ਬਲਾਤਕਾਰ

ਬਰਨਾਲਾ-ਸਥਾਨਕ ਰਾਹੀ ਬਸਤੀ ਵਿਖੇ ਇਕ ਵਿਅਕਤੀ ਵਲੋਂ ਗੁਆਂਢ ਵਿਚ ਰਹਿੰਦੀ 7 ਸਾਲਾ ਬੱਚੀ ਨਾਲ ਬਲਾਤਕਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦਿਆਂ ਥਾਣਾ ਸਿਟੀ-2 ਬਰਨਾਲਾ ਦੇ ਐਸ.ਐਚ.ਓ. ਚਰਨਜੀਤ ਸਿੰਘ ਨੇ ਦੱਸਿਆ ਕਿ ਬੱਚੀ ਦੇ ਪਿਤਾ ਨੇ ਪੁਲਿਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਬੀਤੇ ਦਿਨੀਂ ਰਾਹੀ ਬਸਤੀ ਵਿਚ ਰਹਿੰਦੇ ਰਾਮ ਲਾਲ (55) ਵਾਸੀ ਬਰਨਾਲਾ ਉਨ੍ਹਾਂ ਦੇ ਘਰ 'ਵਿਚ ਜਾ ਵੜਿਆ ਅਤੇ ਘਰ ਵਿਚ ਖੇਡ ਰਹੀ ਬੱਚੀ ਨਾਲ ਜਬਰ ਜਨਾਹ ਕੀਤਾ। ਜਦੋਂ ਬੱਚੀ ਨੇ ਰੌਲਾ ਪਾਇਆ ਤਾਂ ਉਕਤ ਵਿਅਕਤੀ ਮੌਕੇ ਤੋਂ ਫ਼ਰਾਰ ਹੋ ਗਿਆ। ਉਨ੍ਹਾਂ ਦੱਸਿਆ ਕਿ ਪੁਲਿਸ ਕਾਰਵਾਈ ਅਨੁਸਾਰ ਬੱਚੀ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਰਾਮ ਲਾਲ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਸ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਪੁਲਿਸ ਦਾ ਗੈਂਗਸਟਰਾਂ ਨਾਲ ਮੁਕਾਬਲਾ, ਦੋ ਜ਼ਖ਼ਮੀ,ਇੱਕ ਦੀ ਹਾਲਤ ਗੰਭੀਰ

ਲੁਧਿਆਣਾ-ਲੁਧਿਆਣਾ ਵਿੱਚ ਪੁਲਿਸ ਅਤੇ ਬਦਮਾਸ਼ਾਂ ਵਿਚਕਾਰ ਮੁਕਾਬਲਾ ਹੋਣ ਦੀ ਖਬਰ ਸਾਹਮਣੇ ਆ ਰਹੀ ਏ। ਜਾਣਕਾਰੀ ਮੁਤਾਬਕ ਇਹ ਮੁਕਾਬਲਾ ਨੈਸ਼ਨਲ ਹਾਈਵੇਅ 'ਤੇ ਲਾਡੋਵਾਲ ਟੋਲ ਪਲਾਜ਼ਾ ਨੇੜੇ ਹੋਇਆ। ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਸੂਚਨਾ ਮਿਲਦੇ ਹੀ ਘਟਨਾ ਸਥਾਨ ਲਈ ਰਵਾਨਾ ਹੋ ਗਏ। ਉਨ੍ਹਾਂ ਨੇ ਸੀਨੀਅਰ ਅਧਿਕਾਰੀਆਂ ਨੂੰ ਘਟਨਾ ਸਥਾਨ 'ਤੇ ਪਹੁੰਚਣ ਦੇ ਆਦੇਸ਼ ਵੀ ਦਿੱਤੇ ਹਨ।

ਜਾਣਕਾਰੀ ਅਨੁਸਾਰ, ਪੁਲਿਸ ਨੇ ਇੱਕ ਦਿਨ ਪਹਿਲਾਂ ਹੀ ਕੁਝ ਗੈਂਗਸਟਰਾਂ ਨੂੰ ਗਰਨੇਡਾਂ ਸਮੇਤ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਤੋਂ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਸੀ। ਪੁਲਿਸ ਹੁਣ ਗੈਂਗਸਟਰਾਂ ਨੂੰ ਹੋਰ ਸਮੱਗਰੀ ਬਰਾਮਦ ਕਰਨ ਲਈ ਲੈ ਜਾ ਰਹੀ ਸੀ। ਤਾਂ ਲਾਡੋਵਾਲ ਟੋਲ ਪਲਾਜ਼ਾ ਨੇੜੇ ਪੁਲਿਸ ਅਤੇ ਬਦਮਾਸ਼ਾਂ ਵਿਚਕਾਰ ਮੁਕਾਬਲਾ ਹੋਇਆ। ਬੀਤੇ ਦਿਨ ਤਿੰਨ ਬਦਮਾਸ਼ ਗਰਨੇਡ ਦੇ ਨਾਲ ਫੜੇ ਗਏ ਸੀ ਤੇ ਉਨ੍ਹਾਂ ਦੀ ਹੀ ਨਿਸ਼ਾਨਦੇਹੀ ਦੇ ਨਾਲ ਹੀ 2 ਹੋਰਾਂ ਦਾ ਨਾਮ ਸਾਹਮਣੇ ਆਇਆ ਸੀ ਜਿਨ੍ਹਾਂ ਵਿਚੋਂ ਇਕ ਬਿਹਾਰ ਦਾ ਦੱਸਿਆ ਜਾ ਰਿਹਾ ਸੀ ਤੇ ਇਕ ਹਰਿਆਣਾ ਦਾ ਹੈ। ਜਦੋਂ ਉਨ੍ਹਾਂ ਨੂੰ ਪੁਲਸ ਫੜਨ ਲਈ ਗਈ ਹੈ ਤਾਂ ਉਨ੍ਹਾਂ ਵੱਲੋਂ ਪੁਲਿਸ ਤੇ ਤਾਬੜਤੋੜ ਗੋਲੀਆਂ ਚਲਾਈਆਂ ਗਈਆਂ। ਇਸ ਤੋਂ ਬਾਅਦ ਪੁਲਿਸ ਵੱਲੋਂ ਜਵਾਬੀ ਫਾਇਰਿੰਗ ਕੀਤੀ ਗਈ।

ਦੋਵੇਂ ਬਦਮਾਸ਼ਾਂ ਨੂੰ ਗੋਲੀ ਵੱਜੀ ਹੈ ਤੇ ਇਕ ਦੀ ਹਾਲਤ ਗੰਭੀਰ ਬਣੀ ਹੋਈ ਤੇ ਜਿਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਇਨ੍ਹਾਂ ਕੋਲੋ 2 ਗਰਨੇਡ ਤੇ 4 ਪਿਸਤੌਲ ਬਰਾਮਦ ਕੀਤੇ ਗਏ ਨੇ।

ਪੁਲਿਸ ਕਮਿਸ਼ਨਰ ਨੇ ਪੁਸ਼ਟੀ ਕੀਤੀ ਕਿ ਇਹ ਇੱਕ ਗੈਂਗਸਟਰ ਮਾਡਿਊਲ ਸੀ, ਜੋ ਪਾਕਿਸਤਾਨ ਦੀ ਆਈਐਸਆਈ ਦੇ ਸਮਰਥਨ ਨਾਲ ਚੱਲ ਰਿਹਾ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਗੈਂਗਸਟਰਾਂ ਨੇ ਕੋਈ ਵੱਡੀ ਵਾਰਦਾਤ ਨੂੰ ਅੰਜਾਮ ਦੇਣਾ ਸੀ।


## ਹਰਮੀਤ ਸਿੰਘ ਸੰਧੂ ਨੇ ਵਿਧਾਇਕ ਵਜੋਂ ਚੁੱਕੀ ਸਹੁੰ



ਚੰਡੀਗੜ੍ਹ-ਤਰਨਤਾਰਨ ਵਿਧਾਨ ਸਭਾ ਉਪ ਚੋਣ ਜਿੱਤਣ ਵਾਲੇ ਵਿਧਾਇਕ ਹਰਮੀਤ ਸਿੰਘ ਸੰਧੂ ਨੇ ਵਿਧਾਇਕ ਵਜੋਂ ਸਹੁੰ ਚੁੱਕੀ। ਸਹੁੰ ਚੁੱਕਣ ਤੋਂ ਪਹਿਲਾਂ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ। ਚੰਡੀਗੜ੍ਹ ਸਥਿਤ ਵਿਧਾਨ ਸਭਾ ਸਪੀਕਰ ਕੁਲਤਾਰ ਸੰਧਵਾ ਨੇ ਹਰਮੀਤ ਸਿੰਘ ਸੰਧੂ ਨੂੰ ਉਨ੍ਹਾਂ ਦੇ ਚੈਂਬਰ ਵਿੱਚ ਅਹੁਦੇ ਦੀ ਸਹੁੰ ਚੁਕਾਈ। ਹਰਮੀਤ ਸਿੰਘ ਸੰਧੂ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਉਨ੍ਹਾਂ ਨੇ 12,091 ਵੋਟਾਂ ਨਾਲ ਚੋਣ ਜਿੱਤੀ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸੁਖਵਿੰਦਰ ਕੌਰ ਦੂਜੇ ਸਥਾਨ 'ਤੇ ਰਹੀ।

## ਦਿੱਲੀ ਧਮਾਕਿਆਂ ਤੋਂ ਬਾਅਦ ਗੁਰੂ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਲਈ ਲਾਲ ਕਿਲ੍ਹਾ ਤਿਆਰ, ਹਾਈ ਅਲਰਟ 'ਤੇ ਪੁਲਿਸ

ਨਵੀਂ ਦਿੱਲੀ-ਕੁਝ ਹਫ਼ਤੇ ਪਹਿਲਾਂ ਲਾਲ ਕਿਲ੍ਹੇ ਨੇੜੇ ਹੋਏ ਧਮਾਕੇ ਤੋਂ ਬਾਅਦ ਪਹਿਲੀ ਵਾਰ, ਇਤਿਹਾਸਕ ਲਾਲ ਕਿਲ੍ਹਾ ਇੱਕ ਵੱਡੇ ਧਾਰਮਿਕ-ਸੱਭਿਆਚਾਰਕ ਸਮਾਗਮ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ। ਦਿੱਲੀ ਸਰਕਾਰ ਨੌਵੇਂ ਸਿੱਖ ਗੁਰੂ, ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ 23 ਨਵੰਬਰ ਤੋਂ 25 ਨਵੰਬਰ ਤੱਕ ਤਿੰਨ ਦਿਨਾਂ ਕੀਰਤਨ ਦਰਬਾਰ ਕਰਵਾ ਰਹੀ ਹੈ। ਇਸ ਸਮਾਗਮ ਵਿੱਚ 50,000 ਤੋਂ ਵੱਧ ਸ਼ਰਧਾਲੂਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਇਸ ਮੌਕੇ ਦਿੱਲੀ ਪੁਲਿਸ ਨੇ ਵਿਆਪਕ



ਸੁਰੱਖਿਆ ਪ੍ਰਬੰਧ ਕੀਤੇ ਹਨ।

ਇਸ ਸਮਾਗਮ ਵਿੱਚ ਵੱਖ-ਵੱਖ ਦੇਸ਼ਾਂ ਦੇ ਕਈ ਪ੍ਰਮੁੱਖ ਵੀਵੀਆਈਪੀ ਮਹਿਮਾਨਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਜਸਮੀਤ ਸਿੰਘ ਨੋਨੀ ਨੇ ਕਿਹਾ ਕਿ ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਕਈ ਕੇਂਦਰੀ ਮੰਤਰੀਆਂ ਅਤੇ ਸੀਨੀਅਰ ਆਗੂਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਭਾਰਤ ਅਤੇ ਵਿਦੇਸ਼ਾਂ ਤੋਂ ਪ੍ਰਸਿੱਧ ਰਾਗੀ ਸਮੂਹ ਕੀਰਤਨ ਦਰਬਾਰ ਵਿੱਚ ਹਿੱਸਾ ਲੈਣਗੇ। ਇੱਕ ਸ਼ਾਨਦਾਰ ਸਮਾਗਮ ਨੂੰ ਯਕੀਨੀ ਬਣਾਉਣ ਲਈ, ਲਾਲ ਕਿਲ੍ਹੇ ਦੇ ਅੰਦਰ ਵਿਸ਼ੇਸ਼ ਪੰਡਾਲ, ਐਲਈਡੀ ਸਕ੍ਰੀਨਾਂ ਅਤੇ ਲੰਗਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਦਿੱਲੀ ਸਰਕਾਰ ਅਤੇ ਦਿਲੀ ਗੁਰਦੁਆਰਾ ਕਮੇਟੀ. ਸਾਂਝੇ ਤੌਰ 'ਤੇ ਸਾਰੇ ਪ੍ਰਬੰਧ ਕਰ ਰਹੇ ਹਨ।

# ਔਰਤਾਂ ਵਿਰੋਧੀ ਜਿਨਸੀ ਹਿੰਸਾ ਕਾਰਣ ਵਾਲਸਾਲ ਦੀਆਂ ਸੜਕਾਂ 'ਤੇ ਔਰਤਾਂ ਦੇ ਹੰਝੂ ਤੇ ਗੁੱਸਾ

**ਨਿਊਜ਼ ਸਟੋਰੀ**

## ✪ ਸਿੱਖ ਤੇ ਮੁਸਲਿਮ ਔਰਤਾਂ ਨਾਲ ਨਸਲੀ ਬਲਾਤਕਾਰਾਂ ਦੇ ਵਿਰੋਧ ਵਿੱਚ 150 ਤੋਂ ਵੱਧ ਲੋਕਾਂ ਨੇ ਕੱਢਿਆ ਰੋਸ ਮਾਰਚ ✪ ਮੁਸਲਮਾਨ ਤੇ ਸਿੱਖ ਭਾਈਚਾਰੇ ਨੇ ਏਕਤਾ ਦਾ ਕੀਤਾ ਪ੍ਰਦਰਸ਼ਨ




ਵਾਲਸਾਲ, ਵੈਸਟ ਮਿਡਲੈਂਡਜ਼-ਬੀਤੇ ਦਿਨੀਂ ਵਾਲਸਾਲ ਦੀਆਂ ਮੁੱਖ ਸੜਕਾਂ 'ਤੇ ਇੱਕ ਨਸਲਵਾਦ ਵਿਰੋਧੀ ਮਾਰਚ ਨਿਕਲਿਆ ਜਿਸ ਨੇ ਸਾਰੇ ਬਰਤਾਨੀਆਂ ਦੇ ਮੀਡੀਆ ਦਾ ਧਿਆਨ ਖਿੱਚ ਲਿਆ। ਲਗਭਗ 150 ਤੋਂ ਵੱਧ ਔਰਤਾਂ, ਮਰਦ ਤੇ ਬੱਚੇ, ਸਿੱਖ ਤੇ ਮੁਸਲਿਮ ਭਾਈਚਾਰਿਆਂ ਦੇ ਲੋਕ ਇਕੱਠੇ ਹੋ ਕੇ "ਸਟਾਪ ਦ ਹੇਟ - ਰੋਸ ਮਾਰਚ ਕੱਢ ਰਹੇ ਸਨ। ਹੱਥਾਂ ਵਿੱਚ ਤਖ਼ਤੀਆਂ ਸਨ - "ਬੱਸ ਕਰੋ ! ਹੁਣ ਬਹੁਤ ਹੋ ਗਿਆ", "ਔਰਤ ਦੀ ਇੱਜ਼ਤ ਸਾਡੀ ਇੱਜ਼ਤ ਹੈ", "ਨਸਲਵਾਦ ਨੂੰ ਨਾਂਹ", "ਦੋਸ਼ੀਆਂ ਦੀਆਂ ਜ਼ਮਾਨਤ ਰੱਦ ਕਰੋ"।

ਮਾਰਚ ਦੀ ਅਗਵਾਈ ਕਰ ਰਹੀਆਂ ਔਰਤਾਂ ਵਿੱਚੋਂ ਇੱਕ ਸ਼ਾਹੀਨ ਅਖ਼ਤਰ (ਨਾਮ ਬਦਲਿਆ) ਨੇ ਆਪਣੀ ਲਿਖੀ ਕਵਿਤਾ ਪੜ੍ਹੀ। ਉਸ ਦੇ ਹੱਥ ਕੰਬ ਰਹੇ ਸਨ, ਅੱਖਾਂ ਵਿੱਚ ਹੰਝੂ ਸਨ, ਪਰ ਆਵਾਜ਼ ਅਟੱਲ ਸੀ:

"ਉਹਨਾਂ ਨੇ ਮੇਰੇ ਸਕਾਰਫ਼ ਵੱਲ ਦੇਖਿਆ, ਮੇਰੀ ਰੂਹ ਵੱਲ ਨਹੀਂ।

ਉਹਨਾਂ ਨੇ ਮੇਰਾ ਦੁਪੱਟਾ ਖਿੱਚਿਆ, ਮੇਰੀ ਹਿੰਮਤ ਵੱਲ ਨਹੀਂ। ਪਰ ਅਸੀਂ ਝੁਕਾਂਗੇ ਨਹੀਂ, ਡਰਾਂਗੇ ਨਹੀਂ।"

ਇਹ ਮਾਰਚ ਪਿਛਲੇ ਤਿੰਨ ਮਹੀਨਿਆਂ ਵਿੱਚ ਵੈਸਟ ਮਿਡਲੈਂਡਜ਼ ਵਿੱਚ ਸਿੱਖ ਤੇ ਮੁਸਲਿਮ ਔਰਤਾਂ 'ਤੇ ਹੋਏ ਨਸਲੀ ਰੇਪਾਂ ਤੇ ਹਮਲਿਆਂ ਦੇ ਵਿਰੋਧ ਵਿੱਚ ਸੀ। ਲੋਕਾਂ ਦਾ ਗੁੱਸਾ ਸਿਰਫ਼ ਹਮਲਾਵਰਾਂ 'ਤੇ ਨਹੀਂ, ਸਗੋਂ ਪੁਲਿਸ ਤੇ ਨਿਆਂ ਪ੍ਰਣਾਲੀ 'ਤੇ ਵੀ ਸੀ।

### ਤਿੰਨ ਵੱਡੇ ਹਮਲੇ ਜਿਨ੍ਹਾਂ ਨੇ ਕਮਿਊਨਿਟੀ ਨੂੰ ਹਿਲਾ ਦਿੱਤਾ

9 ਸਤੰਬਰ 2025 - ਓਲਡਬਰੀ : ਇੱਕ 20 ਸਾਲਾ ਸਿੱਖ ਵਿਦਿਆਰਥਣ ਸਕੂਲ ਜਾਂਦੇ ਸਮੇਂ ਦੋ ਗੋਰੇ ਮਰਦ ਉਸ ਨੂੰ ਝਾੜੀਆਂ ਵਿੱਚ ਘਸੀਟ ਕੇ ਲੈ ਗਏ ਤੇ ਬਲਾਤਕਾਰ ਕੀਤਾ। ਹਮਲਾਵਰਾਂ ਨੇ ਕਿਹਾ, "ਇਹ ਦੇਸ਼ ਤੇਰਾ ਨਹੀਂ, ਨਿਕਲ ਜਾ ਇਥੋਂ।"

ਤਿੰਨ ਵਿਅਕਤੀ (ਦੋ ਮਰਦ ਤੇ ਇੱਕ ਔਰਤ) ਗ੍ਰਿਫ਼ਤਾਰ ਹੋਏ, ਪਰ ਸਾਰੇ ਜ਼ਮਾਨਤ 'ਤੇ ਛੁੱਟ ਗਏ। ਪੀੜਤਾ ਦੇ ਪਰਿਵਾਰ ਨੂੰ ਘਰ ਛੱਡਣਾ ਪਿਆ, ਉਹ ਦਹਿਸ਼ਤ ਕਾਰਣ ਆਪਣੇ ਘਰੋਂ ਦੂਰ ਰਹਿ ਰਹੇ ਨੇ।

ਅਕਤੂਬਰ ਅਖ਼ੀਰ - ਪਾਰਕ ਹਾਲ, ਵਾਲਸਾਲ : ਇੱਕ ਹੋਰ ਸਿੱਖ ਔਰਤ ਘਰ ਦੇ ਨੇੜੇ ਹੀ ਸੀ ਜਦੋਂ ਇੱਕ ਵਿਅਕਤੀ ਨੇ ਉਸ ਨੂੰ ਘਸੀਟ ਕੇ ਬਲਾਤਕਾਰ ਕੀਤਾ ਤੇ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ। ਮੁਲਜ਼ਮ 32 ਸਾਲਾ ਜੌਹਨ ਐਸ਼ਬੀ ਹੈ। ਉਸ 'ਤੇ "ਨਸਲੀ ਬਲਾਤਕਾਰ" ਤੇ "ਗਲਾ ਘੁੱਟਣ" ਦਾ ਦੋਸ਼ ਹੈ।

### ਅਕਤੂਬਰ ਅਖ਼ੀਰ - ਵੁਲਵਰਹੈਂਪਟਨ

50 ਸਾਲਾ ਮੁਸਲਿਮ ਔਰਤ 'ਤੇ ਸਟਨ ਗਨ ਤੇ ਲੋਹੇ ਦੀ ਰਾਡ ਨਾਲ ਹਮਲਾ ਹੋਇਆ। ਪੁਲਿਸ ਨੇ ਇਸ ਨੂੰ ਵੀ ਨਸਲੀ ਹਮਲਾ ਮੰਨਿਆ ਹੈ।

ਪੁਲਿਸ ਦਾ ਅਧਿਕਾਰਤ ਬਿਆਨ ਹੈ ਕਿ ਇਹ ਤਿੰਨੇ ਮਾਮਲੇ ਆਪਸ ਵਿੱਚ ਜੁੜੇ ਨਹੀਂ ਹਨ, ਪਰ ਸਮਾਜ ਵਿੱਚ ਡਰ ਦਾ ਮਾਹੌਲ ਇੰਨਾ ਡੂੰਘਾ ਹੋ ਗਿਆ ਹੈ ਕਿ ਏਸ਼ੀਅਨ ਔਰਤਾਂ ਹੁਣ ਇਕੱਲੀਆਂ ਬਾਹਰ ਨਿਕਲਣ ਤੋਂ ਡਰਦੀਆਂ ਹਨ।

ਰੋਸ਼ਨੀ ਬਰਮਿੰਘਮ ਦੀ ਸੀ.ਈ.ਓ. ਸੁਰਵਤ ਸੋਹੇਲ (42) ਨੇ ਮਾਰਚ ਨੂੰ ਸੰਬੋਧਨ ਕਰਦਿਆਂ ਕਿਹਾ : "ਇਹ ਹਮਲਾਵਰ ਚੰਗੀ ਤਰ੍ਹਾਂ ਜਾਣਦੇ ਨੇ ਕਿ ਸਾਡੇ ਭਾਈਚਾਰੇ ਵਿੱਚ ਔਰਤ ਦੀ ਇੱਜ਼ਤ ਨਾਲ ਪੂਰਾ ਘਰਾਣਾ ਜੁੜਿਆ ਹੁੰਦਾ ਹੈ। ਔਰਤ ਨੂੰ ਨਿਸ਼ਾਨਾ ਬਣਾ ਕੇ ਉਹ ਸਾਨੂੰ ਅੰਦਰੋਂ ਤੋੜਨਾ ਚਾਹੁੰਦੇ ਨੇ। ਇਹ ਇੱਕ ਨਵੀਂ ਕਿਸਮ ਦਾ 'ਆਨਰ-ਬੇਸਡ ਅਬਿਊਜ਼' ਹੈ, ਜਿਸ ਵਿੱਚ ਨਸਲਵਾਦ ਨੂੰ ਹਥਿਆਰ ਬਣਾਇਆ ਜਾ ਰਿਹਾ ਹੈ।"

ਬਰਮਿੰਘਮ ਬਲੈਕ ਸਿਸਟਰਜ਼ ਦੀ ਡਾ. ਸ਼ਿਰੀਨ ਹਾਊਸੀ (64) ਨੇ ਕਿਹਾ : "ਗਰਮੀਆਂ ਵਿੱਚ ਜਦੋਂ ਯੂਰੋ ਤੇ ਫੁੱਟਬਾਲ ਦੌਰਾਨ ਸਾਰੇ ਪਾਸੇ ਯੂਨੀਅਨ ਜੈਕ ਤੇ ਸੇਂਟ ਜਾਰਜ ਝੰਡੇ ਲਹਿਰਾਏ ਜਾ ਰਹੇ ਸਨ, ਮੈਂ ਆਪਣੇ ਬੱਚਿਆਂ ਨੂੰ ਕਿਹਾ ਸੀ - ਡਰੋ। ਉਹ ਹੱਸ ਪਏ ਸਨ। ਹੁਣ ਉਹ ਖ਼ੁਦ ਕਹਿੰਦੇ ਨੇ, 'ਮੰਮੀ, ਹੁਣ ਸਾਨੂੰ ਸਮਝ ਆ ਗਈ।' ਇਹ ਨਸਲਵਾਦ ਖਤਰਨਾਕ ਹੈ ਤੇ ਸਰਕਾਰ ਦੀ ਕਾਰਵਾਈ ਢਿੱਲੀ ਹੈ।"

### ਨੌਜਵਾਨ ਔਰਤਾਂ ਦਾ ਡਰ

23 ਸਾਲਾ ਨਾਦਿਆ (ਨਾਮ ਬਦਲਿਆ) ਨੇ ਦੱਸਿਆ : "ਓਲਡਬਰੀ ਵਾਲੀ ਘਟਨਾ ਤੋਂ ਬਾਅਦ ਡਰ ਲੱਗਣ ਲੱਗ ਪਿਆ ਸੀ। ਵਾਲਸਾਲ ਵਾਲੀ ਖ਼ਬਰ ਆਈ ਤਾਂ ਦਿਲ ਵਿੱਚ ਆਵਾਜ਼ ਆਈ - ਅਗਲੀ ਮੈਂ ਵੀ ਹੋ ਸਕਦੀ ਹਾਂ। ਹੁਣ ਮੈਂ ਰਾਤ ਨੂੰ 8 ਵਜੇ ਤੋਂ ਬਾਅਦ ਬਾਹਰ ਨਹੀਂ ਨਿਕਲਦੀ।"

30 ਸਾਲਾ ਅਲੀਆ, ਜੋ 30 ਸਾਲ ਤੋਂ ਵਾਲਸਾਲ ਰਹਿ ਰਹੀ ਹੈ, ਨੇ ਪਹਿਲੀ ਵਾਰ ਆਪਣੇ ਬੈਗ ਵਿੱਚ ਰੇਪ ਅਲਾਰਮ ਰੱਖਿਆ। ਉਹ ਮਾਰਚ ਵਿੱਚ ਔਰਤਾਂ ਨੂੰ ਮੁਫ਼ਤ ਅਲਾਰਮ ਵੰਡ ਰਹੀ ਸੀ। ਉਸ ਨੇ ਕਿਹਾ : "ਮੇਰੀ ਪੋਤੀ 6 ਹਫ਼ਤੇ ਪਹਿਲਾਂ ਜਨਮੀ ਹੈ। ਮੈਨੂੰ ਡਰ ਲੱਗਦਾ ਹੈ ਕਿ ਉਹ ਕਿਹੜੇ ਬਰਤਾਨੀਆ ਵਿੱਚ ਵੱਡੀ ਹੋਵੇਗੀ। ਕੀ ਉਸ ਨੂੰ ਵੀ ਸਕਾਰਫ਼ ਪਾਉਣ ਕਾਰਨ ਗਾਲ੍ਹਾਂ ਕੱਢੀਆਂ ਜਾਣਗੀਆਂ ?"

### ਮੁਸਲਿਮ ਤੇ ਸਿੱਖ ਭਾਈਚਾਰੇ ਦੀ ਏਕਤਾ

ਮਾਰਚ ਵਿੱਚ ਸਭ ਤੋਂ ਦਿਲ ਛੂਹ ਲੈਣ ਵਾਲੀ ਗੱਲ ਸੀ ਮੁਸਲਿਮ ਭਾਈਚਾਰੇ ਦੀ ਡਟਵੀਂ ਸਾਂਝ। ਮਸਜਿਦਾਂ ਦੇ ਇਮਾਮਾਂ ਨੇ ਸਿੱਖ ਭੈਣਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ। ਵਾਲਸਾਲ ਦੀ ਮਰਕਜ਼ੀ ਮਸਜਿਦ ਦੇ ਇਮਾਮ ਮੌਲਾਨਾ ਅਬਦੁੱਲ ਰਹਿਮ ਨੇ ਕਿਹਾ : "ਜਦੋਂ ਕਿਸੇ ਦੀ ਧੀ 'ਤੇ ਹਮਲਾ ਹੁੰਦਾ ਹੈ, ਤਾਂ ਉਹ ਸਾਡੀ ਵੀ ਧੀ ਹੁੰਦੀ ਹੈ। ਅੱਜ ਸਾਡੀਆਂ ਸਿੱਖ ਭੈਣਾਂ ਦੀ ਇੱਜ਼ਤ 'ਤੇ ਹਮਲਾ ਹੋਇਆ ਹੈ, ਅਸੀਂ ਚੁੱਪ ਨਹੀਂ ਬੈਠਾਂਗੇ।"

### ਸਵਾਲ ਜੋ ਹਰ ਪਾਸੇ ਗੂੰਜ ਰਹੇ ਨੇ

ਇੰਨੇ ਗੰਭੀਰ ਮਾਮਲਿਆਂ ਵਿੱਚ ਮੁਲਜ਼ਮਾਂ ਨੂੰ ਜ਼ਮਾਨਤ ਕਿਉਂ ਮਿਲੀ ?

ਕੀ ਅਦਾਲਤਾਂ ਵਿੱਚ ਵਿਤਕਰਾ ਹੋ ਰਿਹਾ ਹੈ ਜਾਂ ਕਾਨੂੰਨ ਹੀ ਇੰਨਾ ਕਮਜ਼ੋਰ ਹੈ ?

ਪੁਲਿਸ ਕਮਿਸ਼ਨਰ ਤੇ ਮੰਤਰੀ ਜੈੱਸ ਫਿਲਿਪਸ ਨਾਲ ਮੰਗੀ ਮੀਟਿੰਗ ਅਜੇ ਤੱਕ ਕਿਉਂ ਨਹੀਂ ਹੋਈ ?

ਸਰਕਾਰ ਸਿਰਫ਼ ਬਿਆਨ ਦੇ ਰਹੀ ਹੈ, ਸਖ਼ਤ ਕਾਰਵਾਈ ਕਦੋਂ ਹੋਵੇਗੀ ?

70 ਤੋਂ ਵੱਧ ਔਰਤ ਸੰਗਠਨਾਂ ਨੇ ਇੱਕ ਸਾਂਝਾ ਬਿਆਨ ਜਾਰੀ ਕੀਤਾ ਹੈ:

"ਜੇਕਰ ਅੱਜ ਸਰਕਾਰ ਨੇ ਸਾਡੀ ਗੱਲ ਨਾ ਸੁਣੀ, ਤਾਂ ਅਸੀਂ ਵੱਡਾ ਅੰਦੋਲਨ ਕਰਾਂਗੇ। ਇਹ ਸਿਰਫ਼ ਸਿੱਖ-ਮੁਸਲਿਮ ਔਰਤਾਂ ਦਾ ਮਸਲਾ ਨਹੀਂ, ਸਗੋਂ ਹਰ ਔਰਤ ਦੀ ਸੁਰੱਖਿਆ ਦਾ ਸਵਾਲ ਹੈ।"

### ਪੀੜਤਾ ਦੀ ਚੀਖ਼

ਓਲਡਬਰੀ ਵਾਲੀ ਪੀੜਤਾ ਨੇ ਆਪਣੇ ਵਕੀਲ ਰਾਹੀਂ ਬਿਆਨ ਜਾਰੀ ਕੀਤਾ : "ਮੈਂ ਤੇ ਮੇਰਾ ਪਰਿਵਾਰ ਘਰ ਛੱਡ ਕੇ ਭੱਜ ਗਏ। ਮੁਲਜ਼ਮ ਜ਼ਮਾਨਤ 'ਤੇ ਖੁੱਲ੍ਹੇ ਘੁੰਮ ਰਹੇ ਨੇ। ਇਹ ਬਹੁਤ ਜ਼ਿਆਦਾ ਗਲਤ ਹੈ। ਮੈਂ ਬਰਤਾਨੀਆ ਵਿੱਚ ਪੈਦਾ ਹੋਈ, ਇੱਥੇ ਪੜ੍ਹੀ, ਪਰ ਅੱਜ ਮੈਨੂੰ ਲੱਗਦਾ ਹੈ ਜਿਵੇਂ ਮੈਂ ਪਰਦੇਸੀ ਹਾਂ।"

ਪੁਲਿਸ ਦਾ ਜਵਾਬ ਹੈ ਕਿ "ਪੀੜਤਾ ਸਾਡੀ ਪਹਿਲ ਹੈ" ਤੇ ਜਾਂਚ ਜਾਰੀ ਹੈ। ਪਰ ਸੜਕਾਂ 'ਤੇ ਆਈਆਂ ਔਰਤਾਂ ਦਾ ਸੁਨੇਹਾ ਸਾਫ਼ ਹੈ : "ਸਰਕਾਰ ਭਰੋਸੇ ਦੇਣੇ ਬੰਦ ਕਰੇ, ਦੋਸ਼ੀਆਂ ਉਪਰ ਸਖ਼ਤ ਕਾਰਵਾਈ ਕਰੇ।" ਵਾਲਸਾਲ ਦੀਆਂ ਸੜਕਾਂ 'ਤੇ ਐਤਵਾਰ ਨੂੰ ਜੋ ਗੂੰਜਿਆ, ਉਹ ਸਿਰਫ਼ ਇੱਕ ਮਾਰਚ ਨਹੀਂ ਸੀ - ਉਹ ਇੱਕ ਚੇਤਾਵਨੀ ਸੀ। ਜੇਕਰ ਅੱਜ ਸਰਕਾਰ ਨਾ ਜਾਗੀ, ਤਾਂ ਇਹ ਨਸਲਵਾਦ ਪੂਰੇ ਦੇਸ਼ ਵਿੱਚ ਫੈਲ ਸਕਦਾ ਹੈ।

### ਸਿੱਖ ਜਥੇਬੰਦੀਆਂ ਦੇ ਪ੍ਰਤੀਕਰਮ

450 ਤੋਂ ਵੱਧ ਯੂਕੇ ਗੁਰਦੁਆਰਿਆਂ ਅਤੇ ਸਿੱਖ ਜਥੇਬੰਦੀਆਂ ਦੇ ਨਾਂ 'ਤੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਚਿੱਠੀ ਲਿਖੀ, ਜਿਸ ਵਿੱਚ ਮਾਮਲੇ ਵਿੱਚ ਹੌਲੀ ਪ੍ਰੋਗਰੈੱਸ 'ਤੇ ਨਿਰਾਸ਼ਾ ਜ਼ਾਹਰ ਕੀਤੀ ਗਈ ਅਤੇ ਘਰੇਲੂ ਸਕੱਤਰ ਤੇ ਕਮਿਊਨਿਟੀਜ਼ ਸਕੱਤਰ ਨੂੰ ਐਂਟੀ-ਸਿੱਖ ਹੇਟ ਨੂੰ ਰੋਕਣ ਲਈ ਕਦਮ ਚੁੱਕਣ ਲਈ ਕਿਹਾ ਗਿਆ।

ਗੁਰੂ ਨਾਨਕ ਗੁਰਦੁਆਰਾ ਸਮੈਥਵਿਕ (ਸਮੈਥਵਿਕ), ਜੋ ਯੂਕੇ ਦਾ ਸਭ ਤੋਂ ਵੱਡਾ ਗੁਰਦੁਆਰਾ ਹੈ, ਨੇ ਓਲਡਬਰੀ ਹਮਲੇ ਤੋਂ ਬਾਅਦ ਸੀਨੀਅਰ ਪੁਲਿਸ ਅਫਸਰਾਂ ਨਾਲ ਮੀਟਿੰਗ ਕੀਤੀ ਅਤੇ ਮਜ਼ਬੂਤ ਕਾਰਵਾਈ ਦੀ ਮੰਗ ਕੀਤੀ। ਉਹਨਾਂ ਨੇ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਏਕਤਾ ਵਿੱਚ ਰਹਿਣ ਲਈ ਅਪੀਲ ਕੀਤੀ।

ਪ੍ਰੀਤ ਕੌਰ ਗਿੱਲ (ਬਰਮਿੰਘਮ ਐਡਗਬੈਸਟਨ ਤੋਂ ਲੇਬਰ ਐਮਪੀ) ਨੇ ਐੱਕਸ 'ਤੇ ਪੋਸਟ ਕਰਕੇ ਕਿਹਾ ਕਿ ਵਾਲਸਾਲ ਅਤੇ ਓਲਡਬਰੀ ਹਮਲੇ ਤੋਂ ਬਾਅਦ ਸਿੱਖ ਕਮਿਊਨਿਟੀ ਵਿੱਚ ਡਰ ਵਧ ਗਿਆ ਹੈ, ਖਾਸ ਕਰਕੇ ਔਰਤਾਂ ਵਿੱਚ। ਉਹਨਾਂ ਨੇ 28 ਅਕਤੂਬਰ ਨੂੰ ਐੱਮਪੀਆਂ ਨਾਲ ਇਸ ਸਬੰਧੀ ਮੀਟਿੰਗ ਵੀ ਕੀਤੀ। ਤਨਮਨਜੀਤ ਸਿੰਘ ਢੇਸੀ (ਸਲੋ ਤੋਂ ਐੱਮਪੀ) ਨੇ ਕਿਹਾ, "ਨਫ਼ਰਤ ਫੈਲਾਉਣ ਦੇ ਇਹ ਅਸਲ ਨਤੀਜੇ ਹਨ। ਅਸੀਂ ਪੀੜਤਾ ਨਾਲ ਹਾਂ ਅਤੇ ਪੁਲਿਸ ਨੂੰ ਪੀੜਤਾ ਦੀ ਮਦਦ ਕਰਨੀ ਚਾਹੀਦੀ ਹੈ।"

# ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਫੀਸਾਂ ਵਧਾਈਆਂ

## ✪ ਪੈਰੋਲ ਫੀਸ 1020 ਡਾਲਰ: ਭਾਰਤੀਆਂ ਦਾ ਅਮਰੀਕੀ ਸੁਪਨਾ ਹੋਇਆ ਮਹਿੰਗਾ ✪ ਅਮਰੀਕਾ ਜਾਣਾ ਹੁਣ 90 ਹਜ਼ਾਰ ਰੁਪਏ ਮਹਿੰਗਾ ! ✪ 1 ਜਨਵਰੀ 2026 ਤੋਂ ਝਟਕਾ: ਅਮਰੀਕਾ ਨੇ ਭਾਰਤੀਆਂ ਲਈ ਬੰਦ ਕੀਤੇ ਦਰਵਾਜ਼ੇ ✪ ਟਰੰਪ ਦੀ ਐਚ ਆਰ-1: ਵੀਜ਼ਾ-ਪੈਰੋਲ ਫੀਸ ਵਧੀ, ਭਾਰਤੀਆਂ ਦੀ ਜੇਬ 'ਤੇ ਡਾਕਾ

**ਖਾਸ ਖਬਰ**

ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸੈਕਿਊਰਿਟੀ (ਡੀਐਚਐਸ) ਨੇ ਵੀਜ਼ਾ ਅਤੇ ਬਾਰਡਰ ਫੀਸਾਂ ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਵਨ ਬਿਗ ਬਿਊਟੀਫੁਲ ਬਿਲ ਐਕਟ (ਐਚਆਰ-1) ਦੇ ਨਿਯਮਾਂ ਅਧੀਨ ਲਿਆ ਗਿਆ ਹੈ, ਜੋ ਮਹਿੰਗਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਇਮੀਗ੍ਰੇਸ਼ਨ ਨਾਲ ਜੁੜੀਆਂ ਫੀਸਾਂ ਵਿੱਚ ਬਦਲਾਅ ਕਰਨ ਦਾ ਹੁਕਮ ਦਿੰਦਾ ਹੈ। 1 ਜਨਵਰੀ 2026 ਤੋਂ ਲਾਗੂ ਹੋਣ ਵਾਲੇ ਇਸਨੂੰ ਭਾਰਤੀ ਨਾਗਰਿਕਾਂ ਲਈ ਵੀ ਚੁਣੌਤੀ ਪੈਦਾ ਕਰੇਗਾ, ਖਾਸਕਰ ਜਿਹੜੇ ਵੀਜ਼ਾ ਵੇਵਰ ਪ੍ਰੋਗਰਾਮ (ਵੀਡਬਲਯੂਪੀ) ਦਾ ਫਾਇਦਾ ਨਹੀਂ ਲੈ ਸਕਦੇ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਭਾਰਤੀ ਯਾਤਰੀਆਂ ਅਤੇ ਇਮੀਗ੍ਰੈਂਟਾਂ ਦੀ ਜੇਬ ਉਪਰ ਬੋਝ ਵਧੇਗਾ।

ਟਰੰਪ ਪ੍ਰਸ਼ਾਸਨ ਨੇ ਇਸ ਫੈਸਲੇ ਨੂੰ ਕਿਉਂ ਲਿਆ ?-ਇਸ ਦਾ ਜਵਾਬ ਐਚਆਰ-1 ਐਕਟ ਵਿੱਚ ਲੁਕਿਆ ਹੈ, ਜੋ ਇਸ ਸਾਲ 4 ਜੁਲਾਈ ਨੂੰ ਡੋਨਾਲਡ ਟਰੰਪ ਨੇ ਸਾਈਨ ਕਰਕੇ ਕਾਨੂੰਨ ਬਣਾਇਆ ਸੀ। ਇਹ ਐਕਟ ਅਮਰੀਕੀ ਸਰਕਾਰ ਦੇ ਕਈ ਖੇਤਰਾਂ ਵਿੱਚ ਬਦਲਾਅ ਲਿਆਉਂਦਾ ਹੈ ਅਤੇ ਇਮੀਗ੍ਰੇਸ਼ਨ ਨੀਤੀਆਂ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤਾ ਗਿਆ ਹੈ। ਐਚਆਰ-1 ਅਨੁਸਾਰ, ਡੀਐਚਐਸ ਨੂੰ ਹਰ ਸਾਲ ਮਹਿੰਗਾਈ ਦੇ ਹਿਸਾਬ ਨਾਲ ਇਮੀਗ੍ਰੇਸ਼ਨ ਫੀਸਾਂ ਵਿੱਚ ਅਨੁਕੂਲਨ ਕਰਨਾ ਲਾਜ਼ਮੀ ਹੈ। ਟਰੰਪ ਸਰਕਾਰ ਦਾ ਕਹਿਣਾ ਹੈ ਕਿ ਇਹ ਵਾਧਾ ਬਾਰਡਰ ਸੁਰੱਖਿਆ ਅਤੇ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਬਿਹਤਰ ਬਣਾਉਣ ਲਈ ਜ਼ਰੂਰੀ ਹੈ। ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀਬੀਪੀ) ਨੇ ਫੈਡਰਲ ਰਜਿਸਟਰ ਵਿੱਚ ਜਾਰੀ ਨੋਟਿਸ ਵਿੱਚ ਸਪੱਸ਼ਟ ਕੀਤਾ ਹੈ ਕਿ ਇਹ ਬਦਲਾਅ ਫਾਈਸਕਲ ਈਅਰ 2026 ਲਈ ਹਨ ਅਤੇ ਇਹਨਾਂ ਨਾਲ ਸਰਕਾਰੀ ਖਰਚੇ ਨੂੰ ਕੰਟਰੋਲ ਕਰਨ ਵਿੱਚ ਮਦਦ ਮਿਲੇਗੀ। ਪਰ ਵਿਰੋਧੀਆਂ ਦਾ ਕਹਿਣਾ ਹੈ ਕਿ ਇਹ ਟਰੰਪ ਦੀ 'ਅਮਰੀਕਾ ਫਸਟ' ਨੀਤੀ ਦਾ ਹਿੱਸਾ ਹੈ, ਜੋ ਵਿਦੇਸ਼ੀਆਂ, ਖਾਸਕਰ ਵਿਕਾਸਸ਼ੀਲ ਦੇਸ਼ਾਂ ਨਾਲੋਂ, ਨੂੰ ਅਮਰੀਕਾ ਆਉਣ ਤੋਂ ਰੋਕਣਾ ਚਾਹੁੰਦੀ ਹੈ।



ਭਾਰਤੀਆਂ ਤੇ ਇਸ ਦਾ ਅਸਰ ਕਿਵੇਂ ਪਵੇਗਾ ?-ਭਾਰਤ ਵੀਜ਼ਾ ਵੇਵਰ ਪ੍ਰੋਗਰਾਮ ਦਾ ਹਿੱਸਾ ਨਹੀਂ ਹੈ, ਇਸ ਲਈ ਭਾਰਤੀ ਨਾਗਰਿਕਾਂ ਨੂੰ ਵੀਜ਼ਾ ਲੈਣ ਲਈ ਪਹਿਲਾਂ ਹੀ ਵਧੇਰੇ ਪ੍ਰਕਿਰਿਆਵਾਂ ਅਤੇ ਫੀਸਾਂ ਨਾਲ ਝੱਲਣਾ ਪੈਂਦਾ ਹੈ। ਨਵੀਆਂ ਤਬਦੀਲੀਆਂ ਵਿੱਚ ਇਲੈਕਟ੍ਰਾਨਿਕ ਵੀਜ਼ਾ ਅਪਡੇਟ ਸਿਸਟਮ (ਈਵੀਯੂਐਸ), ਇਲੈਕਟ੍ਰਾਨਿਕ ਸਿਸਟਮ ਫਾਰ ਟ੍ਰੈਵਲ ਆਥਰਾਈਜ਼ੇਸ਼ਨ (ਈਐਸਟੀਏ) ਅਤੇ ਪੈਰੋਲ ਫੀਸਾਂ ਵਿੱਚ ਵਾਧਾ ਸ਼ਾਮਲ ਹੈ। ਪੈਰੋਲ ਫੀਸ, ਜੋ ਬਿਨਾਂ ਵੀਜ਼ਾ ਜਾਂ ਫਾਰਮਲ ਐਡਮਿਸ਼ਨ ਸਟੇਟਸ ਤੋਂ ਅਮਰੀਕਾ ਆ ਕੇ ਥੋੜ੍ਹਾ ਸਮਾਂ ਰਹਿਣ ਦੀ ਇਜਾਜ਼ਤ ਦਿੰਦੀ ਹੈ, 1,000 ਡਾਲਰ ਤੋਂ ਵਧਾ ਕੇ 1,020 ਡਾਲਰ (ਲਗਭਗ 90,300 ਭਾਰਤੀ ਰੁਪਏ) ਕਰ ਦਿੱਤੀ ਗਈ ਹੈ। ਇਹ ਇਜਾਜ਼ਤ ਪਬਲਿਕ ਇੰਟਰੈਸਟ ਦੀਆਂ ਸ਼ਰਤਾਂ ਅਧੀਨ ਮਿਲਦੀ ਹੈ ਤੇ ਭਾਰਤੀ ਵਿਦਿਆਰਥੀਆਂ, ਪੇਸ਼ੇਵਰਾਂ ਜਾਂ ਪਰਿਵਾਰਕ ਮੈਂਬਰਾਂ ਲਈ ਉਪਯੋਗੀ ਹੁੰਦੀ ਹੈ। ਇਸ ਵਾਧੇ ਨਾਲ ਉਹਨਾਂ ਭਾਰਤੀਆਂ ਨੂੰ ਨੁਕਸਾਨ ਹੋਵੇਗਾ ਜੋ ਪੈਰੋਲ ਰਾਹੀਂ ਅਮਰੀਕਾ ਜਾਣਾ ਚਾਹੁੰਦੇ ਹਨ, ਖਾਸਕਰ ਜਿਹੜੇ ਐਮਰਜੈਂਸੀ ਕਾਰਨਾਂ ਕਰਕੇ ਜਾਂ ਵੀਜ਼ਾ ਪ੍ਰਕਿਰਿਆ ਵਿੱਚ ਅੜਚਨਾਂ ਕਾਰਨ ਇਸ ਤਰ੍ਹਾਂ ਦੀ ਰਾਹ ਚੁਣਦੇ ਹਨ।

ਦੂਜੇ ਪਾਸੇ, ਈਐਸਟੀਏ ਫੀਸ ਵਿੱਚ ਸਿਰਫ਼ 0.27 ਡਾਲਰ ਦਾ ਵਾਧਾ ਹੋਵੇਗਾ, ਪਰ ਇਸ ਨਾਲ ਭਾਰਤੀਆਂ ਨੂੰ ਕੋਈ ਫ਼ਰਕ ਨਹੀਂ ਪਵੇਗਾ ਕਿਉਂਕਿ ਈਐਸਟੀਏ ਵੀਜ਼ਾ ਵੇਵਰ ਪ੍ਰੋਗਰਾਮ ਦੇ ਦੇਸ਼ਾਂ ਲਈ ਹੈ, ਜਿਵੇਂ ਕੈਨੇਡਾ ਜਾਂ ਯੂਰਪੀ ਯੂਨੀਅਨ ਦੇ ਮੈਂਬਰ। ਭਾਰਤੀਆਂ ਨੂੰ ਬੀ-1/ਬੀ-2 ਵੀਜ਼ੇ ਜਾਂ ਹੋਰ ਨਾਨ-ਇਮੀਗ੍ਰੈਂਟ ਵੀਜ਼ਿਆਂ ਲਈ ਅਲੱਗ ਫੀਸਾਂ ਅਦਾ ਕਰਨੀਆਂ ਪੈਣਗੀਆਂ, ਜੋ ਪਹਿਲਾਂ ਹੀ ਮਹਿੰਗੀਆਂ ਹਨ। ਡੀਐਚਐਸ ਨੇ ਬੀਤੇ ਦਿਨੀਂ ਜਾਰੀ ਨੋਟਿਸ ਵਿੱਚ ਕਿਹਾ ਹੈ ਕਿ ਫਾਰਮ ਆਈ-94 (ਅਰਾਈਵਲ/ਡਿਪਾਰਚਰ ਰਿਕਾਰਡ) ਦੀ ਫੀਸ 30 ਡਾਲਰ ਵਾਲੀ ਹੀ ਰਹੇਗੀ, ਜੋ ਸਾਰੇ ਵਿਦੇਸ਼ੀ ਵਿਜ਼ਿਟਰਾਂ ਲਈ ਜ਼ਰੂਰੀ ਹੈ। ਪਰ ਇਹ ਛੋਟੀ ਰਾਹਤ ਹੈ; ਮੁੱਖ ਨੁਕਸਾਨ ਪੈਰੋਲ ਅਤੇ ਹੋਰ ਇਮੀਗ੍ਰੇਸ਼ਨ ਫੀਸਾਂ ਵਿੱਚ ਹੈ। ਭਾਰਤ ਵਿੱਚ ਇਸ ਨੂੰ ਲੈ ਕੇ ਵਿਭਿੰਨ ਪ੍ਰਤੀਕਰਮ ਆ ਰਹੇ ਹਨ।

ਇੰਡੀਅਨ ਅਮਰੀਕਨ ਕਮਿਊਨਿਟੀ ਅਤੇ ਇਮੀਗ੍ਰੇਸ਼ਨ ਐਡਵੋਕੇਟਸ ਨੇ ਇਸ ਨੂੰ 'ਭੇਦਭਾਵਪੂਰਨ' ਕਰਾਰ ਦਿੱਤਾ ਹੈ। ਨਵੀਂ ਦਿੱਲੀ ਵਿੱਚ ਇੱਕ ਪ੍ਰੈੱਸ ਕਾਨਫ਼ਰੰਸ ਵਿੱਚ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਅਮਰੀਕੀ ਅਧਿਕਾਰੀਆਂ ਨਾਲ ਗੱਲਬਾਤ ਕਰੇਗਾ ਤਾਂ ਜੋ ਭਾਰਤੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਰਾਹਤ ਮਿਲ ਸਕੇ। ਭਾਰਤ ਵਿੱਚ ਹਰ ਸਾਲ ਲੱਖਾਂ ਨੌਜਵਾਨ ਅਮਰੀਕਾ ਜਾਂਦੇ ਹਨ-ਐੱਚ-1ਬੀ ਵੀਜ਼ੇ ਲਈ ਲਗਭਗ 4 ਲੱਖ ਅਪਲਾਈ ਕਰਦੇ ਹਨ, ਜਿਨ੍ਹਾਂ ਵਿੱਚੋਂ ਸਿਰਫ਼ 85,000 ਨੂੰ ਮਿਲਦਾ ਹੈ। ਇਸ ਵਾਧੇ ਨਾਲ ਉਹਨਾਂ ਦੀ ਲਾਗਤ ਵਧੇਗੀ, ਜੋ ਪਹਿਲਾਂ ਹੀ ਉੱਚੀ ਹੈ। ਇੱਕ ਅੰਦਾਜ਼ੇ ਅਨੁਸਾਰ, ਇਹ ਫੀਸ ਵਾਧਾ ਭਾਰਤੀ ਅਰਥਵਿਵਸਥਾ ਨੂੰ ਵੀ ਪ੍ਰਭਾਵਿਤ ਕਰੇਗਾ ਕਿਉਂਕਿ ਰੈਮਿਟੈਂਸ ਅਰਥਾਤ ਵਿਦੇਸ਼ ਵਿੱਚ ਕੰਮ ਕਰਨ ਵਾਲੇ ਲੋਕਾਂ ਵੱਲੋਂ ਆਪਣੇ ਦੇਸ਼ (ਖ਼ਾਸਕਰ ਆਪਣੇ ਪਰਿਵਾਰ ਨੂੰ) ਭੇਜੀ ਜਾਂਦੀ ਪੈਸੇ ਦੀ ਰਕਮ ਅਤੇ ਟੂਰਿਜ਼ਮ ਘਟ ਸਕਦਾ ਹੈ। ਭਾਰਤੀ ਡਾਇਸਪੋਰਾ ਵਿੱਚ ਚਿੰਤਾ ਹੈ ਕਿ ਇਹ ਵਾਧਾ ਅਮਰੀਕੀ ਸੁਪਨੇ ਨੂੰ ਧੁੰਦਲਾ ਕਰੇਗਾ। ਇੱਕ ਸਰਵੇ ਵਿੱਚ 60 ਫ਼ੀਸਦੀ ਭਾਰਤੀ ਨੌਜਵਾਨਾਂ ਨੇ ਕਿਹਾ ਕਿ ਉਹ ਅਮਰੀਕਾ ਜਾਣ ਤੋਂ ਪਹਿਲਾਂ ਹੋਰ ਬਦਲ ਲੱਭਣਗੇ, ਜਿਵੇਂ ਕੈਨੇਡਾ, ਆਸਟਰੇਲੀਆ ਜਾਂ ਯੂਰਪ।

# ਅਨੰਦਪੁਰ ਸਾਹਿਬ ਵਿਖੇ ਸਰਬ-ਧਰਮ ਸੰਮੇਲਨ: ਗੁਰੂ ਤੇਗ ਬਹਾਦਰ ਨੂੰ ਕੀਤਾ ਸਿਜਦਾ

## ✪ ਮੁੱਖ ਮੰਤਰੀ, ਕੇਜਰੀਵਾਲ ਅਤੇ ਹੋਰ ਧਰਮਾਂ ਦੇ ਆਗੂਆਂ ਨੇ ਏਕਤਾ, ਸਦਭਾਵਨਾ ਅਤੇ ਮਨੁੱਖਤਾ ਦਾ ਦਿੱਤਾ ਸੁਨੇਹਾ

ਸ੍ਰੀ ਆਨੰਦਪੁਰ ਸਾਹਿਬ-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਰਬ-ਧਰਮ ਸੰਮੇਲਨ ਵਿੱਚ 9ਵੀਂ ਪਾਤਸ਼ਾਹੀ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ ਕੀਤਾ ਗਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵਿਸ਼ਵ ਭਰ ਦੇ ਧਾਰਮਿਕ ਆਗੂਆਂ ਦੇ ਨਾਲ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ।

ਸਰਬ-ਧਰਮ ਸੰਮੇਲਨ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖਤਾ ਅਤੇ ਧਾਰਮਿਕ ਅਧਿਕਾਰਾਂ ਦੀ ਰਾਖੀ ਦੀ ਅਦੁੱਤੀ ਮਿਸਾਲ ਹੈ। ਸੂਬਾ ਸਰਕਾਰ ਵੱਲੋਂ ਸ਼ਹੀਦੀ ਸਮਾਗਮਾਂ ਨੂੰ ਸਾਲ ਭਰ ਜਾਰੀ ਰੱਖਣ ਲਈ ਲੜੀਵਾਰ ਪ੍ਰੋਗਰਾਮ ਚੱਲ ਰਹੇ ਹਨ। ਸੰਗਤ ਦੀ ਆਵਾਜਾਈ ਅਤੇ ਰਹਿਣ-ਸਹਿਣ ਲਈ ਟੈਂਟ ਸਿਟੀ, ਵਿਸ਼ਾਲ ਪਾਰਕਿੰਗਾਂ, 700



ਇਲੈਕਟ੍ਰਿਕ ਰਿਕਸ਼ਿਆਂ ਅਤੇ ਮਿੰਨੀ ਬੱਸਾਂ ਸਮੇਤ ਵੱਖ-ਵੱਖ ਸਹੂਲਤਾਂ ਦਿੱਤੀਆਂ ਗਈਆਂ ਹਨ।

ਸ੍ਰੀ ਕੇਜਰੀਵਾਲ ਨੇ ਕਿਹਾ ਕਿ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਿਸਾਲ ਕਿਤੇ ਨਹੀਂ ਮਿਲਦੀ ਜਿਥੇ ਕਿਸੇ ਨੇ ਧਰਮ ਦੀ ਰਾਖੀ ਲਈ ਆਪਣੀ ਸ਼ਾਹਦਤ ਦਿੱਤੀ ਹੋਵੇ। ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਗਈ ਇਹ ਬੇਮਿਸਾਲ ਸ਼ਹਾਦਤ ਪੂਰੇ ਸੰਸਾਰ ਲਈ ਪ੍ਰੇਰਨਾ ਹੈ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੇ ਚਰਨ ਛੋਹ ਪ੍ਰਾਪਤ 142 ਪਿੰਡਾਂ ਦੀ ਨੁਹਾਰ ਬਦਲਣ ਲਈ ਫੰਡ ਜਾਰੀ ਕੀਤੇ ਗਏ ਹਨ।

ਅਧਿਆਤਮਕ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ-ਬਾਬਾ ਬੁੱਢਾ ਦਲ ਛਾਉਣੀ ਵਿੱਚ ਸਰਬ-ਧਰਮ ਸੰਮੇਲਨ ਦੌਰਾਨ ਸਿੱਖ, ਹਿੰਦੂ, ਮੁਸਲਮਾਨ, ਇਸਾਈ, ਬੁੱਧ, ਜੈਨ ਅਤੇ ਯਹੂਦੀ ਧਰਮਾਂ ਦੇ ਮੁੱਖ ਅਧਿਆਤਮਕ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਨਮਨ ਕੀਤਾ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੈਰ-ਸਪਾਟਾ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਆਗੂਆਂ ਦਾ ਸਵਾਗਤ ਕੀਤਾ। ਸਿੱਖ ਆਗੂ ਬਾਬਾ ਬਲਬੀਰ ਸਿੰਘ, ਬਾਬਾ ਹਰਨਾਮ ਸਿੰਘ ਖਾਲਸਾ ਅਤੇ ਬਾਬਾ ਸੇਵਾ ਸਿੰਘ ਨੇ ਸ਼ਾਂਤੀ, ਪਿਆਰ ਅਤੇ ਮਨੁੱਖਤਾ ਦੇ ਗੁਰੂ ਮਰਯਾਦਾ-ਆਧਾਰਿਤ ਸਿਧਾਂਤਾਂ ਨੂੰ ਸਭ ਲਈ ਰਾਹਦਾਰੀ ਦੱਸਿਆ। ਰਾਧਾ ਸੁਆਮੀ ਸਤਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਅਤੇ ਬਾਬਾ ਕਸ਼ਮੀਰ ਸਿੰਘ ਨੇ ਗੁਰੂ ਦੀ ਸ਼ਹਾਦਤ ਨੂੰ ਵਿਸ਼ਵ ਮਨੁੱਖਤਾ ਲਈ ਚਾਨਣ-ਮੁਨਾਰਾ ਕਰਾਰ ਦਿੱਤਾ।

ਨਵੀਂ ਦਿੱਲੀ ਦੇ ਜੂਡਾ ਹਯਾਮ ਸਿਨਾਗੌਗ ਦੇ ਰੱਬੀ ਡਾ. ਮਾਲੇਕਰ ਨੇ ਗੁਰੂ ਸਾਹਿਬ ਨੂੰ ਧਾਰਮਿਕ ਆਜ਼ਾਦੀ ਦੇ ਸਭ ਤੋਂ ਵੱਡੇ ਰੱਖਿਅਕ ਵਜੋਂ ਸਲਾਮ ਕੀਤਾ। ਫਾਦਰ ਜੌਨ, ਸ੍ਰੀ ਸ੍ਰੀ ਰਵੀਸ਼ੰਕਰ, ਚਿਸ਼ਤੀ ਦਰਗਾਹ ਦੇ ਗੱਦੀਨਸ਼ੀਨ ਹਾਜ਼ੀ ਸਈਦ ਸਲਮਾਨ ਚਿਸ਼ਤੀ ਅਤੇ ਹੋਰ ਧਾਰਮਿਕ ਆਗੂਆਂ ਨੇ ਵੀ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਵਿਸ਼ਵ ਭਰ ਲਈ ਪ੍ਰੇਰਕ ਮਿਸਾਲ ਦੱਸਿਆ।

# ਦਿੱਲੀ ਲਾਲ ਕਿਲ੍ਹੇ ਵਿਖੇ ਧਮਾਕੇ ਤੋਂ ਬਾਅਦ ਕਸ਼ਮੀਰੀ ਵਿਦਿਆਰਥੀ ਫਿਰਕੂਵਾਦ ਦੇ ਸ਼ਿਕਾਰ

## ✪ ਡਰ ਦੇ ਪਰਛਾਵੇਂ ਹੇਠ ਜੀ ਰਹੇ ਨੇ ਕਸ਼ਮੀਰੀ ਵਿਦਿਆਰਥੀ



10 ਨਵੰਬਰ ਦੀ ਰਾਤ ਲਾਲ ਕਿਲ੍ਹੇ ਦੇ ਨੇੜੇ ਹੋਏ ਛੋਟੇ ਜਿਹੇ ਧਮਾਕੇ ਨੇ ਨਾ ਸਿਰਫ਼ ਰਾਜਧਾਨੀ ਦੀ ਸੁਰੱਖਿਆ ਏਜੰਸੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ, ਸਗੋਂ ਦੇਸ਼ ਭਰ ਵਿੱਚ ਪੜ੍ਹ ਰਹੇ ਹਜ਼ਾਰਾਂ ਕਸ਼ਮੀਰੀ ਵਿਦਿਆਰਥੀਆਂ ਦੇ ਜੀਵਨ ਨੂੰ ਵੀ ਨਰਕ ਬਣਾ ਦਿੱਤਾ ਹੈ। ਸਧਾਰਨ ਕਸ਼ਮੀਰੀ ਵਿਦਿਆਰਥੀਆਂ ਨੂੰ ਰੋਜ਼ਾਨਾ ਜੀਵਨ ਵਿੱਚ ਅਪਮਾਨ, ਡਰ, ਫਿਰਕੂਵਾਦ ਅਤੇ ਬਾਈਕਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਕਾਨਾਂ 'ਤੇ ਚੀਜ਼ਾਂ ਨਹੀਂ ਵੇਚੀਆਂ ਜਾ ਰਹੀਆਂ, ਹਮਜਮਾਤੀ "ਆਤੰਕਵਾਦੀ ਪਰਿਵਾਰ" ਵਰਗੇ ਤੰਜ ਕੱਸ ਰਹੇ ਨੇ ਤੇ ਕਈ ਵਿਦਿਆਰਥੀ ਤਾਂ ਘਰੋਂ ਬਾਹਰ ਨਿਕਲਣ ਤੋਂ ਵੀ ਡਰ ਰਹੇ ਨੇ।

ਦਿੱਲੀ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਇਬਰਾਹੀਮ (ਨਾਂ ਬਦਲਿਆ ਗਿਆ) ਨੇ ਦੱਸਿਆ, "ਧਮਾਕੇ ਵਾਲੇ ਦਿਨ ਜਦੋਂ ਮੈਂ ਕਲਾਸ ਵਿਚ ਗਿਆ ਤਾਂ ਕਿਸੇ ਨੇ ਚੀਕ ਕੇ ਕਿਹਾ - 'ਆਪਣੇ ਮਾਂ-ਪਿਓ ਨੂੰ ਕਹੋ ਆਤੰਕਵਾਦੀ ਗਤੀਵਿਧੀਆਂ ਬੰਦ ਕਰਨ'। ਮੈਂ ਤਾਂ ਇਸ ਘਟਨਾ ਦੀ ਨਿਖੇਧੀ ਕਰਦਾ ਹਾਂ, ਪਰ ਮੇਰੇ ਨਾਲ ਅਜਿਹਾ ਕਿਉਂ ਕੀਤਾ ਜਾ ਰਿਹਾ ਹੈ? ਮੈਂ ਤਾਂ ਪੜ੍ਹਨ ਆਇਆ ਹਾਂ।"

ਉਹ ਅੱਗੇ ਦੱਸਦਾ ਹੈ ਕਿ ਇਸ ਹਫ਼ਤੇ ਰਾਤ ਦਾ ਖਾਣਾ ਲੈਣ ਗਿਆ ਤਾਂ ਦੁਕਾਨਦਾਰ ਨੇ ਪੁੱਛਿਆ - "ਕਿੱਥੋਂ ਦਾ ਹੈਂ?" ਮੈਂ ਡਰ ਕੇ ਕਿਹਾ "ਪੰਜਾਬ"। ਮੈਨੂੰ ਆਪਣੀ ਅਸਲ ਪਛਾਣ ਲੁਕਾਉਣੀ ਪੈ ਰਹੀ ਹੈ।

ਅਨੰਤਨਾਗ ਦੀ 20 ਸਾਲਾ ਮੁਨੱਜ਼ਾ, ਜੋ ਹਿਜਾਬ ਪਾਉਂਦੀ ਹੈ, ਨੇ ਦੱਸਿਆ, ਕਿ "ਉੱਤਰੀ ਕੈਂਪਸ ਦੇ ਇੱਕ ਸਟੋਰ 'ਤੇ ਦੁੱਧ ਲੈਣ ਗਈ ਤਾਂ ਵੈਂਡਰ ਟੀਵੀ 'ਤੇ ਲਾਲ ਕਿਲ੍ਹੇ ਵਾਲੀ ਖ਼ਬਰ ਵੇਖ ਰਿਹਾ ਸੀ। ਮੇਰੇ ਮੂੰਹ ਵੱਲ ਵੇਖ ਕੇ ਬੋਲਿਆ, 'ਮੁਸਲਮਾਨਾਂ ਨੂੰ ਸਾਮਾਨ ਨਹੀਂ ਵੇਚਦਾ।' ਮੈਂ ਚੁੱਪ ਕਰਕੇ ਵਾਪਸ ਆ ਗਈ। ਕਾਲਜ ਵਿੱਚ ਜਮਾਤੀਆਂ ਮਜ਼ਾਕ ਵਿੱਚ ਕਹਿੰਦੇ ਨੇ, 'ਤੇਰੇ ਬੈਗ ਵਿੱਚ ਪੱਥਰ ਨੇ ਜਾਂ ਏਕੇ-47?' ਮਜ਼ਾਕ ਸੁਣ ਕੇ ਹੱਸਣਾ ਪੈਂਦਾ ਹੈ, ਪਰ ਦਿਲ ਵਿੱਚ ਤੀਰ ਵਾਂਗ ਚੁਭਦਾ ਹੈ।"

ਫਰੀਦਾਬਾਦ ਪੁਲਿਸ ਨੇ ਲਗਭਗ 2,000 ਕਸ਼ਮੀਰੀ ਵਿਦਿਆਰਥੀਆਂ ਅਤੇ ਕਿਰਾਏਦਾਰਾਂ ਤੋਂ ਪੁੱਛਗਿੱਛ ਕੀਤੀ। ਇਸ ਤੋਂ ਬਾਅਦ ਵਿਦਿਆਰਥੀਆਂ ਵਿੱਚ ਡਰ ਦਾ ਮਾਹੌਲ ਹੈ। ਕਈ ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਸਾਥੀ ਹੁਣ ਤੰਜ ਕਸਦੇ ਨੇ ਕਿ "ਤੇਰੇ ਘਰ ਵਿੱਚ ਵੀ ਤਾਂ ਅੱਤਵਾਦੀ ਹੋਣਗੇ।"

ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸਾਰੇ ਮੁੱਖ ਮੰਤਰੀਆਂ ਨੂੰ ਅਪੀਲ ਕੀਤੀ ਹੈ ਕਿ ਦੇਸ਼ ਭਰ ਵਿੱਚ ਪੜ੍ਹ ਰਹੇ ਅਤੇ ਕੰਮ ਕਰ ਰਹੇ ਕਸ਼ਮੀਰੀਆਂ ਨਾਲ ਕੋਈ ਵਿਤਕਰਾ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ "ਅਪਰਾਧੀ ਬਹੁਤ ਘੱਟ ਗਿਣਤੀ ਵਿੱਚ ਹਨ, ਉਹ ਪੂਰੇ ਜੰਮੂ-ਕਸ਼ਮੀਰ ਦੀ ਨੁਮਾਇੰਦਗੀ ਨਹੀਂ ਕਰਦੇ।"

ਜੰਮੂ ਐਂਡ ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ (ਜੇਕੇਐਸਏ) ਨੇ ਲਾਲ ਕਿਲ੍ਹੇ ਦੇ ਧਮਾਕੇ ਦੀ ਸਖ਼ਤ ਨਿਖੇਧੀ ਕੀਤੀ ਹੈ ਪਰ ਨਾਲ ਹੀ ਕਿਹਾ ਹੈ ਕਿ "ਇਸ ਘਟਨਾ ਨੇ ਸੂਬੇ ਤੋਂ ਬਾਹਰ ਪੜ੍ਹ ਰਹੇ ਹਜ਼ਾਰਾਂ ਵਿਦਿਆਰਥੀਆਂ ਨੂੰ ਗੰਭੀਰ ਸੰਕਟ ਵਿੱਚ ਧੱਕ ਦਿੱਤਾ ਹੈ। ਐਸੋਸੀਏਸ਼ਨ ਦੇ ਇੱਕ ਨੁਮਾਇੰਦੇ ਨੇ ਕਿਹਾ ਕਿ ਪੁਲਸ ਵੀ ਸਾਨੂੰ ਸ਼ੱਕੀ ਨਜ਼ਰ ਨਾਲ ਵੇਖ ਰਹੀ ਹੈ। ਕਈ ਵਿਦਿਆਰਥੀ ਇਮਤਿਹਾਨ ਛੱਡ ਕੇ ਘਰ ਭੱਜ ਗਏ ਨੇ। ਉੱਤਰਾਖੰਡ ਦੇ ਦੇਹਰਾਦੂਨ ਵਿੱਚ ਤਾਂ 1700 ਕਸ਼ਮੀਰੀ ਵਿਦਿਆਰਥੀਆਂ ਦੀ ਨਿਗਰਾਨੀ ਸਖ਼ਤ ਕਰ ਦਿੱਤੀ ਗਈ ਹੈ। ਉਨ੍ਹਾਂ ਦੀਆਂ ਮੋਬਾਈਲ ਕਾਲਾਂ ਦੀ ਵੀ ਜਾਸੂਸੀ ਹੋ ਰਹੀ ਹੈ। ਨਵੇਂ ਸਿਰਿਓਂ ਵੈਰੀਫਿਕੇਸ਼ਨ ਮੁਹਿੰਮ ਚਲਾਈ ਜਾ ਰਹੀ ਹੈ।"

ਐਸੋਸੀਏਸ਼ਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਖ਼ੁਦ ਮਾਮਲੇ ਵਿੱਚ ਦਖ਼ਲ ਦੇਣ ਅਤੇ ਕਸ਼ਮੀਰੀ ਵਿਦਿਆਰਥੀਆਂ ਨੂੰ ਸੁਰੱਖਿਆ ਦਾ ਭਰੋਸਾ ਦਿਵਾਉਣ।

ਮਨੁੱਖੀ ਅਧਿਕਾਰ ਕਾਰਕੁੰਨਾਂ ਦਾ ਮੰਨਣਾ ਹੈ ਕਿ ਇਸ ਵਿਤਕਰੇ ਦੀਆਂ ਕਈ ਵੱਡੀਆਂ ਵਜ੍ਹਾਵਾਂ ਹਨ। ਪਹਿਲਾਂ ਤਾਂ ਮੀਡੀਆ ਦਾ ਇੱਕ ਧਿਰ ਵਾਲਾ ਰਵੱਈਆ। ਜਦੋਂ ਵੀ ਕਸ਼ਮੀਰ ਨਾਲ ਜੁੜੀ ਕੋਈ ਘਟਨਾ ਵਾਪਰਦੀ ਹੈ, ਤਾਂ ਚੈਨਲਾਂ 'ਤੇ ਚੱਲਣ ਵਾਲੀਆਂ ਬਹਿਸਾਂ ਵਿੱਚ ਕਸ਼ਮੀਰੀਆਂ ਬਾਰੇ ਫਿਰਕੂਵਾਦ ਫੈਲਾਇਆ ਜਾਂਦਾ ਹੈ। ਇਸ ਨਾਲ ਸਧਾਰਨ ਲੋਕਾਂ ਦੇ ਮਨ ਵਿੱਚ ਡਰ ਅਤੇ ਗੁੱਸਾ ਪੈਦਾ ਹੁੰਦਾ ਹੈ, ਜੋ ਬਾਅਦ ਵਿੱਚ ਨਫ਼ਰਤ ਵਿੱਚ ਬਦਲ ਜਾਂਦਾ ਹੈ।

ਦੂਜਾ, ਸੋਸ਼ਲ ਮੀਡੀਆ 'ਤੇ ਫ਼ੈਲਣ ਵਾਲੀਆਂ ਝੂਠੀਆਂ ਖ਼ਬਰਾਂ। ਲਾਲ ਕਿਲ੍ਹੇ ਵਾਲੀ ਘਟਨਾ ਤੋਂ ਬਾਅਦ ਵਟਸਐਪ ਅਤੇ ਫੇਸਬੁੱਕ 'ਤੇ ਕਈ ਅਜਿਹੇ ਮੈਸੇਜ ਵਾਇਰਲ ਹੋਏ ਜਿਨ੍ਹਾਂ ਵਿੱਚ ਕਿਹਾ ਗਿਆ ਕਿ ਕਸ਼ਮੀਰੀ ਵਿਦਿਆਰਥੀ ਹੀ ਇਸ ਵਿੱਚ ਸ਼ਾਮਲ ਹਨ। ਭਾਵੇਂ ਪੁਲਸ ਨੇ ਅਜੇ ਤੱਕ ਕੋਈ ਪੁਸ਼ਟੀ ਨਹੀਂ ਕੀਤੀ, ਪਰ ਫਿਰਕੂ ਲੋਕਾਂ ਨੇ ਅਫਵਾਹਾਂ ਫੈਲਾ ਦਿੱਤੀਆਂ।

ਤੀਜਾ, ਸਿਆਸੀ ਮਾਹੌਲ। ਆਰਟੀਕਲ 370 ਹਟਾਏ ਜਾਣ ਤੋਂ ਬਾਅਦ ਕਸ਼ਮੀਰ ਪ੍ਰਤੀ ਲੋਕਾਂ ਦੇ ਮਨ ਵਿੱਚ ਇੱਕ ਅਜੀਬ ਕਿਸਮ ਦਾ ਗੁੱਸਾ ਹੈ। ਕਈ ਲੋਕ ਸੋਚਦੇ ਨੇ ਕਿ ਹੁਣ ਤਾਂ ਸਭ ਕੁਝ ਠੀਕ ਹੋ ਗਿਆ, ਫਿਰ ਵੀ ਧਮਾਕੇ ਕਿਉਂ? ਤੇ ਇਸ ਗੁੱਸੇ ਦਾ ਨਿਸ਼ਾਨਾ ਸਧਾਰਨ ਕਸ਼ਮੀਰੀ ਵਿਦਿਆਰਥੀ ਬਣ ਜਾਂਦੇ ਨੇ।

ਦੇਹਰਾਦੂਨ ਵਿੱਚ 1700 ਕਸ਼ਮੀਰੀ ਵਿਦਿਆਰਥੀਆਂ ਦੀ ਸੂਚੀ ਬਣਾ ਕੇ ਉਨ੍ਹਾਂ ਦੀ ਨਿਗਰਾਨੀ ਸਖ਼ਤ ਕਰਨ ਅਤੇ ਮੋਬਾਈਲ ਕਾਲਾਂ ਦੀ ਜਾਸੂਸੀ ਕਰਨ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮਹਾਰਾਸ਼ਟਰ ਵਿੱਚ ਵੀ ਕਸ਼ਮੀਰੀ ਵਿਦਿਆਰਥੀਆਂ ਦੇ ਘਰਾਂ ਅਤੇ ਹੋਸਟਲਾਂ 'ਤੇ ਪੁਲਸ ਦੀਆਂ ਛਾਪੇਮਾਰੀ ਦੀਆਂ ਖ਼ਬਰਾਂ ਆ ਰਹੀਆਂ ਹਨ।

ਇੱਕ ਸੀਨੀਅਰ ਪੁਲਸ ਅਫ਼ਸਰ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਕਿਹਾ, "ਅਸੀਂ ਸਿਰਫ਼ ਵੈਰੀਫਿਕੇਸ਼ਨ ਕਰ ਰਹੇ ਹਾਂ। ਕਿਸੇ ਨੂੰ ਟਾਰਗੇਟ ਨਹੀਂ ਕੀਤਾ ਜਾ ਰਿਹਾ। ਪਰ ਜਦੋਂ ਤੱਕ ਜਾਂਚ ਪੂਰੀ ਨਹੀਂ ਹੁੰਦੀ, ਸਾਨੂੰ ਸਾਵਧਾਨ ਰਹਿਣਾ ਪੈਂਦਾ ਹੈ।" ਪਰ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਇਹ ਸਾਵਧਾਨੀ ਉਨ੍ਹਾਂ ਦੇ ਜੀਵਨ ਨੂੰ ਮੁਸ਼ਕਲ ਬਣਾ ਰਹੀ ਹੈ।

ਕਸ਼ਮੀਰੀ ਲੋਕ ਆਖਦੇ ਹਨ ਕਿ ਕਸ਼ਮੀਰ ਨੂੰ "ਧਰਤੀ ਦਾ ਸਵਰਗ" ਆਖਿਆ ਜਾਂਦਾ ਹੈ ਪਰ ਉੱਥੋਂ ਦੇ ਨੌਜਵਾਨਾਂ ਨੂੰ ਵਾਰ ਵਾਰ ਆਪਣੀ ਭਾਰਤ ਪ੍ਰਤੀ ਵਫ਼ਾਦਾਰੀ ਦਾ ਸਬੂਤ ਦੇਣਾ ਪੈਂਦਾ ਹੈ। ਪਹਿਲਗਾਮ ਹਮਲੇ ਤੋਂ ਬਾਅਦ ਵੀ ਕਸ਼ਮੀਰੀਆਂ ਨੇ ਵਾਦੀ ਵਿੱਚ ਵਿਸ਼ਾਲ ਮਾਰਚ ਕੱਢੇ, ਦਹਿਸ਼ਤਗਰਦੀ ਵਿਰੁੱਧ ਆਵਾਜ਼ ਚੁੱਕੀ, ਪਰ ਫਿਰ ਵੀ ਦੇਸ਼ ਦੇ ਕਈ ਹਿੱਸਿਆਂ ਵਿੱਚ ਉਨ੍ਹਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ।

ਸਮਾਜ ਸ਼ਾਸਤਰੀ ਡਾ. ਆਸ਼ਿਸ਼ ਨੰਦੀ ਦਾ ਕਹਿਣਾ ਹੈ, "ਇਹ ਇੱਕ ਖ਼ਤਰਨਾਕ ਚੱਕਰ ਹੈ। ਜਦੋਂ ਤੁਸੀਂ ਕਿਸੇ ਪੂਰੇ ਭਾਈਚਾਰੇ ਨੂੰ ਸ਼ੱਕੀ ਮੰਨ ਲੈਂਦੇ ਹੋ, ਤਾਂ ਕੁਝ ਨੌਜਵਾਨ ਸੱਚਮੁੱਚ ਹੀ ਨਿਰਾਸ਼ ਹੋ ਕੇ ਗਲਤ ਰਾਹ ਪੁੱਟ ਸਕਦੇ ਨੇ। ਇਹ ਦੇਸ਼ ਲਈ ਘਾਤਕ ਹੈ।"

ਲਾਲ ਕਿਲ੍ਹੇ ਵਾਲਾ ਧਮਾਕਾ ਭਾਵੇਂ ਛੋਟਾ ਸੀ, ਪਰ ਇਸ ਨੇ ਫਿਰ ਤੋਂ ਦੇਸ਼ ਦੇ ਜ਼ਖ਼ਮੀਆਂ ਨੂੰ ਹਰਾ ਕਰ ਦਿੱਤਾ ਹੈ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਇਸ ਦਾ ਖ਼ਮਿਆਜ਼ਾ ਸਧਾਰਨ ਕਸ਼ਮੀਰੀ ਨੌਜਵਾਨ ਭੁਗਤ ਰਹੇ ਨੇ, ਜੋ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਘਰੋਂ ਦੂਰ ਪੜ੍ਹਨ ਆਏ ਸਨ।

### -ਮਾਮਲਾ ਸੰਘੀ ਆਗੂ ਦੇ ਪੁੱਤਰ ਦੇ ਕਤਲ ਕੇਸ ਦਾ-


## ਦੋਸ਼ੀ ਨੂੰ ਪਨਾਹ ਦੇਣ ਦੇ ਦੋਸ਼ ਲੁਧਿਆਣਾ ਦੀ ਕੁੜੀ ਗ੍ਰਿਫ਼ਤਾਰ

ਫਿਰੋਜ਼ਪੁਰ-ਫਿਰੋਜ਼ਪੁਰ 'ਚ ਕੁਝ ਮੁਲਜ਼ਮਾਂ ਵੱਲੋਂ ਬੀਤੀ 15 ਨਵੰਬਰ ਦੀ ਰਾਤ ਨੂੰ ਆਰਐੱਸਐੱਸ ਆਗੂ ਬਲਦੇਵ ਕ੍ਰਿਸ਼ਨ ਅਰੋੜਾ ਦੇ ਪੁੱਤਰ ਨਵੀਨ ਅਰੋੜਾ ਦਾ ਕਤਲ ਕਰ ਕੇ ਫ਼ਰਾਰ ਹੋਏ ਮੁਲਜ਼ਮਾਂ ਨੂੰ ਪਨਾਹ ਦੇਣ ਦੇ ਦੋਸ਼ ਹੇਠ ਫਿਰੋਜ਼ਪੁਰ ਪੁਲੀਸ ਨੇ ਲੁਧਿਆਣਾ ਦੀ ਇਕ ਕੁੜੀ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਹੈ।

ਐੱਸ. ਐੱਚ. ਓ. ਇੰਸਪੈਕਟਰ ਜਤਿੰਦਰ ਸਿੰਘ ਥਾਣਾ ਸਿਟੀ ਫਿਰੋਜ਼ਪੁਰ ਦੱਸਿਆ ਕਿ ਜਦੋਂ ਪੁਲੀਸ ਪਾਰਟੀ ਨਵੀਨ ਅਰੋੜਾ ਦੇ ਕਤਲ ਕੇਸ ਦੇ ਮੁਲਜ਼ਮਾਂ ਨੂੰ ਫੜ੍ਹਨ ਲਈ ਫਿਰੋਜ਼ਪੁਰ ਸ਼ਹਿਰ ਦੇ ਬੱਸ ਸਟੈਂਡ ਨੇੜੇ ਪਹੁੰਚੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਨਵੀਨ ਅਰੋੜਾ ਦਾ ਕਤਲ ਕਰ ਕੇ ਮੁਲਜ਼ਮ ਨਛੱਤਰ ਸਿੰਘ ਵਾਸੀ ਤਿਹਾਂਗ, ਜ਼ਿਲ੍ਹਾ ਜਲੰਧਰ, ਫਿਰੋਜ਼ਪੁਰ ਸ਼ਹਿਰ ਤੋਂ ਫ਼ਰਾਰ ਹੋ ਗਿਆ ਸੀ।

ਨਛੱਤਰ ਸਿੰਘ ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਲਈ ਲੁਧਿਆਣਾ ਦੀ ਇਕ ਕੁੜੀ ਭਾਵਨਾ ਨੇ ਮਦਦ ਕਰਦਿਆਂ ਉਸ ਨੂੰ ਪਨਾਹ ਦਿੱਤੀ ਸੀ ਅਤੇ ਪਤਾ ਲੱਗਾ ਹੈ ਕਿ ਹੁਣ ਨਛੱਤਰ ਸਿੰਘ ਉੱਥੋਂ ਵੀ ਫਰਾਰ ਹੋ ਗਿਆ ਹੈ। ਪੁਲੀਸ ਵੱਲੋਂ ਥਾਣਾ ਸਿਟੀ 'ਚ ਭਾਵਨਾ ਖ਼ਿਲਾਫ਼ ਮੁਕੱਦਮਾ ਦਰਜ ਕਰ ਕੇ ਉਸ ਤੋਂ ਪੁੱਛ ਪੜਤਾਲ ਕੀਤੀ ਜਾ ਰਹੀ ਹੈ।

## ਰਈਆ ਨੇੜੇ ਪਿੰਡ ਨਿੱਜਰ ਵਿਚ ਪੁਲੀਸ ਮੁਕਾਬਲੇ ਵਿੱਚ ਗੈਂਗਸਟਰ ਹਲਾਕ



ਰਈਆ- ਇਥੋਂ ਨੇੜੇ ਪਿੰਡ ਨਿੱਜਰ ਵਿੱਚ ਸੋਮਵਾਰ ਵੱਡੇ ਤੜਕੇ ਪੁਲੀਸ ਨਾਲ ਹੋਏ ਮੁਕਾਬਲੇ ਵਿਚ ਗੈਂਗਸਟਰ ਮਾਰਿਆ ਗਿਆ ਜਿਸ ਦੀ ਅਜੇ ਸ਼ਨਾਖਤ ਨਹੀਂ ਹੋਈ। ਘਟਨਾ ਸਥਾਨ 'ਤੇ ਵੱਡੀ ਗਿਣਤੀ ਵਿੱਚ ਪੁਲੀਸ ਪੁੱਜੀ ਹੋਈ ਹੈ।

ਦੱਸਿਆ ਜਾਂਦਾ ਹੈ ਕਿ ਉਕਤ ਗੈਂਗਸਟਰ ਨੇ ਗੋਲੀਆਂ ਮਾਰ ਕੇ ਪਿੰਡ ਧੁਲਕਾ ਦੇ ਮਨਜੀਤ ਸਿੰਘ ਦੀ ਹੱਤਿਆ ਕੀਤੀ ਸੀ। ਹੋਰ ਵੇਰਵਿਆਂ ਦੀ ਉਡੀਕ ਹੈ।

# ਕਸ਼ਮੀਰ ਟਾਈਮਜ਼ ਨੂੰ ਚੁੱਪ ਕਰਾਉਣ ਲਈ ਸਰਕਾਰ ਦਾ ਨਵਾਂ ਹਥਿਆਰ: ਦੇਸ਼ ਧ੍ਰੋਹ ਦਾ ਠੱਪਾ!

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

## ✪ ਚਾਰ ਸਾਲ ਤੋਂ ਤਾਲਾ ਲੱਗਾ ਦਫ਼ਤਰ, ਫਿਰ ਵੀ "ਹਥਿਆਰਾਂ ਦਾ ਭੰਡਾਰ" ਮਿਲ ਗਿਆ - ਕੀ ਹੈ ਸੱਚ? ✪ ਸੱਤਾ ਨੂੰ ਸ਼ੀਸ਼ਾ ਵਿਖਾਉਣ ਵਾਲੇ ਅਖ਼ਬਾਰ 'ਤੇ ਛਾਪਾ: ਪ੍ਰੈੱਸ ਦੀ ਆਜ਼ਾਦੀ ਦਾ ਕਤਲ!

ਜੰਮੂ ਕਸ਼ਮੀਰ ਦੀ ਸਟੇਟ ਇਨਵੈਸਟੀਗੇਸ਼ਨ ਏਜੰਸੀ ਨੇ ਬੀਤੇ ਦਿਨੀਂ ਜੰਮੂ ਦੇ ਰੈਜ਼ੀਡੈਂਸੀ ਰੋਡ ਸਥਿਤ 'ਕਸ਼ਮੀਰ ਟਾਈਮਜ਼' ਅਖ਼ਬਾਰ ਦੇ ਪੁਰਾਣੇ ਦਫ਼ਤਰ 'ਤੇ ਛਾਪਾ ਮਾਰਿਆ। ਇਹ ਦਫ਼ਤਰ ਚਾਰ ਸਾਲਾਂ ਤੋਂ ਬੰਦ ਪਿਆ ਸੀ ਤੇ ਉੱਥੇ ਕੋਈ ਸਟਾਫ਼ ਵੀ ਨਹੀਂ ਸੀ। ਫਿਰ ਵੀ ਪੁਲੀਸ ਨੇ ਦਾਅਵਾ ਕੀਤਾ ਸੀ ਕਿ ਉੱਥੋਂ ਉਹਨਾਂ ਨੂੰ ਏਕੇ-47 ਰਾਈਫਲ ਦੇ ਕਈ ਕਾਰਤੂਸ, 9ਐਮ ਐਮ ਪਿਸਤੌਲ ਦੀਆਂ ਗੋਲੀਆਂ, ਹੈਂਡ ਗ੍ਰੇਨੇਡ ਦੀਆਂ ਪਿੰਨਾਂ ਤੇ ਕੁਝ ਹੋਰ ਸ਼ੱਕੀ ਸਾਮਾਨ ਮਿਲਿਆ ਸੀ।

ਅਧਿਕਾਰੀਆਂ ਮੁਤਾਬਕ ਅਖ਼ਬਾਰ ਦੇ ਪ੍ਰਕਾਸ਼ਕਾਂ ਤੇ ਪ੍ਰਮੋਟਰਾਂ ਖ਼ਿਲਾਫ਼ ਪਹਿਲਾਂ ਹੀ ਯੂਏਪੀਏ ਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਸੇ ਕੇਸ ਦੀ ਪੜਤਾਲ ਵਿੱਚ ਇਹ ਛਾਪੇਮਾਰੀ ਕੀਤੀ ਗਈ। ਜੰਮੂ ਕਸ਼ਮੀਰ ਦੀ ਸਟੇਟ ਇਨਵੈਸਟੀਗੇਸ਼ਨ ਏਜੰਸੀ ਦੇ ਇੱਕ ਅਧਿਕਾਰੀ ਨੇ ਦੱਸਿਆ, "ਸਾਨੂੰ ਭਰੋਸੇਯੋਗ ਇਨਪੁਟ ਸੀ ਕਿ ਇਸ ਬੰਦ ਪਏ ਦਫ਼ਤਰ ਵਿੱਚ ਵੀ ਕੁਝ ਸਬੂਤ ਹੋ ਸਕਦੇ ਨੇ। ਜਿਸ ਤੋਂ ਬਾਅਦ ਟੀਮ ਨੇ ਤਲਾਸ਼ੀ ਲਈ ਤੇ ਇਹ ਸਾਮਾਨ ਬਰਾਮਦ ਹੋਇਆ।"

ਇਸ ਵੇਲੇ ਅਖ਼ਬਾਰ ਦੇ ਦੋਵੇਂ ਮੁੱਖ ਸੰਪਾਦਕ - ਪ੍ਰਬੋਧ ਜਾਮਵਾਲ ਤੇ ਅਨੁਰਾਧਾ ਭਸੀਨ ਜਾਮਵਾਲ - ਵਿਦੇਸ਼ ਵਿੱਚ ਨੇ। ਦੋਵਾਂ ਨੇ ਸਾਂਝਾ ਬਿਆਨ ਜਾਰੀ ਕਰਕੇ ਛਾਪੇ ਦੀ ਸਖ਼ਤ ਨਿਖੇਧੀ ਕੀਤੀ ਸੀ। ਉਹਨਾਂ ਲਿਖਿਆ ਸੀ ਕਿ




ਚਾਰ ਸਾਲ ਤੋਂ ਬੰਦ ਪਏ ਦਫ਼ਤਰ 'ਤੇ ਛਾਪਾ, ਬਿਨਾਂ ਕਿਸੇ ਅਧਿਕਾਰਤ ਨੋਟਿਸ ਤੇ ਬਿਨਾਂ ਕਿਸੇ ਅਧਿਕਾਰੀ ਦੀ ਮੌਜੂਦਗੀ ਵਿੱਚ ਕਥਿਤ ਤੌਰ 'ਤੇ ਹਥਿਆਰ ਬਰਾਮਦ ਕਰਨਾ - ਇਹ ਸਭ ਕੁਝ ਇੱਕ ਡਰਾਮਾ ਹੈ। ਸਾਨੂੰ ਡਰਾਉਣ, ਬਦਨਾਮ ਕਰਨ ਤੇ ਆਖਿਰ ਚੁੱਪ ਕਰਾਉਣ ਦੀ ਯੋਜਨਾਬੱਧ ਕੋਸ਼ਿਸ਼ ਹੈ। ਪਰ ਅਸੀਂ ਚੁੱਪ ਨਹੀਂ ਰਹਾਂਗੇ।

ਉਹਨਾਂ ਕਿਹਾ ਕਿ ਸਰਕਾਰ ਦੀ ਆਲੋਚਨਾ ਕਰਨਾ ਦੇਸ਼ ਵਿਰੋਧ ਨਹੀਂ ਹੁੰਦਾ। ਸੱਤਾ ਨੂੰ ਸਵਾਲ ਕਰਨਾ ਦੇਸ਼ ਧ੍ਰੋਹ ਨਹੀਂ ਹੁੰਦਾ। ਇਹ ਤਾਂ ਲੋਕਤੰਤਰ ਦੀ ਸਿਹਤ ਲਈ ਜ਼ਰੂਰੀ ਹੈ। ਜਦੋਂ ਸਾਰੇ ਚੁੱਪ ਹੋ ਰਹੇ ਨੇ, ਅਸੀਂ ਉਨ੍ਹਾਂ ਗਿਣੇ-ਚੁਣੇ ਅਖ਼ਬਾਰਾਂ ਵਿੱਚੋਂ ਇੱਕ ਹਾਂ ਜੋ ਅਜੇ ਵੀ ਸੱਚ ਬੋਲਣ ਤੋਂ ਡਰਦੇ ਨਹੀਂ।"

ਨੈਸ਼ਨਲ ਕਾਨਫਰੰਸ ਦੇ ਸੀਨੀਅਰ ਆਗੂ ਤੇ ਜੰਮੂ ਕਸ਼ਮੀਰ ਦੇ ਉਪ ਮੁੱਖ ਮੰਤਰੀ ਸੁਰਿੰਦਰ ਚੌਧਰੀ ਨੇ ਕਿਹਾ, "ਕਾਰਵਾਈ ਤਦ ਹੀ ਹੋਣੀ ਚਾਹੀਦੀ ਹੈ ਜਦੋਂ ਗਲਤੀ ਸਾਬਤ ਹੋ ਜਾਵੇ, ਨਾ ਕਿ ਕਿਸੇ ਨੂੰ ਡਰਾਉਣ ਲਈ। ਮੀਡੀਆ ਨੂੰ ਡਰਾਉਣਾ ਲੋਕਤੰਤਰ ਲਈ ਖ਼ਤਰਨਾਕ ਹੈ।"

ਪੀਪਲਜ਼ ਡੈਮੋਕਰੈਟਿਕ ਪਾਰਟੀ ਦੀ ਆਗੂ ਇਲਤਿਜਾ ਮੁਫ਼ਤੀ ਨੇ ਕਿਹਾ ਕਿ ਕਸ਼ਮੀਰ ਟਾਈਮਜ਼ ਉਹ ਗਿਣਿਆਂ-ਚੁਣਿਆਂ ਅਖ਼ਬਾਰਾਂ ਵਿੱਚੋਂ ਇੱਕ ਸੀ ਜਿਸ ਨੇ ਸੱਤਾ ਨੂੰ ਸ਼ੀਸ਼ਾ ਵਿਖਾਇਆ ਤੇ ਦਬਾਅ 'ਵਿਚ ਨਹੀਂ ਝੁੱਕਿਆ। ਦੇਸ਼ ਵਿਰੋਧੀ ਗਤੀਵਿਧੀਆਂ ਦੇ ਨਾਂ 'ਤੇ ਬੰਦ ਦਫ਼ਤਰ ਵਿਚੋਂ ਹਥਿਆਰ 'ਲੱਭਣਾ' ਸਿਰੇ ਦੀ ਗੈਰ ਜਮਹੂਰੀ ਕਾਰਵਾਈ ਹੈ। ਕਸ਼ਮੀਰ ਵਿੱਚ ਸੱਚ ਦੀ ਹਰ ਖਿੜਕੀ ਨੂੰ 'ਦੇਸ਼ਵਿਰੋਧੀ' ਦਾ ਠੱਪਾ ਲਗਾ ਕੇ ਬੰਦ ਕੀਤਾ ਜਾ ਰਿਹਾ ਹੈ। ਕੀ ਅਸੀਂ ਸਭ ਦੇਸ਼ਧ੍ਰੋਹੀ ਹਾਂ?"

ਇਥੇ ਜ਼ਿਕਰਯੋਗ ਹੈ ਕਿ 1954 ਵਿੱਚ ਮਸ਼ਹੂਰ ਪੱਤਰਕਾਰ ਸਵਰਗਵਾਸੀ ਵੇਦ ਭਸੀਨ ਨੇ 'ਕਸ਼ਮੀਰ ਟਾਈਮਜ਼' ਸ਼ੁਰੂ ਕੀਤਾ ਸੀ। ਵੇਦ ਭਸੀਨ ਜੰਮੂ ਪ੍ਰੈੱਸ ਕਲੱਬ ਦੇ ਪ੍ਰਧਾਨ ਵੀ ਰਹੇ। ਉਹਨਾਂ ਦੇ ਸਮੇਂ ਤੋਂ ਹੀ ਇੱਕ ਧੜੇ ਵੱਲੋਂ ਅਖ਼ਬਾਰ 'ਤੇ "ਅਲੱਗਾਵਵਾਦੀ ਵਿਚਾਰਧਾਰਾ ਨੂੰ ਸਮਰਥਨ ਦੇਣ" ਦੇ ਦੋਸ਼ ਲਗਦੇ ਰਹੇ ਨੇ। ਖ਼ਾਸ ਕਰਕੇ 90 ਦੇ ਦਹਾਕੇ ਵਿੱਚ ਜਦੋਂ ਕਸ਼ਮੀਰ ਵਿੱਚ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ, ਅਖ਼ਬਾਰ ਨੇ ਕਈ ਵਾਰ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ 'ਤੇ ਸਵਾਲ ਉਠਾਏ ਸਨ ਤੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਨੂੰ ਉਜਾਗਰ ਕੀਤਾ ਸੀ।

ਵੇਦ ਭਸੀਨ ਦੇ ਦੇਹਾਂਤ ਤੋਂ ਬਾਅਦ ਉਹਨਾਂ ਦੀ ਧੀ ਅਨੁਰਾਧਾ ਭਸੀਨ ਜਾਮਵਾਲ ਤੇ ਜਵਾਈ ਪ੍ਰਬੋਧ ਜਾਮਵਾਲ ਨੇ ਅਖ਼ਬਾਰ ਸੰਭਾਲਿਆ ਸੀ। 2019 ਵਿੱਚ ਧਾਰਾ 370 ਹਟਾਉਣ ਤੋਂ ਬਾਅਦ ਅਖ਼ਬਾਰ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਸਖ਼ਤ ਆਲੋਚਨਾ ਕੀਤੀ। 2021-22 ਵਿੱਚ ਜੰਮੂ ਤੇ ਸ੍ਰੀਨਗਰ ਤੋਂ ਛਪਣ ਵਾਲਾ ਪ੍ਰਿੰਟ ਐਡੀਸ਼ਨ ਬੰਦ ਹੋ ਗਿਆ। ਹੁਣ ਸਿਰਫ਼ ਆਨਲਾਈਨ ਐਡੀਸ਼ਨ ਚੱਲ ਰਿਹਾ ਹੈ।

ਇਹ ਪਹਿਲੀ ਵਾਰ ਨਹੀਂ ਜਦੋਂ ਜੰਮੂ ਕਸ਼ਮੀਰ ਵਿੱਚ ਮੀਡੀਆ 'ਤੇ ਸਰਕਾਰੀ ਕਾਰਵਾਈ ਹੋਈ ਹੋਵੇ। 2019 ਤੋਂ ਬਾਅਦ ਕਈ ਪੱਤਰਕਾਰਾਂ ਨੂੰ ਯੂਏਪੀਏ ਤਹਿਤ ਗ੍ਰਿਫ਼ਤਾਰ ਕੀਤਾ ਗਿਆ, ਕਈ ਅਖ਼ਬਾਰਾਂ ਦੀ ਸਰਕਾਰੀ ਇਸ਼ਤਿਹਾਰਬਾਜ਼ੀ ਰੋਕੀ ਗਈ, ਕਈ ਦਫ਼ਤਰਾਂ 'ਤੇ ਛਾਪੇ ਪਏ। 'ਕਸ਼ਮੀਰ ਟਾਈਮਜ਼' ਵਰਗੇ ਅਖ਼ਬਾਰਾਂ ਨੂੰ ਲੰਮੇ ਸਮੇਂ ਤੋਂ ਨਿਸ਼ਾਨੇ 'ਤੇ ਰੱਖਿਆ ਜਾ ਰਿਹਾ ਹੈ, ਕਿਉਂਕਿ ਉਹ ਸੱਤਾ ਪੱਖੀ ਰਿਪੋਰਟਿੰਗ ਨਹੀਂ ਕਰਦੇ।

ਦੂਜੇ ਪਾਸੇ ਸਰਕਾਰ ਤੇ ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਕਾਨੂੰਨ ਸਭ ਲਈ ਬਰਾਬਰ ਹੈ। ਜੇ ਕਿਸੇ ਕੋਲੋਂ ਹਥਿਆਰ ਬਰਾਮਦ ਹੁੰਦੇ ਨੇ ਤਾਂ ਕਾਰਵਾਈ ਹੋਣੀ ਜ਼ਰੂਰੀ ਹੈ, ਭਾਵੇਂ ਉਹ ਪੱਤਰਕਾਰ ਹੀ ਕਿਉਂ ਨਾ ਹੋਵੇ। ਪਰ ਸਵਾਲ ਇਹ ਉੱਠਦਾ ਹੈ ਕਿ ਚਾਰ ਸਾਲ ਤੋਂ ਬੰਦ ਪਏ ਦਫ਼ਤਰ ਵਿੱਚੋਂ ਅਚਾਨਕ ਹਥਿਆਰ ਕਿਵੇਂ ਆ ਗਏ?

ਅੱਜ ਦੇ ਦਿਨ ਜੰਮੂ ਕਸ਼ਮੀਰ ਵਿੱਚ 'ਕਸ਼ਮੀਰ ਟਾਈਮਜ਼' ਵਰਗੇ ਅਖ਼ਬਾਰ ਬਹੁਤ ਘੱਟ ਬਚੇ ਨੇ ਜੋ ਬਿਨਾਂ ਡਰੇ ਸੱਚ ਲਿਖ ਸਕਦੇ ਨੇ। ਜੇ ਇਹ ਵੀ ਚੁੱਪ ਹੋ ਗਏ ਤਾਂ ਫਿਰ ਕੌਣ ਬੋਲੇਗਾ? ਮਨੁੱਖੀ ਅਧਿਕਾਰਾ ਕਾਰਕੁੰਨਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜੇ ਸੱਚਮੁੱਚ ਕੋਈ ਸਬੂਤ ਨੇ ਤਾਂ ਖੁੱਲ੍ਹੀ ਦਲੀਲ ਨਾਲ ਸਾਹਮਣੇ ਲਿਆਉਣ, ਨਾ ਕਿ ਬੰਦ ਦਫ਼ਤਰਾਂ ਵਿੱਚ ਹਥਿਆਰ 'ਲੱਭ ਕੇ' ਪੱਤਰਕਾਰਾਂ ਨੂੰ ਦੇਸ਼ਧ੍ਰੋਹੀ ਠਹਿਰਾਉਣ।

# 'ਹਿੰਦ ਦੀ ਚਾਦਰ' ਫਿਲਮ 'ਤੇ ਅਕਾਲ ਤਖ਼ਤ ਦੀ ਰੋਕ: 21 ਨੂੰ ਰਿਲੀਜ਼ ਨਹੀਂ ਹੋਈ

## ✪ ਬਵੇਜਾ ਸਟੂਡੀਓ ਨੇ ਅਕਾਲ ਤਖਤ ਸਾਹਿਬ ਦੇ ਹੁਕਮ ਅਗੇ ਗੋਡੇ ਟੇਕੇ ✪ ਐਨੀਮੇਸ਼ਨ ਰਾਹੀਂ ਗੁਰੂ ਰੂਪ ਦਰਸਾਉਣ ਦੀ ਕੋਸ਼ਿਸ਼ ਹੋਈ ਫਿਰ ਫੇਲ੍ਹ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ 400 ਸਾਲਾ ਯਾਦ ਨੂੰ ਸਮਰਪਿਤ ਐਨੀਮੇਟਿਡ ਫਿਲਮ 'ਹਿੰਦ ਦੀ ਚਾਦਰ - ਗੁਰੂ ਲਾਧੋ ਰੇ' ਦੀ 21 ਨਵੰਬਰ ਨੂੰ ਹੋਣ ਵਾਲੀ ਰਿਲੀਜ਼ ਨੂੰ ਆਖਿਰ ਰੋਕ ਦਿੱਤੀ ਗਈ ਸੀ। ਮੁੰਬਈ ਸਥਿਤ ਬਵੇਜਾ ਸਟੂਡੀਓ ਨੇ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖ ਕੇ ਤੇ ਸੋਸ਼ਲ ਮੀਡੀਆ 'ਤੇ ਅਧਿਕਾਰਤ ਬਿਆਨ ਜਾਰੀ ਕਰਕੇ ਫਿਲਮ ਦੀ ਰਿਲੀਜ਼ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਸੀ। ਇਹ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਫਿਲਮ 'ਤੇ ਪੂਰਨ ਰੋਕ ਲਾਉਣ ਦੇ ਹੁਕਮ ਤੋਂ ਬਾਅਦ ਆਇਆ ਸੀ। ਜਥੇਦਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਨਿਰਦੇਸ਼ ਦਿੱਤੇ ਸਨ ਕਿ ਕੇਂਦਰ ਤੇ ਪੰਜਾਬ ਸਰਕਾਰ ਨਾਲ ਗੱਲਬਾਤ ਕਰਕੇ ਫਿਲਮ ਨੂੰ ਰੋਕਿਆ ਜਾਵੇ।

ਸਕੱਤਰੇਤ ਸ੍ਰੀ ਅਕਾਲ ਤਖ਼ਤ ਅਨੁਸਾਰ ਇਹ ਫਿਲਮ ਧਰਮ ਪ੍ਰਚਾਰ ਕਮੇਟੀ ਵੱਲੋਂ 13 ਦਸੰਬਰ 2022 ਨੂੰ ਪਾਸ ਕੀਤੇ ਮਤਾ ਨੰਬਰ 651 ਦੀ ਸਿੱਧੀ ਉਲੰਘਣਾ ਹੈ। ਇਸ ਮਤੇ ਵਿੱਚ ਸਪੱਸ਼ਟ ਲਿਖਿਆ ਹੈ ਕਿ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਬਾਰੇ ਕਿਸੇ ਵੀ ਤਰ੍ਹਾਂ ਦੀ ਫਿਲਮ ਜਾਂ ਐਨੀਮੇਸ਼ਨ ਫਿਲਮ ਬਣਾਉਣ 'ਤੇ ਪੂਰਨ ਰੋਕ ਹੈ। ਇਸ ਤੋਂ ਇਲਾਵਾ 2 ਮਈ 2025 ਨੂੰ ਸ੍ਰੀ ਅਕਾਲ ਤਖ਼ਤ ਵਿਖੇ ਹੋਈ ਵਿਸ਼ੇਸ਼ ਪੰਥਕ ਇਕੱਤਰਤਾ ਵਿੱਚ ਸਿੱਖ ਵਿਦਵਾਨਾਂ, ਬੁੱਧੀਜੀਵੀਆਂ ਤੇ ਕਲਾਕਾਰਾਂ ਨੇ ਇਕਮੱਤ ਹੋ ਕੇ ਫੈਸਲਾ ਕੀਤਾ ਸੀ ਕਿ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਸ਼ਹੀਦਾਂ ਤੇ ਸਿੱਖ ਸੰਸਕਾਰਾਂ ਦੀਆਂ ਨਕਲਾਂ ਕਰਕੇ ਫਿਲਮਾਂ ਨਹੀਂ ਬਣਾਈਆਂ ਜਾ ਸਕਦੀਆਂ।

ਸ੍ਰੀ ਅਕਾਲ ਤਖ਼ਤ ਵੱਲੋਂ ਗਠਿਤ ਜਾਂਚ ਕਮੇਟੀ ਨੇ ਫਿਲਮ ਵੇਖ ਕੇ ਰਿਪੋਰਟ ਦਿੱਤੀ ਕਿ ਇਸ ਵਿੱਚ ਸਿੱਧਾਂਤਕ, ਇਤਿਹਾਸਕ ਤੇ ਫਿਲਮਾਂਕਣ ਦੇ ਪੱਖੋਂ ਕਈ ਗੰਭੀਰ ਖਾਮੀਆਂ ਹਨ, ਜਿਨ੍ਹਾਂ ਨੂੰ ਸਿੱਖ ਸੰਗਤ ਕਦੇ ਸਵੀਕਾਰ ਨਹੀਂ ਕਰ ਸਕਦੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਵੀ ਕਿਹਾ ਸੀ ਕਿ "ਗੁਰੂ ਸਾਹਿਬ ਨੂੰ ਐਨੀਮੇਸ਼ਨ ਰਾਹੀਂ ਦਰਸਾਉਣਾ ਸਿੱਖ ਮਰਯਾਦਾ ਦੀ ਖੁੱਲ੍ਹੀ ਉਲੰਘਣਾ ਹੈ"।

ਬਵੇਜਾ ਸਟੂਡੀਓ ਨੇ ਜਥੇਦਾਰ ਨੂੰ ਲਿਖੇ ਪੱਤਰ ਵਿੱਚ ਲਿਖਿਆ ਸੀ ਕਿ "ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦਾ ਸਤਿਕਾਰ ਕਰਦੇ ਹਾਂ ਤੇ ਫਿਲਮ ਦੀ ਰਿਲੀਜ਼ ਫਿਲਹਾਲ ਰੋਕ ਦਿੱਤੀ ਹੈ। ਜੇਕਰ ਕੋਈ ਖਾਮੀਆਂ ਹਨ ਤਾਂ ਸਾਨੂੰ ਦੱਸੀਆਂ ਜਾਣ"। ਉਨ੍ਹਾਂ ਨੇ ਸੰਗਤ ਨੂੰ ਵੀ ਸੋਸ਼ਲ ਮੀਡੀਆ 'ਤੇ ਸੂਚਿਤ ਕੀਤਾ ਹੈ।

ਯਾਦ ਰਹੇ ਕਿ ਇਹ ਪਹਿਲੀ ਵਾਰ ਨਹੀਂ ਜਦੋਂ ਗੁਰੂ ਸਾਹਿਬਾਨ 'ਤੇ ਫਿਲਮਾਂ ਵਿਵਾਦਾਂ ਵਿੱਚ ਫਸੀਆਂ ਹਨ। 2015 ਵਿੱਚ 'ਨਾਨਕ ਸ਼ਾਹ ਫ਼ਕੀਰ' ਨੂੰ ਵੀ ਰੋਕ ਦਿੱਤਾ ਗਿਆ ਸੀ। 2022 ਵਿੱਚ 'ਦਾਸਤਾਨ-ਏ-ਸਰਹਿੰਦ' 'ਤੇ ਵੀ ਇਤਰਾਜ਼ ਉਠੇ। ਕੰਗਨਾ ਰਣੌਤ ਦੀ 'ਐਮਰਜੈਂਸੀ' ਵਿੱਚ ਵੀ ਸਿੱਖ ਅਕਸ ਨੂੰ ਗਲਤ ਦਰਸਾਉਣ ਦਾ ਦੋਸ਼ ਲੱਗਾ।

ਸਿੱਖ ਜਥੇਬੰਦੀਆਂ ਦਾ ਸਾਂਝਾ ਸਟੈਂਡ ਹੈ ਕਿ ਗੁਰੂ ਸਾਹਿਬਾਨ ਦਾ ਰੂਪ ਕਿਸੇ ਵੀ ਕਲਾਕਾਰ, ਐਨੀਮੇਸ਼ਨ ਜਾਂ ਏਆਈ ਰਾਹੀਂ ਨਹੀਂ ਬਣਾਇਆ ਜਾ ਸਕਦਾ। ਇਹ ਸਿੱਖ ਰਹਿਤ ਮਰਯਾਦਾ ਤੇ ਅਕਾਲ ਤਖ਼ਤ ਦੇ ਪੁਰਾਣੇ ਹੁਕਮਨਾਮਿਆਂ ਦੀ ਸਿੱਧੀ ਉਲੰਘਣਾ ਮੰਨਿਆ ਜਾਂਦਾ ਹੈ। ਹੁਣ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਵੀ ਕੋਈ ਨਿਰਮਾਤਾ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਨੂੰ ਪਰਦੇ 'ਤੇ ਉਤਾਰਨ ਦੀ ਜੁਰਅਤ ਨਹੀਂ ਕਰੇਗਾ।


# ਸਿੱਖ ਸੋਚ ਦੇ ਨਿਸ਼ਠਾਵਾਨ ਵਿਦਵਾਨ – ਡਾ: ਭਾਈ ਜੋਧ ਸਿੰਘ

**4 ਦਸੰਬਰ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

80 ਵਰ੍ਹਿਆਂ ਦੀ ਵਡੇਰੀ ਉਮਰ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਬਣਨ ਵਾਲੇ, ਸਰਦਾਰ ਬਹਾਦਰ ਅਤੇ ਪਦਮ ਭੂਸ਼ਣ ਦਾ ਸਨਮਾਨ ਪ੍ਰਾਪਤ ਕਰਨ ਵਾਲੇ ਡਾ: ਭਾਈ ਜੋਧ ਸਿੰਘ ਅਜਿਹੇ ਸਿੱਖ ਚਿੰਤਕ ਸਨ, ਜਿਨ੍ਹਾਂ ਨੂੰ ਉਨ੍ਹਾਂ ਦੇ ਪ੍ਰਸ਼ੰਸਕ ਅੱਜ ਵੀ ਉਸੇ ਸ਼ਿਦਤ ਨਾਲ ਪਿਆਰ ਤੇ ਸਨੇਹ ਦਿੰਦੇ ਹਨ, ਜਿੰਨਾ ਉਨ੍ਹਾਂ ਨੂੰ ਆਪਣੇ ਜਿਊਂਦੇ ਜੀਅ ਮਿਲਦਾ ਰਿਹਾ। ਡਾ: ਭਾਈ ਜੋਧ ਸਿੰਘ ਨੇ ਆਪਣੀ ਹਯਾਤੀ ਦੌਰਾਨ ਨਿਸ਼ਠਾਵਾਨ ਵਿਦਵਾਨ ਵਜੋਂ ਸਿੱਖ ਸੋਚ ਤੇ ਸਿੱਖ ਸੱਭਿਆਚਾਰ ਦੇ ਵਿਸਥਾਰ ਲਈ ਅਜਿਹੇ ਯਾਦਗਾਰੀ ਕਾਰਜ ਕੀਤੇ, ਜਿਹੜੇ ਬਹੁਤ ਸਾਰੀਆਂ ਸੰਸਥਾਵਾਂ ਇਕੱਠੇ ਹੋ ਕੇ ਵੀ ਨਹੀਂ ਕਰ ਸਕੀਆਂ। ਇਸ ਉਘੀ ਸ਼ਖ਼ਸੀਅਤ ਦਾ ਜਨਮ 31 ਮਈ, 1882 ਈ: ਨੂੰ ਬਖਸ਼ੀ ਰਾਮ ਲਾਂਬਾ ਦੇ ਘਰ ਮਾਈ ਗੁਲਾਬ ਦੇਵੀ ਦੇ ਕੁੱਖ ਤੋਂ ਪਿੰਡ ਘੁੰਗਰੀਲਾ, ਤਹਿਸੀਲ ਗੁਜਰਖਾਨ, ਜ਼ਿਲ੍ਹਾ ਰਾਵਲਪਿੰਡੀ (ਲਹਿੰਦਾ ਪੰਜਾਬ) ਪਾਕਿਸਤਾਨ ਵਿਖੇ ਹੋਇਆ। ਅੰਮ੍ਰਿਤ ਛਕਣ ਤੋਂ ਪਹਿਲਾਂ ਆਪ ਦਾ ਨਾਂਅ ਸੰਤ ਸਿੰਘ ਸੀ। ਜਨਮ ਤੋਂ ਪਿੱਛੋਂ ਦੋ ਸਾਲ ਦੀ ਮਾਸੂਮੀਅਤ ਦੀ ਉਮਰ ਵਿੱਚ ਪਿਤਾ ਜੀ ਸਦੀਵੀ ਵਿਛੋੜਾ ਦੇ ਗਏ। ਇਨ੍ਹਾਂ ਦੀ ਪਰਵਰਿਸ਼ ਦਾਦਾ ਸ. ਤੇਜਾ ਸਿੰਘ ਨੇ ਕੀਤੀ। ਮੈਟ੍ਰਿਕ ਦਾ ਇਮਤਿਹਾਨ ਮਿਸ਼ਨ ਹਾਈ ਸਕੂਲ ਰਾਵਲਪਿੰਡੀ ਤੋਂ ਪਾਸ ਕੀਤਾ। ਇਸ ਤੋਂ ਪਹਿਲਾਂ ਮੁੱਢਲੀ ਤਾਲੀਮ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਜਦੋਂ 1898 ਈ: ਵਿੱਚ ਪੰਜਾਬ ਯੂਨੀਵਰਸਿਟੀ ਤੋਂ ਮੈਟ੍ਰਿਕ ਵਿੱਚ ਸਕਾਲਰਸ਼ਿੱਪ ਪ੍ਰਾਪਤ ਕੀਤਾ, ਤਾਂ ਸਾਰੇ ਪਰਿਵਾਰ ਵੱਲੋਂ ਭਰਪੂਰ ਪਿਆਰ ਮਿਲਿਆ। 30 ਦਸੰਬਰ, 1897 ਨੂੰ ਗਿਆਨੀ ਠਾਕਰ ਸਿੰਘ ਦੀ ਅਗਵਾਈ ਵਿੱਚ ਪੰਜਾਂ ਪਿਆਰਿਆਂ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਹੁਣ ਸੰਤ ਸਿੰਘ ਤੋਂ ਜੋਧ ਸਿੰਘ ਨਾਂਅ ਪ੍ਰਾਪਤ ਹੋਇਆ। ਸਿੰਘ ਸਭਾ ਲਹਿਰ ਉਸ ਸਮੇਂ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰ ਰਹੀ ਸੀ। ਸਾਂਝੇ ਪੰਜਾਬ ਦੇ ਉਸ ਸਮੇਂ ਦੇ ਪਿੰਡਾਂ ਸ਼ਹਿਰਾਂ ਵਿੱਚ ਸਿੰਘ ਸਭਾ ਲਹਿਰ ਦਾ ਪ੍ਰਚਾਰ ਪਹੁੰਚ ਚੁੱਕਾ ਸੀ। ਇਸੇ ਪ੍ਰਭਾਵ ਅਧੀਨ ਆਪ ਨੇ ਸਿੱਖ ਧਰਮ ਦੇ ਗ੍ਰੰਥਾਂ ਅਤੇ ਸਿੱਖ ਇਤਿਹਾਸ ਦਾ ਡੂੰਘਾ ਅਧਿਐਨ ਕੀਤਾ। ਆਪ ਧਾਰਮਿਕ ਦੀਵਾਨਾਂ ਵਿੱਚ ਸਫ਼ਲ ਬੁਲਾਰੇ ਵਜੋਂ ਸਤਿਕਾਰੇ ਜਾਂਦੇ ਸਨ।



ਜਿਸ ਸਕੂਲ ਤੋਂ ਮੈਟ੍ਰਿਕ ਦਾ ਇਮਤਿਹਾਨ ਵਜ਼ੀਫੇ ਸਹਿਤ ਪਾਸ ਕੀਤਾ ਸੀ, ਇਥੋਂ ਹੀ ਐਫ. ਏ. ਦਾ ਇਮਤਿਹਾਨ ਪਾਸ ਕੀਤਾ। ਸੰਨ 1900 ਈ: ਵਿੱਚ ਡਾਕਖਾਨੇ ਦੀ ਨੌਕਰੀ ਤੋਂ ਪਿੱਛੋਂ ਟਰਾਂਸਪੋਰਟ ਵਿਭਾਗ ਵਿੱਚ ਵੀ ਕਾਰਜਸ਼ੀਲ ਰਹੇ। 1902 ਈ: ਵਿੱਚ ਸ. ਸੁੰਦਰ ਸਿੰਘ ਮਜੀਠੀਆ ਨੇ ਭਾਈ ਜੋਧ ਸਿੰਘ ਨੂੰ ਆਪਣੇ ਬੱਚਿਆਂ ਦੇ ਅਧਿਆਪਕ ਵਜੋਂ ਨਿਯੁਕਤ ਕੀਤਾ। 1904 ਈ: ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਗ੍ਰੈਜੂਏਸ਼ਨ ਕਰਨ ਤੋਂ ਪਿੱਛੋਂ ਫਾਰਮਨ ਕ੍ਰਿਸ਼ਚੀਅਨ ਕਾਲਜ ਲਾਹੌਰ ਤੋਂ ਗਣਿਤ ਦੇ ਵਿਸ਼ੇ ਵਿੱਚ ਪੋਸਟ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕੀਤੀ। ਇਨ੍ਹਾਂ ਦੋਵਾਂ ਇਮਤਿਹਾਨਾਂ ਵਿੱਚ ਪੰਜਾਬ ਯੂਨੀਵਰਸਿਟੀ ਵਿੱਚੋਂ ਪਹਿਲੇ ਦਰਜੇ 'ਤੇ ਰਹੇ ਅਤੇ ਗੋਲਡ ਮੈਡਲ ਪ੍ਰਾਪਤ ਕੀਤੇ।

1906 ਈ: ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਗਣਿਤ ਤੇ ਧਾਰਮਿਕ ਸਿੱਖਿਆ ਦੇ ਲੈਕਚਰਾਰ ਵਜੋਂ ਨਿਯੁਕਤੀ ਪ੍ਰਾਪਤ ਕੀਤੀ। ਉਨ੍ਹਾਂ ਦਿਨਾਂ ਵਿੱਚ ਖ਼ਾਲਸਾ ਕਾਲਜ ਉਪਰ ਅੰਗ੍ਰੇਜ਼ ਸਰਕਾਰ ਦਾ ਪੂਰਾ ਗਲਬਾ ਬਣ ਚੁੱਕਾ ਸੀ। ਅੰਗ੍ਰੇਜ਼ੀ ਸਰਕਾਰ ਦੇ ਇਸ ਗਲਬੇ ਤੋਂ ਕਾਲਜ ਨੂੰ ਅਜ਼ਾਦ ਕਰਵਾਉਣ ਲਈ ਆਪ ਨੇ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਨਿਸ਼ਠਾਵਾਨ ਅਧਿਆਪਕਾਂ ਅਤੇ ਸਮਾਜ ਸੇਵੀਆਂ ਦੇ ਮਾਂ-ਬੋਲੀ ਨਾਲ ਪਿਆਰ ਕਰਨ ਵਾਲੇ ਪ੍ਰੋਫ਼ੈਸਰਾਂ ਦੇ ਗਰੁੱਪ ਵਿੱਚ ਸ਼ਾਮਿਲ ਹੋ ਕੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸੇ ਕਾਰਨ ਹੀ ਅੰਗ੍ਰੇਜ਼ ਹਕੂਮਤ ਵੱਲੋਂ ਖ਼ਾਲਸਾ ਕਾਲਜ ਦੇ ਪ੍ਰਬੰਧ ਵਿੱਚ ਦਖ਼ਲ ਤੋਂ ਦੁਖੀ ਹੋ ਕੇ 1913 ਈ: ਵਿੱਚ ਨੌਕਰੀ ਤੋਂ ਤਿਆਗ ਪੱਤਰ ਦੇ ਕੇ ਨੌਕਰੀ ਤੋਂ ਮੁਕਤੀ ਪ੍ਰਾਪਤ ਕਰ ਲਈ। ਜਦੋਂ ਇਸ ਲੰਬੀ ਲੜਾਈ ਤੋਂ ਪਿੱਛੋਂ 1924 ਵਿੱਚ ਅੰਗ੍ਰੇਜ਼ ਸਰਕਾਰ ਨੇ ਕਾਲਜ ਦੇ ਪ੍ਰਬੰਧ ਵਿੱਚ ਆਪਣੀ ਦਖ਼ਲ-ਅੰਦਾਜ਼ੀ ਖ਼ਤਮ ਕੀਤੀ, ਮੁੜ ਇਸੇ ਕਾਲਜ ਵਿੱਚ ਲੈਕਚਰਾਰ ਰੱਖ ਲਿਆ ਗਿਆ।

ਆਪ ਨੇ ਅੰਗ੍ਰੇਜ਼ੀ ਭਾਸ਼ਾ ਵਿੱਚ ਜਪੁਜੀ, ਲਾਈਫ ਆਫ਼ ਸ੍ਰੀ ਗੁਰੂ ਅਮਰਦਾਸ ਜੀ, 33 ਸਵੱਯੇ, ਸਮ ਸਟਡੀਜ਼ ਇਨ ਸਿੱਖ-ਇਜ਼ਮ, ਗੋਸਪਾਲ ਆਫ਼ ਗੁਰੂ ਨਾਨਕ ਇਨ ਹਿਜ਼ ਓਨ ਵਰਡਜ਼ ਅਤੇ ਕਬੀਰ ਆਦਿ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ। ਜੋ ਉਸ ਸਮੇਂ ਦੇ ਵਿਦਵਾਨਾਂ ਤੇ ਪਾਠਕਾਂ ਵਿੱਚ ਦੁਨੀਆਂ ਭਰ ਵਿੱਚ ਸਲਾਹੀਆਂ ਗਈਆਂ। ਇਸ ਵੱਡੇ ਕਾਰਜ ਤੋਂ ਇਲਾਵਾ ਕਈ ਵਿਸ਼ਵ ਕੋਸ਼ਾਂ ਅਤੇ ਪੁਸਤਕਾਂ ਵਿੱਚ ਉਨ੍ਹਾਂ ਵੱਲੋਂ ਕੀਤੇ ਇੰਦਰਾਜ਼ ਅਤੇ ਵੱਖ-ਵੱਖ ਵਿਸ਼ਿਆਂ 'ਤੇ ਲਿਖੇ ਲੇਖ ਵੀ ਯਾਦਗਾਰੀ ਕੰਮ ਵਜੋਂ ਸਤਿਕਾਰੇ ਜਾਂਦੇ ਹਨ।

ਡਾ: ਭਾਈ ਜੋਧ ਸਿੰਘ ਨੇ ਆਪਣੇ ਜੀਵਨ ਦੇ ਅੰਤਿਮ ਦਿਨ ਲੁਧਿਆਣਾ ਵਿਖੇ ਆਪਣੀ ਰਿਹਾਇਸ਼ ਵਿੱਚ ਬਿਤਾਏ। ਇਸ ਸਮੇਂ ਦੌਰਾਨ ਉਨ੍ਹਾਂ ਪ੍ਰੋ: ਗੁਰਬਚਨ ਸਿੰਘ ਤਾਲਿਬ ਵੱਲੋਂ ਤਿਆਰ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ੍ਰੇਜ਼ੀ ਅਨੁਵਾਦ ਦੀ ਸੋਧ-ਸੁਧਾਈ ਦਾ ਕਾਰਜ ਕੀਤਾ। ਆਪਣੀ ਲੰਮੀ, ਸੂਝ, ਸਹਿਜ ਵਾਲੀ ਉਮਰ ਦੇ ਸੌਵੇਂ ਵਰ੍ਹੇ ਵਿੱਚ ਉਨ੍ਹਾਂ 4 ਦਸੰਬਰ, 1981 ਨੂੰ ਆਪਣੇ ਅੰਤਿਮ ਸੁਆਸ ਲੁਧਿਆਣਾ ਵਿਖੇ ਲਏ। ਡਾ: ਭਾਈ ਜੋਧ ਸਿੰਘ ਸਿੱਖ ਜਗਤ ਦੀਆਂ ਲਿਆਕਤ ਅਤੇ ਸਿਆਣਪ ਵਾਲੀਆਂ ਹੁਣ ਤੱਕ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚੋਂ ਅਜਿਹੇ ਇਨਸਾਨ ਸਨ, ਜੋ ਸਿੱਖੀ ਲਈ ਜੀਵੇ, ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਪੂਰਾ ਜੀਵਨ ਸਮਰਪਿਤ ਰਹੇ।

* * * * *

# ਸ਼ੋਕ ਸੰਦੇਸ਼– ਅਸੀਂ ਅਫ਼ਸੋਸ ਕਿਥੇ ਕਰੀਏ?

ਮੇਰੇ ਕਾਲਜ ਦਾ ਪ੍ਰੋਫੈਸਰ ਸ਼੍ਰੀ ਪ੍ਰਵੀਨ ਸ਼ਰਮਾਂ ਜੋ ਕਿ ਬਹੁਤ ਹੀ ਹੋਣਹਾਰ, ਬਹੁਤ ਹੀ ਜਾਣਕਾਰ,ਹਰ ਵਿਸ਼ੇ ਚ ਮਾਹਿਰ ਬਹੁਤ ਹੀ ਅੱਛਾ ਇਨਸਾਨ ਹੈ,ਜੋ ਕਿ ਪਿਛਲੇ ਲੰਮੇ ਅਰਸੇ ਤੋਂ ਇੱਕਲਾ ਹੀ ਕਾਲਜ ਦੇ ਹੋਸਟਲ ਚ ਹੀ ਜੀਵਨ ਬਤੀਤ ਕਰ ਰਿਹਾ ਹੈ। ਉਸ ਕੋਲ ਇਕ ਸਾਈਕਲ ਜਿਸ ਨੂੰ ਤਿੰਨ ਤਾਲੇ ਲੱਗਾ ਕਿ ਰੱਖਦਾ ਹੈ।ਇਕ ਮੋਟਰ ਸਾਈਕਲ ਜੋ ਹਮੇਸ਼ਾ ਚਮ ਚਮਾਉਂਦੀ ਰਹਿੰਦੀ ਹੈ ,ਕਿਉਂਕਿ ਉਹ ਇਸ ਨੂੰ ਕੇਵਲ ਸਾਫ ਹੀ ਰੱਖਦਾ ਹੈ, ਵਰਤਦਾ ਨਹੀਂ । ਅਜੋਕੇ ਯੁੱਗ ਵਿੱਚ ਬਿਨ੍ਹਾਂ ਬਿਜਲੀ ਕੁਨੈਕਸ਼ਨ ਵਾਲੇ ਦੋ ਘਰ ਜਿਸ ਵਿੱਚ ਉਹ ਅਕਸਰ ਜਾਂਦਾ ਨਹੀਂ ।ਘਰ-ਘਰ ਜਾ ਕੇ ਬੱਚਿਆ ਨੂੰ ਟਿਊਸ਼ਨ ਦਿੰਦਾ ਹੈ ਅਤੇ ਖਾਣਾ ਵੀ ਉਹਨਾਂ ਦੇ ਘਰਾਂ ਚੋਂ ਹੀ ਖਾ ਲੈਂਦਾ ਹੈ। ਕੱਪੜੇ ਹਮੇਸ਼ਾ ਸਾਫ ਸੁਥਰੇ ਅਤੇ ਸੁਚੱਜੇ ਢੰਗ ਨਾਲ ਪ੍ਰੈਸ ਕੀਤੇ ਪਹਿਨਦਾ ਹੈ। ਘਰ ਵਾਲੀ ਅਤੇ ਬੱਚੇ ਛੱਡ ਕੇ ਚਲੇ ਗਏ। ਪੈਸੇ ਖਰਚਣ ਚ ਕੰਜੂਸ । ਮੈਂ ਪ੍ਰੋਫੈਸਰ ਸ਼ਰਮਾਂ ਜੀ ਦਾ ਪੂਰਾ ਸਤਿਕਾਰ ਕਰਦਾ ਹਾਂ ਅਤੇ ਅਕਸਰ ਆਪਣੀ ਪਤਨੀ ਨਾਲ ਇਹ ਸਲਾਹ ਕਰਦਾ ਹਾਂ ਕਿ ਜੇਕਰ ਪ੍ਰੋਫੈਸਰ ਸ਼ਰਮਾਂ ਨੂੰ ਕੁਝ ਹੋ ਗਿਆ ਤਾਂ ਅਸੀਂ ਦੁੱਖ ਦਾ ਪ੍ਰਗਟਾਵਾ ਕਿਸ ਨਾਲ ਕਰਾਂਗੇ। ਇਹ ਸੋਚ ਕਿ ਅਸੀਂ ਪ੍ਰੋਫੈਸਰ ਸਾਹਿਬ ਨੂੰ ਪੱਤਰ ਲਿਖ ਦਿੱਤਾ :-

ਪਿਆਰੇ ਸ਼ਰਮਾਂ ਜੀਓ !



ਸ਼ਰਮਾਂ ਜੀ ਆਪ ਜੀ ਨੂੰ ਪਿਆਰ ਭਰੀ ਨਮਸਕਾਰ। ਸ਼ਰਮਾਂ ਜੀ ਅਸੀਂ ਦੋਨੋ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਹਾਂ । ਪ੍ਰਮਾਤਮਾ ਪਾਸੋਂ ਆਪ ਜੀ ਦੀ ਲੰਮੀ ਉਮਰ ਅਤੇ ਤੰਦਰੁਸਤੀ ਦੀ ਕਾਮਨਾ ਕਰਦੇ ਹਾਂ। ਪ੍ਰੰਤੂ ਸਾਡੇ ਦੋਨਾਂ ਦੇ ਮਨ ਵਿੱਚ ਇਕ ਪ੍ਰਸ਼ਨ ਹਮੇਸ਼ਾਂ ਰਹਿੰਦਾ ਹੈ ਕਿ ਜੇਕਰ ਸ਼ਰਮਾਂ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖਦੇ ਹਨ ਤਾਂ ਅਸੀਂ ਸਭ ਤੋਂ ਪਹਿਲਾਂ ਇਸ ਸਬੰਧੀ ਆਪ ਦੇ ਕਿਸ ਪਰਿਵਾਰਕ ਮੈਂਬਰ ਨੂੰ ਸੂਚਿਤ ਕਰੀਏ ਅਤੇ ਆਪ ਜੀ ਦੀ ਸ਼ਾਨ ਵਿੱਚ ਚਾਰ ਸ਼ਬਦ "ਸ਼ਰਮਾਂ ਜੀ ਬਹੁਤ ਇਮਾਨਦਾਰ, ਬਹੁਤ ਅੱਛੇ ਸੁਭਾਅ ਦੇ ਮਾਲਕ, ਬਹੁਤ ਹੀ ਸਿਆਣੇ, ਸਮੇਂ ਦੇ ਪਾਬੰਦ, ਬਹਤ ਅਫਸੋਸ ਹੋਇਆ, ਪ੍ਰਮਾਤਮਾ ਇਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਚ ਨਿਵਾਸ ਦੇਵੇ ਆਦਿ-ਆਦਿ ਸ਼ਬਦ ਕਿਸ ਨੂੰ ਸੰਬੋਧਿਤ ਕਰੀਏ ! ਕਿਰਪਾ ਕਰਕੇ ਆਪਣੇ ਜੀਉਂਦੇ ਜੀਅ ਇਹ ਸਪੱਸ਼ਟ ਕਰਨ ਦੀ ਕ੍ਰਿਪਾਲਤਾ ਕਰਨਾ ਜੀ ਕਿ "ਅਸੀਂ ਅਫ਼ਸੋਸ ਕਿਥੇ ਕਰੀਏ? ..ਸੁਭ ਚਿੰਤਕ, ਅਮਰਜੀਤ ਸਿੰਘ ਸੰਧੂ


## ਗੁਰੂ ਨਾਨਕ ਦਰਬਾਰ ਗੁਰਦੁਆਰਾ ਈਰਥ ਅਤੇ ਬੈਲਵੀਡੀਅਰ ਵਿਖੇ 2 ਰਾਗੀਆਂ ਦੀ ਜ਼ਰੂਰਤ ਹੈ

ਸਾਨੂੰ ਗੁਰੂ ਘਰ ਦੀਆਂ ਰੋਜ਼ਾਨਾ ਸੇਵਾਵਾਂ ਕਰਨ ਲਈ ਤਜ਼ਰਬੇਕਾਰ 2 ਰਾਗੀਆਂ ਦੀ ਜ਼ਰੂਰਤ ਹੈ। ਉਮੀਦਵਾਰਾਂ ਕੋਲ ਗੁਰਬਾਣੀ, ਕੀਰਤਨ ਅਤੇ ਧਾਰਮਿਕ ਸਿੱਖਿਆ ਦੇ ਖੇਤਰ 'ਚ ਸੇਵਾ ਨਿਭਾਉਣ ਦਾ ਗਿਆਨ ਹੋਣਾ ਜ਼ਰੂਰੀ ਹੈ। ਰਾਗੀ ਜੱਥੇ ਦੇ ਸੇਵਾਦਾਰ ਸਿੱਖ ਮਰਿਆਦਾ ਅਨੁਸਾਰ ਬਾਕੀ ਸਾਰੇ ਪ੍ਰੋਗਰਾਮਾਂ (ਵਿਆਹ, ਅੰਤਮ ਸੰਸਕਾਰ ਹੋਰ ਧਾਰਮਿਕ ਸੇਵਾਵਾਂ ਆਦਿ) ਵਿੱਚ ਮੁੱਖ ਗ੍ਰੰਥੀ (ਰਿਲੀਜਸ ਮਨਿਸਟਰ) ਦੇ ਸਹਾਇਕ ਹੋਣਗੇ। ਬੱਚਿਆਂ ਨੂੰ ਗੁਰਬਾਣੀ ਕੀਰਤਨ ਸਿਖਾਉਣ ਦੇ ਕਾਬਿਲ ਹੋਣ। ਇਹ ਯੋਗਤਾਵਾਂ ਰੱਖਣ ਵਾਲੇ ਨੂੰ 25 ਘੰਟੇ/ਹਫਤਾ ਯੂ ਕੇ ਦੇ ਕਾਨੂੰਨ ਮੁਤਾਬਕ (ਮਿਨੀਮਮ ਵੇਜ਼) ਤਨਖਾਹ ਦਿੱਤੀ ਜਾਵੇਗੀ।
ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜ਼ਾਜ਼ਤ ਹੋਣੀ ਜ਼ਰੂਰੀ ਹੈ। ਰਿਹਾਇਸ਼ ਦਾ ਪ੍ਰਬੰਧ ਹੈ।
ਉਮੀਦਵਾਰ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹਨ:
**ਅਰਜ਼ੀਆਂ ਦੇਣ ਦੀ ਆਖਰੀ ਤਰੀਖ 5 ਦਸੰਬਰ 2025**

## Vacancies for 2 Ragis at
## Guru Nanak Durbar Gurdwara Erith and Belvedere

We require experienced 2 Ragis to assist with everyday duties of the Sikh Temple. Must have excellent skills, knowledge, reading ability and understanding of Kirtan and Gurbani. They will also be assisting with all the ceremonies associated with the Sikh Faith (marriages, funerals and other religious functions) under the guidance of the religious minister.
The posts are for 25 Hours per week and (minimum wage) wages will be paid in accordance with UK employment law. Full boarding and lodging facilities included. You must have the right to work in the UK.

**Closing date 5th December 2025**
Please apply in writing or email with full experience and skill details to General Secretary of the Gurdwara Sahib.

**GURU NANAK DURBAR GURDWARA (SIKH TEMPLE)**
**31 Mitchell Close, Belvedere, DA17 6AA**
Email:gurunanak-erith@hotmail.com

# ਅੱਖਾਂ ਖੋਲਣ ਜਾਗਣ ਜੂਝਣ ਦੀ ਲੋੜ ਹੈ ਇਸ ਵੇਲੇ


ਡਾ ਅਮਰਜੀਤ ਟਾਂਡਾ
ਸੰਪਰਕ +61
412913021
drtanda193@gmial.com




ਜਿਵੇਂ ਭੰਗੜੇ ਗਿੱਧੇ ਪਿੱਛੇ ਵੀ ਖੁਸ਼ੀਆਂ ਛੁਪੀਆਂ ਹੋਈਆਂ ਹੁੰਦੀਆਂ ਹਨ, ਬਿਲਕੁਲ ਇਸੇ ਤਰ੍ਹਾਂ ਹੀ ਸੰਘਰਸ਼ ਪਿੱਛੇ ਵੀ ਰੋਹਲੇ ਬਾਣ ਤੇ ਕੋਈ ਨੌਜਵਾਨ ਨਰਾਜ਼ਗੀ ਲੁਕੀ ਹੋਈ ਹੁੰਦੀ ਹੈ। ਐਵੇਂ ਨਹੀਂ ਕੋਈ ਜੂਝਣ ਟੁਰਦਾ ਐਵੇਂ ਨਹੀਂ ਕੋਈ ਰਾਤਾਂ ਝਾਕਦਾ ਆਪਣੇ ਘਰ ਸੂਬੇ ਦੀ ਬੰਦਾ ਆਪ ਰੱਖਿਆ ਕਰਦਾ ਹੈ। ਜੇ ਉਹ ਆਪ ਨਾ ਜਾਗੇ ਤਾਂ ਅਸੁਰੱਖਿਅਤ ਹੋ ਜਾਵੇਗਾ ਸਦਾ ਲਈ। ਸਦੀਆਂ ਉਸ ਨੂੰ ਲਾਹਣਤਾਂ ਪਾਉਣਗੀਆਂ ਕਿ ਤੂੰ ਉਦੋਂ ਕਿਉਂ ਸੁੱਤਾ ਪਿਆ ਸੀ ਜਾਗਿਆ ਕਿਉਂ ਨਹੀਂ ਸੀ ਜਦੋਂ ਵੇਲਾ ਸੀ।

ਇਹੀ ਦਸ਼ਾ ਹਾਲਾਤ ਸਾਡੇ ਪੰਜਾਬ ਦੇ ਹੋਏ ਪਏ ਹਨ। ਦਿਨ ਬ ਦਿਨ ਬਦਲਦੀਆਂ ਸਰਕਾਰਾਂ ਦੇ ਵੀ ਕੰਨ ਤੇ ਵੀ ਜੂੰ ਨਹੀਂ ਸਰਕਦੀ। ਜਿਹਨਾਂ ਨੂੰ ਵੀ ਅਸੀਂ ਚੁਣਦੇ ਹਾਂ ਉਹ ਵੀ ਉਹਨਾਂ ਦੇ ਹੀ ਬਣ ਜਾਂਦੇ ਹਨ।

ਇਹ ਸਰਬ ਧਰਮ ਸੰਮੇਲਨ ਤੇ ਬਾਲ ਦਿਵਸ ਸਾਨੂੰ ਭੁਲੇਖਾ ਪਾਉਣ ਲਈ ਹੀ ਕਰਵਾਏ ਜਾ ਰਹੇ ਹਨ। ਰੰਗ ਭਗਵਾਂ ਤੇ ਖ਼ਾਕੀ ਕਰਨ ਲਈ ਪੰਜਾਬ ਦੀ ਧਰਤੀ ਤੇ ਜਵਾਨੀ ਦਾ।

ਫਿਰ ਦੋਸਤੋ ਕਿਹਨੂੰ ਕਹੀਏ ਆਪਣਾ?

ਪੰਜਾਬ ਦੀਆਂ ਯੂਨੀਵਰਸਿਟੀਆਂ, ਖ਼ਾਸ ਕਰਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਐਸਜੀਪੀਸੀ (SGPC) ਅਤੇ ਹੋਰ ਧਾਰਮਿਕ ਤੇ ਸਿੱਖਿਆ ਸੰਸਥਾਵਾਂ ਵਿੱਚ ਕਬਜ਼ਾ ਕਰਨਾ ਇੱਕ ਵੱਡਾ ਚਿੰਤਾਜਨਕ ਪਹਿਲੂ ਹੈ ਜੋ ਨਿਰਧਾਰਤ ਕਰਦਾ ਹੈ ਕਿ ਪੰਜਾਬ ਦੇ ਹਿਤਾਂ ਨੂੰ ਕਿਵੇਂ ਕਿਸੇ ਸਮੂਹ ਜਾਂ ਪ੍ਰੇਰਿਤ ਤਾਕਤ ਵੱਲੋਂ ਆਪਣਾ ਫੈਸਲਾ ਲੈਣ ਤੋਂ ਬਾਂਝਾ ਰੱਖਿਆ ਜਾ ਰਿਹਾ ਹੈ।




ਇਹ ਸਿਰਫ ਸਿੱਖਿਆ ਦਾ ਕੇਂਦਰ ਹੀ ਨਹੀਂ, ਸਗੋਂ ਪੰਜਾਬ ਦੇ ਸੰਸਕਾਰਾਂ, ਭਾਸ਼ਾ ਅਤੇ ਸਿਆਸੀ ਹੱਕਾਂ 'ਤੇ ਵੀ ਸਾਫ਼ ਸਪਸ਼ਟ ਹਮਲਾ ਹੈ। ਜਦੋਂ ਅਸੀਂ ਐਸਜੀਪੀਸੀ ਅਤੇ ਯੂਨੀਵਰਸਿਟੀਆਂ ਵਿੱਚ ਹੋ ਰਹੇ ਕਬਜ਼ੇ ਦੀ ਗੱਲ ਕਰਦੇ ਹਾਂ ਤਾਂ ਇਹ ਵਿਖਾਉਂਦਾ ਹੈ ਕਿ ਕਿਵੇਂ ਪੰਜਾਬੀ ਨੌਜਵਾਨ, ਬੁੱਧੀਜੀਵੀ ਅਤੇ ਕਲਾਕਾਰਾਂ ਨੂੰ ਆਪਣੀ ਜਗ੍ਹਾ ਬਣਾਉਣ ਅਤੇ ਆਪਣੀ ਆਵਾਜ਼ ਉਠਾਉਣ ਤੋਂ ਰੋਕਿਆ ਜਾ ਰਿਹਾ ਹੈ। ਇਹ ਪ੍ਰਕਿਰਿਆ ਪੰਜਾਬ ਦੇ ਹੱਕਾਂ ਨੂੰ ਖੋਹਣ ਦੀ ਇੱਕ ਸਿਆਸੀ ਅਤੇ ਸਾਂਸਕ੍ਰਿਤਿਕ ਘੁਸਪੈਠ ਹੈ। ਇਹ ਸਥਿਤੀ ਪੰਜਾਬੀ ਸਾਂਸਕ੍ਰਿਤੀਕ, ਪੰਜਾਬੀ ਭਾਸ਼ਾ ਅਤੇ ਪੰਜਾਬੀ ਲੋਕਾਂ ਦੀ ਆਜ਼ਾਦੀ 'ਤੇ ਸਵਾਲ ਖੜੇ ਕਰਦੀ ਹੈ। ਇਹ ਕਬਜ਼ਾ ਪੰਜਾਬ ਦੇ ਭਵਿੱਖ ਵਾਲੇ ਜੋਸ਼ੀਲੇ ਨੌਜਵਾਨਾਂ ਨੂੰ ਵੀ ਇੱਕ ਸੰਕੇਤ ਹੈ ਕਿ ਉਹ ਜਾਗ ਜਾਵਣ ਅਤੇ ਆਪਣੇ ਅਧਿਕਾਰਾਂ ਨੂੰ ਬਚਾਉਣ ਲਈ ਲੜਨ ਦੀ ਜ਼ਰੂਰਤ ਹੈ। ਇਸ ਨਾਲ ਨਿਰੰਤਰਤਾ, ਖੁਦਮੁਖਤਾਰੀ, ਅਤੇ ਆਪਣੀ ਧਰਤੀ ਤੇ ਪੰਜਾਬੀ ਹੱਕਾਂ ਦੀ ਸੁਰੱਖਿਆ ਸਾਡੇ ਲਈ ਸਭ ਤੋਂ ਵੱਡੀ ਜ਼ਰੂਰਤ ਬਣ ਜਾਂਦੀ ਹੈ।

ਅਗਰ ਨੌਜਵਾਨ ਬੁੱਧੀਜੀਵੀ ਅਤੇ ਲੇਖਕ ਇਸ ਹਾਲਤ ਤੇ ਚੁੱਪ ਰਹਿੰਦੇ ਹਨ ਤਾਂ ਇਹ ਕਦਮ ਅਸਲ ਵਿੱਚ ਪੰਜਾਬ ਦੇ ਵਿਰਾਸਤ ਨੂੰ ਗਹਿਰੇ ਤੌਰ 'ਤੇ ਨੁਕਸਾਨ ਪਹੁੰਚਾਉਂਦੇ ਰਹਿਣਗੇ। ਇਸ ਪਰਿਸਥਿਤੀ ਵਿੱਚ, ਪੰਜਾਬ ਦੇ ਨੌਜਵਾਨਾਂ ਨੂੰ ਆਪਣੀ ਸਿੱਖਿਆ ਅਤੇ ਸਾਂਸਕ੍ਰਿਤਿਕ ਅਧਿਕਾਰਾਂ ਲਈ ਖੜਾ ਹੋਣਾ ਅਤਿ ਜ਼ਰੂਰੀ ਹੈ।

ਯੂਨੀਵਰਸਿਟੀਆਂ ਅਤੇ ਐਸਜੀਪੀਸੀ ਵਰਗੀਆਂ ਸੰਸਥਾਵਾਂ ਦੀ ਸਵੈ-ਸੱਤਾ ਨੂੰ ਮੁੜ ਸਥਾਪਿਤ ਕਰਨ ਅਤੇ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਲੋਕਾਂ ਦੇ ਹਿਤ ਵਿੱਚ ਸੇਵਾ ਕਰਨ ਦੀ ਜ਼ਰੂਰਤ ਹੈ।

ਇਸ ਪੁਤਲੇ ਨੂੰ ਬਣਾਉਣ ਵਾਲੇ ਬੁੱਧੀਜੀਵੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਲਿਖਤ, ਭਾਵਨਾ ਅਤੇ ਦਲੀਲਾਂ ਨਾਲ ਪੰਜਾਬ ਦੇ ਹੱਕਾਂ ਲਈ ਜੰਗ ਲੜਨ। ਇਸ ਲਈ, ਇਹ ਕਹਿ ਸਕਦੇ ਹਾਂ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿੱਚ ਕਬਜ਼ਾ ਹੋਣਾ ਕਿਸੇ ਇੱਕ ਸਮੂਹ ਵੱਲੋਂ ਪੰਜਾਬ ਦੇ ਹੱਕਾਂ, ਸੱਭਿਆਚਾਰ ਅਤੇ ਲੋਕਾਂ ਦੀ ਆਜ਼ਾਦੀ 'ਤੇ ਕਬਜ਼ਾ ਕਰਨ ਦੀ ਸਿਆਸੀ ਯੋਜਨਾ ਹੈ। ਇਸ ਸਥਿਤੀ ਨਾਲ ਪੰਜਾਬ ਦੇ ਅੰਦਰ ਨੌਜਵਾਨ ਬੁੱਧੀਜੀਵੀਆਂ ਨੂੰ ਹੁਣੇ ਹੀ 'ਜਾਗਣਾ' ਹੋਵੇਗਾ ਤਾਂ ਜੋ ਭਵਿੱਖ ਵਿੱਚ ਪੰਜਾਬ ਦੀ ਮਿੱਟੀ ਅਣਖ ਤੇ ਮਾਣ ਸਨਮਾਨ ਨੂੰ ਖੋਹਣ ਤੋਂ ਬਚਾਇਆ ਜਾ ਸਕੇ।

ਇਹ ਲੜਾਈ ਸਿੱਖਿਆ, ਸਾਸਕ੍ਰਿਤਿਕ ਅਸਮਿਤਾ ਅਤੇ ਧਰਤੀ ਹੱਕਾਂ ਦੀ ਸੁਰੱਖਿਆ ਲਈ ਜਰੂਰੀ ਹੈ। ਇਸ ਸਭ ਨੂੰ ਮਿਲਾ ਕੇ, ਪੰਜਾਬ ਦੇ ਨੌਜਵਾਨ ਬੁੱਧੀਜੀਵੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਸਿਰਫ਼ ਕਿਤਾਬੀ ਗਿਆਨ ਹੀ ਨਹੀਂ, ਪਰ ਸਿਆਸੀ ਅਤੇ ਭਾਵਨਾਤਮਕ ਜਾਗਰੂਕਤਾ ਵੀ ਆਪਣੇ ਜੀਵਨ ਵਿੱਚ ਲਿਆਉਣ ਅਤੇ ਪੰਜਾਬ ਦੀ ਸੰਸਕ੍ਰਿਤੀ ਅਤੇ ਸੰਸਥਾਵਾਂ ਦੀ ਸੁਰੱਖਿਆ ਲਈ ਖੜੇ ਹੋਣ। ਨਾ ਕੇਵਲ ਆਪਣੇ ਆਪ ਲਈ, ਪਰ ਸਾਰੀ ਪੰਜਾਬੀ ਕੌਮ ਲਈ।

ਇਸੇ ਤਰ੍ਹਾਂ ਹੀ ਚੰਡੀਗੜ੍ਹ ਅਤੇ ਕੇਂਦਰ ਦੀ ਘੁਸਪੈਠ ਦੇ ਖਿਲਾਫ ਜੰਗ ਲੜੀ ਜਾ ਸਕਦੀ ਹੈ। ਡਿਉੜੀ ਵਿੱਚ ਬੈਠੀ ਖੂੰਡੀ ਦਾ ਇਹੀ ਇਸ਼ਾਰਾ ਹੁੰਦਾ ਹੈ ਨੌਜਵਾਨਾਂ ਨੂੰ। ਜਿਸ ਤਰ੍ਹਾਂ ਅੱਗੇ ਸਾਡੇ ਪੰਜਾਬ ਦੇ ਬੰਦ ਬੰਦ ਕੱਟੇ ਗਏ ਹਨ ਉਹਨਾਂ ਨੂੰ ਹੁਣ ਤੋਂ ਹੀ ਰੋਕਿਆ ਵਰਜਿਆ ਜਾਵੇ। ਇਹ ਸਮਝ ਲਿਓ ਹੁਣੇ ਹੀ, ਕਿ ਇਹ ਸਕੇ ਨਹੀਂ ਹਨ ਨਾ ਹੀ ਕਦੇ ਹੋਏ ਸਨ ਪੰਜਾਬ ਦੇ ਸਿੱਖ ਧਰਮ ਦੇ।

## ਅਮਰੀਕਾ ਵਿਚ 'ਆਈਸ' ਦੇ ਨਾਕੇ ਦੌਰਾਨ 76 ਟਰੱਕ ਡਰਾਈਵਰ ਗ੍ਰਿਫ਼ਤਾਰ



ਅਮਰੀਕਾ ਵਿਚ ਟਰੱਕ ਡਰਾਈਵਰਾਂ ਵਿਰੁੱਧ ਚੱਲ ਰਹੀ ਕਾਰਵਾਈ ਦੌਰਾਨ ਆਈਸ ਵਾਲਿਆਂ ਨੇ ਮੁੜ ਓਕਲਾਹੋਮਾ ਸੂਬੇ ਵਿਚ ਨਾਕਾ ਲਾਉਂਦਿਆਂ 160 ਤੋਂ ਵੱਧ ਟਰੱਕ ਡਰਾਈਵਰਾਂ ਦੀ ਪੁਣ-ਛਾਣ ਕੀਤੀ ਅਤੇ 76 ਜਣਿਆਂ ਨੂੰ ਇੰਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ ਕਾਬੂ ਕਰ ਕੇ ਡਿਟੈਨਸ਼ਨ ਸੈਂਟਰ ਭੇਜ ਦਿਤਾ ਜਿਨ੍ਹਾਂ ਵਿਚੋਂ ਘੱਟੋ ਘੱਟ 12 ਪੰਜਾਬੀ ਦੱਸੇ ਜਾ ਰਹੇ ਹਨ। ਅਪ੍ਰੇਸ਼ਨ ਗਾਰਡੀਅਨ ਅਧੀਨ ਕੀਤੀ ਗਈ ਕਾਰਵਾਈ ਵਿਚ ਓਕਲਾਹੋਮਾ ਹਾਈਵੇਅ ਪੈਟਰੋਲ ਦੇ ਅਫ਼ਸਰਾਂ ਨੇ ਪੂਰਾ ਸਾਥ ਦਿਤਾ ਅਤੇ ਅੰਗਰੇਜ਼ੀ ਨਾ ਆਉਂਦੀ ਹੋਣ ਕਰ ਕੇ 7 ਜਣਿਆਂ ਦੇ ਟਰੱਕ ਜ਼ਬਤ ਕੀਤੇ ਗਏ। ਇਸ ਤੋਂ ਇਲਾਵਾ ਟੈਕਸਸ ਸੂਬੇ ਦੀ ਸਰਹੱਦ ਨੇੜੇ ਇਕ ਟਰੱਕ ਵਿਚੋਂ 80 ਕਿਲੋ ਭੰਗ ਬਰਾਮਦ ਹੋਣ ਦੀ ਰਿਪੋਰਟ ਹੈ ਅਤੇ ਟਰੱਕ ਡਰਾਈਵਰ ਵਿਰੁੱਧ ਅਪਰਾਧਕ ਦੋਸ਼ ਵੱਖਰੇ ਤੌਰ ਤੇ ਆਇਦ ਕੀਤੇ ਗਏ। ਦੂਜੇ ਪਾਸੇ ਅੰਗਰੇਜ਼ੀ ਨਾ ਆਉਂਦੀ ਹੋਣ ਕਾਰਨ ਟਰੱਕ ਡਰਾਈਵਿੰਗ ਤੋਂ ਵਿਹਲੇ ਕੀਤੇ ਪ੍ਰਵਾਸੀਆਂ ਦੀ ਗਿਣਤੀ 10 ਹਜ਼ਾਰ ਤੋਂ ਟੱਪ ਚੁੱਕੀ ਹੈ ਅਤੇ ਵੱਖ ਵੱਖ ਰਾਜਾਂ ਵਿਚ ਲੱਗ ਰਹੇ ਨਾਕੇ ਮੁਸ਼ਕਲਾਂ ਪੈਦਾ ਕਰ ਰਹੇ ਹਨ। ਪਿਛਲੇ ਦਿਨੀਂ ਇੰਡਿਆਨਾ ਸੂਬੇ ਦੀਆਂ ਸੜਕਾਂ ਤੋਂ 146 ਟਰੱਕ ਡਰਾਈਵਰਾਂ ਸਣੇ 223 ਪ੍ਰਵਾਸੀਆਂ ਨੂੰ ਕਾਬੂ ਕੀਤਾ ਗਿਆ। ਗ੍ਰਿਫ਼ਤਾਰ ਕੀਤੇ ਡਰਾਈਵਰਾਂ ਦੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਕੈਲੇਫੋਰਨੀਆ, ਨਿਊ ਯਾਰਕ ਅਤੇ ਇਲੀਨੋਇ ਨਾਲ ਸਬੰਧਤ ਦੱਸੇ ਗਏ।


ਜੈ ਗੁਰਦੇਵ

**ਸ੍ਰੀ ਗੁਰੂ ਰਵਿਦਾਸ ਭਵਨ ਸਟਰੂਡ ਵਿਖੇ ਇਕ ਗ੍ਰੰਥੀ ਸੇਵਾਦਾਰ ਦੀ ਲੋੜ**

ਸ੍ਰੀ ਗੁਰੂ ਰਵਿਦਾਸ ਸਭਾ ਮਿਡਵੇਅ ਵਿਖੇ ਗ੍ਰੰਥੀ ਦੀਆਂ ਸੇਵਾਵਾਂ ਨਿਭਾਉਣ ਵਾਲੇ ਇੱਕ ਗੁਰਸਿੱਖ ਗ੍ਰੰਥੀ ਦੀ ਜ਼ਰੂਰਤ ਹੈ। ਉਹਨਾਂ ਦੀਆਂ ਸੇਵਾਵਾਂ ਵਿਚ ਸ਼ਾਮਿਲ ਹਨ: ਰੋਜ਼ਾਨਾ ਨਿੱਤਨੇਮ ਅਤੇ ਵਿਸ਼ੇਸ਼ ਪ੍ਰੋਗਰਾਮਾਂ ਵਿਚ ਮੋਹਰੀ ਰੋਲ ਨਿਭਾਉਣਾ, ਬੱਚਿਆਂ ਅਤੇ ਨੌਜਵਾਨਾਂ ਨੂੰ ਧਾਰਮਿਕ ਵਿੱਦਿਆ ਦੇਣਾ, ਵਿਆਹ ਸ਼ਾਦੀਆਂ, ਅੰਤਿਮ ਸੰਸਕਾਰ ਅਤੇ ਹੋਰ ਵਿਸ਼ੇਸ਼ ਸੇਵਾਵਾਂ ਨਿਭਾਉਣਾ ਅਤੇ ਸੰਗਤ ਦੀ ਭਲਾਈ ਲਈ ਉਹਨਾਂ ਨੂੰ ਗੁਰਬਾਣੀ ਮੁਤਾਬਕ ਸਲਾਹ ਦੇਣਾ ਅਤੇ ਲੋਕਲ ਸੰਗਤ ਵਿਚੋਂ ਜੇ ਕੋਈ ਧਾਰਮਿਕ ਸੇਵਾਵਾਂ ਕਰਨ ਦਾ ਚਾਹਵਾਨ ਹੋਵੇ ਤਾਂ ਉਹਨਾਂ ਨੂੰ ਸਿਖਲਾਈ ਪ੍ਰਦਾਨ ਕਰਨਾ ਆਦਿ। ਉਹਨਾਂ ਦੇ ਯੂ ਕੇ ਵਿਚ ਰਹਿਣ ਸਹਿਣ ਅਤੇ ਖਾਣ ਪੀਣ ਦਾ ਖਰਚਾ ਗੁਰਦੁਆਰਾ ਸਾਹਿਬ ਵੱਲੋਂ ਕੀਤਾ ਜਾਵੇਗਾ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਤਨਖਾਹ ਅਤੇ ਕੰਮ ਹਫ਼ਤੇ ਦੇ 35 ਘੰਟੇ ਹੋਵੇਗਾ। ਉਹਨਾਂ ਦੇ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਯੋਗ ਉਮੀਦਵਾਰ ਯੋਗਤਾ ਸਮੇਤ ਅਰਜ਼ੀਆਂ ਹੇਠਾਂ ਦਿੱਤੇ ਪਤੇ 'ਤੇ ਜਾਂ ਈਮੇਲ ਰਾਹੀਂ 19 ਦਸੰਬਰ 2025 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜਾਂ ਸਭਾ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨਾਲ ਸੰਪਰਕ ਕਰਨ ਜੀ ।

**VACANCYTIER-5 RELIGIOUS WORKER REQUIRED**

Preaching and performing pastoral duties in a religious order in a community which involves a permanent commitment.

***PASTORAL DUTIES INCLUDE:*** Leading worship regularly and on special occasions; giving religious education to children and adults by preachiing or teaching; officiating at marriages, funerals and other special services; and offering counselling and welfare support to members of the congregation; and recruting, training and co-ordinating the work of any local volunteers and lay preachers. The living and food expenses for the Religious workder will be paid for by the Gurdwara for the duration of employment. Salary will be according to qualifications and under U.K. employment law. Work per week 35 hours. Must have right to work in U.K.

**Please apply with your CV'S via Email:ravidassiamedway@gmail.com**

**Closing date: 19-12-2025**

**Contact: President Mr. Harjinder Bagha 07784 298 027**

**SRI GURU RAVIDASS SABHA MEDWAY**
SRI GURU RAVIDASS BHAWAN,
1 VICARAGE ROAD, STROOD KENT, ME2 4DG, U.K.

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 31'ਤੇ ਪੜ੍ਹੋ**

**636. ਪਰਵਾਨ ਕੌਣ ਹੁੰਦਾ ਹੈ ਜਾਂ ਜਗਤ ਵਿਚ ਆਉਣਾ ਕਿਸਦਾ ਪਰਵਾਨ ਹੁੰਦਾ ਹੈ?**

"ਨਾਨਕ ਆਏ ਸੇ ਪਰਵਾਣੁ ਹੈ ਜਿਨ੍ ਹਰਿ ਵੁਠਾ ਚਿਤਿ ॥ ਅੰਗ 320"। ਜਿਹੜੇ ਪ੍ਰਭੂ ਦੇ ਕੀਰਤਨ ਕਰਕੇ ਮਾਇਆ ਮੋਹ 'ਚ ਸੌਂਦੇ ਨਹੀਂ ਉਹ ਜਿਉਂਦੇ ਜੀ ਪਰਵਾਨ ਹੁੰਦੇ ਹਨ। "ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥ ਅੰਗ 322" । ਜਿਹੜੇ ਸੇਵਕ ਪ੍ਰਭੂ ਦੇ ਪਿਆਰ 'ਚ ਰੰਗੇ ਰਹਿੰਦੇ ਹਨ ਉਹ ਪਰਵਾਨ ਹੁੰਦੇ ਹਨ । "ਜੋ ਹਰਿ ਰਾਤੇ ਸੇ ਜਨ ਪਰਵਾਣੁ ॥ ਅੰਗ 353" । ਜਿਸ ਮਨੁੱਖ ਨੇ ਸਿੱਖਿਆ-ਭਰੀ ਅੰਮ੍ਰਿਤ ਬਾਣੀ ਦਾ ਰਸ ਪੀਤਾ ਹੈ, ਉਹ ਪੀਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ ਪਰਵਾਨ ਹੋ ਜਾਂਦਾ ਹੈ। "ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥ ਅੰਗ 360" । ਜਿਹੜੇ ਬੰਦੇ ਸ੍ਰਿਸ਼ਟੀ ਦੇ ਮੂਲ ਪ੍ਰਭੂ ਨਾਲ ਜੁੜਦੇ ਹਨ ਉਚ ਪਰਵਾਨ ਹੋ ਜਾਂਦੇ ਹਨ । "ਮੂਲਿ ਲਾਗੇ ਸੇ ਜਨ ਪਰਵਾਣੁ ॥ ਅੰਗ 362" । ਜਿਸ ਮਨੁੱਖ ਨੂੰ ਪਰਮਾਤਮਾ ਆਪ ਆਦਰ ਦਿੰਦਾ ਹੈ ਉਹ ਮਾਣ ਪ੍ਰਾਪਤ ਕਰਦਾ ਹੈ । ਉਹ ਮਨੁੱਖ (ਲੋਕ ਪਰਲੋਕ ਵਿਚ) ਪ੍ਰਗਟ ਹੋ ਜਾਂਦਾ ਹੈ, ਪਰਵਾਨ ਹੁੰਦਾ ਹੈ ਤੇ ਹਰ ਥਾਂ ਜਾਣਿਆ ਜਾਂਦਾ ਹੈ । "ਜਿਸ ਨੋ ਮੰਨੇ ਆਪਿ ਸੋਈ ਮਾਨੀਐ ॥ ਪ੍ਰਗਟ ਪੁਰਖੁ ਪਰਵਾਣੁ ਸਭ ਠਾਈ ਜਾਨੀਐ ॥3॥ ਅੰਗ 398" । "ਨਾਨਕ ਆਇਆ ਸੋ ਪਰਵਾਣੁ ਹੈ ਜਿ ਗੁਰਮੁਖਿ ਸਚਿ ਸਮਾਇ॥1॥ ਅੰਗ 549" । ਹੇ ਨਾਨਕ! ਜਗਤ ਵਿਚ ਆਇਆ ਉਹ ਪਰਵਾਨ ਹੈ ਜੋ ਗੁਰੂ ਅਨੁਸਾਰੀ ਹੋ ਕੇ ਸੱਚ (ਸਦਾ ਥਿਰ ਪ੍ਰਭੂ) ਵਿਚ ਲੀਨ ਹੋ ਜਾਏ । ਹੇ ਭਾਈ! ਜਗਤ ਵਿਚ ਆਇਆ ਉਹ ਪਰਵਾਨ ਹੈ ਜੋ ਗੁਰੂ ਦੀ ਸੇਵਾ (ਭਾਵ ਸ਼ਬਦ ਵਿਚਾਰ) 'ਚ ਚਿੱਤ ਲਾਉਂਦਾ ਹੈ । "ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥ ਅੰਗ 603", "ਜਿ ਸਤਿਗੁਰੁ ਸੇਵੇ ਸੋ ਪਰਵਾਣੁ ॥ ਅੰਗ 1065", "ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥35॥ ਅੰਗ 922", "ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ ॥ ਅੰਗ 643" । ਅਤੇ "ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਪਰਵਾਣੁ ॥ ਅੰਗ 648" । ਜੋ ਸਤਿਗੁਰੂ ਦੀ ਸੇਵਾ (ਭਾਵ ਗੁਰੂ ਸ਼ਬਦ ਦੀ ਵਿਚਾਰ) ਕਰਦੇ ਹਨ ਉਹ ਪਰਵਾਨ ਹੁੰਦੇ ਹਨ, ਉਹਨਾਂ ਨੇ ਆਪਣੀ ਜੋਤਿ ਜੋਤੀ ਪ੍ਰਭੂ ਵਿਚ ਮਿਲਾ ਲਈ ਹੁੰਦੀ ਹੈ। "ਸਤਿਗੁਰੁ ਸੇਵਹਿ ਸੇ ਪਰਵਾਣੁ ਜਿਨ੍ ਜੋਤੀ ਜੋਤਿ ਮਿਲਾਈ ॥ ਅੰਗ 1287" । ਗੁਰੂ ਅਨੁਸਾਰੀ ਮਰੇ ਜਿਉਂਦੇ ਪਰਵਾਨ ਹਨ ਪਰ, ਮਨ ਦੇ ਮਗਰ ਲੱਗਣ ਵਾਲ਼ੇ ਮਨੁੱਖ ਜੰਮਦੇ ਮਰਦੇ ਰਹਿੰਦੇ ਹਨ । "ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ ॥ ਅੰਗ 643" । ਸੰਤ ਭਗਤ ਜੋ ਪ੍ਰਭੂ ਨੂੰ ਭਾਉਂਦੇ ਹਨ ਉਹ ਪਰਵਾਨ ਹੁੰਦੇ ਹਨ। "ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ ॥ ਅੰਗ 652" । ਜੋ ਮਾਲਕ ਪ੍ਰਭੂ ਨੂੰ ਚੰਗਾ ਲੱਗਦਾ ਹੈ ਉਹ ਪਰਵਾਨ ਹੁੰਦਾ ਹੈ । "ਸਾਹਿਬ ਭਾਵੈ ਸੋ ਪਰਵਾਣੁ ॥ ਅੰਗ 661", "ਜੋ ਤੁਧੁ ਭਾਵੈ ਸੋ ਪਰਵਾਣੁ ॥ ਅੰਗ 676" । ਅਤੇ "ਜੋ ਤਿਸੁ ਭਾਵੈ ਸੋ ਪਰਵਾਣੁ ॥ ਅੰਗ 743 ਅਤੇ 864" । ਜੋ ਪੜ੍ਹ ਕੇ ਬੁੱਝ (ਸਮਝ) ਲਵੇ ਉਹ ਪਰਵਾਨ ਹੁੰਦਾ ਹੈ । "ਪੜਿਆ ਬੂਝੈ ਸੋ ਪਰਵਾਣੁ ॥ ਅੰਗ 662" । ਹੇ ਪ੍ਰਭੂ! ਤੇਰੇ ਸੰਤ ਜਨ ਬੜੇ ਭਾਗਾਂ ਵਾਲ਼ੇ ਹਨ ਜਿਹਨਾਂ ਦੇ ਹਿਰਦੇ-ਘਰ ਵਿਚ ਤੇਰਾ ਨਾਮ-ਧਨ ਵਸਦਾ ਹੈ । ਉਹਨਾਂ ਦਾ ਹੀ ਜਗਤ ਵਿਚ ਆਉਣਾ ਪਰਵਾਨ ਹੁੰਦਾ ਹੈ ਤੇ ਉਹਨਾਂ ਦੇ ਕੰਮ ਕਾਰ ਸਫਲ ਹੁੰਦੇ ਹਨ । "ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥ ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥1॥ ਅੰਗ 749" । ਜਿਵੇਂ ਚੰਦਨ ਦੇ ਨੇੜੇ ਵਿਚਾਰਾ ਅਰਿੰਡ ਵਸਦਾ ਹੈ (ਤੇ ਸੁਗੰਧਿਤ ਹੋ ਜਾਂਦਾ ਹੈ), ਤਿਵੇਂ ਸਾਧ ਸੰਗਤਿ ਵਿਚ ਮਿਲ ਕੇ ਪਾਪੀ ਭੀ (ਪਵਿੱਤਰ ਹੋ ਕੇ) ਪਰਵਾਨ ਹੋ ਜਾਂਦਾ ਹੈ। "ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥3॥ ਅੰਗ 861" । ਜਗਤ ਵਿਚ ਆਇਆ ਉਹ ਪਰਵਾਨ ਹੈ ਜੋ ਗੁਰੂ ਅਨੁਸਾਰੀ ਹੋ ਕੇ ਆਪਣੇ ਖਸਮ ਪ੍ਰਭੂ ਨੂੰ ਪਛਾਣ ਲੈਂਦਾ ਹੈ । "ਜਗ ਮਹਿ ਆਇਆ ਸੋ ਪਰਵਾਣੁ ॥ ਗੁਰਮੁਖਿ ਅਪਨਾ ਖਸਮੁ ਪਛਾਣੁ ॥2॥ ਅੰਗ 867" । ਉਹ ਪਰਵਾਨ ਹੁੰਦੇ ਹਨ ਜਿਹਨਾਂ ਨੇ ਪ੍ਰਭੂ (ਦੇ ਨਾਮ) ਨੂੰ ਹਿਰਦੇ 'ਚ ਵਸਾ ਲਿਆ । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਭਾਈ ਐਸੇ ਜਨ ਉੱਤਮ ਹੁੰਦੇ ਹਨ । "ਸੋ ਪਰਵਾਣੁ ਜਿਸੁ ਰਿਦੈ ਵਸਾਈ ॥ ਨਾਨਕ ਤੇ ਜਨ ਊਤਮ ਭਾਈ ॥4॥17॥28॥ ਅੰਗ 891" । ਜਿਨ੍ਹਾਂ ਨੂੰ ਸੱਚੇ ਪ੍ਰਭੂ ਨੇ ਸੱਚ (ਨਾਮ) ਵਿਚ ਲਾਇਆ, ਉਹ ਸਦਾ ਸੱਚੇ ਨਾਮ ਨੂੰ ਹਿਰਦੇ ਵਿਚ ਸੰਭਾਲ ਕੇ ਰੱਖਦੇ ਹਨ। ਹੇ ਨਾਨਕ! ਉਹਨਾਂ ਦਾ ਜਗਤ ਵਿਚ ਆਉਣਾ ਪਰਵਾਨ ਹੁੰਦਾ ਹੈ ਜਿਹੜੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੈਂਦੇ ਹਨ । "ਸਚੈ ਲਾਏ ਸਚਿ ਲਗੇ ਸਦਾ ਸਚੁ ਸਮਾਲੇਨਿ ॥ ਨਾਨਕ ਆਏ ਸੇ ਪਰਵਾਣੁ ਭਏ ਜਿ ਸਗਲੇ ਕੁਲ ਤਾਰੇਨਿ ॥1॥ ਅੰਗ 951" । ਅਤੇ "ਹਰਿ ਸਾਲਾਹੇ ਹਰਿ ਪੜੈ ਗੁਰ ਕੈ ਸਬਦਿ ਵੀਚਾਰਿ ॥ ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ॥ ਅੰਗ 1094" । ਹੇ ਪਭੂ! ਜਿਸ ਨੂੰ ਤੂੰ ਚਿਤ ਆਵੇਂ ਉਹ ਜਨ ਪਰਵਾਨ ਹੁੰਦਾ ਹੈ । "ਜਿਸੁ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ॥ ਅੰਗ 960" । ਜੋ ਆਪਣਾ ਅਮੋਲਕ ਜਨਮ ਜਿੱਤ ਕੇ ਚਲਿਆ ਉਹਦਾ ਇਸ ਜਗਤ ਤੇ ਆਉਣਾ ਪਰਵਾਨ ਹੁੰਦਾ ਹੈ। "ਜਨਮੁ ਪਦਾਰਥੁ ਜਿਣਿ ਚਲਿਆ ਨਾਨਕ ਆਇਆ ਸੋ ਪਰਵਾਣੁ ਥਿਆ॥4॥1॥31॥ ਅੰਗ 1007" । ਜੋ ਗੁਰੂ ਅਨੁਸਾਰੀ ਹੋ ਕੇ ਮਰਦਾ ਹੈ ਉਹ ਪਰਵਾਨ ਹੁੰਦਾ ਹੈ । "ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਅੰਗ 1059" । ਪ੍ਰਭੂ ਦੇ ਸੇਵਕ ਜਨ ਗੁਰੂ ਦੀ ਮਤਿ ਰਾਹੀਂ ਪ੍ਰਭੂ ਦੀ ਸੇਵਾ ਕਰਦੇ ਹਨ (ਭਾਵ ਪ੍ਰਭੂ ਦਾ ਸਿਮਰਨ ਕਰਦੇ ਹਨ) ਤੇ ਪਰਵਾਨ ਹੁੰਦੇ ਹਨ । "ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ॥ ਅੰਗ 1114 ਅਤੇ 1115" । ਜੋ ਸੇਵਕ ਜਨ ਪ੍ਰਭੂ ਦਾ ਭਾਣਾ ਮੰਨਦੇ ਹਨ ਉਹ ਜਨ ਪਰਵਾਨ ਹੁੰਦੇ ਹਨ ।

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**


ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..............................................................
ADDRESS..........................................................
..............................................POST CODE..........................
TEL...............................................................

Barclays Bank details: ACCOUNT: Panjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*



**ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਨੌਟਿੰਘਮ ਵਿਖੇ ਗੁਰਸਿੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ**

**ਮੁੱਖ ਕੰਮ :- ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਜਾਣਦਾ ਹੋਵੇ । ਸਥਾਨ :- ਨੌਟਿੰਘਮ ਵਿਖੇ**
**ਸਮਾਂ :- ਦੋ ਸਾਲਾਂ ਲਈ ਸਵੇਰੇ ਸ਼ਾਮ ਫੁੱਲ ਟਾਈਮ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਹੋਵੇਗੀ ।**
**ਸ਼ਰਤਾਂ :- ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ । ਪੰਜਾਬੀ ਅੰਗਰੇਜ਼ੀ ਵਿੱਚ ਚੰਗੀ ਮੁਹਾਰਤ ਹੋਵੇ, ਤੇ ਪੜ੍ਹ ਅਤੇ ਬੋਲ ਤੇ ਲਿਖ ਸਕਦਾ ਹੋਵੇ। ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ । ਯੂ ਕੇ ਵਿੱਚ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।**
**ਬੰਦ ਹੋਣ ਦੀ ਤਾਰੀਕ :- ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਅਰਜ਼ੀਆਂ 13 ਦਸੰਬਰ 2025 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ ।**

**1 Vacancy for (Tier - 5) Religious Worker**

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening (full time work).
**Location:** Nottingham.
**Duration & Remuneration: 2 years, attractive salary will be according to UK employment Law.**
**Requirements:** Should be able to perform Kirtan and carry out other religious activities as listed in main duties. Must have good understanding of Gurmukhi and English. Must have sufficient experience. Work reference required from previous employer. Must have right to work in U.K.
*Candidates with knowledge and experience Please apply with 'cv' to Sri Guru Singh Sabha Gurdwara on address given below or*
***via Email:a.mahil52@gmail.com / Email:ssgsecretary.rai@gmail.com***

**For more Information Please contact:**
**S. Amrik Singh Mahil : +44 (0) 7956 494 844 (or)**
**S. Harjinder Singh Rai: +44 (0) 7989 424 263**
**Closing Date: 13th December 2025**

**SRI GURU SINGH SABHA GURDWARA, NOTTINGHAM**
**26 NOTTINGHAM ROAD, NOTTINGHAM, NG7 7AE, (U.K.)**
**Please Contact for more information Tel: 01159 622 132**

# PANJAB TIMES FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਸੁਜਿੰਦਰ ਸਿੰਘ ਸੰਘਾ






Within a day recently, the Ministry of Home Affairs of India put out a statement in view of the political storm in Punjab; relating the issue of Chandigarh. The statement referred to the proposed Constitution (131st Amendment) Bill being brought by Union Government in the upcoming winter session of Parliament. The statemnt asserted that the proposal is only to simplify the Central Government's law-making process for the Union Territory of Chandigarh - but it is still under consideration with the Central Government. Although no final decision has been taken. It was explained that the proposal no way seeks to alter Chandigarh's governance or administrative structure, nor did it aim to change the traditional arrangements between Chandigarh and the States of Punjab or Haryana. It further added that a suitable decision will be taken only after adequate consultations with all stakeholders, keeping in mind the interests of Chandigarh. There is no need for any concern on this matter. The Central Government has no intention of introducing any Bill to this effect in the upcoming Winter Session of Parliament. But, the people of Punjab know that this doesn't mean the proposal has been withdrawn. Moreover, what does it mean - the interests of Chandigarh? Punjab will not accept what was stated by the Congress MP Manish Tiwari during his election campaign that Chandigarh should be separated as a state; with its own legislature.

........................................

The point of the recent history is that after the end of colonial rule, the geopolitical undermining of Punjab in free India has continued. After the harmful partition of 1947, there was a failure in making Punjabi as the state language in 1955, then incomplete formation of Punjabi Suba in 1966 involved taking out the capital city of Chandigarh and the Punjabi areas from Punjab. It has continued to be a distiubing sentimental and geopolitical issue for Punjabis. In view of contemporary fractured and fragmented politics of Punjab, which is surrounded by a motivated BJP led government of India - for Shiromani Akali Dal inclusive of all willing to work together Akali groups, there is no substitute to forming a wider strategic democratic allince to take up the issues of Chandigarh for a direct dialogue with the Prime Minister Narendra Modi. The disadvantaging process of 'awards' enforced by the Congress PM Indira Gandhi's in the 1970s-80s involved the distribution of Punjab river waters, gradual exclusion of Punjab from the inter-state corporate leadership and management of macro projects e.g. BBMB, Punjab University and others. A continuing cheaper exploitation of agricultural produce since Green Revolution, the suppression of legitimate democratic demands of Punjab in the 1980s-90s, justice for the victims of 1984 massacre, the 'Bandi Sikhs' issue... have remained problematic agenda items awaiting to be settled.

......................................

The publishing of the Union Government's Plan involving the 131st Constitutional Amendment to wrench Chandigarh Away from Punjab provoked immediate reactions in Punjab. The leadership of Shiromani Akali Dal inclusive of all willing to join and work together Akalis and all Sikh Panthic and Punjabi groups - being authentic and competent voice of Punjab on big issues - would have to initiate all party consultation to organise a joint strategy to take up the pending Sikh and Punjabi matters with the Union Government of India. One of the former senior IAS Punjab secretaries KBS Sidhu wrote "his may be one of the most difficult pieces I've written. Chandigarh was built by Punjab, promised to Punjab, and emotionally belongs to Punjab. Yet the move to push it under Article 240 — a regime meant for remote islands - feels like a quiet deliberate undoing of history. This isn't governance reform; it strikes at the heart of Punjab's dignity. I hope readers will engage with this analysis and reflect on what this truly means..."

......................................

The Shiromani Akali Dal strongly opposed the proposed Constitution (131st Amendment) Bill being brought by Union Government in the upcoming winter session of Parliament. This amendment is against the interest of Punjab and would amount to the GOI going back on all commitments made to Punjab regarding the transfer of Chandigarh to the state. The previous Congress governments in Delhi have discriminated against Punjab and deprived us of our capital city. This Bill further seeks to remove whatever little administrative and political control Punjab has over Chandigarh and would permanently extinguish Punjab's claim to Chandigarh as its capital city. This Bill constitutes a direct assault on Punjab's rights and violates the basic principles of federalism. We will never accept this and will oppose this move tooth and nail wrote the president Sukhbir Singh Badal.

.....................................

The 350th anniversary of martyrdom of Sri Guru Teg Bahadur Sahib is being celebrated in variety of ways across the world from Punjab, pan-India to Diaspra. New annimated displays, musical tributes, seminal discussions and conferences have been held. From Gurdwara programmes to Nagar Kirtans, Sikhs and multi-faith sangats have been offering their tributes. The events and Gurpurav celebrations have also involved some controversies, ranging from differences betweem the Punjab government and the SGPC and Shiromani Akali Dal, and the conceptual variations in describing the Ninth Guru Sahiban's supreme sacrifice. One of the noted Punjabi singers has expressed his sentiments asserting "The very purpose for which (his musical tribute) the sacred tale of Guru Sahib was written now seems to be coming to fruition. People from other faiths and from various regions have also sung, praised, and wholeheartedly embraced the glory of Guru Tegh Bahadur Sahib Ji. In many schools across Maharashtra, 'Hind Ki Chadar' is played as the morning prayer. Heartfelt gratitude" wrote Dr. Satinder Sartaaj.

........................................

Some significant internationsl matters have also been surfacing in recent days e.g. Russia-Ukraine war, G20 Summit in South Africa, rise of Democratic Socialist Mayor of New York Zohran Mamdani, the global environment summit in Brazil ...The basics of Russia - Ukraine issues raise a fundamental question. Should a powerful states be enabled to forcefully undermine and subdue a smaller state? Why should a state undermine minority nationalities and ethnic communities? Of course why shouldn't Russia be enabled to have free access to Black Sea ports for international trade?

Canada, Australia, and India have formed a new trilateral partnership on technology and innovation; to collaborate on clean energy, critical minerals, and to unlock potential for research, development and new employment opportunities.

The first meeting of the USA president Donald Trump and the new Mayor of New York was cordial and business like - politically poles apart, they agreed to work together for New Yorkers!

- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




# ਗੁਰੂ ਬੈਠਾ ਅਮਰੁ ਸਰੂਪ ਹੋਇ

**ਕਿਸ਼ਤ-17**

ਦੋਹਰਾ॥ ਸਤਿਗੁਰ ਅਰ ਗੁਰਸਿਖਨ ਕੀ ਮਹਿਮਾ ਮਹਾ ਮਹਾਨ।(ਸਤਿਗੁਰੂ ਅਤੇ ਸਿੱਖਾਂ ਦੀ ਵਡਿਆਈ ਬੜੀ ਉੱਚੀ ਹੈ)

ਧੰਨ ਗੁਰੂ ਅਰ ਧੰਨ ਸਿਖ ਜਗਤ ਉਧਾਰਨਵਾਨ (ਸੰਸਾਰ ਦਾ ਉਧਾਰ ਕਰਨ ਵਾਲੇ ਗੁਰੂ ਅਤੇ ਸਿਖ ਬਹੁਤ ਭਲੇ ਹਨ)।54॥38॥ ਰਾਸ 1

ਪੰਚਮ ਪਾਤਸ਼ਾਹ ਜੀ ਦਾ ਮਨੋਹਰ ਵਾਕ ਹੈ:

ਯਾਦ ਰੱਖਣ ਯੋਗ ਹੈ ਕਿ ਭਾਈ ਲਾਲੂ ਜੀ ਨੂੰ ਕਿਧਰੇ ਕਿਧਰੇ ਲਾਲੋ ਵੀ ਲਿਖਿਆ ਮਿਲਦਾ ਹੈ। ਮੰਨਿਆ ਜਾਂਦਾ ਹੈ ਕਿ ਇਹ ਅਜਿਹੇ ਜਪੀ-ਤਪੀ ਹੋਏ ਕਿ ਗੁਰਦੇਵ ਜੀ ਦੀ ਕਿਰਪਾ ਨਾਲ ਇਨ੍ਹਾਂ ਨੂੰ ਤੇਈਆ ਤਾਪ ਦੂਰ ਕਰਨ ਦੀ ਸ਼ਕਤੀ ਪ੍ਰਾਪਤ ਸੀ।

## ਮਹੇਸ਼ਾ ਭਾਈ

ਅਜੋਕੇ ਸਮੇਂ ਵਿਚ ਸ਼ਾਇਦ ਸਾਨੂੰ ਇਹ ਕੌਤਕ ਸਮਝਣ ਵਿਚ ਮੁਸ਼ਕਲ ਲੱਗੇ ਕਿ ਗੁਰੂ ਸਾਹਿਬ ਨੇ ਕਦੀ ਸਿੱਖ ਜੀਵਨ ਨੂੰ ਇਸ ਤਰਹ ਕਸਵੱਟੀ 'ਤੇ ਲਾਇਆ ਹੋਵੇ। ਅਜੋਕੇ ਸਮੇਂ ਤੋਂ ਸਾਡਾ ਭਾਵ ਹੈ ਕਿ ਅੱਜ ਕੱਲ ਅਸੀਂ ਸਿੱਖੀ ਧਾਰਨ ਲਈ ਲਗਾਤਾਰ ਪ੍ਰੇਰਨਾ ਕਰਦੇ ਹਾਂ, ਜੇ ਕਿਤੇ ਉਸ ਅੰਦਰ ਥੋੜੀ ਬਹੁਤੀ ਢਿੱਲ-ਮੱਠ ਵੀ ਹੋਵੇ ਤਾਂ ਉਹ ਵੀ ਨਜ਼ਰ-ਅੰਦਾਜ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਮਕਸਦ ਹੁੰਦਾ ਹੈ ਕਿ ਉਸ ਦਾ ਮਨ ਇਥੇ ਟਿਕ ਜਾਵੇ। ਜੇ ਕੋਈ ਜਗਿਆਸੂ ਸਿੱਖੀ ਧਾਰਨ ਕਰਨ ਦੀ ਭਾਵਨਾ ਲੈ ਕੇ ਆ ਜਾਵੇ ਤਾਂ ਅਜਿਹਾ ਕਰਨ ਨਾਲ, ਅਸੀਂ ਉਸ ਦੇ ਸਾਹਮਣੇ, ਉਸ ਦੇ ਜੀਵਨ ਰਾਹ ਵਿਚ ਆਉਣ ਵਾਲੀਆਂ ਮੁਸ਼ਕਲਾਂ ਦਾ ਭੈ ਸ਼ਾਇਦ ਕਦੀ ਨਹੀਂ ਦਿਖਾਵਾਂਗੇ ਸਗੋਂ ਉਤਸ਼ਾਹ ਵਧਾਉਣ ਦਾ ਯਤਨ ਕਰਾਂਗੇ। ਪਰ, ਇਸ ਸੱਜਣ ਨਾਲ ਧੰਨ ਗੁਰੂ ਅਮਰਦਾਸ ਜੀ ਨੇ ਅਜਿਹਾ ਸਭ ਕਿਉਂ ਕੀਤਾ? ਆਉ! ਇਤਿਹਾਸ ਦਾ ਇਹ ਪੰਨਾ ਵਿਚਾਰੀਏ।

ਮਹੇਸ਼ਾ ਗੋਇੰਦਵਾਲ ਸਾਹਿਬ ਤੋਂ ਬਿਆਸ ਪਾਰ ਸੁਲਤਾਨਪੁਰ (ਲੋਧੀ) ਦੇ ਵਸਨੀਕ ਸਨ। ਭਰਾਵਾਂ ਅਤੇ ਸਬੰਧੀਆਂ ਦਾ ਚੰਗਾ ਸਾਥ ਪ੍ਰਾਪਤ ਸੀ, ਧਨ-ਪਦਾਰਥ ਦੀ ਕੋਈ ਘਾਟ ਨਹੀਂ ਸੀ ਇਸ ਕਰ ਕੇ ਸੱਜਣਾਂ-ਮਿੱਤਰਾਂ ਦੀਆਂ ਵੀ ਰੌਣਕਾਂ ਅੱਛੀਆਂ ਲੱਗੀਆਂ ਰਹਿੰਦੀਆਂ ਸਨ। ਸੁਭਾਵਕ ਹੈ ਕਿ ਅਜੇਹੇ ਲੋਕਾਂ ਦੀ ਸਰਕਾਰੇ-ਦਰਬਾਰੇ ਵੀ ਪਹੁੰਚ ਹੁੰਦੀ ਹੈ।ਇਹ ਸਭ ਹੁੰਦਿਆਂ-ਸੁੰਦਿਆਂ ਵੀ ਮਹੇਸ਼ਾ ਦੇ ਅੰਦਰ ਕੁਝ ਅਜੇਹੇ ਖਾਲੀ-ਪਣ ਦਾ ਅਹਿਸਾਸ ਹੋਣ ਲੱਗਾ ਜਿਸ ਨੂੰ ਦੂਰ ਕਰ ਸੱਕਣ ਦੀ ਉਨ੍ਹਾਂ ਵਿਚ, ਸਭ ਕੁਝ ਹੁੰਦਿਆਂ ਵੀ, ਸਮਰੱਥਾ ਨਹੀਂ ਸੀ। ਸਾਡੇ ਇਤਿਹਾਸਕਾਰਾਂ ਅਨੁਸਾਰ ਚੰਗੇ ਭਾਗਾਂ ਨੂੰ ਇਹ ਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿਚ ਗੋਇੰਦਵਾਲ ਆਣ ਪਹੁੰਚੇ।ਸ਼ਬਦ ਸੁਣਿਆ:

ਸਲੋਕ ਮ:3॥

ਤ੍ਰਿਸਨਾ ਦਾਧੀ ਜਲਿ ਮੁਈ
ਜਲਿ ਜਲਿ ਕਰੇ ਪੁਕਾਰ॥
ਸਤਿਗੁਰ ਸੀਤਲ ਜੇ ਮਿਲੈ
ਫਿਰਿ ਜਲੈ ਨ ਦੂਜੀ ਵਾਰ॥
ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ
ਜਿਚਰੁ ਸਬਦਿ ਨ ਕਰੇ ਵੀਚਾਰੁ॥1॥

ਗੁ.ਗ੍ਰ.ਸਾ. ਪੰਨਾ 588

ਪਾਵਨ ਬਚਨਾਂ ਨੂੰ ਬੜੇ ਧਿਆਨ ਨਾਲ ਸੁਣ ਕੇ ਸਮਝਣ ਦਾ ਯਤਨ ਕੀਤਾ। ਗੁਰੂ ਸਾਹਿਬ ਦੇ ਨੂਰਾਨੀ ਸਰੂਪ, ਸ਼ਾਂਤ ਅਤੇ ਖ਼ੁਸ਼ੀਆਂ ਭਰਪੂਰ ਵਾਤਾਵਰਣ ਅਰ ਬਿਨਾਂ ਕਿਸੇ ਵਿਤਕਰੇ ਸਭ ਨਾਲ ਮਿਲ ਬੈਠਣ ਦੇ ਵਰਤਾਰੇ ਨੇ, ਇਸ ਦੇ ਮਨ 'ਤੇ ਬਹੁਤ ਅਸਰ ਕੀਤਾ। ਰਾਤ ਨੂੰ ਬੈਠਾ ਲਗਾਤਾਰ ਵਿਚਾਰਦਾ ਰਿਹਾ ਕਿ ਇਸ ਅਤਿ ਸੁਖਾਵੇਂ ਵਾਤਾਵਰਣ ਦਾ ਮੂਲ ਕੀ ਹੈ? ਸੋਝੀ ਹੋ ਆਈ -ਰੱਬੀ ਯਾਦ ਜਿਸ ਤੋਂ ਮੈਂ ਵਾਂਝਾ ਹਾਂ। ਮਨ ਬਣਿਆ ਕਿ ਗੁਰੂ ਸਾਹਿਬ ਪਾਸ ਬੇਨਤੀ ਕਰ ਵੇਖਦੇ ਹਾਂ ਜੇ ਉਹ ਮੇਰੀ ਝੋਲੀ ਵਿਚ ਵੀ ਇਹ ਪਾ ਦੇਣ ਤਾਂ ਜੁ ਮੇਰੇ ਅੰਦਰ ਸੀਤਲ ਸਤਿਗੁਰਾਂ ਦੀ ਕਿਰਪਾ ਨਾਲ ਸੀਤਲਤਾ ਵਰਤ ਜਾਵੇ।

ਅੱਜ ਸਵੇਰ ਦੇ ਦੀਵਾਨ ਵਿਚ ਕੱਲ੍ਹ ਨਾਲੋਂ ਜ਼ਰਾ ਉੱਦਮ ਨਾਲ ਆ ਬੈਠਾ। ਮਨ ਜੋੜ ਕੇ ਕੀਰਤਨ ਸੁਣਦਾ ਰਿਹਾ ਅਰ ਫਿਰ ਸਤਿਗੁਰਾਂ ਨੇ ਬਚਨ ਕਰ ਕੇ ਨਿਹਾਲ ਕਰ ਦਿੱਤਾ। ਸਮਾਪਤੀ 'ਤੇ ਉੱਠ ਖੜਾ ਹੋਇਆ ਅਰ ਹੱਥ ਜੋੜ ਕੇ ਆਖਿਆ,

'ਹੇ ਪਾਤਸ਼ਾਹ! ਇਹ ਆਨੰਦ ਜੋ ਮੈਂ ਆਪ ਦਰਸ਼ਨ ਕਰ ਕੇ ਪ੍ਰਾਪਤ ਕੀਤਾ ਹੈ, ਸਦਾ ਮੇਰੇ ਅੰਦਰ ਬਣਿਆ ਰਹੇ ਜਿਸ ਤੋਂ ਮੈਂ ਖਾਲੀ ਹਾਂ। ਹੇ ਸਤਿਗੁਰੂ! ਆਪ ਕਿਰਪਾ ਕਰ ਕੇ ਮੈਨੂੰ ਸਿੱਖ ਬਣਾ ਲਵੋ, ਮੈਨੂੰ ਵੀ ਨਾਮ ਦੀ ਦਾਤ ਬਖ਼ਸ਼ੋ, ਜੀ'। ਹਜ਼ੂਰ ਪਾਤਸ਼ਾਹ ਜੀ ਨੇ ਸੁਣਿਆ ਅਰ ਬੜੇ ਧਿਆਨ ਨਾਲ ਉਸ ਵੱਲ ਤੱਕਦਿਆਂ ਪੁੱਛਿਆ,

'ਭਾਈ! ਕਿਥੋਂ ਆਏ ਹੋ'?

'ਜੀ! ਸੁਲਤਾਨ ਪੁਰ ਤੋਂ,' ਮਹੇਸ਼ੇ ਨੇ ਕਿਹਾ। ਜਦੋਂ ਸਤਿਗੁਰਾਂ ਪੁੱਛਿਆ ਕਿ ਜੀਵਨ ਨਿਰਬਾਹ ਕਿਵੇਂ ਚਲਦਾ ਹੈ ਤਾਂ ਭਾਈ ਜੀ ਨੇ ਸੰਖੇਪਤਾ ਨਾਲ ਬਿਆਨ ਕੀਤਾ। ਇਹ ਸਭ ਜਾਣ ਕੇ ਪਾਤਸ਼ਾਹ ਜੀ ਨੇ ਫ਼ੁਰਮਾਇਆ,

'ਭਾਈ! ਤੁਸੀਂ ਹੁਣ ਮਨ ਭਾਉਂਦਾ, ਸ਼ਾਨ-ਸ਼ੌਕਤ ਨਾਲ, ਜੀਵਨ ਬਸਰ ਕਰ ਰਹੇ ਹੋ। ਸਿੱਖ ਜੀਵਨ ਦੀ ਮਰਯਾਦਾ ਗੁਰੂ-ਬਾਬਾ ਜੀ ਨੇ ਸਾਨੂੰ ਸੰਸਾਰ ਵਿਚ ਨਿਰਲੇਪ ਰਹਿ ਕੇ ਚੱਲਣ ਵਾਲੀ ਦੱਸੀ ਹੈ, ਹੋ ਸਕਦਾ ਹੈ ਕਿ ਗੁਰੂ ਕੀ ਸਿੱਖੀ ਧਾਰਨ ਕਰ ਕੇ ਤੁਸੀਂ ਹੁਣ ਵਾਲੀਆਂ ਖੁਲ੍ਹਾਂ ਨਾ ਮਾਣ ਸੱਕੋ'।

ਇਤਨਾ ਕਹਿ ਪਾਤਸ਼ਾਹ ਰੁਕ ਕੇ ਭਾਈ ਜੀ ਦਾ ਉੱਤਰ ਉਡੀਕਣ ਲੱਗੇ। ਮਹੇਸ਼ਾ ਜੀ ਨੇ ਕਿਹਾ,

'ਸਾਹਿਬ ਜੀ! ਇਹ ਸਾਰੀਆਂ ਖੁਲ੍ਹਾਂ ਮਾਣ ਕੇ ਵੀ ਮੇਰਾ ਅੰਦਰ ਖਾਲੀ ਹੈ, ਮੈਨੂੰ ਹੁਣ ਇਨ੍ਹਾਂ ਨਾਲ ਕੋਈ ਲਗਾਵ ਨਹੀਂ ਰਿਹਾ। ਕਿਰਪਾ ਕਰ ਕੇ ਆਪ ਜੀ ਮੈਨੂੰ ਸਿੱਖੀ ਜੀਵਨ ਦਾ ਖੇੜਾ ਬਖ਼ਸ਼ੋ'! ਸੁਣ ਕੇ ਹਜ਼ੂਰ ਨੇ ਫਿਰ ਆਖਿਆ,

'ਵਿਚਾਰ ਲਵੋ, ਭਾਈ'!

'ਜੀ ਸਤਿਗੁਰੂ! ਆਪ ਮੇਰੇ ਸਿਰ 'ਤੇ ਕਿਰਪਾ ਦਾ ਹੱਥ ਰੱਖਣਾ ਤਾਂ ਕਿ ਮੈਂ ਆਪ ਦੇ ਬਚਨਾਂ ਦੀ ਅਡੋਲ ਰਹਿ ਕੇ ਹਰ ਹਾਲਤ ਵਿਚ ਪਾਲਣਾ ਕਰ ਸਕਾਂ, ਭਾਵੇਂ ਮੇਰੇ ਕੋਲ ਅਜੋਕਾ ਕੁੱਛ ਰਹੇ ਭਾਵੇਂ ਨਾਹ'।

ਕਹਾ ਮਹੇਸ਼ੇ ਹੇ ਪ੍ਰਭ ਪਿਆਰੇ।
ਤਨ ਮਨ ਧਨ ਤੁਮ ਪਰ ਬਲਿਹਾਰੇ।58॥
ਅਬ ਹਮ ਕੋ ਨਹੀਂ ਧਨ ਕੀ ਆਸਾ।
ਕਰਿ ਕਿਰਪਾ ਦੀਜੈ ਚਰਨ ਨਿਵਾਸਾ।
ਸਤਿਗੁਰ ਦਿਆਲ ਦਇਆ ਤਬ ਕੀਨਾ।
ਧਰਿ ਮਸਤਕ ਹਾਥ ਨਾਮ ਮੁਖਿ ਦੀਨਾ।59॥

ਇਸ ਸੱਜਣ ਦੀ ਤਿੱਖੀ ਜਗਿਆਸਾ ਜਾਣ ਕੇ ਗੁਰੂ ਸਾਹਿਬ ਜੀ ਨੇ ਉਸ ਨੂੰ ਸਿੱਖੀ ਦੀ ਦਾਤ ਬਖ਼ਸ਼ਸ਼ ਕਰ ਦਿੱਤੀ। ਕੁਝ ਦਿਨ ਭਾਈ ਮਹੇਸ਼ਾ ਹੋਰ ਇਥੇ ਠਹਿਰ ਕੇ ਸਿੱਖੀ ਨੂੰ ਵੱਧ ਤੋਂ ਵੱਧ ਸਮਝਣ ਦਾ ਯਤਨ ਕੀਤਾ, ਸਤਸੰਗ ਦਾ ਆਨੰਦ ਮਾਣਿਆ ਅਰ ਹਜ਼ੂਰ ਕੋਲੋਂ ਆਗਿਆ ਲੈ ਕੇ ਸੁਲਤਾਨਪੁਰ ਵਾਪਸ ਆ ਗਏ।

ਇਥੇ ਆ ਕੇ ਵੀ ਗੁਰੂ-ਹੁਕਮ ਅਨੁਸਾਰ ਨਾਮ-ਬਾਣੀ ਦਾ ਅਭਿਆਸ, ਆਪਣੇ ਘਰ ਵਿਚ ਨਿਕਟਵਰਤੀਆਂ ਨਾਲ ਜੁੜ ਕੇ ਸਤਸੰਗ ਅਤੇ ਸੰਗਤ ਦੀ ਸੇਵਾ ਕਰਨੀ, ਜਾਰੀ ਰੱਖਿਆ ਜਿਸ ਦੀ ਰੰਗਤ ਜੀਵਨ ਵਿਚ ਨਜ਼ਰ ਆਉਣ ਲੱਗੀ। ਇਹ ਆਨੰਦ ਤਾਂ ਭਾਈ ਸਾਹਿਬ ਨੂੰ ਪ੍ਰਾਪਤ ਹੋ ਗਿਆ ਪਰ, ਗੁਰਮੁਖ ਜੀਵਨ ਚਾਲ ਦੇ ਧਾਰਨੀ ਹੋਣ ਕਾਰਨ ਪਹਿਲੇ ਸੱਜਣ ਪਿੱਛੇ ਹਟ ਗਏ। ਇਸ ਸਭ ਕੁਝ ਦਾ ਕਾਰੋਬਾਰ 'ਤੇ ਵੀ ਮਾੜਾ ਅਸਰ ਹੋਇਆ, ਨਤੀਜੇ ਵਜੋਂ ਵਿਹੜੇ ਦੀਆਂ ਰੌਣਕਾਂ ਅਲੋਪ ਹੋ ਗਈਆਂ ਪਰ, ਭਾਈ ਜੀ ਅਡੋਲ ਰਹੇ। ਇਕ ਦਿਨ ਕੁਝ ਸਬੰਧੀ ਆ ਰਲ ਬੈਠੇ ਤੇ ਹੱਸਦਿਆਂ ਭਾਈ ਜੀ ਨੂੰ ਕਿਹਾ,

'ਸਾਨੂੰ ਇਉਂ ਜਾਪਦਾ ਹੈ ਕਿ ਜਦੋਂ ਦੇ ਤੁਸੀਂ ਸਿੱਖ ਬਣੇ ਹੋ, ਚੱਕਰ ਪੁੱਠਾ ਚਲਣ ਲੱਗ ਪਿਆ ਹੈ। ਤੁਹਾਨੂੰ ਸਿੱਖ ਬਣ ਕੇ ਕੀਹ ਮਿਲਿਆ? ਤੁਸੀਂ ਪਹਿਲਾਂ ਵਾਂਗ ਹੀ ਚੰਗੇ ਨਹੀਂ'? ਸੁਣ ਕੇ ਭਾਈ ਜੀ ਨੇ ਬੜੇ ਧੀਰਜ ਨਾਲ ਕਿਹਾ,

'ਭਾਈ! ਜੋ ਕੁਝ ਮੈਨੂੰ ਸਤਿਗੁਰਾਂ ਪਾਸੋਂ ਪ੍ਰਾਪਤ ਹੋਇਆ ਹੈ ਉਹ ਮੈਂ ਹੀ ਮਹਿਸੂਸ ਕਰ ਸਕਦਾ ਹਾਂ। ਹੁਣ ਵਾਲੀਆਂ ਮੇਰੇ ਅੰਦਰਲੀਆਂ ਖ਼ੁਸ਼ੀਆਂ ਦਾ ਕਿਸੇ ਧਨ ਪਦਾਰਥ ਨਾਲ ਸਬੰਧ ਨਹੀਂ ਜੋ ਮੈਂ ਪਹਿਲਾਂ ਸਭ ਮਾਣਦਾ ਰਿਹਾ ਹਾਂ'।

'ਤੁਮ ਸਿਖ ਹੋਇ ਕਹੁ ਕਿਆ ਲੀਨਾ?
ਧਨ ਸੰਪਤ ਤੇ ਭਇਆ ਬਿਹੀਨਾ'।62॥
ਕਹੇ ਮਹੇਸਾ ਸੁਨ ਮਮ ਭਾਈ।
'ਇਹ ਮਿਥਿਆ ਸੰਪਤ ਸਮੁਦਾਈ।
ਜਉ ਸਤਿਗੁਰ ਚਰਨਨ ਮਨ ਲਾਗੇ।
ਤਉ ਪਰਮ ਆਨੰਦ ਸਗਲ ਦੁਖ ਭਾਗੇ'।63॥

ਇਹ ਸੁਣ ਕੇ ਵੀ ਉਹ ਕੁਝ ਸਮਝਾਉਣ ਦਾ ਯਤਨ ਕਰਦੇ ਰਹੇ ਪਰ, ਭਾਈ ਮਹੇਸ਼ਾ ਅਡੋਲ ਆਪਣੀ ਚਾਲ ਚਲਦੇ ਰਹੇ।

ਕੁਝ ਸਮੇਂ ਬਾਦ ਆਪ ਦਾ ਗੋਇੰਦਵਾਲ ਫਿਰ ਆਉਣਾ ਹੋਇਆ ਤਾਂ ਸਤਿਗੁਰਾਂ ਨੇ ਘਰ-ਬਾਰ ਦਾ ਹਾਲ ਜਾਣਨਾ ਚਾਹਿਆ ਤਾਂ ਭਾਈ ਜੀ ਨੇ ਜੀਵਨ ਵਿਚ ਆਈਆਂ ਸਭ ਤਬਦੀਲੀਆਂ ਅਤੇ ਸਬੰਧੀਆਂ ਦੀਆਂ ਮਸ਼ਕਰੀਆਂ ਹਜ਼ੂਰ ਪ੍ਰਤੀ ਕਹਿ ਸੁਣਾਈਆਂ।



ਗੁਰੂ ਅਮਰਦਾਸ ਪਾਤਸ਼ਾਹ ਜੀ

ਸੁਣ ਕੇ ਕੌਤਕੀ ਪਾਤਸ਼ਾਹ ਕਹਿਣ ਲੱਗੇ, 'ਮਹੇਸ਼ਾ! ਤੁਸੀਂ ਚਾਹੋ ਤਾਂ ਪਿੱਛੇ ਮੁੜ ਕੇ ਫਿਰ ਧਨ ਪਦਾਰਥਾਂ ਦੇ ਰਸ ਮਾਣ ਸਕਦੇ ਹੋ'।

ਇੰਨਾ ਕਹਿ ਕੇ ਹਜ਼ੂਰ ਨੇ ਬੜੇ ਭਾਵ-ਪੂਰਤ ਨੇਤਰਾਂ ਨਾਲ ਤੱਕਿਆ ਤਾਂ ਭਾਈ ਮਹੇਸ਼ਾ ਨੇ ਹੱਥ ਜੋੜ ਕੇ ਕਿਹਾ,

'ਪਾਤਸ਼ਾਹ ਜੀ! ਮੈਂ ਆਪਣੇ ਸਬੰਧੀਆਂ ਨੂੰ ਸੱਚ ਆਖਿਆ ਸੀ ਕਿ ਧਨ ਪਦਾਰਥਾਂ ਦੀਆਂ ਖ਼ੁਸ਼ੀਆਂ ਮੈਂ ਬਾਪ ਦਾਦੇ ਤੋਂ ਮਾਣਦਾ ਆ ਰਿਹਾ ਸਾਂ ਪਰ, ਜੋ ਆਨੰਦ ਮੈਨੂੰ ਆਪ ਜੀ ਦੀ ਸਿੱਖੀ ਧਾਰਨ ਕਰ ਕੇ ਮਿਲਿਆ ਹੈ ਉਹ ਪਹਿਲਾਂ ਕਦੇ ਵੀ ਨਹੀਂ ਸੀ ਮਿਲਿਆ। ਹੁਣ ਹੋਰ ਕੁਝ ਨਹੀਂ ਆਪ ਦੇ ਚਰਨਾਂ ਦਾ ਆਸਰਾ ਤੇ ਆਸੀਸ ਚਾਹੀਦੀ ਹੈ'।

ਸਤਿਗੁਰਾਂ ਜਾਂਚਿਆ ਕਿ ਪਹਿਲਾਂ ਨਾਲੋਂ ਸਰੀਰ ਤਾਂ ਭਾਵੇਂ ਕੁਝ ਲਿੱਸਾ ਪਿਆ ਹੋਇਆ ਹੈ ਪਰ ਚਿਹਰਾ ਦਗ-ਦਗ ਕਰ ਰਿਹਾ ਹੈ ਅਰ ਪਦਾਰਥਾਂ ਦੀ ਖਿੱਚ ਨਾਲ ਮਹੇਸ਼ਾ ਡੋਲਿਆ ਨਹੀਂ। ਹੁਣ ਤ੍ਰੁੱਠ ਪਏ ਅਤੇ ਫ਼ੁਰਮਾਇਆ,

'ਮਹੇਸ਼ਾ ਭਾਈ! ਇਹ ਸਭ ਧਨ ਪਦਾਰਥ ਵੀ ਜੇ ਗੁਰਸਿੱਖਾਂ ਲਈ ਨਹੀਂ ਤਾਂ ਹੋਰ ਕਿਸ ਲਈ ਹਨ? ਲੋੜ ਸਿਰਫ਼ ਇਸ ਗੱਲ ਦੀ ਸਿੱਖ ਸਮੇਂ ਅਨੁਸਾਰ ਸਹੀ ਚੋਣ ਕਰ ਸੱਕੇ। ਜਦੋਂ ਸਿੱਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਪਦਾਰਥ ਤਾਂ ਸਭ ਆਉਣ ਜਾਣ ਵਾਲੇ ਹਨ ਪਰ, ਜੀਵਨ ਦਾ ਟਿਕਾਅ ਤੇ ਆਨੰਦ ਕੇਵਲ ਕਰਤਾਰ ਨਾਲ ਜੁੜਿਆਂ ਹੀ ਹੈ ਤਾਂ ਸਿੱਖ ਪਦਾਰਥਾਂ ਨਾਲ ਚੰਬੜ ਕੇ ਧਰਮ ਵੱਲੋਂ ਮੂੰਹ ਨਹੀਂ ਫੇਰਦਾ। ਸਾਨੂੰ ਖ਼ੁਸ਼ੀ ਹੈ ਕਿ ਤੁਸੀਂ ਜੀਵਨ ਦੇ ਇਸ ਇਮਤਿਹਾਨ ਵਿਚੋਂ ਪਾਸ ਹੋਏ ਓ, ਕਰਤਾਰ ਕਿਰਪਾ ਕਰੇਗਾ, ਧਨ ਦੀਆਂ ਪਹਿਲਾਂ ਨਾਲੋਂ ਵੀ ਕਈ ਗੁਣਾਂ ਲਹਿਰਾਂ ਬਹਿਰਾਂ ਹੋ ਜਾਣਗੀਆਂ। ਸਾਡੀਆਂ ਆਸੀਸਾਂ ਤੁਹਾਡੇ ਨਾਲ ਹਨ। ਹੁਣ ਆਪਣੇ ਨਗਰ ਜਾ ਕੇ ਗੁਰਸ਼ਬਦ ਅਤੇ ਭੋਜਨ ਦਾ ਲੰਗਰ ਲਾ ਦਿਉ, ਸਦਾ ਬਰਕਤਾਂ ਪੈਣਗੀਆਂ'।

'ਆਗੇ ਤੇ ਦਸ ਗੁਨ ਧਨ ਪੈ ਹੈਂ ('ਪਹਿਲਾਂ ਨਾਲੋਂ ਦਸ ਗੁਨਾਂ ਪਦਾਰਥ ਹੋਵੇਗਾ)।
ਲੋਕ ਪ੍ਰਲੋਕ ਸਫ਼ਲ ਤੁਵ ਹਵੈ ਹੈ'
(ਅਰ ਲੋਕ ਪ੍ਰਲੋਕ ਸਫ਼ਲ ਹੋ ਜਾਵੇਗਾ')
।21॥37॥ ਰਾਸ 1

ਚਲਦਾ.....

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ 50

# ਇੱਕ ਮੇਰੀ ਅੱਖ ਕਾਸ਼ਣੀ...

**ਗੁਰਮੇਲ ਕੌਰ ਘਰ ਦਾ ਸਾਰਾ ਕੰਮ ਕਰਦੀ। ਮੱਝਾਂ ਸਾਂਭਦੀ। ਪੱਠਾ ਦੱਥਾ ਪਾਉਂਦੀ ਅਤੇ ਧਾਰਾਂ ਕੱਢ ਕੇ ਦੁੱਧ ਡੇਅਰੀ ਵਿੱਚ ਪਾਉਣ ਜਾਂਦੀ। ਹੁਣ ਸਰਦਾਰੇ ਤੋਂ ਲੋਕਾਂ ਨੇ ਵਿਆਜੂ ਪੈਸੇ ਲੈਣੇ ਸ਼ੁਰੂ ਕਰ ਦਿੱਤੇ। ਅੜੇ-ਥੁੜੇ ਉਹ ਕਿਸੇ ਲੋੜਵੰਦ ਦੀ ਮੱਦਦ ਵੀ ਕਰ ਦਿੰਦਾ। ਮੰਡੀ ਵਾਲ਼ਾ ਆੜ੍ਹਤੀਆ ਵੀ ਸਰਦਾਰੇ ਤੋਂ ਪੈਸੇ ਲੈ ਕੇ ਕਦੇ-ਕਦੇ ਕੰਮ ਸਾਰਦਾ। ਸਰਦਾਰਾ ਵੀ ਕਿਸੇ ਨੂੰ ਜਵਾਬ ਨਹੀਂ ਦਿੰਦਾ ਸੀ। ਹਰ ਬੰਦਾ ਹੁਣ ਸਰਦਾਰੇ ਨਾਲ਼ ਯਾਰੀ ਗੰਢਣ ਲਈ ਤਾਂਘ ਰੱਖਦਾ ਸੀ।**

**ਜੋ ਦੁਕਾਨ ਬੱਲੀ ਅਤੇ ਜੱਸੀ ਨੇ ਕਿਰਾਏ ਉਪਰ ਲਈ ਹੋਈ ਸੀ, ਉਸ ਨੂੰ ਉਹਨਾਂ ਨੇ ਮਾਲਕ ਨਾਲ਼ ਖਰੀਦਣ ਦੀ ਗੱਲ ਚਲਾਈ। ਪਰ ਬਰਾਬਰ ਦਾ ਸ਼ਰੀਕ ਜੱਟ ਮੁਹਰਿਓਂ ਆਕੜ ਪਿਆ, "ਤੁਸੀਂ ਐਨੇ ਕਿੰਨੇ ਕੁ ਅਮੀਰ ਹੋਗੇ, ਜਿਹੜੇ ਮੇਰੀ ਦੁਕਾਨ ਖਰੀਦਣ ਨੂੰ ਆ ਖੜ੍ਹੇ...?" ਉਹ ਆਪਣੀ ਬੇਇੱਜ਼ਤੀ ਮੰਨ ਗਿਆ ਸੀ।**




## ਕਾਂਡ 23

ਉਸ ਨੇ ਸਭ ਤੋਂ ਪਹਿਲ਼ ਮੋਟਰ ਸਾਈਕਲ ਅਤੇ ਮੁੰਡਿਆਂ ਦੇ ਕਾਲ਼ਾ ਟਿੱਕਾ ਲਾਇਆ ਫ਼ਿਰ ਮੋਟਰ ਸਾਈਕਲ ਦੇ ਘੰਮ੍ਹਣੀਂ ਬੰਨ੍ਹੀ।

-"ਪਿੰਡ 'ਚ ਮੋਟਰ ਫ਼ੈਕਲ ਲੈ ਕੇ ਵੀਹੀਆਂ 'ਚ ਗੇੜੇ ਨਾ ਦਿਓ..! ਦੁਨੀਆਂ ਤੋਂ ਡਰਿਓ, ਮਾੜੀ ਨਿਗਾਹ ਪੱਥਰ ਪਾੜ ਦਿੰਦੀ ਐ, ਹਾੜ੍ਹੇ ਮੇਰੇ ਪੁੱਤ, ਮੇਰੀ ਇਹ ਗੱਲ ਮੰਨ ਲਿਓ...!" ਮਾਂ ਨੇ ਪੁੱਤਾਂ ਅੱਗੇ ਹੱਥ ਜੋੜੇ।

ਅੱਜ ਮੋਟਰ ਸਾਈਕਲ ਅਤੇ ਪੁੱਤਰਾਂ ਦੀ ਮਿਹਨਤ ਦੀ ਖ਼ੁਸ਼ੀ ਵਿੱਚ ਸਰਦਾਰਾ ਆਉਂਦਾ ਹੋਇਆ ਕੇਹਰੇ ਤੋਂ ਬੋਤਲ ਫੜ ਲਿਆਇਆ।

"ਦਾਲ਼ ਦੀ ਕੌਲੀ ਦੇਹ, ਤੇ ਨਾਲ਼ੇ ਦੇਹ ਪਾਣੀ...!" ਸਰਦਾਰੇ ਨੇ ਬੋਤਲ ਦੇ ਮੂੰਹ 'ਚੋਂ ਮੱਕੀ ਦਾ ਗੁੱਲ ਖਿੱਚਦੇ ਹੋਏ ਘਰਵਾਲ਼ੀ ਨੂੰ ਕਿਹਾ।

-"ਲੈ, ਥੋਡਾ ਪਿਉ ਅੱਜ ਮੂਤ ਪੀਊਗਾ...!" ਗੁਰਮੇਲ ਕੌਰ ਮੀਸਣਾ ਜਿਹਾ ਹਾਸਾ ਹੱਸੀ।

-"ਤੂੰ ਨਾ ਕਦੇ ਕੋਈ ਖ਼ੁਸ਼ੀ ਮਨਾਉਣ ਦੇਈਂ...! ਸਾਲ਼ੀ ਬਕਵਾਸ ਈ ਮਾਰੀ ਜਾਊ, ਕਾਹਨੂੰ ਸਾਲ਼ੀ ਦੀ ਕਾਲ਼ੀ ਲੁਤਰੋ ਅੰਦਰ ਵੜਦੀ ਐ...।" ਸਰਦਾਰਾ ਖਿਝ ਗਿਆ।

-"ਵੇ ਮੈਂ ਤਾਂ ਹੱਸਦੀ ਸੀ...!"

-"ਇਉਂ ਹੱਸੀਦਾ ਹੁੰਦੈ ਕਮੂਤੇ...?" ਉਸ ਨੇ ਖੱਦਰ ਦਾ ਗਿਲਾਸ ਭਰ ਕੇ ਥੋੜ੍ਹਾ ਜਿਹਾ ਪਾਣੀ ਪਾਇਆ ਅਤੇ ਅੱਖਾਂ ਮੀਚ ਕੇ ਗਿਲਾਸ ਅੰਦਰ ਸੁੱਟ ਲਿਆ। ਤਾਰੇ ਵਾਂਗ ਲੀਕ ਪਾਉਂਦੀ ਦੇਸੀ ਦਾਰੂ ਥੱਲੇ ਉਤਰੀ। ਪਹਿਲੇ ਪੈੱਗ ਨੇ ਹੀ ਉਸ ਅੰਦਰ ਅੱਗ ਮਚਾ ਦਿੱਤੀ ਸੀ। ਗਾਲ੍ਹਾਂ ਖਾਂਦੀ ਗੁਰਮੇਲ ਕੌਰ ਦਾਲ਼ ਦੀ ਕੌਲ਼ੀ ਰੱਖ ਗਈ। ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ ਕਿ ਇਸ ਖ਼ੁਸ਼ੀ ਦੇ ਮੌਕੇ 'ਤੇ ਉਸ ਨੂੰ "ਮੂਤ ਪੀਣ" ਵਰਗੇ ਸ਼ਬਦ ਨਹੀਂ ਸੀ ਵਰਤਣੇ ਚਾਹੀਦੇ। ਪਰ ਹੁਣ ਗੱਲ ਮੂੰਹੋਂ ਨਿਕਲ਼ ਚੁੱਕੀ ਸੀ।

ਚਾਰ ਮੱਝਾਂ ਦਾ ਦੁੱਧ ਡੇਅਰੀ ਵਿੱਚ ਜਾਂਦਾ ਸੀ।

ਸੱਤ ਕਿੱਲਿਆਂ ਦੇ ਖਾਣ ਜੋਕਰੇ ਦਾਣੇ ਘਰੇ ਆ ਜਾਂਦੇ ਸਨ।

ਦੋ ਮੁੰਡਿਆਂ ਦੀ ਖੁੱਲ੍ਹੀ ਡੁੱਲ੍ਹੀ ਕਮਾਈ ਨਿੱਤ ਘਰੇ ਡਿੱਗਦੀ ਸੀ। ਸਰਦਾਰੇ ਦੀਆਂ ਤਾਂ ਨੌਂ ਨਿਧਾਂ ਤੇ ਅਠਾਰਾਂ ਸਿਧਾਂ ਹੋ ਗਈਆਂ ਸਨ। ਛੇ ਕੁ ਮਹੀਨਿਆਂ ਵਿੱਚ ਹੀ ਉਸ ਨੇ ਇੱਕ ਪਲਾਟ ਲੈ ਕੇ ਮਕਾਨ ਬਣਾਉਣਾ ਸ਼ੁਰੂ ਕਰ ਦਿੱਤਾ। ਮੁੰਡਿਆਂ ਦੀ ਨਿੱਤ ਦੀ ਕਮਾਈ ਦੇਖ ਕੇ ਰਿਸ਼ਤੇ ਵਾਲ਼ਿਆਂ ਨੇ ਪੈਰ ਮਿੱਧਣੇ ਸ਼ੁਰੂ ਕਰ ਦਿੱਤੇ। ਪਰ ਸਰਦਾਰਾ ਅਜੇ ਮੁੰਡੇ ਵਿਆਹੁੰਣਾਂ ਨਹੀਂ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਪਹਿਲਾਂ ਮੁੰਡੇ ਪੱਕੇ ਤੌਰ 'ਤੇ ਪੈਰਾਂ ਸਿਰ ਹੋ ਜਾਣ, ਫ਼ਿਰ ਵਿਆਹ ਵੀ ਕਰਵਾ ਲੈਣਗੇ।

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

ਸਰਦਾਰਾ ਪੂਰਾ ਵਿਉਂਤੀ ਬੰਦਾ ਸੀ।

ਉਹ ਹਰ ਕੰਮ ਬੜੀ ਵਿਉਂਤਬੰਦੀ ਨਾਲ਼ ਕਰਦਾ ਸੀ। ਇਸੇ ਲਈ ਹੀ ਕਾਮਯਾਬ ਸੀ। ਨਹੀਂ ਤਾਂ ਸੱਤ ਕਿੱਲਿਆਂ ਦੇ ਮਾਲਕ ਜੱਟ ਦੇ ਸਿਰ ਕਰਜ਼ਾ ਹਰ ਸਾਲ ਸਿਰ ਟੁੱਟਦਾ ਸੀ। ਪਰ ਇੱਧਰ ਗੱਲ ਉਲਟ ਸੀ। ਵਿਉਂਤਬੰਦੀ ਨਾਲ਼ ਸਿਰਜੇ ਕਾਰਜ ਨਿੱਤ ਮੁਨਾਫ਼ਾ ਲਿਆਉਂਦੇ ਸਨ।

ਸਰਦਾਰੇ ਦੇ ਮਿਹਨਤੀ ਮੁੰਡਿਆਂ ਦਾ ਨਾਮ ਬੱਲੀ ਅਤੇ ਜੱਸੀ ਸੀ। ਵੱਡੇ ਮੁੰਡੇ ਦਾ ਨਾਂ ਭੋਲਾ ਸੀ। ਤਿੰਨੇ ਮੁੰਡੇ ਹੀ ਬੜੇ ਸਿਰੜ ਅਤੇ ਸਿਦਕ ਨਾਲ਼ ਕੰਮ ਕਰਦੇ। ਜਸਮੇਲ ਕੌਰ ਨੇ ਘਰ ਅਤੇ ਮੱਝਾਂ ਵਾਲ਼ਾ ਕੰਮ ਸਿਰ 'ਤੇ ਚੁੱਕਿਆ ਹੋਇਆ ਸੀ।

ਸਰਦਾਰੇ ਦੇ ਮੁੰਡਿਆਂ ਦੀ ਗੁੱਡੀ ਅਸਮਾਨ ਚੜ੍ਹ ਗਈ।

ਕੋਠੀ ਵਰਗਾ ਘਰ ਪੈ ਗਿਆ। ਘਰੇ ਦੋ ਮੋਟਰ ਸਾਈਕਲ ਹੋਰ ਆ ਖੜ੍ਹੇ।

ਸਰਦਾਰਾ "ਰੂੜੀ ਮਾਰਕਾ" ਦਾਰੂ ਤੋਂ ਅੰਗਰੇਜ਼ੀ ਦਾਰੂ ਉਪਰ ਆ ਗਿਆ ਸੀ।

ਗੁਰਮੇਲ ਕੌਰ ਘਰ ਦਾ ਸਾਰਾ ਕੰਮ ਕਰਦੀ। ਮੱਝਾਂ ਸਾਂਭਦੀ। ਪੱਠਾ ਦੱਥਾ ਪਾਉਂਦੀ ਅਤੇ ਧਾਰਾਂ ਕੱਢ ਕੇ ਦੁੱਧ ਡੇਅਰੀ ਵਿੱਚ ਪਾਉਣ ਜਾਂਦੀ। ਹੁਣ ਸਰਦਾਰੇ ਤੋਂ ਲੋਕਾਂ ਨੇ ਵਿਆਜੂ ਪੈਸੇ ਲੈਣੇ ਸ਼ੁਰੂ ਕਰ ਦਿੱਤੇ। ਅੜੇ-ਥੁੜੇ ਉਹ ਕਿਸੇ ਲੋੜਵੰਦ ਦੀ ਮੱਦਦ ਵੀ ਕਰ ਦਿੰਦਾ। ਮੰਡੀ ਵਾਲ਼ਾ ਆੜ੍ਹਤੀਆ ਵੀ ਸਰਦਾਰੇ ਤੋਂ ਪੈਸੇ ਲੈ ਕੇ ਕਦੇ-ਕਦੇ ਕੰਮ ਸਾਰਦਾ। ਸਰਦਾਰਾ ਵੀ ਕਿਸੇ ਨੂੰ ਜਵਾਬ ਨਹੀਂ ਦਿੰਦਾ ਸੀ। ਹਰ ਬੰਦਾ ਹੁਣ ਸਰਦਾਰੇ ਨਾਲ਼ ਯਾਰੀ ਗੰਢਣ ਲਈ ਤਾਂਘ ਰੱਖਦਾ ਸੀ।

ਜੋ ਦੁਕਾਨ ਬੱਲੀ ਅਤੇ ਜੱਸੀ ਨੇ ਕਿਰਾਏ ਉਪਰ ਲਈ ਹੋਈ ਸੀ, ਉਸ ਨੂੰ ਉਹਨਾਂ ਨੇ ਮਾਲਕ ਨਾਲ਼ ਖਰੀਦਣ ਦੀ ਗੱਲ ਚਲਾਈ। ਪਰ ਬਰਾਬਰ ਦਾ ਸ਼ਰੀਕ ਜੱਟ ਮੁਹਰਿਓਂ ਆਕੜ ਪਿਆ, "ਤੁਸੀਂ ਐਨੇ ਕਿੰਨੇ ਕੁ ਅਮੀਰ ਹੋਗੇ, ਜਿਹੜੇ ਮੇਰੀ ਦੁਕਾਨ ਖਰੀਦਣ ਨੂੰ ਆ ਖੜ੍ਹੇ...?" ਉਹ ਆਪਣੀ ਬੇਇੱਜ਼ਤੀ ਮੰਨ ਗਿਆ ਸੀ।

-"ਓਏ ਬਾਈ, ਅਸੀਂ ਅਮੀਰਪੁਣੇ ਦੀ ਤਾਂ ਕੋਈ ਗੱਲ ਈ ਨੀ ਕੀਤੀ, ਅਸੀਂ ਤਾਂ ਸੁਭੈਕੀ ਹੀ ਪੁੱਛ ਲਿਆ..!"

-"ਥੋਡੀ ਤਾਂ ਉਹ ਗੱਲ ਐ; ਭੁੱਖੇ ਜੱਟ ਕਟੋਰਾ ਲੱਭਾ, ਪਾਣੀ ਪੀ-ਪੀ ਆਫ਼ਰਿਆ...। ਨ੍ਹਾਂ ਤੁਸੀਂ ਸੁਭੈਕੀ ਪੁੱਛਿਆ ਕਿਵੇਂ...?"

-"ਯਾਰ ਸਾਨੂੰ ਮੁਆਫ਼ ਕਰ ਬਾਈ, ਪੇਂਡੂ ਭਰਾ ਐਂ, ਐਨਾਂ ਗੁੱਸਾ ਕਿਉਂ ਕਰਦੈਂ...?" ਜੱਸੀ ਬੋਲਿਆ।

-"ਲੈ ਹੁਣ ਤਾਂ ਅਸੀਂ ਮੁਆਫ਼ੀ ਵੀ ਮੰਗ ਲਈ ਬਾਈ, ਹੁਣ ਬੋਲਿਆ ਚੱਲਿਆ ਮੁਆਫ਼ ਕਰ..!"

-"ਮੁਆਫ਼ੀ ਨਾ ਮੰਗ ਕੇ ਤੁਸੀਂ ਚੁਪੇੜਾਂ ਖਾਣੀਆਂ ਸੀ...?" ਸ਼ਰੀਕ ਨੇ ਚੋਭ ਲਾਈ।

-"...............।" ਬੱਲੀ ਅਤੇ ਜੱਸੀ ਨੇ ਸੋਚਿਆ ਸ਼ਰੀਕ ਚੁੱਪ ਰਹਿਣ ਜਾਂ ਮੁਆਫ਼ੀ ਮੰਗਣ ਕਾਰਨ ਲਾਚੜ ਗਿਆ। ਹੁਣ ਗੱਲ ਅੱਗੇ ਨਾ ਵਧਾਈ ਜਾਵੇ।

ਉਹਨਾਂ ਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ ਅਤੇ ਘਰ ਨੂੰ ਆ ਗਏ।

ਬੱਲੀ ਅਤੇ ਜੱਸੀ ਨੂੰ ਰੋਟੀ ਸੁਆਦ ਨਾ ਲੱਗੀ।

-"ਵੇ ਤੁਸੀਂ ਅੱਜ ਰੋਟੀ ਨੀ ਖਾਂਦੇ ਚੱਜ ਨਾਲ਼, ਗੱਲ ਕੀ ਐ...?" ਗੁਰਮੇਲ ਕੌਰ ਫ਼ਿਰ ਵੀ ਮਾਂ ਸੀ। ਉਸ ਨੇ ਉਹਨਾਂ ਦੇ ਉਖੜੇ ਮਨ ਪੜ੍ਹ ਕੇ ਪੁੱਛਿਆ।

-"ਨਹੀਂ ਮਾਂ, ਕੋਈ ਗੱਲ ਨੀ...! ਅਸੀਂ ਅੱਜ ਵਿਆਹ ਆਲ਼ਿਆਂ ਦੇ ਕੰਮ ਕਰਨ ਗਏ ਸੀ, ਓਥੇ ਲੱਡੂ-ਲੁੱਡੂ ਖਾ ਲਏ, ਜਾਣੀਂਦੀ ਭੁੱਖ ਜੀ ਮਰੀ ਪਈ ਐ...!" ਬੱਲੀ ਨੇ ਗੱਲ ਨੂੰ ਬੋਚਿਆ। ਉਹ ਕੋਈ ਵੀ ਗੱਲ ਦੱਸ ਕੇ ਮਾਂ ਨੂੰ ਦੁਖੀ ਨਹੀਂ ਕਰਨਾ ਚਾਹੁੰਦਾ ਸੀ।

ਹਨ੍ਹੇਰੇ ਹੋਏ ਸਰਦਾਰਾ ਘਰ ਆਇਆ।

ਹਰ ਰੋਜ਼ ਵਾਂਗ ਉਸ ਦਾ ਪੈੱਗ-ਸ਼ੈੱਗ ਲੱਗਿਆ ਹੋਇਆ ਸੀ, ਜਿਸ ਕਰ ਕੇ ਵਾਰ-ਵਾਰ ਫੋਕਾ ਜਿਹਾ ਖੰਘੂਰਾ ਮਾਰ ਕੇ ਸੁੱਕਾ ਜਿਹਾ ਥੁੱਕ ਥੁੱਕਦਾ ਸੀ।

-"ਰੋਟੀ ਪਾਵਾਂ...?" ਗੁਰਮੇਲ ਕੌਰ ਅਜੇ ਚੁੱਲ੍ਹੇ ਮੂਹਰੇ ਹੀ ਬੈਠੀ ਸੀ।

ਬੱਲੀ ਅਤੇ ਜੱਸੀ ਦੀ ਫ਼ੌਲਾਦੀ ਚੁੱਪ ਨੇ ਉਸ ਨੂੰ ਫ਼ਿਕਰਮੰਦ ਕਰ ਦਿੱਤਾ ਸੀ। ਉਸ ਦੇ ਮਿਹਨਤੀ ਅਤੇ ਸੱਤਾਂ ਧੀਆਂ ਵਰਗੇ ਪੁੱਤਾਂ ਨੇ ਕਦੇ ਉਸ ਨੂੰ ਕਦੇ ਉਦਾਸ ਨਹੀਂ ਹੋਣ ਦਿੱਤਾ ਸੀ ਅਤੇ ਨਾ ਹੀ ਕੋਈ ਉਲਾਂਭਾ ਖੱਟ ਕੇ ਦਿੱਤਾ ਸੀ।

-"ਰੋਟੀ ਖਾ ਲੈਨੇ ਆਂ...।" ਸਰਦਾਰੇ ਨੇ ਅਧੀਏ 'ਚੋਂ ਰਹਿੰਦਾ ਪੈੱਗ ਗਿਲਾਸ ਵਿੱਚ ਉਲ਼ੱਦ ਲਿਆ ਅਤੇ ਅੱਖਾਂ ਮੀਟ ਕੇ ਸੂਤ ਗਿਆ। ਦੁਖੀ ਜਿਹੀ ਬੈਠੀ ਗੁਰਮੇਲ ਕੌਰ ਕੁਛ ਨਾ ਬੋਲੀ। ਨਹੀਂ ਤਾਂ ਉਹ ਹਰ ਰੋਜ਼ ਸਰਦਾਰੇ ਦੇ ਪੀਣ 'ਤੇ ਕਚੀਰਾ ਜਿਹਾ ਕਰਦੀ ਸੀ। ਪਰ ਅੱਜ ਉਸ ਨੂੰ ਸਰਦਾਰੇ ਦਾ ਮੋਹ ਜਿਹਾ ਆਇਆ। ਅੱਜ ਪੈੱਗ ਪੀਂਦਾ ਸਰਦਾਰਾ ਉਸ ਨੂੰ ਚੰਗਾ ਜਿਹਾ ਲੱਗਿਆ। ਸਾਰੀ ਜ਼ਿੰਦਗੀ ਸਰਦਾਰੇ ਨੇ ਧੰਦ ਪਿੱਟਿਆ ਸੀ। ਭੈਣਾਂ ਅਤੇ ਭਰਾ ਗੁਜ਼ਾਰੇ ਜੋਕਰੇ ਪੜ੍ਹਾ ਕੇ ਕਿੱਤਿਆਂ 'ਤੇ ਲਾਏ ਅਤੇ ਵਿਆਹੇ ਸਨ। ਜਦ ਸਾਰੇ ਪੈਰਾਂ ਸਿਰ ਹੋ ਗਏ, ਤਾਂ ਸਰਦਾਰੇ ਨੂੰ ਬੁਲਾਉਣੋਂ ਤੱਕ ਹਟ ਗਏ। ਪਰ ਸਰਦਾਰੇ ਨੇ ਮੱਥੇ ਵੱਟ ਨਾ ਪਾਇਆ। ਕਿਸੇ 'ਤੇ ਗਿਲਾ ਸ਼ਿਕਵਾ ਨਾ ਕੀਤਾ। ਬੱਸ ਮਸਤ ਹੀ ਰਿਹਾ, "ਅੰਮਾਂ ਜਾਏ, ਨਾਲ਼ ਦੇ ਜੰਮੇ ਸੀ...। ਜੋ ਮੇਰਾ ਫ਼ਰਜ਼ ਸੀ, ਉਹ ਪੂਰਾ ਕਰਤਾ, ਹੁਣ ਉਹ ਜਾਨਣ, ਉਹਨਾਂ ਦਾ ਕੰਮ ਜਾਣੇ.. ਉਤੇ ਰੱਬ ਤਾਂ ਦੇਖਦੈ...।" ਸੋਚ ਕੇ ਗੁਰਮੇਲ ਕੌਰ ਦੀਆਂ ਅੱਖਾਂ ਭਰ ਆਈਆਂ।

-"ਆ ਜਾ, ਪੀੜ੍ਹੀ 'ਤੇ ਬਹਿਜਾ..। ਜਦੋਂ ਕਹੇਂਗਾ ਰੋਟੀ ਪਾਦੂੰਗੀ...।"

-"ਮੁੰਡਿਆਂ ਨੇ ਖਾ ਲਈ...?"

-"ਛੋਟਿਆਂ ਨੇ ਖਾ ਲਈ, ਪਰ ਭੋਲਾ ਅਜੇ ਤੱਕ ਨੀ ਆਇਆ...।"

-"ਆਇਆ ਨੀ...? ਐਨ੍ਹਾਂ 'ਨ੍ਹੇਰਾ ਤਾਂ ਉਹਨੇ ਕਦੇ ਕੀਤਾ ਨੀ ਸੀ, ਕਿੱਥੇ ਰਹਿ ਗਿਆ...? ਪਤਾ ਕਰਾਂ...?" ਉਹ ਉਠ ਕੇ ਤੁਰਨ ਹੀ ਲੱਗਿਆ ਸੀ ਕਿ ਭੋਲਾ ਆ ਗਿਆ।

-"ਬਾਰ ਬੰਦ ਕਰ ਦੇ ਪੁੱਤ...।" ਗੁਰਮੇਲ ਕੌਰ ਨੇ ਕਿਹਾ।

ਭੋਲੇ ਨੇ ਬਾਹਰਲਾ ਦਰਵਾਜਾ ਬੰਦ ਕਰ ਦਿੱਤਾ।

-"ਅੱਜ 'ਨ੍ਹੇਰਾ ਕਰ'ਤਾ ਪੁੱਤ...?"

-"ਅੱਜ ਮੁੰਡੇ ਡੰਬਲ ਚੱਕਦੇ ਸੀ ਨੰਬਰਦਾਰਾਂ ਦੇ ਘਰੇ, ਬੱਸ ਓਥੇ ਪੈਰ ਮਲ਼ ਗਿਆ, ਮਾਂ..।"

-"ਨ੍ਹੇਰਾ ਨਾ ਕਰਿਆ ਕਰ ਪੁੱਤ...। ਮੇਰਾ ਦਿਲ ਫੜਿਆ ਜਾਂਦੈ...।"

-"..................।"

-"ਰੋਟੀ ਪਾ ਦਿਆਂ...?"

-"ਪਾ-ਦੇ ਮਾਂ...।"


ਗੁਰਮੇਲ ਕੌਰ ਨੇ ਸਰਦਾਰੇ ਅਤੇ ਭੋਲੇ ਨੂੰ ਰੋਟੀ ਪਾ ਦਿੱਤੀ।

ਉਹਨਾਂ ਦੇ ਰੋਟੀ ਖਾਣ ਤੋਂ ਬਾਅਦ ਗੁਰਮੇਲ ਕੌਰ ਨੇ ਵੀ ਚਾਰ ਬੁਰਕੀਆਂ ਰੋਟੀ ਖਾ ਲਈ। ਪਰ ਅੱਜ ਉਸ ਨੇ ਰੂਹ ਨਾਲ਼ ਰੋਟੀ ਨਾ ਖਾਧੀ। ਬੱਸ, ਖਾਣ ਦੀ ਰਿਹਾੜ੍ਹ ਜਿਹੀ ਹੀ ਕੀਤੀ ਸੀ। ਦੁਕਾਨ ਦਾ ਮਾਲਕ ਡੋਗਰ ਹੁਣ ਜ਼ਿਦ ਚੜ੍ਹ ਗਿਆ ਸੀ ਅਤੇ ਉਹ ਕਿਸੇ ਵੀ ਕੀਮਤ ਉਪਰ ਉਹਨਾਂ ਕੋਲ਼ ਦੁਕਾਨ ਨਹੀਂ ਛੱਡਣੀ ਚਾਹੁੰਦਾ ਸੀ। ਉਸ ਨੇ ਪੰਚਾਇਤ ਬੁਲਾ ਕੇ ਦੋਵਾਂ ਭਰਾਵਾਂ ਨੂੰ ਇੱਕ ਮਹੀਨੇ ਦਾ ਨੋਟਿਸ ਦੇ ਦਿੱਤਾ।

(ਚਲਦਾ)....

# 'ਹਿੰਦ ਦੀ ਚਾਦਰ' ਨਹੀਂ ਮਨੁੱਖੀ ਹੱਕਾਂ ਦੇ ਰਾਖੇ !

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com



ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਨ(1469-1539)ਦੀ ਗੁਰਗੱਦੀ ਪ੍ਰੰਪਰਾ ਦੇ ਨੌਵੇਂ ਵਾਰਸ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਵਿਸ਼ਵ ਇਤਿਹਾਸ ਵਿਚ ਵਿਲੱਖਣ ਅਤੇ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ। ਇਸ ਕੁਰਬਾਨੀ ਦੀ ਵਿਲੱਖਣਤਾ ਇਸ ਪੱਖੋਂ ਹੈ ਕਿ ਇਹ ਆਪਣੇ ਕਿਸੇ ਨਿਜੀ ਮਨੋਰਥ ਜਾਂ ਆਪਣੇ ਭਾਈ ਚਾਰੇ ਲਈ ਨਹੀਂ ਸਗੋਂ ਮਾਨਵੀ ਅਜ਼ਾਦੀ ਨੂੰ ਬਚਾਉਣ ਹਿਤ ਦਿੱਤੀ ਗਈ ਸੀ। ਜਿਵੇਂ ਗੁਰੂ ਨਾਨਕ ਸਾਹਿਬ ਨੇ ਤਤਕਾਲੀ ਹਾਕਮ ਬਾਬਰ ਨੂੰ ਜਾਬਰ ਆਖ ਕੇ ਪਰਜਾ 'ਤੇ ਜ਼ੁਲਮ ਕਰਨੋ ਵਰਜਿਆ ਸੀ ਤਿਵੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਸਮੇਂ ਦੇ ਜਾਬਰ ਹਾਕਮ ਔਰੰਗਜ਼ੇਬ ਵਲੋਂ ਸਤਾਏ ਹੋਏ ਦੁਖੀ ਬ੍ਰਾਹਮਣ ਸਮਾਜ ਦੀ ਬਾਂਹ ਫੜ ਕੇ ਆਪਣੀ ਸ਼ਹਾਦਤ ਪ੍ਰਵਾਨ ਕੀਤੀ।

15 ਮਈ 1675 ਵਾਲ਼ੇ ਦਿਨ ਕਸ਼ਮੀਰੀ ਪੰਡਿਤਾਂ ਦਾ ਜਥਾ ਭਾਈ ਕਿਰਪਾ ਰਾਮ ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅੱਗੇ ਸ੍ਰੀ ਅਨੰਦ ਪੁਰ ਸਾਹਿਬ ਵਿਖੇ ਫਰਿਆਦੀ ਹੋਇਆ ਕਿ ਔਰੰਗਜ਼ੇਬ ਸਾਡੇ 'ਤੇ ਜ਼ੁਲਮੋ-ਤਸ਼ੱਦਦ ਕਰਕੇ ਇਸਲਾਮ ਕਬੂਲ ਕਰਵਾ ਰਿਹਾ ਹੈ ਗੁਰੂ ਸਾਹਿਬ ਨੇ ਪੰਡਿਤਾਂ ਨੂੰ ਧੀਰਜ ਬੰਨ੍ਹਾਉਂਦਿਆਂ ਫੁਰਮਾਇਆ ਕਿ ਜਾਉ ਔਰੰਗਜ਼ੇਬ ਨੂੰ ਕਹਿ ਦਿਉ ਕੇ ਜੇ ਉਹ ਗੁਰੂ ਜੀ ਨੂੰ ਇਸਲਾਮ ਵਿਚ ਲੈ ਆਵੇ ਤਾਂ ਅਸੀਂ ਵੀ ਸਾਰੇ ਤੇਰਾ ਫੁਰਮਾਨ ਮੰਨ ਲਵਾਂ ਗੇ !

ਇਸਤੋਂ ਬਾਅਦ ਸਤਿਗੁਰੂ ਜੀ ਆਪਣੇ ਸੇਵਕ ਸਾਥੀਆਂ ਭਾਈ ਮਤੀ ਦਾਸ,ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨਾਲ ਪੈਦਲ ਦਿੱਲੀ ਨੂੰ ਚੱਲ ਪਏ। ਦਿੱਲੀ ਲਾਲ ਕਿਲੇ ਦੇ ਸਾਹਮਣੇ ਚਾਂਦਨੀ ਚੌਂਕ ਦੇ ਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੂੰ ਹਾਕਮਾਂ ਵਲੋਂ ਧਰਮ ਤਬਦੀਲ ਕਰਨ ਲਈ ਭਿਆਨਕ ਤਸੀਹੇ ਦਿੱਤੇ ਗਏ। ਉਨ੍ਹਾਂ ਦੇ ਸਾਥੀ ਤਿੰਨੋ ਸੇਵਕਾਂ ਨੂੰ ਦਰਦਨਾਕ ਢੰਗਾਂ ਨਾਲ ਕਤਲ ਕੀਤਾ ਗਿਆ। ਪਰ ਗੁਰੂ ਸਾਹਿਬ ਨੂੰ ਅਡੋਲ ਰਹਿਣ 'ਤੇ ਆਖਰ 11 ਨਵੰਬਰ 1675 ਈਸਵੀ ਵਾਲ਼ੇ ਦਿਨ ਕਤਲ ਕਰ ਦਿੱਤਾ ਗਿਆ। ਇਤਿਹਾਸ ਵਿਚ ਗੁਰੂ ਤੇਗ ਬਹਾਦਰ ਜੀ ਪਹਿਲੇ ਸ਼ਹੀਦ ਮੰਨੇਂ ਜਾਂਦੇ ਹਨ ਜਿਨ੍ਹਾਂ ਦੇ ਕਤਲ ਤੋਂ ਬਾਅਦ ਉਨ੍ਹਾਂ ਦੇ ਧੜ ਅਤੇ ਸੀਸ ਦਾ ਅੰਤਿਮ ਸੰਸਕਾਰ ਅਲੱਗ ਅਲੱਗ ਥਾਵਾਂ 'ਤੇ ਹੋਇਆ !

ਗੁਰੂ ਸਾਹਿਬ ਦੀ ਅਦੁੱਤੀ ਸ਼ਹਾਦਤ ਦੇ ਬਿਰਤਾਂਤ ਨੂੰ ਗੰਭੀਰਤਾ ਨਾਲ਼ ਵਿਚਾਰੀਏ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕਈ ਇਤਹਾਸਕਾਰਾਂ ਵਲੋਂ ਸਤਿਗੁਰੂ ਜੀ ਦੇ ਪਾਵਨ ਨਾਮ ਨਾਲ ਅਕਸਰ ਜੋੜਿਆ ਜਾਂਦਾ ਵਿਸ਼ੇਸ਼ਣ 'ਹਿੰਦ ਦੀ ਚਾਦਰ' ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਛੋਟੇ ਅਰਥਾਂ ਵਾਲ਼ੀ ਬਣਾਉਂਦਾ ਹੈ। ਭਾਵੇਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰੀ ਕਵੀ ਸੈਨਾਪਤਿ ਵਲੋਂ ਲਿਖੇ ਗਏ 'ਸ੍ਰੀ ਗੁਰ ਸੋਭਾ' ਨਾਮੇ ਗ੍ਰੰਥ ਵਿਚ ਦਰਜ 'ਪ੍ਰਗਟ ਭਏ ਗੁਰ ਤੇਗ ਬਹਾਦਰ। ਸਗਲ ਸਰਿਸ਼ਟ ਪੈ ਢਾਪੀ ਚਾਦਰ।' ਵਾਲੀ ਪੰਕਤੀ ਹੀ ਉਪਰੋਕਤ ਹਿੰਦ ਦੀ ਚਾਦਰ ਵਾਲ਼ੇ ਵਿਸ਼ੇਸ਼ਣ ਦਾ ਜਵਾਬ ਦੇ ਦਿੰਦੀ ਹੈ ਪਰ ਕੁੱਝ ਸਿਆਸੀ ਮਸਲਹਤਾਂ ਵਾਲ਼ਿਆਂ ਧਿਰਾਂ ਗੁਰੂ ਮਹਾਰਾਜ ਦੀ ਸ਼ਹੀਦੀ ਨੂੰ ਸਿਰਫ ਤਿਲਕ ਜੰਞੂ ਦੀ ਹਮਾਇਤੀ ਅਤੇ ਇਸਲਾਮ ਵਿਰੋਧੀ ਦਰਸਾਉਣ ਹਿਤ ਇਤਿਹਾਸ ਦੇ ਇਸ ਪ੍ਰਸੰਗ ਨੂੰ 'ਆਪਣੇ ਢੰਗ' ਨਾਲ਼ ਪ੍ਰਚਾਰਤ ਜਾਂ ਪ੍ਰਸਾਰਤ ਕਰਦੀਆਂ ਰਹੀਆਂ ਹਨ।



ਇਸ ਵਿਸ਼ੇ ਬਾਰੇ ਲਿਖਣ ਲੱਗਿਆਂ ਯਾਦ ਆਉਂਦੇ ਨੇ 'ਸਾਕਾ ਚਾਂਦਨੀ ਚੌਂਕ' ਨਾਮ ਦੇ ਰਿਕਾਰਡ ਵਿਚਲੇ ਬੋਲ, ਜੋ 'ਸਾਕਾ ਸਰਹਿੰਦ' ਦੀ ਬੇਹੱਦ ਮਕਬੂਲੀਅਤ ਤੋਂ ਉਤਸ਼ਾਹਿਤ ਹੋ ਕੇ ਮਿੱਠੀ ਤੇ ਰਸੀਲੀ ਅਵਾਜ਼ ਦੀ ਮਾਲਕ ਸਵਰਗੀ ਨਰਿੰਦਰ ਬੀਬਾ ਜੀ ਅਤੇ ਉਨ੍ਹਾਂ ਦੇ ਕੁੱਝ ਸਾਥੀ ਮਰਦ ਗਾਇਕਾਂ ਨੇ ਰਿਕਾਰਡ ਕਰਵਾਇਆ ਸੀ। ਜਿਸ ਦੀ ਪਟ-ਕਥਾ ਅਤੇ ਗੀਤ ਪ੍ਰਸਿੱਧ ਸ਼ਾਇਰ ਸ੍ਰੀ ਦੀਪਕ ਜੈਤੋਈ ਜੀ ਨੇ ਲਿਖੇ ਸਨ। ਸਾਕਾ ਸਰਹਿੰਦ ਵਾਂਗ ਹੀ 'ਸਾਕਾ ਚਾਂਦਨੀ ਚੌਂਕ' ਵਾਲਾ ਰਿਕਾਰਡ ਵੀ ਕਈ ਦਹਾਕੇ ਪਹਿਲਾਂ ਗ੍ਰਾਮੋਫੋਨ 'ਤੇ ਬਹੁਤ ਵੱਜਦਾ ਰਿਹਾ ਤੇ ਆਮ ਲੋਕਾਈ ਵਲੋਂ ਬਹੁਤ ਸਲਾਹਿਆ ਗਿਆ ਸੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਬ ਜੀ ਦੀ ਸ਼ਹਾਦਤ ਕਿਉਂ ਅਤੇ ਕਿਸ ਮਕਸਦ ਹਿਤ ਹੋਈ? ਇਸ ਸਵਾਲ ਦਾ ਜਵਾਬ ਢੂੰਡਣ ਲੱਗਿਆਂ 'ਸਾਕਾ ਚਾਂਦਨੀ ਚੌਂਕ' ਵਿਚਲੀਆਂ ਇਹ ਦੋ ਕਵਿਤਾਵਾਂ ਬਹੁਤ ਮੱਦਦਗਾਰ ਸਾਬਤ ਹੋਣਗੀਆਂ-

ਸਵਾਲ-ਜਵਾਬ ਨੌਵੇਂ ਸਤਿਗੁਰੂ ਜੀ ਅਤੇ ਔਰੰਗਜ਼ੇਬ:-

'ਔਰੰਗਜ਼ੇਬ ਕਹਿੰਦਾ ਕਿ ਹੈਰਾਨ ਹਾਂ ਮੈਂ
ਤੁਸੀਂ ਜੰਞੂ ਤੇ ਤਿਲਕ ਵੀ ਧਾਰਦੇ ਨਹੀਂ।
ਜਾਨ ਦੇ ਰਹੇ ਓ ਜੰਞੂ ਤਿਲਕ ਬਦਲੇ
ਏਨੀ ਗੱਲ ਵੀ ਆਪ ਵਿਚਾਰਦੇ ਨਹੀਂ।
ਤੁਸੀਂ ਕੀ ਲੈਣਾ ਉਨ੍ਹਾਂ 'ਕਾਫਰਾਂ' ਤੋਂ
ਕਰੋ ਬੰਦਗੀ ਛੱਡ ਸੰਸਾਰ ਦੀ ਗੱਲ।
ਝਗੜੇ ਦੀਨ ਤੇ ਮਜ਼੍ਹਬ ਦੇ ਹੋਣ ਬੇਸ਼ੱਕ
ਆਪ ਕਰੋ ਆਪਣੇ ਰੱਬੀ ਪਿਆਰ ਦੀ ਗੱਲ !
ਜੇਕਰ ਤੁਸੀਂ ਸ਼ਹੀਦ ਵੀ ਹੋ ਗਏ ਤਾਂ
ਬਦਲ ਜਾਣੀ ਕੋਈ ਏਥੇ ਖੁਦਾਈ ਤਾਂ ਨਹੀਂ।
'ਕਿਸੇ ਵਾਸਤੇ' ਆਪਣੀ ਜਾਨ ਦੇਣੀ
ਇਹਦੇ ਵਿਚ ਹਜ਼ੂਰ ਦਾਨਾਈ ਤਾਂ ਨਹੀਂ !'

ਬਾਦਸ਼ਾਹ ਦੇ ਇਸ ਸਵਾਲ ਦੇ ਜਵਾਬ ਵਿਚ ਗੁਰੂ ਸਾਹਿਬ ਨੇ ਇੰਜ ਫੁਰਮਾਇਆ-

'ਨੌਵੇਂ ਪਾਤਸ਼ਾਹ ਅੱਗੋਂ ਜਵਾਬ ਦਿੱਤਾ
ਤੂੰ ਨਹੀਂ ਜਾਣਦਾ ਇਸ਼ਕ ਦੀ ਗੱਲ ਸ਼ਾਹਾ।
ਜਿੰਨੀਂ ਦੇਰ ਕੁਰਬਾਨੀਆਂ ਹੁੰਦੀਆਂ ਨਹੀਂ
ਮਸਲਾ ਧਰਮ ਦਾ ਹੁੰਦਾ ਨਹੀਂ ਹੱਲ ਸ਼ਾਹਾ।
ਸਾਡਾ ਵੈਰ ਇਸਲਾਮ ਦੇ ਨਾਲ਼ ਕੋਈ ਨਹੀਂ
ਹਿੰਦੂ ਧਰਮ ਕੋਈ ਸਾਡਾ ਨਿਸ਼ਾਨਾਂ ਤੇ ਨਹੀਂ।
ਸਾਡੀ ਦੁਸ਼ਮਣੀ ਤਸਬੀਆਂ ਨਾਲ਼ ਕੋਈ ਨਹੀਂ
ਜੰਞੂ ਨਾਲ਼ ਕੋਈ ਸਾਡਾ 'ਯਾਰਾਨਾ' ਤੇ ਨਹੀਂ।
ਅਸੀਂ 'ਧੱਕੇ ਵਿਰੁੱਧ' ਜਹਾਦ ਕੀਤਾ
'ਜ਼ੁਲਮ' ਨਾਲ ਹੈ ਸਿਰਫ ਲੜਾਈ ਸਾਡੀ।
ਅਸੀਂ ਪੱਖ 'ਮਜ਼ਲੂਮਾਂ' ਦਾ ਪੂਰਨਾਂ ਏਂ
ਇਹ ਮਜ਼ਲੂਮ ਨੇ ਚਾਹੁੰਦੇ ਅਗਵਾਈ ਸਾਡੀ।
ਮੁਸਲਮਾਨ ਵੀ 'ਨਾਨਕ ਦੇ ਦਰ' ਉੱਤੇ
ਜੇਕਰ ਆਉਂਦੇ ਤਾਂ ਅਸੀਂ ਅਸੀਸ ਦਿੰਦੇ।
'ਧੱਕਾ' ਹੁੰਦਾ ਇਸਲਾਮ ਦੇ ਨਾਲ਼ ਜੇਕਰ
ਤਾਂ ਇਸਲਾਮ ਲਈ ਵੀ ਆਪਣਾ ਸੀਸ ਦਿੰਦੇ।
ਇਹ ਤਾਂ ਠੀਕ ਖੁਦਾਈ ਨਹੀਂ ਬਦਲ ਸਕਦੀ
ਤੇਰੇ ਜ਼ੁਲਮ ਦਾ ਨਸ਼ਾ ਪਰ ਤੋੜ ਦਿਆਂ ਗੇ।
ਅਸੀਂ ਏਸ ਸ਼ਹਾਦਤ ਦੇ ਸਿਰ ਸਦਕਾ
ਨਵਾਂ ਇਕ ਇਤਿਹਾਸ ਨੂੰ ਮੋੜ ਦਿਆਂ ਗੇ।
ਸਾਡੇ ਖੂਨ 'ਚੋਂ ਉਹ ਸ਼ਕਤੀ ਹੋਊ ਪੈਦਾ
ਜੋ ਟਕਰਾਊ ਹਰ ਖੂਨੀ ਸਰਕਾਰ ਦੇ ਨਾਲ਼।
ਅੱਗੋਂ ਜਿਹੜਾ ਵੀ ਜ਼ਾਲਮ ਤਲਵਾਰ ਚੁੱਕੂ
ਉਹ ਵੀ ਸੋਧਿਆ ਜਾਊ ਤਲਵਾਰ ਦੇ ਨਾਲ਼ !'

ਤਾਤਪਰ ਇਹ ਕਿ ਬਾਦਸ਼ਾਹ ਔਰੰਗਜ਼ੇਬ ਦੇ ਜਬਰ ਦਾ ਸ਼ਿਕਾਰ ਤਿਲਕ ਅਤੇ ਜੰਞੂ ਦੀ ਰਖਵਾਲੀ, ਇਕ ਤਤਕਾਲੀ ਕਾਰਨ ਜ਼ਰੂਰ ਬਣੇ ਨੌਂਵੇਂ ਗੁਰੂ ਜੀ ਦੀ ਸ਼ਹੀਦੀ ਦੇ ਪਰ ਵਿਦਵਾਨਾਂ ਬੁੱਧੀਜੀਵੀਆਂ ਵਲੋਂ ਇਹ ਦੁਖਿਆਰੀ ਮਨੁੱਖਤਾ ਲਈ ਮਹਾਨ ਕੁਰਬਾਨੀ ਦੇ ਅਰਥਾਂ ਵਿਚ ਵਿਚਾਰੀ ਅਤੇ ਸਲਾਹੀ ਜਾਂਦੀ ਹੈ, ਜੋ ਕਿ ਸਿਧਾਂਤਕ ਤੌਰ 'ਤੇ ਵੀ ਹਕੀਕਤ ਹੈ !

'ਧਰਮ ਹੇਤ ਸਾਕਾ ਜਿਨ ਕੀਆ॥
ਸੀਸ ਦੀਆ ਪਰ ਸਿਰਰੁ ਨ ਦੀਆ॥'

** *****

Tail Piece

## BOTH CONTESTING GROUPS OPPOSE EACH OTHER BUT CLAIM FAVOURING PEOPLE

Our Parlia ent has becoe House of two contewt5ing roups and one puts up a Bill, Scheme, Project or Policy, the3 other is bound to oppose with all its members and when the ruling wing is only6 with simple majority none of the items shall get approval. And both the groups specifically state that both are favouring people. It seems this war betwee4n the two contesating groups has reached the Parliament and even the members who may be thinking otherwise join their wing under pressure. This problem has slowed down speed of work in Parliament and we must try to soklve this problem because repeated elections are loss to the country when this special wing of our administration works slowly.

Each Bill, Scheme, Project and Policy is submitted in the House and each member reads and examines and is suppose to come with suggestions for improvements clause-wise and the submitting party can examibne those suggestions and m ust try to encorporate the same because the other wing too is here foer working in favour of the people. Such harles do not happen when there is absolute majority and when there is simple majority government, work comes down slowl which is harmful to the country and when we have fixed date for final development, we must increase speed of coing with Bills, Projects, Schemes and Policies and both the wings must start working just coining with improvements and not mere oppositions. The people are losing interest in ele4ctions because of the fights of contesting groups and when they claimk favouring people, they must start suesting improvements coming with special spirit of favouring people.

Let the opposityion come with Farm –Bills and the other front must ome with just impriovements and if those are incorporated reasonably, they must allow their members to support the same. Had there been such a system earlier, the earlier sets of Acts could have bveen better and the need for withdrawal could have been avoided which brought bad appreciation to our democracy.

Advocate Dalip Singh Wasan
Email dalipsinghwaswsan@yahoo.co.in

# ਸਰਬਜੀਤ ਦਾ ਨਿਕਾਹ : ਦਰਅਸਲ ਲੋਕ ਚਰਚਾ ਦਾ ਵਿਸ਼ਾ ਹੈ ਹੀ ਨਹੀਂ !

**ਸ਼ਿੰਗਾਰਾ ਸਿੰਘ ਢਿੱਲੋਂ**



ਇਕ ਸਿੱਖ ਬੀਬੀ ਸਰਬਜੀਤ ਕੌਰ ਦੇ ਪਾਕਿਸਤਾਨ ਜਾ ਕੇ ਨਿਕਾਹ ਕਰਨ ਤੋਂ ਭਾਰਤ ਦੀ ਦੁਨੀਆ ਦੁੱਖੀ ਹੋਈ ਪਈ ਹੈ। ਸਵਾਲ ਪੈਦਾ ਹੁੰਦੇ ਹਨ ਕਿ ਅਜਿਹਾ ਕਿਉਂ ? ਕੀ ਉਹ ਬੀਬੀ ਪੂਰਨ ਗੁਰਸਿੱਖ ਸੀ ? ਕੀ ਉਸ ਨੇ ਆਪਣੀ ਜਿੰਦਗੀ ਪਾਕਿਸਤਾਨ ਦੇ ਸ਼ਹਿਰੀ ਨਾਲ ਬਿਤਾਉਣ ਦਾ ਫੈਸਲਾ ਕਰਕੇ ਕੋਈ ਬਹੁਤ ਬਜਰ ਗੁਨਾਹ ਕੀਤਾ ਹੈ, ਕੀ ਉਸ ਨੇ ਗੁਰੂ ਨਾਨਕ ਦੇਵ ਦੀ ਦੇ ਗੁਰਪੁਰਬ ਦਾ ਲਾਹਾ ਲੈ ਕੇ ਪਾਕਿਸਤਾਨ ਜਾਣ ਦਾ ਜੋ ਫੈਸਲਾ ਲਿਆ, ਉਹ ਧੋਖਾ ਹੈ ? ਕੀ ਉਸ ਨੇ ਕਿਸੇ ਅੰਤਰਰਾਸ਼ਟਰੀ ਇਮੀਗਰੇਸ਼ਨ ਕਾਨੂੰਨ ਦੀ ਕੋਈ ਉਲੰਘਣਾ ਕੀਤੀ ਹੈ ? ਜਾਂ ਫੇਰ ਉਸਦਾ ਇਸ ਤਰਾਂ ਕਰਨਾ ਸਿੱਖ ਧਰਮ ਦੇ ਸਿਧਾਤਾਂ ਦੀ ਉਲੰਘਣਾ ਹੈ ਆਦਿ ਬਹੁਤ ਸਾਰੇ ਸਵਾਲ ਅੱਜਕਲ੍ਹ ਇਸ ਮਾਮਲੇ ਚ ਸ਼ੋਸ਼ਲ ਮੀਡੀਏ ਉੱਤੇ ਚਰਚਾ ਦਾ ਵਿਸ਼ਾ ਹਨ।

ਅਜਾਦੀ ਕੀ ਹੁੰਦੀ ਹੈ ? ਨਿਜੀ ਜਿੰਦਗੀ ਕਿਸ ਨੂੰ ਕਹਿੰਦੇ ਹਨ ? ਦੁਨੀਆ ਦਾ ਕਿਹੜਾ ਅਜਿਹਾ ਧਰਮ ਹੈ ਜੋ ਕਿਸੇ ਵਿਅਕਤੀ ਦੀ ਨਿੱਜੀ ਜਿੰਦਗੀ ਦੀ ਅਜਾਦੀ ਉਤੇ ਤਾਲਾ ਲਾਉਂਦਾ ਹੈ, ਉਸ ਨੂੰ ਆਪਣੀ ਮਰਜੀ ਨਾਲ ਜੀਉਣ ਤੋਂ ਰੋਕਦਾ ਹੈ ਜਾਂ ਫਿਰ ਆਪਣੇ ਨਿੱਜੀ ਜ਼ਿੰਦਗੀ ਦੇ ਫ਼ੈਸਲੇ ਕਰਨ ਤੋਂ ਵਰਜਿਤ ਜਾਂ ਮਨਾਹੀ ਕਰਦਾ ਹੈ ? ਆਦਿ ਬਹੁਤ ਸਾਰੇ ਸਵਾਲ ਵੀ ਇਸ ਚਰਚਾ ਨਾਲ ਉਠਦੇ ਹਨ।

ਇਸ ਤਾਜੀ ਘਟਨਾ ਤੋਂ ਪਹਿਲਾਂ ਵੀ ਇਸ ਤਰਾਂ ਦੀ ਇਕ ਘਟਨਾ ਹੋ ਚੁੱਕੀ ਹੈ। ਉਸ ਵੇਲੇ ਵੀ ਬਹੁਤ ਹੋ ਹੱਲਾ ਹੋਇਆ ਸੀ, ਬੜਾ ਕੂਕ ਰੌਲਾ ਪਿਆ ਸੀ। ਇਹ ਸਭ ਕਿਓਂ ਹੁੰਦਾ ਹੈ ? ਇਸ ਦਾ ਸਿੱਧਾ ਜਵਾਬ ਹੈ ਕਿ ਅਸੀਂ ਆਪਣੀ ਜਿੰਦਗੀ ਜੀਉਣ ਦੀ ਬਜਾਏ, ਆਪਣੇ ਗਿਰੇਵਾਨ ਚ ਝਾਤ ਮਾਰਨ ਦੀ ਬਜਾਏ ਜਾਂ ਫਿਰ ਆਪਣੀ ਮੰਜੀ ਹੇਠ ਸੋਟਾ ਫੇਰਨ ਦੀ ਬਜਾਏ, ਦੂਸਰੇ ਕੀ ਕਰਦੇ ਹਨ, ਉਹਨਾਂ ਉੱਤੇ ਵਧੇਰੇ ਨਜਰ ਰੱਖਣ ਦੇ ਆਦੀ ਹੋ ਗਏ ਹਾਂ, ਸਾਨੂੰ ਆਪਣੇ ਤੇ ਆਪਣੇ ਘਰ ਪਰਿਵਾਰ ਦਾ ਫਿਕਰ ਨਹੀਂ, ਸਾਡੀ ਬਿਰਤੀ, ਕੰਧ ਉੱਤੋਂ ਦੀ ਜਾਂ ਫਿਰ ਝੀਥਾਂ ਵਿਚੋਂ ਦੀ ਝਾਕ ਕੇ ਆਪਣੇ ਗੁਆਂਢੀਆਂ ਦੇ ਘਰ ਕੀ ਚੱਲ ਰਿਹਾ ਹੈ, ਉਸ ਨੂੰ ਵਾਚਣ ਤੇ ਜਾਨਣ ਵੱਲ ਵਧੇਰੇ ਕੇਂਦਰਤ ਹੋ ਚੁੱਕੀ ਹੈ।

ਸਾਡੀ ਬਿਰਤੀ, ਕੌਣ ਕੀ ਕਰਦਾ ਹੈ, ਕਿਹੜੇ ਕੱਪੜੇ ਪਾਉਂਦਾ ਹੈ, ਕਿਵੇਂ ਤੁਰਦਾ ਹੈ, ਕਿਵੇਂ ਬੋਲਦਾ ਹੈ, ਕਿਵੇਂ ਵਿਵਹਾਰ ਕਰਦਾ ਹੈ, ਕਿਥੇ ਜਾਂਦਾ ਹੈ ਤੇ ਕੀਹਨੂੰ ਮਿਲਦਾ ਹੈ ਆਦਿ ਸਵਾਲਾਂ ਉੱਤੇ ਵਧੇਰੇ ਟਿਕ ਚੁਕੀ ਹੈ, ਅਸੀਂ ਆਪਣੀ ਇਸ ਬਿਰਤੀ ਵਿਚ ਪੱਕ ਚੁੱਕੇ ਹਾਂ, ਇਸ ਤਰਾਂ ਦੂਸਰਿਆਂ ਬਾਰੇ ਵਿਚ ਸੋਚ ਕੇ ਸਾਨੂੰ ਸੁਆਦ ਮਿਲਦਾ ਹੈ। ਅਸੀਂ ਸਵਾਲੀ ਜੁਮਲੇ ਬਣ ਚੁੱਕੇ ਹਾਂ, ਦੂਸਰਿਆਂ ਦੇ ਨੁਕਸ ਕੱਢਦੇ ਤੇ ਉਛਾਲਦੇ ਹਾਂ ਤੇ ਵਾਹ ਲਗਦੀ ਨੂੰ ਆਪਣੇ ਨੁਕਸ ਲਕੋਂਣੇ ਸਾਡੀ ਫਿਤਰਤ ਬਣ ਚੁੱਕੀ ਹੈ।

ਉਂਜ ਮੈ ਅਜਿਹੇ ਲੋਕਾਂ ਨੂੰ ਇਕ ਸਵਾਲ ਪੁੱਛਦਾਂ, ਕਿ ਕਿਸੇ ਦੀ ਨਿੱਜੀ ਜਿੰਦਗੀ ਉੱਤੇ ਖਾਹ ਮ ਖਾਹ ਬਿਨਾਂ ਵਜ੍ਹਾ ਚਿੱਕੜ ਉਛਾਲ ਕੇ, ਉਸ ਦੀ ਬਦਨਾਮੀ ਕਰਕੇ ਮਿਲਦਾ ਕੀ ਹੈ। ਕੀ ਕਿੰਤੂ ਪਰੰਤੂ ਕਰਨ ਵਾਲਿਆਂ ਨੇ ਕਦੇ ਔਕੜ ਸਮੇਂ ਉਹਨਾਂ ਲੋਕਾਂ ਦੀ ਕੋਈ ਮੱਦਦ ਕੀਤੀ ਹੈ ? ਕਦੇ ਪੁੱਛਿਆ ਹੈ ਕਿ ਭਾਈ ਤੂੰ ਕਿਵੇਂ ਹੈਂ, ਕਿਸੇ ਮੱਦਦ ਦੀ ਲੋੜ ਤਾਂ ਨਹੀਂ ? ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਨੱਬੇ ਨਹੀਂ ਅਠੱਨਵੇਂ ਫੀਸਦੀ ਲੋਕਾਂ ਦਾ ਉੱਤਰ ਨਾਂਹ ਵਿਚ ਹੋਵੇਗਾ। ਹੁਣ ਜੇਕਰ ਕੋਈ ਆਪਣੇ ਹਾਲਾਤਾਂ ਦੇ ਥਪੇੜਿਆਂ ਵਿਚੋਂ ਬਾਹਰ ਨਿਕਲਣ ਲਈ ਕੋਈ ਵੱਡਾ ਫੈਸਲਾ ਲੈ ਲੈਂਦਾ ਹੈ ਤਾਂ, ਓਹੀ ਲੋਕ ਜੋ ਪਹਿਲਾਂ ਤਮਾਸ਼ਾ ਦੇਖ ਰਹੇ ਸਨ, ਫਿਰ ਆਲੋਚਨਾ ਕਰਨ ਵਾਸਤੇ ਸਭ ਤੋਂ ਅਗਲੀ ਕਤਾਰ ਵਿਚ ਆਣ ਖੜ੍ਹਦੇ ਹਨ, ਇਸ ਤਰਾਂ ਕਿਓਂ ? ਉਹਨਾਂ ਕੋਲ ਕਿਸੇ ਦੀ ਜਿੰਦਗੀ ਵਿਚ ਦਖਲ ਦੇਣ ਦਾ ਫਿਰ ਕਿਹੜਾ ਅਧਿਕਾਰ ਆ ਜਾਂਦਾ ਹੈ ?

ਮੰਨ ਲਿਆ ਕਿ ਬੀਬੀ ਸਰਬਜੀਤ ਦਾ ਇਕ ਪਾਕਿਸਤਾਨੀ ਨਾਲ ਪਿਛਲੇ 9-10 ਸਾਲ ਤੋਂ ਸ਼ੋਸ਼ਲ ਮੀਡੀਏ ਦੀ ਮਾਰਫਤ ਇਸ਼ਕ ਪੇਚਾ ਚਲਦਾ ਸੀ। ਉਹ ਬੀਬੀ ਬਾਲ ਬੱਚਿਆਂ ਵਾਲੀ ਹੈ, ਉਸ ਦਾ ਘਰ ਵਾਲਾ ਤੀਹ ਸਾਲ ਤੋਂ ਵਿਦੇਸ਼ ਵਿਚ ਰਹਿੰਦਾ, ਉਹ ਬਾਤ ਤੱਕ ਨਹੀਂ ਪੁੱਛਦਾ, ਉਮਰ ਲੰਘਦੀ ਜਾਂਦੀ ਹੈ, ਮੀਆਂ ਬੀਵੀ ਦੇ ਰਿਸ਼ਤੇ ਵਿਚ ਕੁਦਰਤ ਨੇ ਸਾਂਝ ਵਧਾਉਣ ਲਈ ਸਰੀਰਕ ਤੇ ਮਾਨਸਿਕ ਭੇਦ ਰੱਖੇ ਹਨ, ਜੇਕਰ ਦੋਹਾਂ ਵਿਚ ਇਹਨਾਂ ਭੇਦਾਂ ਦੀ ਸਾਂਝ ਨਹੀਂ ਤਾਂ ਫਿਰ ਰਿਸ਼ਤਾ ਕਾਹਦਾ ?

ਦੂਜੀ ਗੱਲ ਇਹ ਕਿ ਮੇਲਾ ਮਨ ਮਿਲਿਆਂ ਦਾ ਹੁੰਦਾ, ਜੇਕਰ ਬਾਲ ਬੱਚੇ ਪੈਦਾ ਕਰਕੇ, ਉਹਨਾਂ ਦੀ ਪਰਵਰਿਸ਼ ਕਰਕੇ, ਤੀਹ ਸਾਲ ਦੇ ਲੰਮੇ ਅਰਸੇ ਬਾਅਦ ਸਰਬਜੀਤ ਨੇ ਪਾਕਿਸਤਾਨੀ ਨਾਗਰਿਕ ਨਾਲ ਨਿਕਾਹ ਕਰਕੇ ਆਪਣੀ ਨਰਕ ਬਣ ਚੁੱਕੀ ਜਿੰਦਗੀ ਵਿਚ ਕੁੱਝ ਰੰਗ ਭਰ ਲਿਆ ਹੈ ਤਾਂ ਉਸ ਦੇ ਇਸ ਨਿੱਜੀ ਫੈਸਲੇ ਬਾਰੇ ਕਿਸੇ ਨੂੰ ਕੀ ਤਕਲੀਫ ਹੋ ਸਕਦੀ ਹੈ ਕਿ ਬਿਨਾ ਕੋਈ ਸੋਚ ਵਿਚਾਰ ਕੀਤਿਆਂ ਹੀ ਜਾਂ ਉਸ ਦੇ ਨਿੱਜੀ ਹਾਲਾਤਾਂ ਤੋਂ ਅਣਜਾਣ ਹੁੰਦਿਆਂ ਹੋਇਆਂ, ਉਸ ਨੂੰ ਬਦਚੱਲਣ, ਬਦਕਾਰ, ਵਿਭਚਾਰੀ ਤੇ ਵੇਸਵਾ ਕਹਿਣ ਲੱਗ ਪੈਣ ਜਾਂ ਫਿਰ ਧਰਮ ਦਾ ਅਪਮਾਨ ਕਰਨ ਵਾਲੀ ਔਰਤ ਕਹਿਣ ਲੱਗ ਪੈਣ ? ਇਥੇ ਇਹ ਜਿਕਰਯੋਗ ਹੈ ਕਿ ਧਰਮ ਹਰ ਵਿਅਕਤੀ ਦਾ ਨਿੱਜੀ ਵਿਸ਼ਾ ਹੈ, ਕੋਈ ਵਿਅਕਤੀ ਆਪਣੀ ਮਰਜੀ ਨਾਲ ਕਦੇ ਵੀ ਇਕ ਤੋਂ ਦੂਜੇ ਧਰਮ ਨੂੰ ਗ੍ਰਹਿਣ ਕਰ ਸਕਦਾ ਹੈ, ਮਨੁੱਖ ਦੇ ਇਸ ਅਧਿਕਾਰ ਨੂੰ ਉਸ ਦਾ ਮੌਲਿਕ ਅਧਿਕਾਰ ਵੀ ਮੰਨਿਆ ਜਾਂਦਾ ਹੈ।

ਅਗਲੀ ਗੱਲ ਇਹ ਕਿ ਜੇਕਰ ਸਰਬਜੀਤ ਪਾਕਿਸਤਾਨੀ ਨਾਲ ਨਿਕਾਹ ਕਰਾ ਤੇ ਦੋਸ਼ੀ ਹੈ ਤਾਂ ਫਿਰ ਉਹ ਸਾਰੇ ਲੋਕ ਵੀ ਦੋਸ਼ੀ ਹਨ ਜੋ ਪੱਛਮੀ ਮੁਲਕਾਂ ਵਿਚ ਜਾਣ ਵਾਸਤੇ ਜਾਂ ਪੱਕੇ ਹੋਣ ਵਾਸਤੇ ਗਲਤ ਮਲਤ ਤਰੀਕੇ ਅਪਣਾ ਕੇ ਵਿਆਹ ਕਰਾਉਂਦੇ ਹਨ।



ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਕਿ ਧਰਮ ਹਰ ਵਿਅਕਤੀ ਦਾ ਨਿੱਜੀ ਵਿਸ਼ਾ ਹੈ, ਵਿਆਹ ਕਰਾਉਣ ਵਾਸਤੇ ਜਾਂ ਪਹਿਲਾ ਵਿਆਹ ਤੋੜਕੇ ਦੂਸਰਾ ਕਰਾਉਣ ਵਾਸਤੇ ਮਜ਼ਬੀ ਜਾਂ ਨਸਲੀ ਕੱਟੜਤਾ ਜਬਰਦਸਤੀ ਲਾਗੂ ਕਰਨੀ ਮਨੁੱਖੀ ਅਧਿਕਾਰਾਂ ਦਾ ਸਿੱਧੇ ਤੌਰ 'ਤੇ ਹਨਨ ਹੈ।

ਸ਼ੋਸ਼ਲ ਮੀਡੀਆ ਇਕ ਵਧੀਆ ਪਲੇਟ ਫਾਰਮ ਹੈ। ਇਸ ਰਾਹੀਂ ਲੋਕਾਂ ਦਾ ਸਮਾਜਿਕ ਦਾਇਰਾ ਵੱਡਾ ਹੁੰਦਾ ਹੈ, ਮੇਲ ਮਿਲਾਪ ਵਧਦਾ ਹੈ, ਬਹੁਤ ਸਾਰੀਆਂ ਮਾਨਸਿਕ ਬਿਮਾਰੀਆਂ ਤੋਂ ਨਿਜਾਤ ਮਿਲਦੀ ਤੇ ਇਸ ਦੇ ਨਾਲ ਹੀ ਪੂਰੀ ਦੁਨੀਆ ਦੀ ਜਾਣਕਾਰੀ ਮਿੰਟਾਂ ਸਕਿੰਟਾਂ ਦੀ ਰਫਤਾਰ ਨਾਲ ਪਰਾਪਤ ਹੁੰਦੀ ਹੈ,ਪਰ ਇਸ ਦਾ ਮਤਲਬ ਇਹ ਵੀ ਕਦਾਚਿਤ ਨਹੀਂ ਕਿ ਇਸ ਪਲੇਟ ਫਾਰਮ ਉੱਤੇ ਆ ਕੇ ਬਿਨਾ ਸੋਚੇ ਸਮਝੇ ਹੀ ਬੱਕੜਵਾਹ ਕੀਤੀ ਜਾਵੇ ਜਾਂ ਫਿਰ ਜੋ ਮੁੱਦਾ ਹੈ ਹੀ ਨਹੀਂ ਉਸ ਨੂੰ ਮੁੱਦਾ ਬਣਾ ਲਿਆ ਜਾਵੇ, ਜੀਹਦੀ ਦੇਖੋ, ਉਸ ਦੀ ਇੱਜਤ ਦਾ ਫਲੂਜਾ ਕਰ ਦਿੱਤਾ ਜਾਵੇ, ਇਸ ਮੀਡੀਏ ਰਾਹੀਂ ਅਜਿਹਾ ਕਰਨਾ ਸਰਾਸਰ ਗਲਤ ਹੈ।

ਸਰਬਜੀਤ ਨੇ ਸਿੱਖ ਜਥੇ ਰਾਹੀਂ ਪਾਕਿਸਤਾਨ ਜਾ ਕੇ ਉਥੋਂ ਦੇ ਇਕ ਸ਼ਹਿਰੀ ਨਾਲ ਨਿਕਾਹ ਕਰਾਇਆ, ਇਹ ਇਕ ਖਬਰ ਤਾਂ ਜਰੂਰ ਹੈ ਤੇ ਇਸ ਨੂੰ ਖਬਰ ਤੱਕ ਹੀ ਸੀਮਿਤ ਰੱਖਿਆ ਜਾਣਾ ਚਾਹੀਦਾ ਹੈ, ਪਰ ਗੱਲ ਉਦੋਂ ਖਰਾਬ ਹੁੰਦੀ ਹੈ ਜਦੋਂ ਇਸ ਤਰਾਂ ਦੀ ਖਬਰ ਵਿਚੋਂ ਟੀ ਆਰ ਪੀ ਲੱਭੀ ਜਾਣ ਲਗਦੀ ਹੈ ਤੇ ਇਸ ਮਕਸਦ ਲਈ ਖਬਰ ਨੂੰ ਮਸਾਲਾ ਲਾ ਕੇ ਪੇਸ਼ ਕੀਤਾ ਜਾਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਕਿਸੇ ਦੀ ਨਿੱਜੀ ਜਿੰਦਗੀ ਬਾਰੇ ਮੀਡੀਏ ਵਿਚ ਜਾਭਾਂ ਦੇ ਭੇੜ ਜਾਂ ਫਜ਼ੂਲ ਦੀਆਂ ਬਹਿਸਾਂ ਸ਼ੁਰੂ ਹੋ ਜਾਂਦੀਆਂ ਹਨ।

ਜੇਕਰ ਸਰਬਜੀਤ ਨੇ ਦੋਹਾਂ ਮੁਲਕਾਂ ਦੇ ਕਾਨੂੰਨਾਂ ਦੀ ਕੋਈ ਉਲੰਘਣਾ ਕੀਤੀ ਹੈ ਤਾਂ ਇਹ ਸਭ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦੇਖਣਗੀਆਂ, ਸਾਨੂੰ ਤੁਹਾਨੂੰ ਇਸ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ, ਬਲਕਿ ਸਾਨੂੰ ਆਪਣੀ ਜਿੰਦਗੀ ਵਿਚ ਕੀ ਕੁੱਝ ਚੱਲ ਰਿਹਾ ਹੈ, ਉਸ ਉਤੇ ਆਪਣਾ ਧਿਆਨ ਕੇਂਦਰਤ ਕਰਨ ਦੀ ਲੋੜ ਹੈ, ਉਸ ਬਾਰੇ ਚਿੰਤਾ ਕਰਨ ਦੀ ਲੋੜ ਹੈ। ਸੋ ਸਰਬਜੀਤ ਨੇ ਗਲਤ ਕੀਤਾ ਜਾਂ ਠੀਕ, ਇਹ ਸਾਡੀ ਸੋਚ ਦਾ ਵਿਸ਼ਾ ਹੀ ਨਹੀਂ, ਇਹਦੇ ਬਾਰੇ ਸਰਬਜੀਤ ਜਾਣੇ ਜਾਂ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਜਾਨਣ। ਅਸੀਂ ਇਸ ਤਰਾਂ ਦੇ ਵਿਵਾਦ ਖੜ੍ਹੇ ਕਰਕੇ ਆਪਣੀ ਅਕਲ ਦਾ ਦੀਵਾਲਾ ਕਿਓਂ ਕੱਢੀਏ ਅਤੇ ਆਪਣੇ ਸਮਾਜ ਦੇ ਲੋਕਾਂ ਦੀ ਜਿੰਦਗੀ ਨਰਕ ਕਿਓਂ ਬਣਾਈਏ, ਆਪਣੀ ਦਿਮਾਗੀ ਐਨਰਜੀ ਡਰੇਨ ਕਿਓਂ ਕਰੀਏ ? ਇਹ ਇਸ ਸਮੇਂ ਆਪਾਂ ਸਭਨਾਂ ਵਾਸਤੇ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਸਰਬਜੀਤ ਨੇ ਸਹੀ ਕੀਤਾ ਹੈ ਜਾਂ ਗਲਤ, ਮੇਰਾ ਇਸ ਨਾਲ ਕੋਈ ਸਰੋਕਾਰ ਨਹੀਂ ਹੈ। ਏਨਾ ਜਰੂਰ ਕਹਾਂਗਾ ਕਿ ਜੋ ਵੀ ਫੈਸਲਾ ਉਸ ਨੇ ਆਪਣੀ ਜਿੰਦਗੀ ਦੇ ਭਵਿੱਖ ਵਾਸਤੇ ਲਿਆ ਹੈ, ਉਸ ਦੇ ਵਾਸਤੇ ਉਹ ਖੁਦ ਜਿੰਮੇਵਾਰ ਹੈ, ਨਾ ਤਾਂ ਉਸ ਨੇ ਇਹ ਫੈਸਲਾ ਸਾਥੋਂ ਪੁੱਛਕੇ ਲਿਆ ਹੈ ਤੇ ਨਾ ਹੀ ਸਾਨੂੰ ਇਸ ਬਾਰੇ ਕੋਈ ਕਿੰਤੂ ਪਰੰਤੂ ਕਰਨ ਦੀ ਲੋੜ ਤੇ ਅਧਿਕਾਰ ਹੈ। ਕੋਈ ਇਰ ਵਿਆਹ ਕਰਾਂਉਦਾ ਹੈ ਜਾਂ ਦਸ, ਇਹ ਉਹਦੀ ਮਰਜੀ, ਕੋਈ ਪਾਕਿਸਤਾਨ ਜਾ ਕੇ ਕਰਾਵੇ ਜਾਂ ਦੁਨੀਆ ਦੇ ਕਿਸੇ ਹੋਰ ਮੁਲਕ ਵਿਚ, ਇਹ ਉਹਦੀ ਮਰਜ਼ੀ, ਕਿਸ ਨੇ ਕਿਹੜਾ ਧਰਮ ਮੰਨਣਾ ਹੈ ਜਾਂ ਨਹੀਂ, ਇਸ ਉਤੇ ਕਿਸੇ ਦਾ ਕੋਈ ਕੁੰਡਾ ਨਹੀਂ, ਸੋਚਣ ਵਾਲੀ ਵੱਡੀ ਗੱਲ ਇਹ ਹੈ ਕਿ ਅਸੀਂ ਖੁਦ ਕਿਥੇ ਖੜ੍ਹੇ ਹਾਂ, ਸਾਡੀ ਆਪਣੀ ਸੋਚ ਦਾ ਮਿਆਰ ਕੀ ਹੈ ? ਕੀ ਅਸੀਂ ਕਦੇ ਸੋਚਿਆ ਹੈ ਕਿ ਜਿਸ ਸੰਭੋਗ ਕਿਰਿਆ ਨੂੰ ਅਸੀਂ ਦਿਨ ਦੇ ਉਜਾਲੇ ਵਿਚ ਅਸੱਭਿਅਕ ਤੇ ਗੰਦੀ ਹਰਕਤ ਕਹਿੰਦੇ ਹਾਂ, ਓਹੀ ਕਿਰਿਆ ਸਾਡੇ ਵਾਸਤੇ ਰਾਤ ਦੇ ਹਨੇਰੇ ਚ ਸਹੀ ਹੁੰਦੀ ਹੈ, ਆਨੰਦਦਾਇਕ ਹੁੰਦੀ ਹੈ ਜਦ ਕਿ ਪੱਛਮੀ ਮੁਲਕਾਂ ਦੇ ਲੋਕਾਂ ਵਾਸਤੇ, ਇਹ ਸਭ ਕੁਦਰਤੀ ਵਰਤਾਰਾ ਹੈ। ਇਸ ਵਿਚ ਅਸੱਭਿਅਕ ਜਾਂ ਅਸ਼ਲੀਲਤਾ ਕਿਧਰੇ ਵੀ ਨਹੀਂ। ਫਰਕ ਸਿਰਫ ਸੋਚ ਦਾ ਹੈ, ਸਾਡੇ ਸਮਾਜ ਵਿਚ ਦੂਹਰੇ ਮਾਪਡੰਡ ਹਨ ਤੇ ਅਸੀਂ ਭਾਰਤੀ ਲੋਕ ਸੋਚ ਪੱਖੋਂ ਅਜੇ ਵੀ ਬਹੁਤ ਪੱਛੜੇ ਹੋਏ ਹਾਂ। ਏਹੀ ਕਾਰਨ ਹੈ ਕਿ ਅੱਜ ਇੱਕੀਵੀਂ ਸਦੀ ਦੇ ਯੁੱਗ ਵਿਚ ਵੀ ਇਥੇ ਬਾਤ ਦਾ ਬਤੰਗੜ ਬਣਾਉਣਾ ਆਮ ਜਿਹੀ ਗੱਲ ਹੈ।

ਮੁਕਦੀ ਗੱਲ ਇਹ ਕਿ ਹਰ ਕੋਈ ਆਪਣੇ ਢੰਗ ਨਾਲ ਸੋਚਦਾ ਹੈ, ਆਪਣੇ ਨਿੱਜੀ ਫਾਇਦੇ ਬਾਰੇ ਸੋਚਦਾ ਹੈ, ਅਸੀਂ ਆਪਣੇ ਚੰਗੇ ਜਾਂ ਮੰਦੇ ਕਰਮਾਂ ਵਾਸਤੇ ਆਪ ਜਿੰਮੇਵਾਰ ਹਾਂ। ਸੋ ਸਰਬਜੀਤ ਦੇ ਬਾਰੇ ਬਹੁਤ ਸੋਚਣ ਦੀ ਲੋੜ ਨਹੀਂ, ਜਿੰਦਗੀ ਕਰਮਾਂ ਸੰਦੜਾ ਖੇਤ ਹੈ, ਜੋ ਬੀਜਾਂਗੇ ਓਹੀ ਵੱਢਾਂਗੇ। ਸਾਨੂੰ ਆਪਣੇ ਕਰਮਾਂ ਉਤੇ ਧਿਆਨ ਮਾਰਨ ਦੀ ਲੋੜ ਹੈ। ਅਸੀਂ ਆਪਣੀ ਸੋਚ ਅਤੇ ਭਾਵਨਾਵਾਂ ਦੂਸਰਿਆਂ ਉੱਤੇ ਨਹੀਂ ਥੋਪ ਸਕਦੇ, ਜਦੋਂ ਵੀ ਅਜਿਹਾ ਕਰਨ ਦੀ ਕੋਸ਼ਿਸ਼ ਕਰਾਂਗੇ, ਦੁਖੀ ਹੋਵਾਂਗੇ। ਏਹੀ ਕਾਰਨ ਹੈ ਕਿ ਸਰਬਜੀਤ ਦੇ ਨਿਕਾਹ ਦੇ ਮੁੱਦੇ ਨੂੰ ਕੇਂਦਰ ਮੰਨਕੇ ਸਾਡੇ ਵਿਚੋਂ ਬਹੁਤੇ ਲੋਕ ਦੁਖੀ ਤੇ ਪਰੇਸ਼ਾਨ ਹਨ ਜਦ ਕਿ ਅਸਲ ਵਿਚ ਅਜਿਹੀ ਕੋਈ ਗੱਲ ਹੈ ਹੀ ਨਹੀਂ, ਸਿਵਾਏ ਇਕ ਖਬਰ ਤੋਂ। ਇਸ ਕਰਕੇ ਮੇਰੀ ਜਾਚੇ ਸਰਬਜੀਤ ਉਰਫ ਨੂਰਾਂ ਦੇ ਨਿਕਾਹ ਦਾ ਮਸਲਾ ਉਸ ਦਾ ਨਿੱਜੀ ਹੈ। ਇਹ ਮਸਲਾ ਕਿਸੇ ਵੀ ਤਰਾਂ ਲੋਕ ਚਰਚਾ ਦਾ ਵਿਸ਼ਾ ਨਹੀਂ ਹੈ।

# ਪੰਜਾਬੀਆਂ ਨੂੰ ਆਪਣੇ ਹੱਕਾਂ ਲਈ ਲਾਮਬੰਦ ਹੋਣ ਦੀ ਲੋੜ

**ਬਲਬੀਰ ਸਿੰਘ ਰਾਜੇਵਾਲ**





ਪੰਜਾਬ ਯੂਨੀਵਰਸਿਟੀ ਪੰਜਾਬੀਆਂ ਦੀ ਧੜਕਣ ਹੈ। ਕੇਂਦਰੀ ਹੁਕਮਰਾਨਾਂ ਦੀ ਪੰਜਾਬ ਦੀਆਂ ਅਜਿਹੀਆਂ ਸੰਸਥਾਵਾਂ ਉੱਤੇ ਕਦੇ ਵੀ ਸਵੱਲੀ ਅੱਖ ਨਹੀਂ ਰਹੀ। ਉਂਜ ਤਾਂ ਦਿੱਲੀ ਵਿਚ ਸਰਕਾਰ ਕਿਸੇ ਦੀ ਵੀ ਰਹੀ ਹੋਵੇ, ਪੰਜਾਬ ਨਾਲ ਭਲੀ ਕਿਸੇ ਨੇ ਵੀ ਨਹੀਂ ਕੀਤੀ। ਕੁਝ ਸਮੇਂ ਤੋਂ ਕੇਂਦਰੀ ਹੁਕਮਰਾਨ ਪੰਜਾਬ ਯੂਨੀਵਰਸਿਟੀ ਸੰਬੰਧੀ ਕੋਈ ਨਾ ਕੋਈ ਛੇੜਛਾੜ ਕਰਕੇ ਪੰਜਾਬੀਆਂ ਨੂੰ ਚਿੜਾਉਂਦੇ ਰਹੇ ਹਨ। ਇਸ ਮੁੱਦੇ ਉੱਤੇ ਕਈ ਸਾਲਾਂ ਤੋਂ ਚਰਚਾ ਹੁੰਦੀ ਰਹੀ ਹੈ। ਸਾਡੀਆਂ ਯੂਨੀਵਰਸਿਟੀਆਂ ਸਾਡੀ ਨੌਜਵਾਨ ਪੀੜ੍ਹੀ ਨੂੰ ਵਿੱਦਿਆ ਦੇ ਕੇ ਉਨ੍ਹਾਂ ਨੂੰ ਸਾਇੰਸਦਾਨ, ਪ੍ਰਸ਼ਾਸ਼ਨਿਕ ਅਧਿਕਾਰੀ, ਰਾਜਨੇਤਾ, ਉੱਚ ਪੱਧਰ ਦੇ ਖਿਡਾਰੀ ਅਰਥਾਤ ਵਧੀਆ ਮਨੁੱਖ ਬਣਾਉਂਦੀਆਂ ਰਹੀਆਂ ਹਨ। ਬਦਕਿਸਮਤੀ ਨਾਲ ਸਾਡੇ ਰਾਜਨੇਤਾਵਾਂ ਨੇ ਕਾਫ਼ੀ ਸਮੇਂ ਤੋਂ ਇਨ੍ਹਾਂ ਵਲੋਂ ਆਪਣਾ ਧਿਆਨ ਹੀ ਹਟਾ ਲਿਆ ਹੈ। ਸਾਡੀਆਂ ਯੂਨੀਵਰਸਿਟੀਆਂ ਅਤੇ ਸਿੱਖਿਆ ਵਿਭਾਗ ਰਾਜਨੇਤਾਵਾਂ ਦੀ ਇਸ ਅਣਦੇਖੀ ਕਾਰਨ ਨਿਵਾਣ ਵੱਲ ਜਾ ਰਹੇ ਹਨ। ਕੇਂਦਰ ਸਰਕਾਰ ਤਾਂ ਆਏ ਦਿਨ ਪੰਜਾਬ ਦੇ ਅਹਿਮ ਅਦਾਰਿਆਂ ਉੱਤੇ ਕਬਜ਼ੇ ਕਰੀ ਜਾ ਰਹੀ ਹੈ।

ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਤਾਂ ਹੱਦ ਹੀ ਕਰ ਦਿੱਤੀ। ਕੇਂਦਰ ਦੀ ਸ਼ਹਿ 'ਤੇ ਇਸ ਦੀ ਵਾਇਸ ਚਾਂਸਲਰ ਨੇ ਵਿਦਿਆਰਥੀਆਂ ਲਈ ਅਜੀਬ ਫੁਰਮਾਨ ਜਾਰੀ ਕਰ ਦਿੱਤਾ ਕਿ ਯੂਨੀਵਰਸਿਟੀ ਵਿਚ ਦਾਖ਼ਲਾ ਲੈਣ ਵੇਲੇ ਕੋਈ ਵੀ ਵਿਦਿਆਰਥੀ ਨਾ ਤਾਂ ਕਿਸੇ ਵਿਦਿਆਰਥੀ ਜਥੇਬੰਦੀ ਦਾ ਮੈਂਬਰ ਬਣੇਗਾ ਤੇ ਨਾ ਹੀ ਯੂਨੀਵਰਸਿਟੀ ਪ੍ਰਸ਼ਾਸਨ ਵਿਰੁੱਧ ਕਦੀ ਵੀ ਹੜਤਾਲ ਕਰੇਗਾ। ਇਸ ਸੰਬੰਧੀ ਦਾਖ਼ਲੇ ਸਮੇਂ ਹਰ ਵਿਦਿਆਰਥੀ ਆਪਣਾ ਬਿਆਨ ਹਲਫ਼ੀਆ ਯੂਨੀਵਰਸਿਟੀ ਨੂੰ ਦੇਵੇਗਾ। ਸਾਡੇ ਵਿਦਿਆਰਥੀਆਂ ਨੇ ਇਸ ਦਾ ਡਟ ਕੇ ਵਿਰੋਧ ਕੀਤਾ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਹ ਫੁਰਮਾਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ।

ਹਾਲੇ ਇਹ ਮਸਲਾ ਠੰਢਾ ਨਹੀਂ ਸੀ ਹੋਇਆ, ਕੇਂਦਰ ਨੇ ਆਪਣੀ ਨੀਤ ਜੱਗ ਜ਼ਾਹਿਰ ਕਰ ਦਿੱਤੀ। ਯੂਨੀਵਰਸਿਟੀ 'ਤੇ ਕਬਜ਼ਾ ਕਰਨ ਲਈ ਇਕ ਹੋਰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਇੱਥੇ ਸ਼ਾਬਾਸ਼ ਦੇਣੀ ਬਣਦੀ ਹੈ ਸਾਡੇ ਵਿਦਿਆਰਥੀਆਂ ਨੂੰ ਜਿਨ੍ਹਾਂ ਨੇ ਇਸ ਖ਼ਤਰੇ ਨੂੰ ਭਾਂਪ ਕੇ ਤੁਰੰਤ ਅੰਦਲੋਨ ਸ਼ੁਰੂ ਕਰ ਦਿੱਤਾ। ਪੰਜਾਬ ਯੂਨੀਵਰਸਿਟੀ ਨਾਲ ਹਰ ਪੰਜਾਬੀ ਭਾਵਨਾਤਮਕ ਤੌਰ 'ਤੇ ਜੁੜਿਆ ਹੋਇਆ ਹੈ। ਸਮਾਜ ਦਾ ਹਰ ਵਰਗ, ਕਿਸਾਨ ਜਥੇਬੰਦੀਆਂ, ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਪ੍ਰਤੱਖ ਰੂਪ ਵਿਚ ਵਿਦਿਆਰਥੀਆਂ ਨਾਲ ਆ ਖੜ੍ਹੀਆਂ। ਅਖੀਰ ਇਹ ਸਾਰੇ ਪੰਜਾਬ ਦਾ ਮੁੱਦਾ ਬਣ ਗਿਆ। ਜਿਸ ਢੰਗ ਨਾਲ 10 ਨਵੰਬਰ ਦੇ ਵੱਡੇ ਧਰਨੇ ਲਈ ਚੰਡੀਗੜ੍ਹ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਨੇ ਜ਼ਬਰਦਸਤ ਨਾਕੇ ਲਾ ਕੇ ਆਪਣਾ ਕਰੂਰ ਰੂਪ ਦਿਖਾਇਆ, ਪੰਜਾਬ ਦੇ ਲੋਕ ਅਤੇ ਕਿਸਾਨ ਸਰਕਾਰ ਵਲੋਂ ਲਾਏ ਨਾਕਿਆਂ ਨੂੰ ਤੋੜ ਕੇ ਦਸ-ਦਸ ਪੰਦਰਾਂ-ਪੰਦਰਾਂ ਕਿਲੋਮੀਟਰ ਪੈਦਲ ਤੁਰ ਕੇ ਯੂਨੀਵਰਸਿਟੀ ਵਿਚ ਧਰਨੇ ਵਾਲੇ ਸਥਾਨ 'ਤੇ ਪੁੱਜੇ। ਚੰਡੀਗੜ੍ਹ ਦੀਆਂ ਸੜਕਾਂ 'ਤੇ ਪੰਜਾਬੀਆਂ ਦੇ ਰੋਹ ਦਾ ਪ੍ਰਤੱਖ ਨਜ਼ਾਰਾ ਦਿਸ ਰਿਹਾ ਸੀ। ਸਰਕਾਰ ਨੇ ਲੰਗਰ ਰੋਕੇ, ਟਿੱਲ ਲਾਈ ਤਾਂ ਕਿ ਵਿਦਿਆਰਥੀਆਂ ਨੂੰ ਇਸ ਵਿਸ਼ਾਲ ਧਰਨੇ ਲਈ ਸਾਊਂਡ ਸਿਸਟਮ ਵੀ ਨਾ ਮਿਲੇ। ਪਰ ਵਿਦਿਆਰਥੀਆਂ ਅਤੇ ਲੋਕ ਰੋਹ ਅੱਗੇ ਪ੍ਰਸ਼ਾਸਨ ਦੇ ਪੈਰ ਉੱਖੜ ਗਏ। ਸਰਕਾਰ ਨੇ ਆਪਣੇ ਸਾਰੇ ਫੁਰਮਾਨ ਵਾਪਸ ਲੈ ਲਏ। ਹੁਣ ਕੇਵਲ ਯੂਨੀਵਰਸਿਟੀ ਸਿੰਡੀਕੇਟ ਦੇ ਚੋਣ ਪ੍ਰੋਗਰਾਮ ਦੇ ਐਲਾਨ ਦੀ ਉਡੀਕ ਹੈ।

ਕੇਂਦਰ ਸਰਕਾਰ ਦੇ ਯੂਨੀਵਰਸਿਟੀ ਖੋਹਣ ਦੇ ਵਰਤਾਰੇ ਨੇ ਪੰਜਾਬੀਆਂ ਨੂੰ ਆਪਣੇ ਹੱਕ ਲੈਣ ਲਈ ਨਵੇਂ ਸਿਰੇ ਤੋਂ ਜਗਾ ਦਿੱਤਾ ਹੈ। ਜੰਗ-ਏ-ਆਜ਼ਾਦੀ ਵਿਚ ਦੇਸ਼ ਲਈ ਫਾਂਸੀ ਚੜ੍ਹਨ ਵਾਲੇ ਸ਼ਹੀਦਾਂ ਵਿਚ ਇਕੱਲੇ ਪੰਜਾਬ 'ਚੋਂ 95 ਫ਼ੀਸਦੀ ਸਨ। ਦੇਸ਼ ਦੀ ਵੰਡ ਸਮੇਂ 10 ਲੱਖ ਪੰਜਾਬੀ ਮਾਰੇ ਗਏ। ਪਰ ਕੇਂਦਰੀ ਹੁਕਮਰਾਨ ਆਪਣੇ ਵਾਅਦੇ ਭੁੱਲ ਗਏ ਜੋ ਆਜ਼ਾਦੀ ਤੋਂ ਪਹਿਲਾਂ ਪੰਜਾਬੀ ਆਗੂਆਂ ਨਾਲ ਕੀਤੇ ਗਏ ਸਨ। ਪੰਜਾਬ ਨੇ ਦੇਸ਼ ਨੂੰ ਅੰਨ ਪੱਖੋਂ ਆਤਮਨਿਰਭਰ ਬਣਾਇਆ, ਕਿਸੇ ਨੂੰ ਕੋਈ ਅਹਿਸਾਸ ਨਹੀਂ। ਆਜ਼ਾਦ ਹੁੰਦਿਆਂ ਹੀ 1948 ਵਿਚ ਪੰਡਤ ਨਹਿਰੂ ਨੇ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ ਤੇ ਰਾਜਸਥਾਨ ਨੂੰ ਪਾਣੀ ਲਈ ਨਹਿਰ ਕੱਢਣ ਦੀ ਆਗਿਆ ਦੇ ਦਿੱਤੀ। ਫਿਰ 1955 ਵਿਚ ਰਾਜਸਥਾਨ ਨੂੰ ਪੰਜਾਬ ਤੋਂ ਜਾਂਦਾ ਪਾਣੀ ਦੋ ਗੁਣਾ ਕਰ ਦਿੱਤਾ ਗਿਆ।

ਅੱਜ ਪੰਜਾਬ ਪਾਣੀ ਦੇ ਗੰਭੀਰ ਸੰਕਟ ਵੱਲ ਵਧ ਰਿਹਾ ਹੈ। ਸਾਡਾ ਧਰਤੀ ਹੇਠਲਾ ਪਾਣੀ ਦੂਸ਼ਿਤ ਹੋ ਕੇ ਕੈਂਸਰ ਯੁਕਤ ਹੋ ਗਿਆ ਹੈ। ਰਾਜਸਥਾਨ ਸਾਡਾ ਪਾਣੀ ਉੱਥੋਂ ਦੇ ਲੋਕਾਂ ਦੇ ਪੀਣ ਲਈ ਅਤੇ ਖੇਤੀ ਦੇ ਨਾਂਅ 'ਤੇ ਮੁਫ਼ਤ ਵਿਚ ਲੈ ਕੇ ਪਾਣੀ ਤੋਂ ਕਮਾਈ ਕਰ ਰਿਹਾ ਹੈ। ਰਾਜਸਥਾਨ ਸਰਕਾਰ ਸਾਡਾ ਪਾਣੀ ਮੁਫ਼ਤ ਲੈ ਕੇ ਆਪਣੀਆਂ ਉਦਯੋਗਿਕ ਇਕਾਈਆਂ ਨੂੰ 2 ਰੁਪਏ ਪ੍ਰਤੀ ਲਿਟਰ ਵੇਚ ਰਹੀ ਹੈ। ਇਕੱਲੀ ਬਾੜਮੇਰ ਰਿਫਾਈਨਰੀ ਤੋਂ ਪਾਣੀ ਵੇਚ ਕੇ 1600 ਕਰੋੜ ਸਾਲਾਨਾ ਦੀ ਕਮਾਈ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਭਾਵੇਂ ਪੰਡਤ ਨਹਿਰੂ ਸੀ, ਇੰਦਰਾ ਗਾਂਧੀ ਜਾਂ ਰਾਜੀਵ ਗਾਂਧੀ ਸਭ ਨੇ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਪੰਜਾਬ ਨੂੰ ਨਸ਼ਤਰ ਲਾਏ। ਯਮੁਨਾ ਸਾਂਝੇ ਪੰਜਾਬ ਦੀ ਪੂਰਬੀ ਹੱਦ ਸੀ, ਜਿੱਥੇ ਹਰਿਆਣਾ ਪੁਨਰਗਠਨ ਤੋਂ ਪਹਿਲਾਂ ਪੰਜਾਬ ਦਾ ਹਿੱਸਾ ਬਣ ਕੇ ਪੰਜਾਬ ਤੋਂ ਆਏ ਦਿਨ ਪਾਣੀ ਦੀ ਮੰਗ ਵਧਾਈ ਤੁਰਿਆ ਜਾਂਦਾ ਹੈ, ਉੱਥੇ ਪੰਜਾਬ ਵੀ ਯਮੁਨਾ ਨਦੀ ਦੇ ਪਾਣੀ ਵਿਚ ਰਾਇਪੇਰੀਅਨ ਰਾਜ ਹੋਣ ਕਰਕੇ ਹਿੱਸੇਦਾਰ ਸੀ। ਫਿਰ ਯਮੁਨਾ ਦੇ ਪਾਣੀ ਵਿਚੋਂ ਪੰਜਾਬ ਨੂੰ ਹਿੱਸਾ ਕਿਉਂ ਨਹੀਂ ਦਿੱਤਾ ਗਿਆ? ਦਿੱਲੀ ਸਰਕਾਰ ਨੇ ਯਮੁਨਾ ਦੇ ਪਾਣੀ 'ਚੋਂ ਹਿਮਾਚਲ ਦੇ ਹਿੱਸੇ ਦਾ ਪਾਣੀ 21 ਕਰੋੜ ਰੁਪਏ ਸਾਲਾਨਾ ਵਿਚ ਖਰੀਦਿਆਂ ਅਤੇ ਲਗਾਤਾਰ ਹਿਮਾਚਲ ਨੂੰ ਉਸ ਦੀ ਕੀਮਤ ਦੇ ਰਿਹਾ ਹੈ। 1956 ਦੇ ਅੰਤਰਰਾਜੀ ਪਾਣੀ ਦੇ ਝਗੜਿਆ ਲਈ ਬਣਾਏ ਕਾਨੂੰਨ ਦੀ ਧਾਰਾ 14 ਜੋ ਸਰਾਸਰ ਗ਼ੈਰ ਸੰਵਿਧਾਨਕ ਹੈ, ਉਹ ਪੰਜਾਬ ਤੋਂ ਬਿਨਾਂ ਦੇਸ਼ ਦੇ ਕਿਸੇ ਵੀ ਸੂਬੇ 'ਤੇ ਲਾਗੂ ਨਹੀਂ ਹੁੰਦੀ।

ਦੇਸ਼ ਵਿਚ ਭਾਸ਼ਾ ਦੇ ਆਧਾਰ 'ਤੇ ਅਨੇਕਾਂ ਸੂਬੇ ਬਣੇ ਪਰ ਪੰਜਾਬ ਨੂੰ ਪੰਜਾਬੀ ਸੂਬਾ ਬਣਾਉਣ ਲਈ ਅੰਦੋਲਨ ਕਰਨਾ ਪਿਆ। ਅੱਜ ਵੀ ਪੰਜਾਬ ਅਧੂਰਾ ਹੈ। ਸਾਡੀ ਰਾਜਧਾਨੀ ਚੰਡੀਗੜ੍ਹ ਜੋ ਪੰਜਾਬ ਦੇ 28 ਪਿੰਡ ਉਜਾੜ ਕੇ ਬਣਾਈ ਗਈ ਸੀ, ਉਸ 'ਤੇ ਕੇਂਦਰ ਨੇ ਕਬਜ਼ਾ ਕਰਕੇ ਉਸ ਨੂੰ ਕੇਂਦਰ ਪ੍ਰਸ਼ਾਸਤ ਖੇਤਰ ਬਣਾ ਕੇ ਰੱਖਿਆ ਹੋਇਆ ਹੈ। ਪੰਜਾਬੀ ਬੋਲਦੇ ਇਲਾਕਿਆਂ ਦੀ ਕੋਈ ਗੱਲ ਵੀ ਸੁਣਨ ਨੂੰ ਤਿਆਰ ਨਹੀਂ। ਹਰਿਆਣਾ 59 ਸਾਲ ਬੀਤਣ 'ਤੇ ਵੀ ਆਪਣੀ ਰਾਜਧਾਨੀ ਨਹੀਂ ਬਣਾ ਸਕਿਆ। ਸਾਡੇ ਚੰਡੀਗੜ੍ਹ ਨੂੰ ਛੱਡਣ ਲਈ ਤਿਆਰ ਨਹੀਂ। ਕੇਂਦਰੀ ਹੁਕਮਰਾਨ ਸੰਵਿਧਾਨ ਅਤੇ ਇਖ਼ਲਾਕ ਨੂੰ ਛਿੱਕੇ ਟੰਗ ਕੇ ਇਸ ਨੂੰ ਪੰਜਾਬ ਅਤੇ ਹਰਿਆਣੇ ਦਾ ਝਗੜਾ ਬਣਾ ਦਿੰਦੇ ਹਨ। ਕੇਂਦਰੀ ਹੁਕਮਰਾਨਾਂ ਦੀ ਸ਼ਹਿ 'ਤੇ ਹਰਿਆਣਾ ਪੰਜਾਬੀਆਂ ਲਈ ਦਿੱਲੀ ਜਾਣ ਲਈ ਰਸਤੇ ਵੀ ਬੰਦ ਕਰ ਦਿੰਦਾ ਹੈ।

ਭਜਨ ਲਾਲ ਅਤੇ ਮਨੋਹਰ ਲਾਲ ਖੱਟਰ ਦੀਆਂ ਸਰਕਾਰਾਂ ਸਮੇਂ ਦੋ ਵਾਰ ਪੰਜਾਬੀਆਂ ਲਈ ਕੌਮੀ ਸ਼ਾਹਰਾਹ ਬੰਦ ਕਰਕੇ ਕੇਂਦਰ ਸਰਕਾਰ ਨੇ ਪੰਜਾਬੀਆਂ ਵਿਚ ਬੇਗਾਨਗੀ ਦੀ ਭਾਵਨਾ ਪੈਦਾ ਕੀਤੀ। ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜ ਕੇ ਹਰਿਆਣੇ ਵਿਚ ਵੱਖਰੀ ਕਮੇਟੀ ਬਣਾ ਦਿੱਤੀ ਗਈ।

ਪੰਜਾਬ ਅੱਜ ਵੀ ਕੇਂਦਰੀ ਅੰਨ ਭੰਡਾਰ ਵਿਚ ਅੱਧੋਂ ਵੱਧ ਹਿੱਸਾ ਪਾਉਂਦਾ ਹੈ। ਕਿਸਾਨਾਂ ਨੂੰ ਐਮ.ਐਸ.ਪੀ. ਦੀ ਗਾਰੰਟੀ ਦੇਣ ਲਈ ਵੀ ਕੇਂਦਰ ਤਿਆਰ ਨਹੀਂ। ਪੰਜਾਬ ਵਿਚ ਹੜ੍ਹਾਂ ਨੇ ਤਬਾਹੀ ਮਚਾਈ ਅਤੇ ਬਾਕੀ ਰਹਿੰਦੀ ਫ਼ਸਲ ਦਾ 40% ਝਾੜ ਘਟ ਗਿਆ। ਕੇਂਦਰ ਨੇ ਪੰਜਾਬ ਦੇ ਕਿਸਾਨਾਂ ਦੀ ਸਾਰ ਨਹੀਂ ਲਈ। ਕੇਂਦਰ ਨੇ ਡੈਮ ਸੇਫਟੀ ਐਕਟ ਬਣਾ ਕੇ ਸਾਡੇ ਡੈਮਾਂ ਉੱਤੇ ਕਬਜ਼ਾ ਕਰ ਲਿਆ, ਜਦਕਿ ਸੰਵਿਧਾਨ ਅਨੁਸਾਰ ਸਤਲੁਜ, ਬਿਆਸ ਤੇ ਰਾਵੀ ਦੇ ਪਾਣੀਆਂ ਦਾ ਮਾਲਕ ਪੰਜਾਬ ਹੈ। ਕੇਂਦਰ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਰਾਹੀਂ ਖੇਤੀ ਖ਼ਰਚਿਆ ਦਾ ਲੇਖਾ ਕਰਵਾ ਕੇ ਫ਼ਸਲਾਂ ਦੇ ਭਾਅ ਮਿੱਥਦਾ ਹੈ।

ਇਹ ਸਪੱਸ਼ਟ ਹੈ ਕਿ ਜੋ ਇਸ ਕਮਿਸ਼ਨ ਦਾ ਅਧਿਕਾਰ ਖੇਤਰ ਮਿੱਥਿਆ ਗਿਆ ਹੈ, ਉਸ ਦੇ ਹੁੰਦਿਆਂ ਇਹ ਕਮਿਸ਼ਨ ਕਦੀ ਵੀ ਕਿਸਾਨਾਂ ਨੂੰ ਇਨਸਾਫ਼ ਨਹੀਂ ਦੇ ਸਕਦਾ। ਇਸੇ ਕਾਰਨ ਕਿਸਾਨ ਕਦੀ ਵੀ ਕਰਜ਼ੇ ਦੇ ਜਾਲ 'ਚੋਂ ਨਹੀਂ ਨਿਕਲ ਸਕਦੇ।

ਇਨ੍ਹਾਂ ਸਾਰੇ ਮਸਲਿਆਂ ਕਾਰਨ ਪੰਜਾਬੀਆਂ ਦੇ ਮਨਾਂ 'ਚ ਬਹੁਤ ਗੁੱਸਾ ਹੈ। ਪੰਜਾਬੀ ਕੋਈ ਖ਼ੈਰਾਤ ਨਹੀਂ ਮੰਗਦੇ, ਉਹ ਚਾਹੁੰਦੇ ਹਨ ਕਿ ਸਰਕਾਰ ਸੰਵਿਧਾਨ ਅਨੁਸਾਰ ਉਨ੍ਹਾਂ ਦੇ ਬਣਦੇ ਹੱਕ ਦੇਵੇ। ਕੇਂਦਰ ਦੀ ਨੀਤ ਸਾਫ਼ ਨਹੀਂ ਹੈ, ਸੋ ਲੋੜ ਹੈ ਪੰਜਾਬ ਨੂੰ ਬਚਾਉਣ ਲਈ ਇਕ ਵੱਡਾ ਅੰਦੋਲਨ ਖੜ੍ਹਾ ਕਰਨ ਦੀ। ਪੰਜਾਬ ਸਰਕਾਰ ਤੇ ਸਭ ਪਾਰਟੀਆਂ ਸਿਰਫ਼ ਭਾਸ਼ਣ ਤੇ ਬਿਆਨਾਂ ਤੱਕ ਸੀਮਤ ਹਨ। ਲੜਾਈ ਸਾਨੂੰ ਖ਼ੁਦ ਲੜਨੀ ਪਵੇਗੀ, ਸਮਾਂ ਢੁਕਵਾਂ ਹੈ ਤੇ ਕਮਰਕੱਸੇ ਕਰਨ ਦੀ ਲੋੜ ਹੈ। ਪੰਜਾਬ ਯੂਨੀਵਰਸਿਟੀ ਦੇ ਮੁੱਦੇ ਨੇ ਪੰਜਾਬੀਆਂ ਨੂੰ ਜਗਾਇਆ ਹੈ, ਸੋ ਆਓ, ਸਭ ਮਿਲ ਕੇ ਅੱਗੇ ਲਈ ਸੋਚੀਏ।

-ਪ੍ਰਧਾਨ ਬੀ. ਕੇ. ਯੂ.
ਭਗਵਾਨਪੁਰਾ ਰੋਡ,
ਸਮਰਾਲਾ (ਜ਼ਿਲ੍ਹਾ ਲੁਧਿਆਣਾ।)
ਮੋਬਾਈਲ : 98142-28005

# ਬਾ-ਮੁਲਾਹਿਜ਼ਾ ਹੋਸ਼ਿਆਰ - ਇਨਸਾਫ਼ ਦੀ ਬੰਦ ਗਲੀ

ਗੁਰਮੀਤ ਸਿੰਘ ਪਲਾਹੀ
9815802070



ਦੇਸ਼ ਭਾਰਤ ਵਿੱਚ ਕਾਨੂੰਨ ਜਿਤਨੇ ਸਖ਼ਤ ਹੋ ਰਹੇ ਹਨ, ਉਹਨਾਂ ਦੀ ਦੁਰਵਰਤੋਂ ਉਤਨੀ ਹੀ ਵਧਦੀ ਜਾ ਰਹੀ ਹੈ। ਹੁਣ ਤਾਂ ਸਥਿਤੀ ਇਹ ਹੈ ਕਿ ਸਾਡੇ ਨਿਆਂ-ਤੰਤਰ ਵਿੱਚ ਜਾਤ, ਧਰਮ ਦੇਖਕੇ ਜੇਲ੍ਹ ਅਤੇ ਜ਼ਮਾਨਤ ਦਾ ਫ਼ੈਸਲਾ ਹੁੰਦਾ ਜਾਪਦਾ ਹੈ-ਸਬੂਤ ਦੇਖਕੇ ਨਹੀਂ। ਸਾਡੀਆਂ ਜੇਲ੍ਹਾਂ ਵਿੱਚ ਸਭ ਤੋਂ ਜ਼ਿਆਦਾ ਦੇਸ਼ ਦੇ ਗ਼ਰੀਬ ਲੋਕ ਸੜ ਰਹੇ ਹਨ। ਜੇਕਰ ਉਹਨਾਂ ਦੀ ਧਾਰਮਿਕ ਪਛਾਣ ਕੀਤੀ ਜਾਵੇ ਤਾਂ ਉਹ ਇਹ ਦੱਸਦੀ ਹੈ ਕਿ ਦੇਸ਼ ਦੇ ਦਲਿਤ, ਆਦਿਵਾਸੀ ਅਤੇ ਮੁਸਲਮਾਨਾਂ ਦੀ ਜੇਲ੍ਹਾਂ ਅੰਦਰ ਸਭ ਤੋਂ ਜ਼ਿਆਦਾ ਆਬਾਦੀ ਹੈ। ਇਹਨਾਂ ਵਿੱਚ ਬਹੁਤ ਵੱਡੀ ਗਿਣਤੀ ਉਹਨਾਂ 'ਵਿਚਾਰਿਆਂ' ਦੀ ਹੈ, ਜਿਹਨਾਂ ਦੇ ਮਾਮਲੇ ਵਰ੍ਹਿਆਂ ਤੋਂ ਨਹੀਂ, ਦਹਾਕਿਆਂ ਤੋਂ ਵਿਚਾਰ ਅਧੀਨ ਹੈ।

ਕਿਉਂਕਿ ਇਨਸਾਫ਼ ਲੈਣਾ ਸੌਖਾ ਨਹੀਂ ਹੈ। ਦਰਅਸਲ ਇਸ ਦੇਸ਼ ਦੇ ਗ਼ਰੀਬ ਆਦਮੀ ਦੇ ਲਈ ਇਨਸਾਫ਼ ਪਾਉਣਾ ਲਗਾਤਾਰ ਅਸੰਭਵ ਹੁੰਦਾ ਜਾ ਰਿਹਾ ਹੈ। ਪਹਿਲੀ ਗੱਲ ਤਾਂ ਇਹ ਕਿ ਪੁਲਿਸ ਕੇਸ ਹੀ ਦਰਜ਼ ਨਹੀਂ ਕਰਦੀ, ਦਰਜ਼ ਹੋ ਗਿਆ ਤਾਂ ਠੀਕ ਢੰਗ ਨਾਲ ਜਾਂਚ ਨਹੀਂ ਹੁੰਦੀ, ਜੇਕਰ ਮਾਮਲਾ ਅਦਾਲਤ ਵਿੱਚ ਪੁੱਜ ਗਿਆ ਤਾਂ ਗ਼ਰੀਬ ਨੂੰ ਚੰਗੇ ਵਕੀਲ ਨਹੀਂ ਮਿਲਦੇ। ਕੀ ਇਹ ਸੱਚ ਨਹੀਂ ਕਿ ਦੇਸ਼ ਦੇ ਸਭ ਤੋਂ ਅੱਛੇ ਵਕੀਲ ਸਭ ਤੋਂ ਮੋਟੇ ਪੈਸੇ ਵਾਲੇ ਅਪਰਾਧੀਆਂ ਦੇ ਬਚਾ ਵਿੱਚ ਹੀ ਰੁਝੇ ਰਹਿੰਦੇ ਹਨ। ਇਹ ਜਾਣਕਾਰੀ ਆਮ ਹੈ ਕਿ ਵਕੀਲ ਇੱਕ-ਇੱਕ ਪੇਸ਼ੀ ਲਈ 25 ਤੋਂ 50 ਲੱਖ ਰੁਪਏ ਤੱਕ ਲੈ ਲੈਂਦੇ ਹਨ। ਇਤਨੇ ਪੈਸਿਆਂ ਨਾਲ ਨਿਆਂ ਹੋ ਨਹੀਂ ਸਕਦਾ, ਖਰੀਦਿਆ ਜਾਂ ਵੇਚਿਆ ਜਾ ਸਕਦਾ ਹੈ। ਜੇਕਰ ਵੱਡੇ ਵਕੀਲਾਂ ਦੀ ਗੱਲ ਛੱਡ ਵੀ ਦੇਈਏ ਤਾਂ ਵੀ ਦੇਸ਼ ਦੀਆਂ ਕਚਿਹਰੀਆਂ ਅਤੇ ਜੇਲ੍ਹਾਂ ਸ਼ਾਇਦ ਭ੍ਰਿਸ਼ਟਾਚਾਰ ਦੇ ਅੱਡੇ ਬਣ ਚੁੱਕੀਆਂ ਹਨ। ਤਾਰੀਖ਼- ਦਰ-ਤਾਰੀਖ਼ ਵਕੀਲਾਂ ਦੇ ਮੁਨਸ਼ੀ, ਵਕੀਲ, ਆਪਣੇ ਮੁਵੱਕਲਾਂ ਦੀਆਂ ਜੇਬਾਂ ਫੋਲਦੇ ਹਨ।

ਆਓ, ਦੇਸ਼ ਵਿੱਚ ਵਾਪਰੀ 20 ਸਾਲ ਪਹਿਲਾਂ ਦੀ ਇੱਕ ਘਟਨਾ ਤੇ ਵਿਚਾਰ ਕਰੀਏ। ਉੱਤਰ ਪ੍ਰਦੇਸ਼ ਦੇ ਸ਼ਹਿਰ ਨੋਇਡਾ ਦੇ ਨਜ਼ਦੀਕ ਇੱਕ ਪਿੰਡ ਨਿਠਾਰੀ ਦੀ ਉਸ ਘਟਨਾ ਦੀ ਜਿੱਥੇ 17 ਬੱਚਿਆਂ ਦੇ ਪਿੰਜਰ ਮਿਲੇ ਸਨ। ਬੱਚਿਆਂ ਦੇ ਮਾਪੇ ਪੁਲਿਸ ਕੋਲ ਸ਼ਕਾਇਤਾਂ ਕਰਦੇ ਰਹੇ, ਪੁਲਿਸ ਮਖੌਲ ਉਡਾਉਂਦੀ ਰਹੀ ਅਤੇ ਅਪਰਾਧਿਕ ਲਾਪਰਵਾਹੀ ਵਰਤਦੀ ਰਹੀ। ਜਦ ਮਾਮਲਾ ਸੁਰਖੀਆਂ ਵਿੱਚ ਆਇਆ ਤਾਂ ਅਚਾਨਕ ਨਿਆਂਤੰਤਰ ਨੇ ਤੇਜ਼ੀ ਫੜੀ। ਇੱਕ ਬੰਗਲੇ ਦੇ ਮਾਲਕ ਮਨਿੰਦਰ ਸਿੰਘ ਪੰਧੇਰ ਅਤੇ ਉਸਦਾ ਨੌਕਰ ਸੁਰਿੰਦਰ ਕੌਲੀ ਫੜੇ ਗਏ। ਇਹ ਦੱਸਿਆ ਗਿਆ ਕਿ ਉਸਦੇ ਖਿਲਾਫ਼ ਕਈ ਸਬੂਤ ਮਿਲ ਚੁੱਕੇ ਹਨ। ਲੇਕਿਨ ਪਹਿਲਾਂ ਮਨਿੰਦਰ ਪੰਧੇਰ ਸਾਰੇ ਮਾਮਲਿਆਂ 'ਚ ਬਰੀ ਹੋ ਗਿਆ ਅਤੇ ਉਸਦੇ ਬਾਅਦ ਪਿਛਲੇ ਹਫ਼ਤੇ ਸੁਰਿੰਦਰ ਕੌਲੀ ਵੀ ਛੁੱਟ ਗਿਆ।

ਕਿਸੇ ਦੇ ਕੰਨ 'ਤੇ ਜੂੰ ਨਹੀਂ ਸਰਕੀ। ਕਿਸੇ ਸਿਆਸੀ ਨੇਤਾ, ਮੰਤਰੀ, ਸੰਤਰੀ ਜਾਂ ਉਹਨਾਂ ਦੇ ਅਹਿਲਕਾਰਾਂ, ਕਰਿੰਦਿਆਂ ਜਾਂ ਦੇਸ਼ ਦੇ ਵੱਡੇ



ਹਾਕਮ ਨੂੰ ਇਨਸਾਫ਼ ਦਾ ਕੋਈ ਖਿਆਲ ਹੀ ਨਹੀਂ ਆਇਆ। ਅਖ਼ਬਾਰਾਂ ਦੇ ਪੰਨਿਆਂ ਅਤੇ ਟੀਵੀ ਚੈਨਲਾਂ 'ਤੇ ਇਹ ਅਪਰਾਧ-ਕਥਾ ਦੇਖਣ ਨੂੰ ਮਿਲੀ ਅਤੇ ਦੱਸਿਆ ਗਿਆ ਕਿ ਦੇਸ਼ ਦੀ ਸੁਪਰੀਮ ਕੋਰਟ ਨੇ ਕਿਸ ਅਧਾਰ ਉੱਤੇ ਉਹਨਾਂ ਨੂੰ ਬਰੀ ਕੀਤਾ।

ਸੁਪਰੀਮ ਕੋਰਟ ਦੇ ਆਪਣੇ ਅਧਾਰ ਹੋਣਗੇ, ਉਹਨਾਂ ਦਾ ਆਪਣਾ ਪੈਮਾਨਾ ਹੋਏਗਾ ਅਪਰਾਧੀਆਂ ਨੂੰ ਪਰਖਣ ਦਾ, ਲੇਕਿਨ ਸਵਾਲ ਹੈ ਕਿ ਇਹਨਾਂ ਬੱਚਿਆਂ ਨੂੰ ਕਿਸੇ ਨੇ ਤਾਂ ਮਾਰਿਆ ਹੀ ਹੋਏਗਾ। ਉਹਨਾਂ ਦੇ ਕੰਗਾਲ ਅਤੇ ਨਾਲੀਆਂ 'ਚ ਰੁਲਦੇ ਲੋਥ ਦੇ ਟੁੱਕੜਿਆਂ ਦਾ ਕੋਈ ਤਾਂ ਜ਼ੁੰਮੇਵਾਰ ਹੋਏਗਾ। ਜਿਹਨਾਂ ਨੂੰ ਫੜਿਆ ਗਿਆ, ਉਹਨਾਂ ਦਾ ਅਪਰਾਧ ਸਾਬਤ ਕਿਉਂ ਨਹੀਂ ਕੀਤਾ ਜਾ ਸਕਿਆ? ਸੁਰਿੰਦਰ ਕੌਲੀ 19 ਵਰ੍ਹੇ ਜੇਲ੍ਹ 'ਚ ਰਿਹਾ, ਜੇਕਰ ਉਹ ਬੇਗੁਨਾਹ ਸੀ ਤਾਂ ਉਸਦੇ ਨਾਲ ਇਹ ਬੇਇਨਸਾਫ਼ੀ ਕਿਉਂ ਹੋਈ ਅਤੇ ਜੇਕਰ ਉਹ ਗੁਨਾਹਗਾਰ ਹੈ ਤਾਂ ਉਸ ਨੂੰ ਇਸ ਤਰ੍ਹਾਂ ਬਰੀ ਕੀਤੇ ਜਾਣ ਦਾ ਗੁਨਾਹਗਾਰ ਕੌਣ ਹੈ।

ਦਰਅਸਲ ਨਿਠਾਰੀ ਇਕੱਲਾ ਇੱਕੋ ਪਿੰਡ ਇਹੋ ਜਿਹੀ ਨਹੀਂ ਹੈ, ਜਿੱਥੇ ਇਨਸਾਫ਼ ਦੀ ਗਲੀ ਬੰਦ ਹੈ। ਥਾਂ-ਥਾਂ ਇਹੋ ਕੁਝ ਵਾਪਰ ਰਿਹਾ ਹੈ। ਔਰਤਾਂ ਨਾਲ ਬਲਾਤਕਾਰ। ਦੋਸ਼ੀ ਬਰੀ। ਕਤਲ ਦੇ ਬੇਅੰਤ ਕੇਸ। ਕਾਤਲ ਬਰੀ। ਇਥੇ ਇਹ ਗੱਲ ਤਾਂ ਕਰਨੀ ਬਣਦੀ ਹੈ ਕਿ ਜਦੋਂ ਕਾਨੂੰਨ ਘਾੜੀ ਪਾਰਲੀਮੈਂਟ, ਵਿਧਾਨ ਸਭਾ ਮੈਂਬਰਾਂ 'ਚੋਂ ਲਗਭਗ ਅੱਧੇ ਕਤਲਾਂ, ਬਲਾਤਕਾਰਾਂ ਅਤੇ ਹੋਰ ਅਪਰਾਧਾਂ ਦੇ ਮੁਕੱਦਮੇ ਭੁਗਤ ਰਹੇ, ਜੋ ਸਾਡੇ ਲੋਕ ਨੁਮਾਇੰਦੇ ਹਨ, ਕੀ ਉਹ ਦੇਸ਼ ਦੇ ਆਮ ਲੋਕਾਂ ਨੂੰ ਇਨਸਾਫ਼ ਦੇ ਸਕਦੇ ਹਨ?

ਵਿਕਸਤ ਲੋਕਤੰਤਰ ਆਧੁਨਿਕਤਾ ਦੇ ਇਸ ਦੌਰ ਵਿੱਚ, ਦੇਸ਼ 'ਚ ਜਿੱਥੇ ਵੈਲਫੇਅਰ-ਟ੍ਰੈਪ ਨਾਲ ਡਿਜੀਟਲ ਡਲਿਵਰੀ ਰਾਹੀਂ ਚੋਣਾਂ ਦੇ ਸਮੇਂ ਨਕਦ ਰਾਸ਼ੀ ਪਹੁੰਚਾਉਣ ਦਾ ਕੰਮ ਤੇਜ਼ੀ ਨਾਲ ਕਰ ਦਿੱਤਾ ਗਿਆ ਹੈ ਅਤੇ ਜਿੱਥੇ ਸਾਮ-ਦਾਮ-ਦੰਡ ਦਾ ਬੋਲਬਾਲਾ ਸ਼ਰੇਆਮ ਵੇਖਣ ਨੂੰ ਮਿਲ ਰਿਹਾ ਹੈ, ਉੱਥੇ ਨਿਠਾਰੀ ਵਰਗੀ ਬੇਇਨਸਾਫ਼ੀ ਵੇਖਣ ਨੂੰ ਮਿਲਣੀ ਕੀ ਸੁਭਾਵਿਕ ਨਹੀਂ ਹੈ? ਜਿੱਥੇ "ਬੁਲਡੋਜ਼ਰ ਨਿਆਂ" ਚਲਦਾ ਹੋਵੇ, ਕੀ ਇਹ ਕਹਿਣਾ ਨਹੀਂ ਬਣਦਾ ਕਿ ਉਹ ਸਾਡੀ ਨਿਆਂ-ਤੰਤਰ ਦੀ ਛਾਤੀ ਉੱਤੇ ਹੀ ਚਲਦਾ ਹੈ।

ਦੇਸ਼ 'ਚ ਵਾਪਰੇ ਵੱਡੇ ਘਟਨਾ ਕਰਮਾਂ ਦੀ ਗੱਲ ਤਾਂ ਕੀਤੀ ਜਾਣੀ ਚਾਹੀਦੀ ਹੈ। ਜੰਮੂ ਕਸ਼ਮੀਰ 'ਚੋਂ 370 ਧਾਰਾ ਖ਼ਤਮ ਕੀਤੀ। ਜੰਮੂ ਕਸ਼ਮੀਰ ਹਿੱਸਿਆਂ 'ਚ ਵੰਡਿਆ ਗਿਆ। ਲੋਕ ਪੂਰਨ ਰਾਜ ਦਾ ਦਰਜ਼ਾ ਮੁੜ ਪ੍ਰਾਪਤ ਕਰਨ ਦੀ ਗੱਲ ਕਰਦੇ ਹਨ, ਪਰ ਹਾਕਮ ਚੁੱਪ ਹਨ। ਲਦਾਖ ਦੇ ਲੋਕ ਹੱਕੀ ਮੰਗਾਂ ਦੀ ਗੱਲ ਕਰਦੇ ਸੜਕਾਂ 'ਤੇ ਪੁੱਜੇ। ਇਹ ਸਰਕਾਰੀ ਹੱਠ ਧਰਮੀ ਦਾ ਨਤੀਜਾ ਸੀ। ਲਦਾਖ ਸਮਾਜਿਕ ਕਾਰਕੁੰਨ ਸੋਨਮ ਵਾਂਗਚੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਉਸਨੂੰ ਜੇਲ੍ਹ 'ਚ ਤੁੰਨਿਆ ਗਿਆ ਹੈ, ਕਿਉਂਕਿ ਉਹ ਲੋਕਾਂ ਦੇ ਹੱਕਾਂ ਅਤੇ ਇਨਸਾਫ਼ ਦੀ ਗੱਲ ਕਰਦਾ ਹੈ। ਇੱਕ ਨਹੀਂ ਹਜ਼ਾਰਾਂ ਇਹੋ ਜਿਹੇ ਕਾਰਕੁੰਨ ਦੇਸ਼ 'ਚ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਜੇਲ੍ਹਾਂ 'ਚ ਹਨ। ਬਿਨ੍ਹਾਂ ਸੁਣਵਾਈ, ਜਾਂ ਤਾਰੀਖ਼-ਦਰ-ਤਾਰੀਖ਼ ਕੋਰਟ - ਕਚਿਹਰੀ ਦੇ ਚੱਕਰ ਮਾਰਦਿਆਂ। ਇਕ ਰਿਪੋਰਟ ਦੱਸਦੀ ਹੈ ਕਿ ਦੇਸ਼ ਭਰ ਦੀਆਂ ਜੇਲ੍ਹਾਂ 'ਚ 2023 ਦੇ ਅੰਤ ਤੱਕ ਭਾਰਤ ਦੀਆਂ ਜੇਲ੍ਹਾਂ 'ਚ 5.3 ਲੱਖ ਲੋਕ ਹਨ, ਜਿਹਨਾਂ ਵਿਚੋਂ 74 ਫ਼ੀਸਦੀ ਅਰਥਾਤ 3.92 ਲੱਖ ਲੋਕ ਮੁਕੱਦਮੇ ਚਲਾਏ ਜਾਣ ਵਾਲੀ ਕਤਾਰ ਵਿੱਚ ਹਨ। ਇਹ ਲੋਕ 21 ਤੋਂ 50 ਸਾਲ ਦੀ ਉਮਰ ਦੇ ਹਨ। ਇਹਨਾਂ ਵਿੱਚ ਕੁਝ ਇਹੋ ਜਿਹੇ ਹਨ, ਜਿਹੜੇ ਆਪਣੀ ਪੂਰੀ ਜੇਲ੍ਹ ਭੁਗਤ ਚੁੱਕੇ ਹਨ, ਪਰ ਫਿਰ ਵੀ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। "ਬੰਦੀ ਸਿੰਘਾਂ" ਇਸ ਕਿਸਮ ਦੇ ਕੈਦੀ ਹਨ, ਜਿਹਨਾਂ ਦੀ ਰਿਹਾਈ ਲਈ ਲਗਾਤਾਰ ਪੰਜਾਬ ਦੇ ਅੰਦਰ-ਬਾਹਰ ਸੰਘਰਸ਼ ਹੋ ਰਿਹਾ ਹੈ, ਪਰ ਉਹਨਾਂ ਦੀ ਗੱਲ ਨਹੀਂ ਸੁਣੀ ਜਾ ਰਹੀ। ਕੀ ਇਹ ਮਨੁੱਖੀ ਅਧਿਕਾਰਾਂ ਦੀ ਬੇ-ਹੁਰਮਤੀ ਨਹੀਂ ਹੈ?

ਦੇਸ਼ ਵਿੱਚ ਲੋਕ ਥਾਂ-ਥਾਂ ਸੰਘਰਸ਼ ਕਰ ਰਹੇ ਹਨ। ਦੇਸ਼ 'ਚ ਵੱਡਾ ਕਿਸਾਨ ਅੰਦੋਲਨ ਲੜਿਆ ਗਿਆ। ਹਾਕਮਾਂ ਨੇ ਪੂਰਾ ਟਿੱਲ ਲਾਕੇ ਇਸ ਅੰਦੋਲਨ ਨੂੰ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਇਨਸਾਫ਼ ਛਿੱਕੇ ਟੰਗ ਦਿੱਤਾ ਗਿਆ। ਹਜ਼ਾਰਾਂ ਕਿਸਾਨਾਂ 'ਤੇ ਮੁਕੱਦਮੇ ਦਰਜ਼ ਹੋਏ। ਉਹ ਅੱਜ ਵੀ ਚੱਲ ਰਹੇ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਆਪਣੇ ਹੱਕਾਂ ਲਈ ਲੜ ਰਹੇ ਹਨ। ਉਹਨਾਂ ਦੀ ਅਵਾਜ਼ ਦਬਾਈ ਜਾ ਰਹੀ ਹੈ। ਉਹਨਾਂ ਨਾਲ ਦੁਪਰਿਆਰਾ ਸਲੂਕ ਹੋ ਰਿਹਾ ਹੈ। ਮੰਗ ਤਾਂ ਸਿਰਫ਼ ਇੰਨੀ ਕੁ ਹੀ ਹੈ ਕਿ ਇਹ ਯੂਨੀਵਰਸਿਟੀ ਪੰਜਾਬ ਦੀ ਹੈ। ਪਰ ਇਸਨੂੰ ਖੋਹਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਸੁਚੇਤ ਨੌਜਵਾਨ ਸੰਘਰਸ਼ ਦੇ ਰਾਹ ਹਨ। ਜਿਹਨਾਂ ਦੇ ਰਾਹ ਰੋਕਣ ਲਈ ਹਾਕਮ ਧਿਰ ਹਰ ਹੀਲਾ-ਵਸੀਲਾ ਵਰਤ ਰਹੀ ਹੈ।

ਬਾਕੀ ਸੂਬਿਆਂ ਵਾਂਗਰ ਪੰਜਾਬ ਦੇ ਬੇਰੁਜ਼ਗਾਰ ਨੌਕਰੀ ਮੰਗ ਰਹੇ ਹਨ। ਮੁਲਾਜ਼ਮ ਸੰਘਰਸ਼ ਦੇ ਰਾਹ 'ਤੇ ਹਨ। ਬੇਰੁਜ਼ਗਾਰ ਪੁਲਿਸ ਡਾਂਗਾਂ ਖਾ ਰਹੇ ਹਨ। ਆਖ਼ਿਰ ਉਹਨਾਂ ਦਾ ਕਸੂਰ ਤਾਂ ਇੰਨਾ ਕੁ ਹੀ ਹੈ ਕਿ ਹੱਥ 'ਚ ਡਿਗਰੀਆਂ ਹਨ। ਪਰ ਨੌਕਰੀ ਨਹੀਂ ਮਿਲ ਰਹੀ। ਢਿੱਡੋਂ ਭੁੱਖੇ ਹਨ। ਉਹਨਾਂ ਲਈ ਇਨਸਾਫ਼ ਦੇ ਦਰਵਾਜ਼ੇ ਬੰਦ ਹਨ। ਸਿਆਸੀ ਗੱਲਾਂ, ਵਾਇਦੇ, ਉਹਨਾਂ ਪੱਲੇ ਕੁੱਝ ਨਹੀਂ ਪਾ ਰਹੇ।

ਨਿਠਾਰੀ ਨੂੰ ਨਿਆਂ ਨਹੀਂ। ਵਿਦਿਆਰਥੀਆਂ ਨੂੰ ਇਨਸਾਫ਼ ਨਹੀਂ। ਕਿਸਾਨਾਂ ਨਾਲ ਬਦਸਲੂਕੀ ਹੈ। ਹਵਾਲਤੀ ਮੱਲੋਜ਼ੋਰੀ ਜੇਲ੍ਹਾਂ ਅੰਦਰ ਹਨ। ਗ਼ਰੀਬ ਰੋਟੀ, ਕੱਪੜੇ, ਮਕਾਨ ਲਈ ਤਰਸ ਰਿਹਾ ਹੈ। ਸਿਹਤ ਸਹੂਲਤਾਂ ਦੀ ਥੁੜ ਹੈ। ਕੀ ਇਹ ਬੇਇਨਸਾਫ਼ੀ ਨਹੀਂ? ਕੀ ਇਹ ਨਿਆਂ ਦੀ ਬੰਦ ਗਲੀ ਨਹੀਂ ਹੈ?

ਹੁਣੇ ਜਿਹੇ ਬਿਹਾਰ 'ਚ ਔਰਤਾਂ ਦੇ ਖ਼ਾਤਿਆਂ 'ਚ 10000 ਰੁਪਏ ਦੀ ਰਿਸ਼ਵਤ ਪਾਕੇ ਵੋਟਾਂ ਵਟੋਰ ਕੇ ਹਾਕਮ ਧਿਰ ਮੁੜ ਸੱਤਾ ਹਥਿਆਕੇ ਫੁਲਿਆਂ ਨਹੀਂ ਸਮਾ ਰਹੀ। ਪਰ ਉਥੋਂ ਦੇ ਲੋਕਾਂ ਦੀ ਦੁਰਦਸ਼ਾ ਦਾ ਬਿਆਨ ਕਰਨਾ ਔਖਾ ਹੈ।

ਸੂਬੇ ਦੇ ਲੋਕਾਂ ਦਾ ਪ੍ਰਮੁੱਖ ਐਕਸਪੋਰਟ ਉਦਯੋਗ "ਮਖਾਣਾ" ਪ੍ਰੋਸੈਸਿੰਗ ਹੈ। ਪੂਰਨੀਆਂ ਦੇ ਆਸ-ਪਾਸ ਮਜ਼ਦੂਰਾਂ ਨੂੰ ਮਖਾਣਾ ਕੱਢਣ ਲਈ ਗੰਦੇ ਪਾਣੀ 'ਚ ਗੋਤੇ ਲਾਉਣੇ ਪੈਂਦੇ ਹਨ, ਉਹਨਾਂ ਨੂੰ ਫਿਰ ਹੱਥੌੜਿਆਂ ਨਾਲ ਤੋੜਿਆ ਅਤੇ ਅੱਗ 'ਚ ਭੁੰਨਿਆ ਜਾਂਦਾ ਹੈ। ਉਹਨਾਂ ਲਈ ਸਰਕਾਰੀ ਮਖਾਣਾ ਪ੍ਰੋਸੈਸਿੰਗ ਲਈ ਕੋਈ ਮਸ਼ੀਨਾਂ ਨਹੀਂ। ਕਿਸੇ ਸਮਾਜਿਕ ਕਾਰਕੁੰਨ ਦੇ ਬਿਹਾਰ ਸੂਬੇ ਸੰਬੰਧੀ ਕਹੇ ਸ਼ਬਦ ਮਨ ਨੂੰ ਧੂ ਪਾਉਂਦੇ ਹਨ, "ਅਸਲ ਵਿੱਚ ਜੇਕਰ ਬਿਹਾਰ ਇੱਕ ਦੇਸ਼ ਹੁੰਦਾ ਤਾਂ ਲਾਇਬੇਰੀਆ ਤੋਂ ਬਾਅਦ ਇਹ ਦੁਨੀਆ ਦਾ 12ਵਾਂ ਸਭ ਤੋਂ ਗ਼ਰੀਬ ਦੇਸ਼ ਹੁੰਦਾ"।

ਪੌਣੀ ਸਦੀ ਬੀਤਣ ਬਾਅਦ ਵੀ ਲੋਕ ਇਨਸਾਫ਼ ਲਈ ਜੂਝ ਰਹੇ ਹਨ, ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਹਨ। ਇਹੋ ਜਿਹੀ ਸਥਿਤੀ 'ਚ ਦੇਸ਼ ਦੇ ਹਾਕਮ ਲਾਚਾਰ ਲੋਕਾਂ ਨੂੰ ਕਦੇ ਗੁੰਮਰਾਹ ਕਰਕੇ ਆਪਣੇ ਪਾਸੇ ਕਰਦੇ ਹਨ, ਕਦੇ ਧੱਕਾ ਕਰਕੇ ਆਪਣੇ ਨਾਲ ਜੋੜ ਰਹੇ ਹਨ ਅਤੇ ਕਦੇ ਥੋੜ੍ਹਾ ਬਹੁਤ ਇਨਸਾਫ਼ ਦਾ ਟਿੱਕਾ ਲਾ ਕੇ, ਜਾਂ ਲੁਆ ਕੇ ਲੋਕਤੰਤਰ ਦਾ ਲਬਾਦਾ ਪਾਕੇ ਇਨਸਾਫ਼ ਦੀ ਗਲੀ ਬੰਦ ਕਰ, ਕਰਵਾ ਰਹੇ ਹਨ।

ਜਰਮਨ ਕਵੀ "ਬਰਟੋਲਟ ਬ੍ਰੈਖਟ" ਦੀਆਂ ਪੰਕਤੀਆਂ ਦੇਸ਼ ਦੇ ਨਿਆਂ ਪ੍ਰਬੰਧ 'ਤੇ ਕੁਝ ਇੰਝ ਢੁਕਦੀਆਂ ਹਨ :-


"ਹਮ ਸਭ ਕੇ ਹਾਥ ਮੇਂ,
ਥਮਾ ਦੀਏ ਗਏ ਹੈਂ,
ਛੋਟੇ ਛੋਟੇ ਨਿਆਂ।
ਤਾਂ ਕਿ ਜੋ ਵੱਡਾ ਨਿਆ ਹੈ,
ਉਸ ਉਤੇ ਪਰਦਾ ਪਿਆ ਰਹੇ।"

# ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦਾ ਹੀ ਪ੍ਰਭਾਵ ਸੀ ਕਿ ਮੁਗਲੀਆ ਹਕੂਮਤ ਦਾ ਸੂਰਜ ਡੁਬਣਾ ਸ਼ੁਰੂ ਹੋ ਗਿਆ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-3**

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

"ਸਿੱਖ ਲਹਿਰ ਇਕ ਇਨਕਲਾਬੀ ਲਹਿਰ ਸੀ, ਜਿਸ ਦੀ ਲੜਾਈ ਸਮੂਹ ਮੁਸਲਮਾਨ ਸਮਾਜ ਜਾਂ ਸਮੂਹ ਹਿੰਦੂ ਸਮਾਜ ਨਾਲ ਨਹੀਂ ਸੀ, ਇਸ ਦੀ ਲੜਾਈ ਮੁਗਲੀਆ ਹਕੂਮਤ ਦੇ ਜ਼ਬਰ ਜ਼ੁਲਮ ਵਿਰੁੱਧ ਅਤੇ ਹਿੰਦੂ ਸਮਾਜ ਦੀ ਜਾਤ-ਪਾਤੀ, ਵਰਣ-ਵੰਡ ਵਾਲੀ ਮਨੂੰ ਸਮ੍ਰਿਤੀ ਦੀ ਵਿਚਾਰਧਾਰਾ ਦੇ ਵਿਰੁੱਧ ਸੀ ਤੇ ਅੱਜ ਵੀ ਹੈ"

ਦਾਸ ਨੇ ਪਿਛਲੇ ਅੰਕ ਵਿੱਚ ਇਸ ਗੱਲ ਦਾ ਜ਼ਿਕਰ ਕਰ ਦਿੱਤਾ ਸੀ ਕਿ ਜਦੋਂ ਔਰੰਗਜ਼ੇਬ ਨੇ ਐਲਾਨ ਕਰ ਦਿੱਤਾ ਸੀ ਕਿ ਉਹ ਹਿੰਦੋਸਤਾਨ ਨੂੰ ਦਾਰੁਲ-ਇਸਲਾਮ ਵਿੱਚ ਬਦਲਣਾ ਚਾਹੁੰਦਾ ਹੈ ਤਾਂ ਜ਼ਬਰ-ਜ਼ੁਲਮ ਦੀ ਸ਼ਿਕਾਰ ਹਿੰਦੂ ਧਿਰ ਆਪਣੇ ਬਚਾਅ ਪੱਖ ਲਈ ਸਿੱਖ ਲਹਿਰ ਦੀ ਸ਼ਰਨ ਵਿੱਚ ਆਈ । ਪੰਡਿਤ ਕਿਰਪਾ ਰਾਮ ਦੱਤ ਦੀ ਅਗਵਾਈ ਹੇਠ ਕਸ਼ਮੀਰ ਦੇ ਸੋਲਾਂ ਬ੍ਰਾਹਮਣਾਂ ਦਾ ਵਫ਼ਦ ਮਈ 1675 ਨੂੰ ਅਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ ਵਿੱਚ ਆ ਫਰਿਆਦੀ ਹੋਇਆ ਸੀ । ਬ੍ਰਾਹਮਣਾਂ ਨੇ ਗੁਰ ਸਾਹਿਬ ਪਾਸ ਬੇਨਤੀ ਕੀਤੀ ਕਿ, "ਰਾਖਹੁ ਅਬ ਹਿੰਦੂਨ ਕੀ ਟੇਕ । ਨਾਂਹਿਨ ਜਗ ਮਹਿ ਰਹੇ ਨਾ ਏਕ"। ਗੁਰੂ ਤੇਗ ਬਹਾਦਰ ਸਾਹਿਬ ਨੇ ਬ੍ਰਾਹਮਣਾਂ ਨੂੰ ਧਰਵਾਸ ਦਿੰਦਿਆਂ ਕਿਹਾ ਸੀ, ਜਾਉ ਔਰੰਗਜ਼ੇਬ ਨੂੰ ਆਖ ਦਿਉ ਕਿ ਜੇ ਉਹ ਨਾਨਕ ਪੰਥੀਆਂ ਦੇ ਨੌਵੇਂ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲੈਣ ਤਾਂ ਤੁਸੀਂ ਵੀ ਸਾਰੇ ਮੁਸਲਮਾਨ ਹੋ ਜਾਉਗੇ । ਗੁਰੂ ਸਾਹਿਬ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਨਹੀਂ ਚਾਹੁੰਦੇ ਕਿ ਮਨੁੱਖ ਕੋਲੋਂ ਆਪਣੀ ਮਰਜ਼ੀ ਦੇ ਧਰਮ ਦੇ ਰਾਹ 'ਤੇ ਚੱਲਣ ਦਾ ਹੱਕ ਖੋਹ ਲਿਆ ਜਾਵੇ । ਗੁਰੂ ਤੇਗ ਬਹਾਦਰ ਸਾਹਿਬ ਦਾ ਇਹ ਸੁਨੇਹਾ ਔਰੰਗਜ਼ੇਬ ਤੱਕ ਪਹੁੰਚਾ ਦਿੱਤਾ ਗਿਆ ।

ਗੁਰੂ ਤੇਗ ਬਹਾਦਰ ਸਾਹਿਬ ਇਸ ਗੱਲ ਤੋਂ ਭਲੀ ਭਾਂਤ ਜਾਣੂ ਸਨ ਔਰੰਗਜ਼ੇਬ ਹਿੰਦੋਸਤਾਨ ਨੂੰ ਦਾਰੁਲ-ਇਸਲਾਮ ਬਣਾਉਣ ਹਿੱਤ ਉਨ੍ਹਾਂ (ਗੁਰੂ ਤੇਗ ਬਹਾਦਰ) ਨੂੰ ਇਸਲਾਮ ਦੇ ਦਾਇਰੇ ਵਿੱਚ ਲਿਆਉਣ ਲਈ ਹਰ ਹਰਬਾ ਵਰਤੇਗਾ । ਗੁਰੂ ਸਾਹਿਬ ਇਹ ਵੀ ਜਾਣਦੇ ਸਨ ਕਿ ਔਰੰਗਜ਼ੇਬ ਵਿੱਚ ਏਨੀ ਹਿੰਮਤ ਵੀ ਨਹੀਂ ਹੈ ਕਿ ਉਹ ਗੁਰੂ ਨਾਨਕ ਦੇ ਘਰ ਨੂੰ ਇਸਲਾਮ ਦੇ ਦਾਇਰੇ ਵਿੱਚ ਲਿਆ ਸਕੇ, ਇਸ ਕਰਕੇ ਸ਼ਹਾਦਤ ਯਕੀਨੀ ਸੀ। ਸ਼ਹੀਦ ਬਿਲਾਸ ਦੇ ਲਿਖਾਰੀ ਅਨੁਸਾਰ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹੀਦੀ ਦੇਣ ਦਾ ਫੈਸਲਾ ਕਰ ਲਿਆ ਤਾਂ ਉਨ੍ਹਾਂ ਨੇ ਗੁਰੂ ਨਾਨਕ ਦੇ ਘਰ ਦੀ ਗੁਰ ਗੱਦੀ ਦੀ ਜ਼ਿੰਮੇਵਾਰੀ ਜਦੋਂ ਆਪਣੇ ਪੁੱਤਰ ਗੋਬਿੰਦ ਰਾਏ ਨੂੰ ਸੌਂਪੀ ਤਾਂ ਗੋਬਿੰਦ ਰਾਏ ਦਾ ਕਮਰਕੱਸਾ ਆਪ ਕਰਵਾਇਆ ਅਤੇ ਅਕਾਲ ਤਖ਼ਤ ਦੇ ਸਿਰਜਣਹਾਰ ਆਪਣੇ ਪਿਤਾ ਹਰਗੋਬਿੰਦ ਸਾਹਿਬ ਦੇ ਸ਼ਸਤਰ ਪਹਿਨਾਏ । ਗੋਬਿੰਦ ਰਾਏ ਨੂੰ ਗੁਰ ਗੱਦੀ ਦੇਣ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਆਪਣੇ ਪੁੱਤਰ ਨੂੰ ਆਪਣੇ ਪਿਤਾ ਹਰਗੋਬਿੰਦ ਸਾਹਿਬ ਵਾਲੇ ਸ਼ਸ਼ਤਰ ਸਜਾਉਣ ਦੇ ਸੰਕੇਤਕ ਅਰਥ ਸਨ ਕਿ ਉਨ੍ਹਾਂ (ਗੁਰੂ ਤੇਗ ਬਹਾਦਰ) ਦੀ ਸ਼ਹੀਦੀ ਤੋਂ ਬਾਅਦ ਅਗਲਾ ਗੁਰ-ਇਤਿਹਾਸ ਉਸੇ ਤਰ੍ਹਾਂ ਹੀ ਸਿਰਜਿਆ ਜਾਵੇਗਾ, ਜਿਸ ਤਰ੍ਹਾਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਦੀ ਸ਼ਾਂਤਮਈ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਤੋਂ ਦਿੱਲੀ ਦੇ ਤਖ਼ਤ ਨਾਲ ਹਥਿਆਰਬੰਦ ਸੰਘਰਸ਼ ਕਰਕੇ ਸਿਰਜਿਆ ਸੀ । ਸ਼ਹੀਦ ਬਿਲਾਸ ਦੇ ਕਰਤਾ ਅਨੁਸਾਰ : "ਤਬ ਸਤਿਗੁਰ ਇਵ ਮਨ ਠਹਿਰਾਈ । ਬਿਨ ਸਿਰ ਦੀਏ ਜਗਤੁ ਦੁੱਖ ਪਾਈ। ਦਾਸ ਗੋਬਿੰਦ ਥੀ ਪਾਸ ਬਹਾਯੋ । ਕਮਰ ਕਸਾ ਸਤਿਗੁਰ ਕਰਾਯੋ। ਪੈਸੇ ਪਾਂਚ ਧਰ ਆਗੈ ਦੀਯੋ ਮਸਤਕ ਟੇਕ । ਬਾਲ ਗੁਰੂ ਤਬ ਕਹਿਯੋ ਅਲਾਇ । ਪਿਤਾ ਗੁਰੂ ਤਉ ਕਰੋ ਸਹਾਇ ।।" ਸ। ਹਰਿੰਦਰ ਸਿੰਘ 'ਮਹਿਬੂਬ' 'ਸਹਿਜੇ ਰਚਿਓ ਖਾਲਸਾ' ਦੇ ਪੰਨਾ 952 ਉੱਤੇ ਲਿਖਦੇ ਹਨ : "ਗੁਰਗੱਦੀ ਦੇਣ ਦੇ ਨਿਯਮ ਅਨੁਸਾਰ ਗੁਰੂ ਦੀ ਚੋਣ ਨਹੀਂ ਸੀ ਹੁੰਦੀ ਗੁਰੂ ਦਾ ਪ੍ਰਕਾਸ਼ ਹੁੰਦਾ ਸੀ। ਗੁਰ ਗੱਦੀ ਦਾ ਤਰਕ ਕਾਲ, ਪ੍ਰਤਿਭਾ ਅਤੇ ਸ੍ਰਿਸ਼ਟਾਚਾਰ ਨਿਯਮ ਤੋਂ ਕਿਤੇ ਵਿਸ਼ਾਲ ਅਤੇ ਸੂਖਮ ਹੈ । ਕਾਲ ਅਤੇ ਸਥਾਨ ਦਾ ਇਕ ਅਦ੍ਰਿਸ਼ਟ ਚਿਤਰਪਟ ਹੈ ਜਿਸ ਉੱਤੇ ਗੁਰ-ਗੱਦੀ ਦੇ ਪ੍ਰਕਾਸ਼-ਰੂਪ "ਜੋ ਕਿਛੁ ਪਾਇਆ ਸੁ ਏਕਾ ਵਾਰ" ਦੇ ਨਿਯਮ ਅਨੁਸਾਰ ਨਿਸ਼ਚਿਤ ਹਨ। ਅਦ੍ਰਿਸ਼ਟ ਚਿਤਰਪਟ ਜ਼ਾਹਿਰ ਹੋਣ ਨਾਲ ਗੁਰ-ਗੱਦੀ ਦਾ ਪ੍ਰਕਾਸ਼ ਹੋਈ ਜਾਂਦਾ ਹੈ"। ਨਵੰਬਰ 1675 ਈ: ਨੂੰ ਦਿੱਲੀ ਚਾਂਦਨੀ ਚੌਂਕ ਵਿਖੇ ਮੁਗਲ ਹਕੂਮਤ ਦੇ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਦੇ ਤਿੰਨ ਪ੍ਰਮੁੱਖ ਸਿੱਖਾਂ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ । (ਨੋਟ - ਸਿੱਖ ਵਿਰੋਧੀ ਕੱਟੜਵਾਦੀ ਹਿੰਦੂ ਸੰਸਥਾ ਆਰ।ਐੱਸ।ਐੱਸ। ਵੱਲੋਂ ਲਿਖਵਾਇਆ ਤੇ ਪਰਚਾਰਿਆ ਜਾ ਰਿਹਾ ਹੈ ਕਿ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲੇ ਦੇ ਨਾਂਅ ਨਾਲ ਸਿੰਘ ਨਾ ਹੋਣ ਕਰਕੇ ਉਹ ਹਿੰਦੂ ਸਨ, ਪਰ ਸੱਚਾਈ ਇਸ ਦੇ ਬਿਲਕੁੱਲ ਉਲਟ ਹੈ । 30 ਮਾਰਚ 1699 ਦੀ ਵਿਸਾਖੀ ਤੱਕ ਗੁਰੂ ਨਾਨਕ ਨਾਮਲੇਵਾ ਸਿੱਖ 'ਚਰਨ-ਪਹੁਲ' ਲੈ ਕੇ ਗੁਰੂ ਨਾਨਕ ਦੇ ਸਿੱਖ ਬਣਦੇ ਜਾਂਦੇ ਸਨ, ਪਰ ਨਾਵਾਂ ਦੀ ਬਦਲੀ ਨਹੀਂ ਸੀ ਹੁੰਦੀ, ਭਾਈ ਗੁਰਦਾਸ ਦੀਆਂ ਵਾਰਾਂ ਵਿੱਚੋਂ ਇਸ ਦੇ ਪ੍ਰਤੱਖ ਸਬੂਤ ਮਿਲ ਜਾਂਦੇ ਹਨ । 30 ਮਾਰਚ 1699 ਦੀ ਵੈਸਾਖੀ ਨੂੰ ਅਨੰਦਪੁਰ ਵਿਖੇ ਦਸ਼ਮੇਸ਼ ਪਿਤਾ ਨੇ ਜਦੋਂ ਚਰਨ ਪਹੁਲ ਨੂੰ ਖੰਡੇ ਦੀ ਪਹੁਲ ਵਿੱਚ ਬਦਲ ਕੇ 'ਨਾਨਕ ਪੰਥੀਆਂ ਨੂੰ' 'ਗੁਰੂ ਖਾਲਸਾ ਪੰਥ' ਬਣਾਇਆ ਭਾਵ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਉਸ ਸਮੇਂ ਸਿੱਖ ਦੇ ਨਾਂਅ ਨਾਲ 'ਸਿੰਘ' ਤੇ ਸਿੱਖਣੀ ਦੇ ਨਾਂਅ ਨਾਲ 'ਕੌਰ' ਲਾਉਣ ਦਾ ਖਾਲਸਈ ਵਿਧਾਨ ਲਾਗੂ ਕੀਤਾ ਸੀ ।) ਮੁਗਲ ਹਕੂਮਤ ਦੇ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਤਿੰਨਾਂ ਸਿੱਖਾਂ ਨੂੰ ਸ਼ਹੀਦ ਕਰਨ ਤੋਂ ਬਾਅਦ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਦਾ ਪਾਵਨ ਪਵਿੱਤਰ ਸੀਸ ਵੀ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ ਤਾਂ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ" ਦੇ ਦੈਵੀ ਨਿਯਮ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਦੀ ਆਤਮਾ ਦੱਸਵੇਂ ਜਾਮੇ ਵਿੱਚ ਪ੍ਰਵੇਸ਼ ਕਰ ਗਈ ਅਤੇ ਸਰੀਰ ਦਾ ਠੀਕਰਾ 'ਔਰੰਗੇ' ਦੇ ਸਿਰ ਭੰਨ ਦਿੱਤਾ ਗਿਆ। ਇਥੇ ਇਹ ਵੀ ਜ਼ਿਕਰ ਯੋਗ ਹੈ ਕਿ ਔਰੰਗਜ਼ੇਬ ਦੇ ਇਸ ਫੁਰਮਾਨ ਦੇ ਡਰ ਤੋਂ ਕਿ ਗੁਰੂ ਤੇਗ ਬਹਾਦਰ ਦੇ ਸਰੀਰ ਦਾ ਸਸਕਾਰ ਨਾ ਹੋਣ ਦਿੱਤਾ ਜਾਵੇ ਸਗੋਂ ਸਰੀਰ ਦੇ ਟੁੱਕੜਿਆਂ ਨੂੰ ਦਿੱਲੀ ਦੇ ਦਰਵਾਜਿਆਂ 'ਤੇ ਟੰਗ ਦਿੱਤਾ ਜਾਵੇ, ਉਕਤ ਫੁਰਮਾਨ ਸੁਣ ਕੇ ਕਿਸੇ ਹਿੰਦੂ ਨੇ ਗੁਰੂ ਸਾਹਿਬ ਦੇ ਸਰੀਰ ਦਾ ਸਸਕਾਰ ਕਰਨ ਦੀ ਜੁਅਰਤ ਨਹੀਂ ਸੀ ਕੀਤੀ । ਗੁਰੂ ਤੇਗ ਬਹਾਦਰ ਦੇ ਸੀਸ ਤੇ ਧੜ ਦਾ ਸਸਕਾਰ ਵੀ ਸਿੱਖਾਂ ਨੇ ਆਪਣੀ ਜਾਨ ਜ਼ੋਖਮ ਵਿੱਚ ਪਾ ਕੇ ਕੀਤਾ । ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਤਿੰਨ ਸਿੱਖ, ਭਾਈ ਜੈਤਾ, ਭਾਈ ਨਾਨੂੰ ਤੇ ਭਾਈ ਉਦਾ ਅਨੰਦਪੁਰ ਗੁਰੂ ਗੋਬਿੰਦ ਸਿੰਘ ਪਾਸ ਲੈ ਕੇ ਆਏ ਤੇ ਸਸਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਅਨੰਦਪੁਰ ਵਿਖੇ ਕੀਤਾ । ਅਤੇ ਧੜ ਦਾ ਸਸਕਾਰ ਲੱਖੀ ਸ਼ਾਹ ਵਣਜਾਰੇ ਦੇ ਸਿੱਖ ਪਰਿਵਾਰ ਨੇ ਆਪਣੇ ਸਾਰੇ ਘਰ ਨੂੰ ਹੀ ਅੱਗ ਲਾ ਕੇ ਕੀਤਾ ਸੀ । ਇਹ ਵੀ ਇਕ ਇਤਿਹਾਸਕ ਸੱਚਾਈ ਹੈ ਕਿ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਔਰੰਗਜ਼ੇਬ ਪੰਜਾਬ ਪੈਰ ਹੀ ਨਾ ਰੱਖ ਸਕਿਆ। ਦੱਖਣ ਵੱਲ ਐਸਾ ਗਿਆ ਕਿ ਆਪਣੀ ਜ਼ਿੰਦਗੀ ਦਾ ਸ਼ਿਕਸ਼ਤਨਾਮਾ ਲਿਖ ਕੇ ਉਥੇ ਹੀ ਦਫਨ ਹੋਇਆ ਸੀ । ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦਾ ਹੀ ਪ੍ਰਭਾਵ ਸੀ ਕਿ ਮੁਗਲੀਆ ਹਕੂਮਤ ਦਾ ਸੂਰਜ ਡੁਬਣਾ ਸ਼ੁਰੂ ਹੋ ਗਿਆ ਅਤੇ ਸਿੱਖ ਇਨਕਲਾਬ ਦਾ ਸੂਰਜ ਪੂਰੇ ਜੋਬਨ ਵਿੱਚ ਚਮਕਣਾ ਸ਼ੁਰੂ ਹੋ ਗਿਆ । ਭਾਈ 'ਰਤਨ ਸਿੰਘ ਭੰਗੂ' ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ ਪ੍ਰਭਾਵ ਬਾਰੇ ਲਿਖਦੇ ਹਨ ਕਿ ਇਸ ਸ਼ਹਾਦਤ ਨੇ ਧਾਰਾ ਹੀ ਬਦਲ ਦਿੱਤੀ, ਅਰਥਾਤ, "ਤੱਬ ਤੇ ਘਟੀ ਪਾਤਸ਼ਾਹੀ ਦਿੱਲੀ । ਤਬ ਤੇ ਤੁਰਕ ਕਲਾ ਪਈ ਢਿੱਲੀ"। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੇ ਸਿੱਖਾਂ ਵਿੱਚ ਮੁਗਲੀਆ ਹਕੂਮਤ ਦੇ ਸਾਹਮਣੇ ਅੜ ਖਲੋਣ ਦਾ ਜਜ਼ਬਾ ਭਰ ਦਿੱਤਾ । ਅਸੀਂ ਪਿਛਲੇ ਲੇਖਾਂ ਵਿੱਚ ਜ਼ਿਕਰ ਕਰ ਆਏ ਹਾਂ ਕਿ ਕਿਵੇਂ ਤਿੰਨਾਂ ਸਿੱਖਾਂ ਨੇ ਵੱਖ ਵੱਖ ਸਮਿਆਂ ਤੇ ਵੱਖ ਵੱਖ ਥਾਵਾਂ 'ਤੇ ਔਰੰਗਜ਼ੇਬ 'ਤੇ ਹਮਲੇ ਕਰਕੇ ਮੁਗਲੀਆ ਹਕੂਮਤ ਨੂੰ ਚੈਲਿੰਜ ਕੀਤਾ ਸੀ ।

ਸਿੱਖ ਇਨਕਲਾਬ ਦੇ ਸੂਰਜ ਚਮਕਣ ਦੀਆਂ ਹੀ ਇਹ ਨਿਸ਼ਾਨੀਆਂ ਸਨ ਕਿ ਜਦੋਂ ਭਾਈ ਜੈਤਾ ਆਪਣੇ ਸਾਥੀਆਂ ਸਮੇਤ ਨੌਵੇਂ ਪਾਤਸ਼ਾਹ ਦਾ ਸੀਸ ਲੈ ਕੇ ਅਨੰਦਪੁਰ ਪੁੱਜੇ ਤਾਂ ਦੱਸਵੇਂ ਗੁਰੂ ਗੋਬਿੰਦ ਸਿੰਘ (ਉਸ ਵੇਲੇ ਗੋਬਿੰਦ ਰਾਏ) ਨੇ ਆਪਣੇ ਹੱਥੀਂ ਆਪਣੇ ਪਿਤਾ ਦੇ ਸੀਸ ਦਾ ਸਸਕਾਰ ਕੀਤਾ ਤੇ ਸੰਗਤਾਂ ਨੂੰ ਕਿਹਾ, "ਹੁਣ ਸਭ ਸਗੋਂ ਤਿਆਰ ਹੋਵੋ, ਸੋਗ ਦੀ ਥਾਂ ਸ਼ੁਕਰ ਕਰੋ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਟੁਰਨ ਦਾ ਪ੍ਰਣ ਕਰੋ"। ਤਖ਼ਤ 'ਤੇ ਬੈਠਦਿਆਂ ਹੀ ਦੱਸਵੇਂ ਗੁਰੂ ਨੇ ਉਕਤ ਬਚਨ ਕਰ ਦਿੱਤੇ ਸਨ । ਇਥੇ ਇਹ ਵੀ ਵਿਚਾਰਨਯੋਗ ਤੱਥ ਹੈ ਕਿ ਜਿੰਨਾ ਚਿਰ 'ਗੁਰੂ-ਜੋਤਿ' ਦਸਾਂ ਸਰੀਰਾਂ ਵਿੱਚ ਰਹੀ, ਜਿਥੇ ਗੁਰੂ ਸੀ ਉਥੇ ਹੀ ਤਖ਼ਤ ਸੀ, ਜਦੋਂ ਆਪ ਜੀ ਨੇ ਗੁਰੂ ਨਾਨਕ ਦੇ ਦੱਸਵੇਂ ਵਾਰਸ ਵਜੋਂ "ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਦੀ ਵੰਸ਼ ਦੇ ਬਾਬਾ ਰਾਮ ਕੋਇਰ ਜੀ ਨੇ ਕਲਗੀ, ਜਿਗਾ ਹੀਰਿਆਂ ਪੰਨਿਆਂ ਦੀ ਜੜਤ ਵਾਲੀ ਦਸਤਾਰ ਪੇਸ਼



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਕੀਤੀ ਅਤੇ ਹੱਥੀਂ ਸਜਾ ਵੀ ਦਿੱਤੀ । ਨਾਲ ਹੀ ਚਾਂਦੀ ਦੇ ਸ਼ਾਜ ਨਾਲ ਸਜਿਆ ਘੋੜਾ, ਬਾਜ਼ ਤੇ ਪੰਜ ਮੁਹਰਾਂ ਵੀ ਭੇਟ ਕੀਤੀਆਂ । ਫਿਰ ਦੂਰ ਦੂਰ ਤੋਂ ਆਈ ਸੰਗਤ ਨੇ ਸਿੱਖਾਂ ਦੇ ਦੱਸਵੇਂ ਗੁਰੂ, ਗੋਬਿੰਦ ਰਾਏ ਨੂੰ ਭੇਟਾਵਾਂ ਭੇਟ ਕੀਤੀਆਂ । ਮਾਤਾ ਗੁਜਰੀ ਜੀ ਨੇ 'ਹੋਵਹੁ ਸੁਜਮ ਪ੍ਰਤਾਪ ਉਚੇਰਾ' ਦੀ ਮੱਥਾ ਚੁੰਮ ਕੇ ਅਸੀਸ ਦਿੱਤੀ"। ਔਰੰਗਜ਼ੇਬ ਦਾ ਖਿਆਲ ਸੀ ਕਿ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਨਾਨਕ ਪੰਥੀਏ ਵੀ ਭੈ-ਭੀਤ ਹੋ ਜਾਣਗੇ ਅਤੇ ਮੁਗਲੀਆ ਹਕੂਮਤ ਦੇ ਦਿੱਲੀ ਤਖ਼ਤ ਨਾਲ ਹਥਿਆਰ ਬੰਦ ਟੱਕਰ ਲੈਣ ਦੀ ਜੁਅਰਤ ਨਹੀਂ ਕਰਨਗੇ ।

ਕਿਉਂਕਿ ਹਿੰਦੂਆਂ ਬਾਰੇ ਤਾਂ ਉਸ ਨੂੰ ਪਹਿਲਾਂ ਹੀ ਪਤਾ ਸੀ ਕਿ ਹਿੰਦੂਆਂ ਨੇ ਤਾਂ ਮੁਗਲੀਆ ਹਕੂਮਤ ਦੀ ਰਾਜਨੀਤਕ ਗੁਲਾਮੀ ਇਸ ਹੱਦ ਤੱਕ ਸਵੀਕਾਰ ਕੀਤੀ ਹੋਈ ਹੈ ਕਿ "ਜੇ ਕੋਈ ਮੁਸਲਮਾਨ ਕਿਸੇ ਹਿੰਦੂ ਦੇ ਮੂੰਹ ਵਿੱਚ ਥੁੱਕਣਾ ਚਾਹੇ ਤਾਂ ਹਿੰਦੂ ਦਾ ਫਰਜ ਬਣਦਾ ਹੈ ਕਿ ਉਹ ਆਪਣਾ ਮੂੰਹ ਚੰਗੀ ਤਰ੍ਹਾਂ ਖੋਲ੍ਹੇ ਤਾਂ ਜੋ ਮੁਸਲਮਾਨ ਅਸਾਨੀ ਨਾਲ ਥੁੱਕ ਸਕੇ । ਮੁਗਲੀਆ ਹਕੂਮਤ ਦਾ ਫੁਰਮਾਨ ਸੀ ਕਿ ਅੱਲ੍ਹਾ-ਤਾਲਾ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਗੁਲਾਮਾਂ ਵਜੋਂ ਬਣਾਇਆ ਹੈ ।"

ਇਥੇ ਤਾਂ ਸਭ ਕੁਝ ਹੀ ਔਰੰਗਜ਼ੇਬ ਦੇ ਖਿਆਲ ਤੋਂ ਉਲਟ ਹੋ ਰਿਹਾ ਸੀ । ਔਰੰਗਜ਼ੇਬ ਭੈ-ਭੀਤ ਹੋ ਗਿਆ ਸੀ, ਜਦੋਂ ਹਿੰਦੂ ਪਹਾੜੀ ਰਾਜਿਆਂ ਨੇ ਨਾਨਕ ਪੰਥੀਆਂ ਦੇ ਦੱਸਵੇਂ ਗੁਰੂ ਦੀਆਂ ਰਾਜਸੀ ਗਤੀ ਵਿਧੀਆਂ ਅਤੇ ਉਸ ਵੱਲੋਂ ਨਾਨਕ ਪ੍ਰਸਤਾਂ ਨੂੰ ਭੇਜੇ ਹੁਕਮਨਾਮਿਆਂ ਦੀ ਸ਼ਿਕਾਇਤ ਰੂਪੀ ਰਿਪੋਰਟ ਲਿਖ ਕੇ ਔਰੰਗਜ਼ੇਬ ਨੂੰ ਪਹੁੰਚਾਈ ਸੀ । ਹਿੰਦੂ ਰਾਜਿਆਂ ਨੇ ਔਰੰਗਜ਼ੇਬ ਪਾਸ ਸ਼ਿਕਾਇਤਾਂ ਲਿਖ ਭੇਜੀਆਂ ਕਿ ਨਾਨਕ-ਪੰਥੀਆਂ ਦਾ ਦੱਸਵਾਂ ਗੁਰੂ ਆਪਣੇ ਆਪ ਨੂੰ ਦੱਸਵਾਂ ਨਾਨਕ ਹੀ ਸਦਵਾਉਂਦਾ ਹੈ ਅਤੇ ਉਸ ਨੇ (ਗੁਰੂ ਗੋਬਿੰਦ ਸਿੰਘ ਨੇ) ਐਲਾਨ ਕੀਤਾ ਕਿ ਉਹ ਜਿਸ ਸਿੰਘਾਸਨ 'ਤੇ ਬੈਠਾ ਹੈ ਉਹ ਸਿੰਘਾਸਨ ਉਸ ਗੁਰੂ ਨਾਨਕ ਦਾ ਹੈ ਜੋ ਆਪ ਹੀ ਸੁੱਖਾਂ ਦੇ ਦਾਤੇ ਅਕਾਲ ਦਾ ਰੂਪ ਹਨ, ਅਰਥਾਤ :- "ਸਿੰਘਾਸਨ ਹੈ ਗੁਰ ਨਾਨਕ ਕੋ, ਜਿਹ ਰੂਪ ਅਕਾਲ ਕੋ ਹੈ ਸੁਖਕਾਰੀ"। ਨਾਨਕ ਪੰਥੀਆਂ ਦੇ ਦੱਸਵੇਂ ਗੁਰੂ ਨੇ ਅਨੰਦਪੁਰ ਨਗਾਰਾ ਵਜਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਹਥਿਆਰਬੰਦ ਸੰਘਰਸ਼ ਦੀ ਤਿਆਰੀ ਕਰ ਰਿਹਾ ਹੈ ।

ਬਾਕੀ ਹਿਸਾ ਅਗਲੇ ਸਫ਼ੇ 37 ਤੇ ਪੜ੍ਹੋ

# CONNECTING THE DOTS IN HISTORY: GURU TEGH BAHADUR'S MISSION AND MARTYRDOM

(Gurmukh Singh OBE, UK)



In Guru Tegh Bahadur (1621-1675), the Sikhs have a most remarkable story to tell the world torn apart by religious conflict. It is the story of a great saint martyr who gave his life for the religious freedom of all. It was in that sense that His martyrdom was described as unique by Guru Gobind Singh.

My quest for the *True Story* of the Guru started in April 2016. Much that has been written about Him is based on Mughal court reports and Persian sources or influenced by anti-Sikhi, life-negating asceticism. Historians of the National Council of Educational Research and Training (NCERT) of India, have written highly biased accounts. The Sikh Missionary Society UK, asked me to sift through sources and present a coherent picture of Guru Ji's life and mission. It took about one year and the study was published as "*Guru Tegh Bahadur, The True Story*" in 2017[i].

He was the youngest son of Nanak VI, Guru Hargobind (Guruship 1606-1644) and spent the first 23 years of his life in the loving company of his Father-Guru. Those years prepared him for his mission. He influenced the direction of Sikh affairs during four Guruships and laid the foundation for the final phase of the emergence of the Khalsa under Nanak X, Guru Gobind Singh (Guruship 1675-1708).

The spiritual and socio-political awakening in India found expression through the Bhakti movement. The liberalising spiritual message of the Bhagats from diverse backgrounds was made available to the masses through local languages.

Guru Nanak Sahib (1469-1539) further revolutionised the movement. He added clarity and new meanings to popular Bhakti idiom and allegory. Human soul-bride love and longing was unambiguously directed towards One *Ajoni* (*Ajanma* = beyond birth) Lord of all. Vedic *Trimurti* and incarnations, complex rituals, cults, caste and sex based hierarchical societal divisions, and all excuses for discrimination were rejected.

Nanaks I to X, gave organisation and lasting institutions to the Sikh Panth. The network of Guru's sangats covered much of the Indian subcontinent and beyond. These sangats and the *daswandh* (tithe) system for social activism, ensured survival and continuity of the Sikh struggle against authoritarian rulers and the corrupt priestly class. Sangat networks of Guru Nanak were further revived and strengthened in northern India by Guru Tegh Bahadar.

All that unfolded after Guru Nanak was there in embryonic state in His ideology and implemented over the Guru period (1469-1708). By the time of Nanak V, Guru Arjan Dev (Guruship 1581-1606), with the institution of Aad Granth at Darbar Sahib, the foundational structure of the Sikh Panth was ready for the next phase. The trigger for that phase was the martyrdom of Guru Arjan.

The twin-track temporal and spiritual (miri-piri) way of Sikhi life introduced by Guru Nanak, was taken to the next stage by Nanak VI, Guru Hargobind. It becomes clear after connecting the dots in Guru-history, that Guru Hargobind was the main architect of the strategy which was followed by later Guru persons including Tegh Bahadur, first as *Baba* (title for Guru's son) of Bakala and later as Nanak IX (Guruship 1664-1675).

Time for armed defence of Guru Nanak's egalitarian ideology had come as a last resort. Sikh martyrdom (*shaheedi*) tradition started by Guru Arjan, gave birth to the ultimate warrior: one who conquers self and fear of death to witness the truth of own cause to the end. Such a concept was new to the Indian tradition. The martyrdoms of Guru Arjan and Guru Tegh Bahadur, empowered the Sikhi movement to lead the popular freedom struggle.

Guru Tegh Bahadur showed them the way to free themselves through total faith in the Creator Being: *to fear none and be frightened by no-one.* The inevitability of death is a central theme of His Bani. He offers freedom from fear of death and hope to those in helpless situations. All Bani of the Guru needs to be understood in that context, bearing in mind the pitiful condition of the Indian society at the time. The detachment preached in His Bani has to be understood as the pre-condition to a fearless disposition to be able to do one's duty in life. It is not a message of despair which preaches opting out of society like earlier Indian belief systems. In fact, the Guru shows the falsehood of such life-negating ideologies.

Together with evidence from *Bhatt Vahis* and Assamese *Buranjis* (chronicles), the *True Story* of Guru Tegh Bahadur's life, mission and martyrdom, begins to emerge. The Buranjis refer to the complaints by the Muslim ulema and Brahmin priests to the Mughal emperor against the preaching tours of Guru Tegh Bahadur which started in 1656, 10 years *before* His Guruship.

Lohgarh Fort (Haryana) discovery adds another important dimension to the study of this period[ii]. The fort was built under the supervision of Guru Har Rai, from about 1645 to 1657, by Lakhi Rai Vanjara (1580-1680[iii]), a Sikh of Guru Hargobind. *At that Fort, the Guru had established a factory to manufacture weapons. These arms were manufactured by the Sikligars and the Vanjara Rajputs*. Such, strengthening of Sikh facilities and organisation was low profile and did not attract too much Mughal attention. The latter were certainly not prepared for Baba Banda Singh Bahadur who took over Panjab in a very short time and defied the Mughal might for many years.

Thus, contrary to traditional understanding, Guru Tegh Bahadur's period was of intensive preparation for armed defence against the increasingly authoritarian Mughal rule.

The Mughal emperors as directed by the ulema (Islamic scholars), were looking for ways to destroy the Sikh movement started by Guru Nanak. Then, there was the enemy within, the Brahmin, who felt threatened by the egalitarian social revolution of Guru Nanak. However, intercessions by influential Hindu, and Muslim friends of the Gurus delayed the inevitable final confrontation between the emperors at Delhi and the Gurus

Before His departure for Sach Khand, Guru Hargobind apprised Baba Tegh Bahadur, then 23 years old, of His mission. He was instructed to take His mother, Mata Nanaki, and wife, Gujri, to village Bakala. There He settled down to prepare for the next phase of his life. He remained active and Sangats visiting the Guru at Kiratpur would also visit *Baba* Tegh Bahadur at Bakala.



His life-style was saintly, yet stately. Like his Father-Guru, Hargobind, he was a trained saint-warrior. He took care of weapons as a matter of daily routine and kept up his interest in horse-riding and hunting[iv].

Some facts about dates and events are as follows:

*According to Bhat Vahis, before His demise, Guru Har Krishan actually named "Tegh Bahadur, His Baba at Bakala" as the next Guru.

* Guruship was pass on to *Baba* Tegh Bahadur at an open well-attended ceremony led by Mata Sulakhni (Guru Harkishan's mother) on 11 August 1664 at Bakala. There are references to this delegation in *Bhatt Vahi Taolanda Pargana Jind* and other sources. Other prominent Sikhs were also called to Bakala[v]. This was two months *before* the arrival of Makhan Shah Lubhana at Divali festival on 9 October 1664. Makhan Shah played a critical role during the first phase of Guru Tegh Bahadur's Guruship and came to Bakala with a small force to serve the Guru for some months.

* Contemporary sources confirm that Baba and later Guru, Tegh Bahadur, was the most travelled Guru after Guru Nanak. In consultation with Guru Har Rai, his preaching tours started in 1656, well before his Guruship. Therefore, the suggestion that he was meditating at Bakala for 20 (some say 26 or more) years, cannot be possibly true.

*The Brahmins, despite their earlier complaints about Guru Tegh Bahadur's preaching tours, were desperate. They had seen over the centuries that while they could mislead the ordinary people with Vedic mythology and *mantras,* the invaders from the North-West were not impressed by such practices nor stopped by the magic spells. However, the Brahmins were well aware of the great influence of Guru Nanak, the *Guru of the Hindus and the*

*... Continue on page 37*

*... Continue from page 36*

*Pir of the Muslims,* and the later Gurus. Guru Nanak, Guru Har Gobind and Guru Har Rai, had visited the valley of Kashmir and there were Sikh *sangats* in the area. Influential devotees of the Gurus, Sikhs like the trader, Makhan Shah Lubhana, were from Kashmir. In desperation and unable to invoke their numerous gods and goddesses, one leading Pandit made it known that in a dream he had been told by Lord Shiva to go to Nanak IX, Guru Tegh Bahadur for protection[vi]. Thus, Kashmiri Brahmins linked to Guru-Ghar, led the deputation to seek the Guru's help.

*Aurangzeb was at Delhi when he, personally, ordered the execution of Guru Tegh Bahadur. Based on Guru Gobind Singh's own testimony and also correction of the confusion of Hijri dates during Aurungzeb's time[vii], most writers are now agreed that Aurungzeb himself was at Delhi when the Guru was taken there.

*Guru Gobind Singh was born on Wednesday, 18 December 1661 (Julian Calendar). Evidence of Sakhi number 14 in *Guru Kian Sakhian* is relevant in connection with this prolonged tour.[viii].

*Guru Tegh Bahadur was arrested three times. His third arrest was from Malikpur Ranghran near Sirhind on 12 July 1675, and not from Agra as confused by some historians with His *second* arrest from Agra.

*Delhi Sikhs played a daring and well-planned part following Guru Tegh Bahadur's martyrdom.

The above are some pointers to further research as we commemorate the 350th Anniversary of Guru Tegh Bahadur's martyrdom *to stabilize the world* (Bhai Gurdas II Vaar 41.23)

[i] 1st Edition: https://library.gurmat.info/download/guru-tegh-bahadur-ji-the-true-story-gurmukh-singh.pdf (The Sikh Missionary Society UK). Guruship succession chart with dates at p.1.
Revised 2nd Edition: https://www.sikhfoundation.org/wp-content/uploads/GTB-%20True%20Story_FINAL_High%20Res.pdf (2021: Sikh Youth Australia)

[ii] Lohgharh The World's Largest Fort (The Capital of the Sikh Kingdom) by Harjinder Singh Dilgeer Gagandeep Singh Gurvinder Singh 2017), Haryana Academy of History & Culture Kurukshetra,2017.

[iii] https://lohgarh.com/services/bhai-lakhi-shah-banjara-lohgarh/

[iv] Koer Singh, Gurbilas Patshahi 10, p 42.

[v] The Guruship ceremony took place at Bakala on 11 August 1664 (Bikrami 1721, Bhadon di Amavas). These dates are confirmed by Bhat Vahi Multani Sindhi; Bhat Vahi Talaonda Pargana Jind; and Sakhi number 19 of "Guru Kian Sakhian" by Bhai Sarup Singh Koshish published by Prof Piara Singh Padam. This was a well attended ceremony and many prominent names are given in Sakhi 19.

[vi] Harbans Singh, quotes from P. N. K. Bamzai's *A History of Kashmir.*

[vii] Sirdar Kapur Singh: *Who killed Guru Tegh Bahadur,* explains how Aurungzeb had replaced the secular sun-based calendar (*Shamsi-san*) introduced by Akbar, by Hijri calendar. The confusion of dates places Aurungzeb at Hasan Abdal when, in fact, he was already at Delhi when Guru Tegh Bahadur was taken there by 5 November 1675.

[viii] See page 43, revised 2nd edition of "Guru Tegh Bahadur – True Story", link at note 1 above.

Gurmukh Singh OBE
E-mail: sewauk2005@yahoo.co.uk
Gurmukh Singh OBE - SikhiWiki, free Sikh encyclopedia.

* * * * * * *

## 35 ਸਫੇ ਦੀ ਬਾਕੀ

ਪਹਾੜੀ ਹਿੰਦੂ ਰਾਜਿਆਂ ਦੀ ਇਹ ਰਿਪੋਰਟ ਸੀ ਵੀ ਸੱਚੀ, ਕਿਉਂਕਿ ਜਿਥੇ ਜਿਥੇ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਪੁੱਜੇ ਸਿੱਖਾਂ ਨੇ ਜੁਆਨੀਆਂ ਤੇ ਸ਼ਸਤਰ ਭੇਟ ਕਰਨ ਲਈ ਅਨੰਦਪੁਰ ਨੂੰ ਵਹੀਰਾਂ ਘੱਤ ਦਿੱਤੀਆਂ ਸਨ ।

(ਨੋਟ – ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਹਰਗੋਬਿੰਦ ਸਾਹਿਬ ਨੇ ਵੀ ਅਕਾਲ ਤਖ਼ਤ ਤੋਂ ਪਹਿਲਾ ਹੁਕਮਨਾਮਾ ਸਿੱਖਾਂ ਨੂੰ ਚੰਗੇ ਘੋੜੇ ਤੇ ਵਧੀਆ ਸ਼ਸ਼ਤਰ ਲਿਆਉਣ ਲਈ ਹੀ ਕੀਤਾ ਸੀ) ।

ਦੱਸਵੇਂ ਗੁਰੂ ਦੇ ਹੁਕਮ ਪੁੱਜਦਿਆਂ ਹੀ ਕਾਬਲ, ਕੰਧਾਰ, ਬਲਖ਼ ਬੁਖ਼ਾਰਾ, ਬੰਗਾਲ, ਅਸਾਮ, ਉੜੀਸਾ ਤੋਂ ਸਿੱਖ ਸੰਗਤਾਂ ਕੀਮਤੀ ਸੁਗਾਤਾਂ ਲੈ ਕੇ ਪੁੱਜ ਰਹੀਆਂ ਸਨ । ਗੁਰੂ ਜੀ ਉੱਤਮ ਭੇਟ ਸ਼ਸ਼ਤਰ ਤੇ ਘੋੜਿਆਂ ਦੀ ਗਿਣਦੇ ਸਨ । ਮਹਿਮਾ ਪ੍ਰਕਾਸ਼ (ਵਾਰਤਕ) ਵਾਲੇ ਨੇ ਲਿਖਿਆ ਹੈ ਜਿਸ ਕਿਸੇ ਨੇ ਚੰਗੇ ਸ਼ਸ਼ਤਰ ਭੇਟ ਕੀਤੇ ਗੁਰੂ ਜੀ ਉਸ 'ਤੇ ਰਹਿਮਤ ਕਰਦੇ । ਚੰਗੀ ਨਸਲ ਦੇ ਘੋੜੇ ਢੂੰਡ ਕੇ ਕਾਬਲ ਦੀ ਸੰਗਤ ਨੇ ਭੇਟ ਕੀਤੇ । ਰਾਜਾ ਰਾਮ ਸਿੰਘ ਹਾਲੇ ਅਸਾਮ ਵਿੱਚ ਹੀ ਸੀ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਹੋ ਗਈ । ਉਹ ਗੁਰੂ ਤੇਗ ਬਹਾਦਰ ਸਾਹਿਬ ਦੇ ਪਰਉਪਕਾਰਾਂ ਨੂੰ ਕਿਵੇਂ ਭੁੱਲ ਸਕਦਾ ਸੀ । ਰਾਜਾ ਰਾਮ ਸਿੰਘ ਵੀ ਦਿੱਲੀ ਤੋਂ ਸਿੱਧਾ ਗੁਰੂ ਗੋਬਿੰਦ ਰਾਏ (ਗੋਬਿੰਦ ਸਿੰਘ) ਜੀ ਦੇ ਦਰਸ਼ਨਾਂ ਨੂੰ ਆਇਆ । ਉਸ ਨੇ ਵੀ ਗੁਰੂ ਜੀ ਨੂੰ ਪੰਜ ਘੋੜੇ ਭੇਟ ਕੀਤੇ ਅਤੇ ਗੁਰੂ ਤੇਗ ਬਹਾਦਰ ਦੇ ਵਾਰਸ ਗੁਰੂ ਗੋਬਿੰਦ ਰਾਏ ਦੇ ਸਾਹਸ ਤੇ ਭਰੋਸੇ ਦੀ ਰੱਜ ਕੇ ਤਰੀਫ ਕੀਤੀ । ਗੁਰੂ ਤੇਗ ਬਹਾਦਰ ਜੀ ਅਸਾਮ ਦੇ ਇਕ ਹੋਰ ਰਾਜੇ ਰਾਮ ਰਾਇ ਨੂੰ ਮਿਲੇ ਸਨ, ਉਸ ਦੇ ਪੁੱਤਰ ਰਤਨ ਰਾਇ ਨੇ ਵੀ ਅਨੰਦਪੁਰ ਪੁੱਜ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਪ੍ਰਸਾਦੀ ਹਾਥੀ ਤੇ ਇਕ ਪੰਜ ਕਲਾ ਸ਼ਸ਼ਤਰ ਉਚੇਚਾ ਬਣਾ ਕੇ ਭੇਟ ਕੀਤਾ। ਜਿਥੇ ਜਿਥੇ ਵੀ ਗੁਰੂ ਸਾਹਿਬ ਦੇ ਹੁਕਮਨਾਮੇ ਪੁੱਜੇ ਸਿੱਖ ਸ਼ਸ਼ਤਰ ਤੇ ਜੁਆਨੀਆਂ ਭੇਟ ਕਰਨ ਲਈ ਟੁਰੇ ਆ ਰਹੇ ਸਨ । ਅਨੰਦ ਪੁਰ ਸਾਹਿਬ ਦਸ਼ਮੇਸ਼ ਪਿਤਾ ਨੇ ਮਸ਼ਕ ਲਈ ਜੰਗਾ ਕਰਾਉਣੀਆਂ ਅਰੰਭ ਕਰ ਦਿੱਤੀਆਂ । ਆਤਮ–ਨਿਰਭਰਤਾ ਭਰਨ ਲਈ ਅਨੰਦਪੁਰ ਸ਼ਸ਼ਤਰ ਬਣਾਉਣ ਤੇ ਬੰਦੂਕਾਂ ਢਾਲਣ ਦੇ ਕਾਰਖਾਨੇ ਵੀ ਬਣਾ ਦਿੱਤੇ । ਕਿਲਿਆਂ ਦੀ ਉਸਾਰੀ ਵੀ ਅਰੰਭ ਹੋ ਗਈ, ਨਗਾਰਾ ਵੀ ਵੱਜਣ ਲੱਗ ਪਿਆ ਜਿਸ ਨੇ ਹਿੰਦੂ ਬਾਈਪਾਰ ਦੇ ਰਾਜਿਆਂ ਦੀ ਨੀਂਦ ਹਰਾਮ ਕਰ ਦਿੱਤੀ । ਗੁਰੂ ਗੋਬਿੰਦ ਸਿੰਘ ਨੇ ਸਿੱਖੀ ਦੇ ਪ੍ਰਚਾਰ ਵਾਸਤੇ ਢਾਡੀ, ਰਾਗੀ ਤੇ ਵਿਦਵਾਨ ਵੀ ਉਚੇਚੇ ਸੁਨੇਹੇ ਭੇਜ ਕੇ ਅਨੰਦਪੁਰ ਲਿਆ ਕੇ ਵਸਾ ਦਿੱਤੇ ਅਤੇ ਸਭ ਦਾ ਖਰਚ ਬੰਨ ਦਿੱਤਾ। ਅਰਥਾਤ : "ਮਿਰਜਾਦਾ ਬਾਧ ਖਰਚ ਕੋ ਦੀਆ" (ਮਹਿਮਾ ਪ੍ਰਚਾਰ) ਗੁਰੂ ਜੀ ਅਕਸਰ ਕਿਹਾ ਕਰਦੇ ਸਨ ਜੋ ਪੜ੍ਹ ਲਿਖ ਨਹੀਂ ਸਕਦਾ ਉਹ ਗਰਧਬ ਦੀ ਨਿਆਂਈ ਹੈ । ਜੋ ਕੋਈ ਅਨੰਦਪੁਰ ਆਂਵਦਾ ਉਸ ਨੂੰ ਗੁਰਮੁੱਖੀ ਅੱਖਰ ਸਿਖਲਾ ਕੇ ਹੀ ਭੇਜਦੇ ਅਤੇ ਗੁਰਬਾਣੀ ਕੰਠ ਕਰਾਵਣ ਲਈ ਉਚੇਚੇ ਪ੍ਰਬੰਧ ਹੁੰਦੇ। ਸਿੱਖ ਵਿਦਵਾਨਾਂ ਤੇ ਗੁਰੂ ਸਾਹਿਬ ਦੇ ਉਪਰਾਲਿਆਂ ਨਾਲ ਅਨੰਦਪੁਰ ਸਾਹਿਬ ਵਿੱਚ ਇਕ ਵੀ ਅਨਪੜ੍ਹ ਨਾ ਰਿਹਾ, ਵਿਦਵਾਨਾਂ ਤੋਂ ਇਲਾਵਾ 32 ਲਿਖਾਰੀ ਵੀ ਸਨ । ਅਰਥਾਤ, ਬਾਲ ਬਿਰਦ ਸਭ ਸੋਧ ਪਛਾਣਾ, ਕੋਊ ਅਨਪੜ੍ਹ ਰਹਿਣ ਨਾ ਪਾਣਾ । ਅਨੰਦਪੁਰ ਵਿੱਚ ਸਾਂਝੇ ਲੰਗਰ ਦੀ ਸੰਗਤ–ਪੰਗਤ ਦੀ ਸੰਸਥਾ ਦਾ ਵੀ ਹਿੰਦੂ ਪਹਾੜੀ ਰਾਜੇ ਵਿਰੋਧ ਕਰਦੇ ਸਨ । ਹਿੰਦੂ ਪਹਾੜੀ ਰਾਜਿਆਂ ਦੀ ਰਾਜਨੀਤਕ ਵਿਸ਼ੇਸ਼ਤਾ, ਸਮਾਜਿਕ ਉੱਚਤਾ ਅਤੇ ਕੌਮੀ ਹੈਂਕੜ ਨੇ ਉਨ੍ਹਾਂ ਨੂੰ ਸਿੱਖ ਲਹਿਰ ਦੇ ਵਿਰੋਧ ਵਿੱਚ ਖੜ੍ਹਾ ਕਰ ਦਿੱਤਾ । ਹਿੰਦੂ ਪਹਾੜੀ ਰਾਜੇ ਮੁਗਲੀਆ ਹਕੂਮਤ ਦੇ ਹੁਕਮ ਵਿੱਚ ਲੱਗ ਪਏ ਅਤੇ ਮੁਗਲੀਆ ਹਕੂਮਤ ਦੀ ਸ਼ਹਿ 'ਤੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਨਾਲ 14 ਦੇ ਕਰੀਬ ਜੰਗਾਂ ਲੜੀਆਂ ਤੇ ਹਾਰੀਆਂ ।

ਭੰਗਾਣੀ ਦਾ ਪਹਿਲਾ ਯੁੱਧ :– ਗੁਰੂ ਗੋਬਿੰਦ ਸਿੰਘ (ਗੋਬਿੰਦ ਰਾਏ) ਦੇ ਵੱਧਦੇ ਪ੍ਰਤਾਪ ਨੂੰ ਵੇਖ–ਵੇਖ ਕੇ ਭੀਮ ਚੰਦ ਦੁਖੀ ਹੋ ਰਿਹਾ ਸੀ । ਹਿੰਦੂ ਰਾਜੇ ਆਪਣੇ ਆਪ ਨੂੰ ਸਨਾਤਨ ਧਰਮ ਦੇ ਰਾਖੇ ਗਿਣਦੇ ਸਨ । ਉਨ੍ਹਾਂ ਨੂੰ ਦਸ਼ਮੇਸ਼ ਪਿਤਾ ਦਾ ਜਾਤ–ਰਹਿਤ ਪ੍ਰਚਾਰ, ਲੰਗਰ, ਨਗਾਰਾ, ਕਿਲ੍ਹਾ ਤੇ ਨਿਸ਼ਾਨ ਸਾਹਿਬ ਚੁੱਭਦਾ ਸੀ । ਹਿੰਦੂ ਰਾਜਿਆਂ ਦੀ ਗੁਰੂ ਪ੍ਰਤੀ ਈਰਖਾ ਦਾ ਨਤੀਜਾ ਨਿਕਲਿਆ ਭੰਗਾਣੀ ਦੇ ਮੈਦਾਨ ਵਿੱਚ ਹਿੰਦੂ ਰਾਜਿਆਂ ਵੱਲੋਂ ਗੁਰੂ ਗੋਬਿੰਦ ਸਿੰਘ ਨਾਲ ਲੜਿਆ ਗਿਆ ਪਹਿਲੀ ਜੰਗ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮੇ ਵਿੱਚ ਵੀ ਇਸ ਜੰਗ ਦਾ ਇਹੀ ਕਾਰਨ ਲਿਖਿਆ ਹੈ ਕਿ "ਮੈਂ ਬੁਤ–ਪ੍ਰਸਤ ਸ਼ਰਾਰਤੀ ਪਹਾੜੀਆਂ ਨੂੰ ਸੋਧਣ ਵਾਲਾ ਹਾਂ ਕਿਉਂਕਿ ਉਹ ਬੁੱਤ–ਪੂਜਕ ਹਨ ਤੇ ਮੈਂ ਬੁੱਤ–ਪੂਜਾ ਦਾ ਵਿਰੋਧੀ ਹਾਂ", ਅਰਥਾਤ "ਮਨਮ ਕੁਸ਼ਤਨਮ ਕੋਹੀਆਂ ਪੁਰ ਫ਼ਿਤਨ, ਕਿ ਓ ਬੁਤ ਪ੍ਰਸਤੰਦ ਮਨ ਬੁਤ ਸ਼ਿਕਨ"।। ਲੇਖ ਲੰਬਾ ਹੋਣ ਦੇ ਡਰੋਂ ਇਥੇ ਹੀ ਸਮੇਟਦਾ ਹਾਂ ਕਿ ਭੰਗਾਣੀ ਦੇ ਯੁੱਧ ਵਿੱਚ ਪੀਰ ਬੁਧੂ ਸ਼ਾਹ ਗੁਰੂ ਗੋਬਿੰਦ ਜੀ ਵੱਲੋਂ ਹਿੰਦੂ ਪਹਾੜੀ ਰਾਜਿਆਂ ਨਾਲ ਲੜਿਆ ਜਿਸ ਵਿੱਚ ਉਸ ਦੇ ਦੋ ਪੁੱਤਰ, ਇਕ ਭਤੀਜਾ ਤੇ ਸੈਂਕੜੇ ਮੁਰੀਦ ਵੀ ਸ਼ਹੀਦ ਹੋਏ ਜਿੱਤ ਗੁਰੂ ਗੋਬਿੰਦ ਸਿੰਘ ਦੀ ਹੋਈ – ਸਮਾਂ ਤੇ ਸਥਾਨ ਆਗਿਆ ਨਹੀਂ ਦਿੰਦਾ ਕਿ ਹਿੰਦੂ ਪਹਾੜੀ ਰਾਜਿਆਂ ਵੱਲੋਂ ਗੁਰੂ ਗੋਬਿੰਦ ਸਿੰਘ ਨਾਲ ਲੜੀਆਂ ਜੰਗਾਂ, ਗੁਰੂ ਸਾਹਿਬ ਨਾਲ ਕੀਤੇ ਧੋਖਿਆਂ, ਗਊ ਤੇ ਗੀਤਾ ਦੀਆਂ ਕਸਮਾਂ ਖਾ ਕੇ ਅਨੰਦਪੁਰ ਦਾ ਕਿਲ੍ਹਾ ਖਾਲੀ ਕਰਾਉਣ ਅਤੇ ਔਰੰਗਜ਼ੇਬ ਦੀਆਂ ਮਿਲਵੀਆਂ ਫੌਜਾਂ ਨਾਲ ਲੜੇ ਚਮਕੌਰ ਯੁੱਧ ਦਾ ਵਿਸਥਾਰ ਲਿਖਿਆ ਜਾਵੇ ।

ਅੰਤ ਵਿੱਚ ਡਾ: ਸੁਜਿੰਦਰ ਸਿੰਘ ਸੰਘਾ ਜੀ ਨੇ 13–5–2021 ਪੰਜਾਬ ਟਾਈਮਜ਼ ਦੇ ਪੰਨਾ 35 ਉੱਤੇ ਜਿਹੜਾ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੱਕ ਸਿੱਖ ਲਹਿਰ ਦਾ ਜ਼ਿਕਰ ਕੀਤਾ ਹੈ, ਉਸ ਸਿੱਖ ਲਹਿਰ ਦੇ ਇਤਿਹਾਸਕ ਤੱਥ ਇਸ ਵਰਤਾਰੇ ਦੀ ਮੂੰਹ ਬੋਲਦੀ ਤਸਵੀਰ ਹਨ ਅਰਥਾਤ "ਪਿਛਲੇ ਸਾਢੇ ਪੰਜ ਸੌ ਸਾਲਾਂ ਵਿੱਚ ਸਿੱਖਾਂ ਦਾ ਕਿਰਦਾਰ, ਖਾਲਸੇ ਦੇ ਕਾਰਨਾਮਿਆਂ ਦਾ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਸਿੱਖ ਇਨਕਲਾਬ ਦਾ ਸਭ ਤੋਂ ਵੱਧ ਫਾਇਦਾ ਹਿੰਦੂ ਸਮਾਜ ਤੇ ਹਿੰਦੂ ਧਰਮ ਨੂੰ ਹੋਇਆ । ਇਹ ਵੀ ਸੱਚ ਹੈ ਕਿ ਸਿੱਖਾਂ ਦਾ ਸਮਾਜਿਕ ਅਤੇ ਰਾਜਸੀ ਵਿਰੋਧ ਜਿੰਨਾਂ ਇਨ੍ਹਾਂ ਸਮਿਆਂ ਵਿੱਚ ਹੋਇਆ ਹੈ, ਉਹ ਕੱਟੜ ਹਿੰਦੂਆਂ (ਹਿੰਦੂਤਵੀਆਂ) ਵੱਲੋਂ ਹੋਇਆ । ਓਨਾਂ ਵਿਰੋਧ ਕਿਸੇ ਹੋਰ ਵੱਲੋਂ ਨਹੀਂ ਹੋਇਆ – ਸਮੇਤ ਮੁਗਲਾਂ, ਪਠਾਣਾਂ, ਅਫ਼ਗਾਨੀਆਂ ਅਤੇ ਇੰਗਲਿਸਤਾਨੀਆਂ ਦੇ । ਇਤਿਹਾਸ ਦੇ ਹਰ ਬਿਖੜੇ ਸਮੇਂ ਸਿੱਖਾਂ ਨੇ ਹਿੰਦੂਆਂ ਦੀ ਮਦਦ ਕੀਤੀ ਅਤੇ ਹਿੰਦੂਆਂ ਨੇ ਸਿੱਖਾਂ ਦੇ ਵਿਰੋਧੀਆਂ ਦੀ । ਸਿੱਖਾਂ ਦੇ ਅਨੇਕਾਂ ਪਰਉਪਕਾਰਾਂ ਨੂੰ ਯਾਦ ਕਰਕੇ ਹਿੰਦੂਤਵ ਦੇ ਇਨ੍ਹਾਂ ਪ੍ਰਤੀ ਵਹਿਸ਼ੀ ਰਵੱਈਏ ਨੂੰ ਚਿਤਾਰੀਏ ਤਾਂ ਮਨੁੱਖੀ ਮਨ ਨੂੰ ਹੈਰਾਨ ਕਰਨ ਵਾਲੇ ਸੱਚ ਪ੍ਰਗਟ ਹੁੰਦੇ ਹਨ।" ਅਜਿਹੇ ਹੀ ਇਕ ਸੱਚ ਨੂੰ ਪ੍ਰਗਟ ਕਰਦੀ ਹੈ, ਅਫ਼ਜਲ ਅਹਿਮਦ ਰੰਧਾਵਾ ਦੀ ਇਹ ਕਵਿਤਾ: "ਓੜਕ ਮੁੱਕੇਗੀ ਇਹ ਰਾਤ' ਨਮੂਨੇ ਵਜੋਂ ਕੁਝ ਸਤਰਾਂ ਹਨ:

ਮੇਰੇ ਬੁਰਜ ਮੁਨਾਰੇ ਢਾਹ ਦਿੱਤੇ,
ਢਾਹ ਦਿੱਤਾ ਤਖ਼ਤ ਅਕਾਲ।
ਮੇਰਾ ਸੋਨੇ ਰੰਗਾ ਰੰਗ ਅੱਜ,
ਮੇਰੇ ਲਹੂ ਨਾਲ ਲਾਲੋ ਲਾਲ।
ਅੱਜ ਤੱਪਦੀ ਭੱਠੀ ਬਣ ਗਿਆ,
ਮੇਰਾ ਸਗਲੇ ਵਾਲਾ ਪੈਰ।
ਅੱਜ ਵੈਰੀਆਂ ਕੱਢ ਵਿਖਾਲਿਆ,
ਹਾਇ ਪੰਜ ਸਦੀਆਂ ਦਾ ਵੈਰ।"

(ਸਮਾਪਤ)

(1) 'ਸਿੱਖ ਕੌਮ ਦਾ ਸ਼ਾਨਦਾਰ ਵਿਰਸਾ' ਪ੍ਰਕਾਸ਼ਕ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ (2) ਸਹਿਜੇ ਰਚਿਓ ਖਾਲਸਾ, ਹਰਿੰਦਰ ਸਿੰਘ ਮਹਿਬੂਬ (3) ਇਤਿ ਜਿਨਿ ਕਰੀ, ਜੀਵਨੀ ਗੁਰੂ ਤੇਗ ਬਹਾਦਰ ਤੇ ਪੁਰਖ ਭਗਵੰਤ, ਜੀਵਨੀ ਗੁਰੂ ਗੋਬਿੰਦ ਸਿੰਘ ਲੇਖਕ ਪ੍ਰਿੰ: ਸਤਿਬੀਰ ਸਿੰਘ (4) ਸ਼ਹੀਦ – ਬਿਲਾਸ ਸੰਤ ਜਰਨੈਲ ਸਿੰਘ (5) 'ਧਰਤੀ ਜਾਏ ਬਨਾਮ ਸ਼ਾਸ਼ਤਰ ਜਾਏ' ਲੇਖਕ ਸ: ਗੁਰਤੇਜ ਸਿੰਘ

***ਜਥੇਦਾਰ ਮਹਿੰਦਰ ਸਿੰਘ ਖਹਿਰਾ ਕਵੈਂਟਰੀ***

## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**

# ਪਾਠਕਾਂ ਦੇ ਪੱਤਰ

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼

## ਸੰਘਾ ਜੀ ਜੇ ਇਤਿਹਾਸਕ ਖਿਲਾਰੇ ਨੂੰ ਨਜਿੱਠਣ ਦੀ ਸਮਰੱਥਾ ਤੇ ਸਮਾਂ ਨਾ ਹੋਵੇ ਤਾਂ ਖਿਲਾਰਾ ਪਾਉਣਾ ਹੀ ਨਹੀਂ ਚਾਹੀਦਾ

ਸਤਿਕਾਰ ਯੋਗ ਸੰਪਾਦਕ ਜੀਓ

ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫ਼ਤਹਿ

ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਡਾ. ਸੁਜਿੰਦਰ ਸਿੰਘ ਸੰਘਾ ਜੀ ਦਾ ਇਕ ਲੇਖ 13-5-2021 ਨੂੰ ਪੰਜਾਬ ਟਾਈਮਜ਼ ਦੇ ਅੰਕ 2875 ਦੇ ਸਫ਼ਾ 35 ਉੱਤੇ ਨੌਵੇਂ ਗੁਰੂ ਸਾਹਿਬਾਨ ਦੇ ਜੀਵਨ ਅਤੇ ਕਾਰਨਾਮਿਆਂ ਤੋਂ ਮਿਲਦੇ ਅਜੋਕੇ ਸਮਿਆਂ ਲਈ ਸੰਦੇਸ਼ ਅਤੇ ਅਗਵਾਈ, ਦੇ ਸਿਰਲੇਖ ਹੇਠ ਛਪਿਆ ਸੀ। ਦਾਸ ਨੇ ਉਕਤ ਲੇਖ ਦੀ ਗੁਰ-ਇਤਿਹਾਸ ਦੇ ਇਤਿਹਾਸਕ ਤੱਥਾਂ 'ਤੇ ਅਧਾਰਤ ਪੜਚੋਲ ਕੀਤੀ ਸੀ ਜੋ 2021 ਦੇ ਪੰਜਾਬ ਟਾਈਮਜ਼ ਦੇ ਅੰਕ 2877, 2878, 2879 ਵਿੱਚ ਤਕਰੀਬਨ ਹੇਠ ਲਿਖੇ ਸਿਰਲੇਖਾਂ ਹੇਠ ਛਪੀ:


(1) ਸਿੱਖ ਲਹਿਰ ਦਾ ਵਿਰੋਧ ਹਿੰਦੂਤਵੀਆਂ ਅਤੇ ਮੁਗਲੀਆ ਸਰਕਾਰ ਨੇ ਬਰਾਬਰ ਦਾ ਕੀਤਾ। (ਨੋਟ-ਇਥੇ ਦਾਸ ਨੇ ਗੁਰੂ ਕਾਲ ਦੇ ਹਿੰਦੂਤਵੀ, ਚੰਦੂ-ਗੰਗੂ-ਸੁਚਾਨੰਦ ਅਤੇ ਬੀਰਬਲ ਬ੍ਰਾਹਮਣ ਬਾਈਧਾਰ ਦੇ ਹਿੰਦੂ ਰਾਜਿਆਂ ਆਦਿ ਦੀ ਗੱਲ ਕੀਤੀ ਹੈ) ਅੰਕ 2877

(2) ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਸਿੱਖ ਲਹਿਰ, ਸਿੱਖ ਇਨਕਲਾਬ ਅਤੇ ਸਿੱਖ ਫਲਸਫੇ ਨੂੰ ਸਭ ਤੋਂ ਵੱਧ ਢਾਅ ਬਾਈਧਾਰ ਦੇ ਹਿੰਦੂ ਰਾਜਿਆਂ ਨੇ ਲਾਈ - ਅੰਕ 2878

(3) ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦਾ ਹੀ ਪ੍ਰਭਾਵ ਸੀ ਕਿ ਮੁਗਲੀ-ਆ ਹਕੂਮਤ ਦਾ ਸੂਰਜ ਡੁੱਬਣਾ ਸ਼ੁਰੂ ਹੋ ਗਿਆ - ਅੰਕ 2879

ਇਹ ਪੂਰੀ ਪੜਚੋਲ ਦਾਸ ਦੇ ਲੇਖ ਸੰਗ੍ਰਹਿ, ਗੁਰੂ ਪਰਮੇਸਰੁ ਏਕੁ ਹੈ, ਦੇ ਸਫ਼ਾ 43 ਤੋਂ ਸਫ਼ਾ 55 ਤੱਕ ਛਪੀ ਹੋਈ ਹੈ।

13 ਮਈ 2021 ਨੂੰ ਪੰਜਾਬ ਟਾਈਮਜ਼ ਦੇ ਅੰਕ 2875 ਦੇ ਸਫ਼ਾ 35 ਉੱਤੇ ਸ. ਸੁਜਿੰਦਰ ਸਿੰਘ ਸੰਘਾ ਜੀ ਦਾ ਜਿਹੜਾ ਲੇਖ, ਨੌਵੇਂ ਗੁਰੂ ਸਾਹਿਬਾਨ ਦੇ ਜੀਵਨ ਅਤੇ ਕਾਰਨਾਮਿਆਂ ਤੋਂ ਮਿਲਦੇ ਅਜੋਕੇ ਸਮੇਂ ਲਈ ਸੰਦੇਸ਼ ਅਤੇ ਅਗਵਾਈ, ਪੰਜਾਬੀ ਵਿੱਚ ਛਪਿਆ ਸੀ, ਹੁਣ ਉਹੀ ਲੇਖ 13-11-2025 ਪੰਜਾਬ ਟਾਈਮਜ਼ ਦੇ ਅੰਕ 3105 ਦੇ ਸਫ਼ਾ 44 ਉੱਤੇ ਅੰਗ੍ਰੇਜ਼ੀ ਵਿੱਚ, The ninth Guru : Life leadership sacrifice and the lesson ਦੇ ਸਿਰਲੇਖ ਹੇਠ ਦੁਬਾਰਾ ਛਪਿਆ ਹੈ। ਇਨ੍ਹਾਂ ਦਿਨਾਂ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਸ. ਸੁਜਿੰਦਰ ਸਿੰਘ ਸੰਘਾ ਜੀ ਨੇ ਹੁਣ ਦੁਬਾਰਾ ਉਹੀ ਲੇਖ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਲਈ ਵਰਤਿਆ ਹੈ। ਦਾਸ ਨੇ ਵੀ ਅਦਾਰਾ ਪੰਜਾਬ ਟਾਈਮਜ਼ ਨੂੰ ਬੇਨਤੀ ਕੀਤੀ ਸੀ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦਾਸ ਦੀ 2021 ਵਾਲੀ ਪੜਚੋਲ ਹੋ ਸਕੇ ਤਾਂ ਦੁਬਾਰਾ ਛਾਪ ਦਿਓ, ਦਾਸ ਅਦਾਰਾ ਪੰਜਾਬ ਟਾਈਮਜ਼ ਦਾ ਸ਼ੁਕਰਗੁਜਾਰ ਹੈ ਕਿ ਉਨ੍ਹਾਂ ਨੇ ਮੇਰੀ ਬੇਨਤੀ ਨੂੰ ਪ੍ਰਵਾਨ ਕਰਕੇ ਦੋ ਕਿਸ਼ਤਾਂ ਛਾਪ ਦਿੱਤੀਆਂ ਹਨ ਅਤੇ ਤੀਸਰੀ ਇਸ ਹਫ਼ਤੇ ਛੱਪ ਰਹੀ ਹੈ। ਆਸ ਕਰਦਾ ਹਾਂ ਕਿ ਪਾਠਕਜਨ ਤਿੰਨੇ ਕਿਸ਼ਤਾਂ ਪੜ੍ਹਕੇ ਵਿਚਾਰ ਕਰ ਲੈਣਗੇ ਕਿ ਸੰਘਾ ਜੀ ਦੇ ਲੇਖ ਦੀ ਲੰਬੀ ਚੌੜੀ ਪੜਚੋਲ ਵਿਆਖਿਆ ਕਿਉਂ ਕਰਨੀ ਪਈ? ਹੁਣ ਚਾਰ ਸਾਲ ਬਾਅਦ ਡਾ. ਸੁਜਿੰਦਰ ਸਿੰਘ ਸੰਘਾ ਜੀ ਨੇ ਦਾਸ ਨੂੰ ਇਨ੍ਹਾਂ ਸਤਰਾਂ ਰਾਹੀਂ ਇਹ ਸੁਝਾਇਆ ਹੈ ਕਿ: ਕਿ ਜਥੇਦਾਰ ਖਹਿਰਾ ਜੀ ਨੂੰ ਆਪਣੇ ਵਿਚਾਰਾਂ ਅਤੇ ਹਮ-ਖਿਆਲੀ ਹਵਾਲਿਆਂ ਅਧਾਰਤ ਸੁਆਲ ਖੜ੍ਹੇ ਕਰਨ ਦਾ ਵੀ ਅਧਿਕਾਰ ਹੈ। ਗੁਰੂ ਕਾਲ ਅਤੇ ਸਿੱਖ ਲਹਿਰ ਦੇ ਸਮਿਆਂ ਵੇਲੇ, ਹਿੰਦੂਤਵੀਆਂ ਵੱਲੋਂ ਲਾਈ ਢਾਹ ਤੇ ਖੋਜ-ਪੜਤਾਲ 'ਤੇ ਪ੍ਰਚਾਰ ਕਰੋ ਜੀ। ਨਾਲੇ ਸੂਰਜ ਤੇ ਚੰਦਰ ਵੰਸ਼ੀਆਂ ਅਤੇ ਸੰਬੰਧਿਤ ਹਿੰਦੂ ਧਿਰਾਂ ਸਾਹਮਣੇ ਆਪਣੇ ਸੁਆਲ ਖੜ੍ਹੇ ਕਰੋ। ਹੁਣ ਡਾ. ਸੰਘਾ ਜੀ ਸੁਆਲ ਇਹ ਹੈ ਕਿ ਗੁਰੂ ਕਾਲ ਦੇ ਹਿੰਦੂਤਵੀ ਸੂਰਜ ਤੇ ਚੰਦਰ ਵੰਸ਼ੀਏ ਹਿੰਦੂ ਤਾਂ ਚੰਦੂ-ਗੰਗੂ-ਸੁਚਾਨੰਦ ਤੇ ਬਾਈਧਾਰ ਦੇ ਹਿੰਦੂ ਰਾਜੇ ਸਨ ਜੋ ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ। ਮੈਂ ਕਿਹਨਾਂ ਦੇ ਸਾਹਮਣੇ ਆਪਣੇ ਸੁਆਲ ਖੜ੍ਹੇ ਕਰਾਂ? ਹਾਂ ਜੇ ਆਪ ਜੀ ਉਨ੍ਹਾਂ ਨੂੰ ਦਰਗਾਹ ਵਿੱਚੋਂ ਵਾਪਸ ਬੁਲਾਕੇ ਕਿਸੇ ਚੈਨਲ 'ਤੇ ਮੇਰੀ ਡਿਬੇਟ ਕਰਾ ਦਿਓ ਤਾਂ ਮੈਂ ਜ਼ਰੂਰ ਉਨ੍ਹਾਂ ਦੇ ਸਾਹਮਣੇ ਆਪਣੇ ਸੁਆਲ ਖੜ੍ਹੇ ਕਰਾਂਗਾ। ਜਿਥੋਂ ਤੱਕ ਮੌਜੂਦਾ ਹਿੰਦੂਤਵੀਏ ਮੋਹਨ ਭਾਗਵਤ ਆਦਿ ਦਾ ਸੁਆਲ ਹੈ ਉਨ੍ਹਾਂ ਨੂੰ ਚੈਲਿੰਜ ਕਰਨ ਲਈ ਦਾਸ ਦੇ ਤਿੰਨ ਲੇਖ ਸੰਗ੍ਰਹਿ, ਸਿੱਖ ਕੌਮ ਨੂੰ ਹਿੰਦੂਤਵੀ ਨਾਗਵਲ ਗੁਰੂ ਪਰਮੇਸਰੁ ਏਕੁ ਹੈ, ਅਤੇ ਸਿੱਖ ਕੌਮ ਦੀ ਵਿਲੱਖਣ ਹੋਂਦ-ਹਸਤੀ ਉੱਤੇ ਹਿੰਦੂਤਵ ਵੱਲੋਂ ਸਿਧਾਂਤਕ ਹਮਲੇ, ਛੱਪ ਚੁੱਕੇ ਹਨ। ਜਿਥੋਂ ਤੱਕ ਹਮ-ਖਿਆਲੀ ਹਵਾਲਿਆਂ ਦਾ ਸੁਆਲ ਹੈ ਦਾਸ ਨੇ ਜ਼ਿਆਦਾਤਰ ਹਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿੱਚੋਂ ਦਿੱਤੇ ਹਨ, ਜੇ ਡਾ. ਸੰਘਾ ਜੀ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੇ ਹਮ-ਖਿਆਲੀ ਸਮਝਦੇ ਹਨ ਤਾਂ ਮੇਰੇ ਲਈ ਤਾਂ ਬਹੁਤ ਮਾਣ ਵਾਲੀ ਗੱਲ ਹੈ। ਅੰਤ ਵਿੱਚ ਆਪਣੀ ਪੜਚੋਲ ਦੀਆਂ ਇਨ੍ਹਾਂ ਆਖਰੀ ਸਤਰਾਂ ਨਾਲ ਸਮਾਪਤੀ ਕਰਦਾ ਹਾਂ: ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਸਿੱਖ ਲਹਿਰ, ਸਿੱਖ ਇਨਕਲਾਬ ਦਾ ਸਭ ਤੋਂ ਵੱਧ ਫਾਇਦਾ ਹਿੰਦੂ ਸਮਾਜ ਤੇ ਹਿੰਦੂ ਧਰਮ ਨੂੰ ਹੋਇਆ। ਤੇ ਇਹ ਵੀ ਸੱਚ ਹੈ ਕਿ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਵਿਰੋਧ ਜਿੰਨਾਂ ਇਨ੍ਹਾਂ ਸਮਿਆਂ ਵਿੱਚ ਹੋਇਆ ਉਹ ਹਿੰਦੂਤਵੀਆਂ ਵੱਲੋਂ ਹੋਇਆ ਉਨਾ ਵਿਰੋਧ ਕਿਸੇ ਹੋਰ ਵੱਲੋਂ ਨਹੀਂ ਹੋਇਆ। ਇਤਿਹਾਸ ਦੇ ਹਰ ਬਿਖੜੇ ਸਮੇਂ ਸਿੱਖਾਂ ਨੇ ਹਿੰਦੂਆਂ ਦੀ ਮਦਦ ਕੀਤੀ ਅਤੇ ਹਿੰਦੂਆਂ ਨੇ ਸਿੱਖਾਂ ਦੇ ਵਿਰੋਧੀਆਂ ਦੀ। ਸਿੱਖਾਂ ਦੇ ਅਨੇਕਾਂ ਪਰਉਪਕਾਰਾਂ ਨੂੰ ਯਾਦ ਕਰਕੇ ਹਿੰਦੂਤਵ ਦੇ ਇਨ੍ਹਾਂ ਪ੍ਰਤੀ ਵਹਿਸ਼ੀ ਰਵੱਈਏ ਨੂੰ ਚਿਤਾਰੀਏ ਤਾਂ ਮਨੁੱਖੀ ਮਨ ਨੂੰ ਹੈਰਾਨ ਕਰਨ ਵਾਲੇ ਸੱਚ ਪ੍ਰਗਟ ਹੁੰਦੇ ਹਨ। ਡਾ. ਸੰਘਾ ਜੀ ਨੇ ਖਿਲਾਰੇ ਦੀ ਗੱਲ ਕੀਤੀ ਹੈ, ਸੰਘਾ ਜੀ ਜੇ ਇਤਿਹਾਸਕ ਖਿਲਾਰੇ ਨੂੰ ਨਜਿੱਠਣ ਦੀ ਸਮਰੱਥਾ ਤੇ ਸਮਾਂ ਨਾ ਹੋਵੇ ਤਾਂ ਖਿਲਾਰਾ ਪਾਉਣਾ ਹੀ ਨਹੀਂ ਚਾਹੀਦਾ। ਭੁੱਲਾਂ ਚੁੱਕਾਂ ਦੀ ਖਿਮਾਂ। ***ਗੁਰੂ ਪੰਥ ਦਾ ਦਾਸ-ਜਥੇਦਾਰ ਮਹਿੰਦਰ ਸਿੰਘ ਯੂ.ਕੇ.***



## ਢਾਡੀ ਤਰਸੇਮ ਸਿੰਘ ਮੋਰਾਂਵਾਲੀ ਦੀ ਮਾਤਾ ਨਛੱਤਰ ਕੌਰ ਨੂੰ ਅੰਤਿਮ ਵਿਦਾਇਗੀ



ਮਾਤਾ ਨਛੱਤਰ ਕੌਰ ਨੂੰ ਅੰਤਿਮ ਵਿਦਾਇਗੀ ਦਿੰਦੇ ਹੋਏ ਢਾਡੀ ਤਰਸੇਮ ਸਿੰਘ ਮੋਰਾਂਵਾਲੀ ਅਤੇ ਹੋਰ



ਲੰਡਨ- (ਮਨਪ੍ਰੀਤ ਸਿੰਘ ਬੱਧਨੀ ਕਲਾਂ) -ਢਾਡੀ ਤਰਸੇਮ ਸਿੰਘ ਮੋਰਾਂਵਾਲੀ, ਮਾਨ ਸਿੰਘ ਕੈਨੇਡਾ, ਸਿੱਖ ਚੈਪਲ ਸੁਖਵਿੰਦਰ ਸਿੰਘ ਦੀ ਮਾਤਾ ਨਛੱਤਰ ਕੌਰ ਜੋ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਨੂੰ ਬੀਤੇ ਕੱਲ ਬ੍ਰਮਿੰਘਮ ਵਿਖੇ ਅੰਤਿਮ ਵਿਦਾਇਗੀ ਦਿੱਤੀ ਗਈ। ਅੰਤਮ ਸੰਸਕਾਰ ਤੋਂ ਉਪਰੰਤ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਉਹਨਾਂ ਨਮਿੱਤ ਰੱਖੇ ਗਏ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਕੀਰਤਨ ਤੋਂ ਬਾਅਦ ਅੰਤਮ ਅਰਦਾਸ ਕੀਤੀ ਗਈ। ਇਸ ਮੌਕੇ ਇੰਗਲੈਂਡ ਭਰ ਤੋਂ ਆਏ ਪ੍ਰੀਵਾਰਿਕ ਮੈਂਬਰਾਂ ਅਤੇ ਸਿੱਖ ਆਗੂਆਂ ਨੇ ਮਾਤਾ ਨਛੱਤਰ ਕੌਰ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦ-ਾਰ ਜਤਿੰਦਰ ਸਿੰਘ ਬਾਸੀ, ਐਮ ਪੀ ਪ੍ਰੀਤ ਕੌਰ ਗਿੱਲ, ਮਲਕੀਤ ਸਿੰਘ ਤੇਹਿੰਗ ਜੋਗਿੰਦਰ ਸਿੰਘ ਸਾਬਕਾ ਗ੍ਰੰਥੀ, ਮੱਖਣ ਸਿੰਘ ਪੰਡਾ, ਬਲਵੰਤ ਸਿੰਘ ਡਰਬੀ, ਰੇਸ਼ਮ ਸਿੰਘ ਆਦਿ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਐਮ ਪੀ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਮਾਤਾ ਨਛੱਤਰ ਕੌਰ ਦੀਆਂ ਪੰਥਕ ਸੇਵਾਵਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

## ਚੁਟਕਲਾ ਆਓ ਹੱਸੀਏ

ਵੋਟਾਂ ਨੇੜੇ ਆ ਗਈਆਂ ਨੇਤਾ ਜੀ ਪ੍ਰਚਾਰ ਕਰਨ ਲਈ ਚੱਲ ਪਏ

ਨੇਤਾ ਜੀ - ਹਾਂ ਹੁਣ ਸਹੀ ਟਾਇਮ ਆ ਗਿਆ।

ਜਨਤਾ - ਕੀ ਤੁਸੀ ਦੇਸ਼ ਨੂੰ ਲੁੱਟ ਖਾਓਗੇ?

ਨੇਤਾ ਜੀ - ਬਿਲਕੁਲ ਨਹੀ।

ਜਨਤਾ - ਸਾਡੇ ਲਈ ਕੰਮ ਕਰੋਗੇ ?

ਨੇਤਾ ਜੀ - ਹਾਂ ਬਹੁਤ ।

ਜਨਤਾ - ਮਹਿੰਗਾਈ ਵਧਾਓਗੇ?

ਨੇਤਾ ਜੀ - ਇਸ ਦੇ ਵਾਰੇ ਸੋਚੋ ਵੀ ਨਹੀਂ।

ਜਨਤਾ - ਤੁਸੀਂ ਸਾਨੂੰ ਨੌਕਰੀ ਦਿਵਾਉਣ ਵਿੱਚ ਮਦਦ ਕਰੋਗੇ?

ਨੇਤਾ ਜੀ - ਹਾਂ ਬਿਲਕੁਲ ਕਰਾਂਗੇ।

ਜਨਤਾ - ਕੀ ਤੁਸੀਂ ਦੇਸ਼ ਵਿੱਚ ਘੋਟਾਲਾ ਕਰੋਗੇ?

ਨੇਤਾ ਜੀ - ਕੀ ਗੱਲ ਪਾਗਲ ਹੋ ਤੁਸੀਂ! ਬਿਲਕੁਲ ਨਹੀਂ।

ਜਨਤਾ - ਕੀ ਅਸੀਂ ਤੁਹਾਡੇ 'ਤੇ ਭਰੋਸਾ ਕਰ ਸਕਦੇ ਆਂ?

ਨੇਤਾ ਜੀ - ਹਾਂ।

ਜਨਤਾ - ਨੇਤਾ ਜੀ?

ਨੇਤਾ ਜੀ ਵੋਟਾਂ ਜਿੱਤ ਕੇ ਵਾਪਸ ਆਏ ਤਾਂ ਲੋਕਾਂ ਨੇ ਸਵਾਲ ਪੁੱਛੇ!

ਹੁਣ ਹੇਠਾਂ ਤੋਂ ਉੱਪਰ ਨੂੰ ਪੜ੍ਹੋ

* * * * * *

– ਲੇਖਕ –
ਬਲਵਿੰਦਰ ਸਿੰਘ
ਮੱਲ੍ਹੀ ਐੱਮ. ਏ.
ਲੈਸਟਰ, (ਯੂ.ਕੇ.)



07475446171
Email:Bmalhi1948@gmail.com

# ਮੇਰੇ ਪੁਰਖਾਂ ਦੀ ਧਰਤੀ ਦੇ ਲੋਕਾਂ ਅਤੇ ਆਬਾ ਦੀ ਵੰਡ ਹੁਣ ਹੱਕਾਂ 'ਤੇ ਡਾਕਾ




ਬਾਰ੍ਹਵੀਂ ਸਦੀ ਦੇ ਅੰਤ ਤੋਂ ਬਾਹਰਲੇ ਧਾੜ੍ਹਵੀ ਦਰਾ ਖ਼ੈਬਰ ਰਾਹੀਂ ਪੰਜਾਬ ਵਿੱਚ ਦਾਖ਼ਲ ਹੋ ਕੇ ਇਸ ਨੂੰ ਲਤਾੜਦੇ, ਲੁੱਟ ਘਸੁੱਟ ਕਰਦੇ ਦਿੱਲੀ ਤੱਕ ਪਹੁੰਚ ਕੇ ਆਪਣਾ ਰਾਜ ਸਥਾਪਤ ਕਰਦੇ ਰਹੇ। ਜਿਥੇ ਇਹ ਧੀਆਂ ਭੈਣਾਂ ਦੀ ਇੱਜ਼ਤ ਲੁੱਟਦੇ, ਉਥੇ ਲੁੱਟ ਘਸੁੱਟ ਦੀ ਵੱਡੀ ਸੰਪਤੀ ਨਾਲ ਵਾਪਸ ਪਰਤਦੇ। ਅਹਿਮਦ ਸ਼ਾਹ ਦੀ ਲੁੱਟ ਘਸੁੱਟ ਨੂੰ ਮੁੱਖ ਰੱਖਦਿਆਂ ਅਸੀਂ ਬਚਪਨ ਵਿੱਚ ਆਮ ਗੁਣ ਗੁਣਾਇਆ ਕਰਦੇ ਸੀ, ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹ ਦਾ। 1192 ਈ: ਵਿੱਚ ਮੁਹੰਮਦ ਗੌਰੀ ਨੇ ਤਰਾਵੜੀ ਦੇ ਮੈਦਾਨ ਵਿੱਚ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ ਸਦਾ ਲਈ ਇਸਲਾਮਿਕ ਹਕੂਮਤ ਦਾ ਰਾਹ ਖੋਲ੍ਹ ਦਿੱਤਾ। ਮਹਿਮੂਦ ਗਜ਼ਨਵੀ ਦੇ ਭਾਰਤ 'ਤੇ 17 ਹਮਲਿਆਂ ਬਾਰੇ ਹਰ ਕੋਈ ਵਾਕਫ਼ ਹੈ। 17ਵੇਂ ਹਮਲੇ ਦੌਰਾਨ ਉਸ ਨੇ ਸੋਮਨਾਥ ਦੇ ਮੰਦਰ ਦੀ ਮੂਰਤੀ ਵਿੱਚੋਂ ਇੰਨੇ ਹੀਰੇ ਜਵਾਹਰਾਤ ਪ੍ਰਾਪਤ ਕੀਤੇ ਕਿ ਉਸ ਨੂੰ ਮੁੜ ਭਾਰਤ 'ਤੇ ਹਮਲਾ ਕਰਨ ਦੀ ਲੋੜ ਹੀ ਮਹਿਸੂਸ ਨਾ ਹੋਈ। ਅੰਧ ਵਿਸ਼ਵਾਸ਼ ਅਤੇ ਭਰਮ ਭੁਲੇਖਿਆਂ ਨਾਲ ਭਰਪੂਰ ਹਿੰਦੂ ਮੁਗ਼ਲਾਂ ਕੋਲੋਂ ਯੁੱਧਾਂ ਵਿੱਚ ਹਮੇਸ਼ਾ ਹਾਰਦੇ ਰਹੇ। ਜਿਵੇਂ ਸੋਮਨਾਥ ਦੇ ਹਮਲੇ ਸਮੇਂ ਇਸ ਨੂੰ ਰੋਕਣ ਲਈ ਮਰ ਮਿਟਣ ਨਾਲੋਂ ਇਹੋ ਸੋਚਦੇ ਰਹੇ ਕਿ ਭਗਵਾਨ ਆਪਣੀ ਰਾਖੀ ਆਪ ਕਰੇਗਾ। ਡਾਂਗਾਂ ਸੋਟਿਆਂ ਨਾਲ ਲੜਨ ਵਾਲੇ ਭਾਰਤੀ, ਮੁਗ਼ਲਾਂ ਦੇ ਅਧੁਨਿਕ ਹਥਿਆਰਾਂ ਸਾਹਮਣੇ ਟਿੱਕ ਨਾ ਸਕੇ। ਚਾਰ ਵਰਨ੍ਹਾਂ ਵਿੱਚ ਵੰਡੇ ਭਾਰਤੀਆਂ ਦੀ ਸੋਚ ਅਤੇ ਫੁੱਟ ਨੇ ਦੇਸ਼ ਦੀ ਰੱਖਵਾਲੀ ਦੀ ਜ਼ਿੰਮੇਵਾਰੀ ਸਿਰਫ਼ ਕਸ਼ੱਤਰੀਆਂ ਦੀ ਹੈ, ਬਾਹਰਲੇ ਧਾੜ੍ਹਵੀਆਂ ਵਿਰੁੱਧ ਹਾਰਾਂ ਦਾ ਮੁੱਖ ਕਾਰਨ ਬਣੀ। ਭਾਰਤੀ ਲੋਕਾਂ ਨੇ ਮੁਗ਼ਲ ਹਕੂਮਤ ਨੂੰ ਸਵਿਕਾਰ ਹੀ ਨਹੀਂ ਕੀਤਾ, ਸਗੋਂ ਆਪਣੀ ਬੋਲੀ ਅਤੇ ਸੱਭਿਆਚਾਰ ਨੂੰ ਤਿਆਗ ਕੇ ਉਨ੍ਹਾਂ ਦੀ ਬੋਲੀ ਅਤੇ ਸੱਭਿਆਚਾਰ ਨੂੰ ਅਪਣਾ ਲਿਆ। ਇਨ੍ਹਾਂ ਹਲਾਤਾਂ ਦੇ ਮੱਦੇਨਜ਼ਰ ਉਹ ਸਦਾ ਲਈ ਗੁਲਾਮੀ ਦੀ ਨੀਂਦ ਸੌਂ ਗਏ। ਇਸ ਸਮੇਂ ਦੱਸ ਸਿੱਖ ਗੁਰੂਆਂ ਦਾ ਆਗਮਨ ਹੋਇਆ, ਜਿਨ੍ਹਾਂ ਨੇ ਹਲੂਣਾ ਦੇ ਇਨ੍ਹਾਂ ਸੁੱਤੀਆਂ ਰੂਹਾਂ ਨੂੰ ਆਪਣੇ ਹੱਕਾਂ ਲਈ ਜਾਗਰਿਤ ਕੀਤਾ। ਸਿੱਖ ਗੁਰੂਆਂ ਨੇ ਆਪਣੇ 239 ਸਾਲ ਦੇ ਸਮੇਂ ਵਿੱਚ ਧਾਰਮਿਕ ਅਜ਼ਾਦੀ, ਨਾ ਹਿੰਦੂ ਨਾ ਮੁਸਲਮਾਨ, ਮਾਨਸ ਦੀ ਜਾਤ ਨੂੰ ਪਹਿਚਾਨਣ, ਨਾ ਹਿੰਦੂ ਵੱਡਾ ਨਾ ਮੁਸਲਮਾਨ, ਵੱਡਾ ਉਹ ਜਿਸਦੇ ਕਰਮ ਵੱਡੇ ਵਰਗੇ ਸਿਧਾਂਤ ਦਿੱਤੇ। ਮਨੁੱਖ ਪ੍ਰਧਾਨ ਸਮਾਜ ਵਿੱਚ ਔਰਤ ਦੀ ਬਰਾਬਰਤਾ ਅਤੇ ਉੱਚਤਾ 'ਤੇ ਜ਼ੋਰ, ਸਤੀ ਅਤੇ ਪਰਦੇ ਦੀ ਰਸਮ ਦੀ ਨਿਖੇਧੀ। ਜਾਤ-ਪਾਤ ਅਤੇ ਉੱਚੇ ਨੀਵੇਂ ਦੇ ਭੇਦਭਾਵ ਨੂੰ ਖ਼ਤਮ ਕਰਦਿਆਂ ਭਰਮ ਭੁਲੇਖੇ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਧਰਮ ਦੀ ਆਜ਼ਾਦੀ ਖ਼ਾਤਿਰ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਨੇ ਆਪਣੇ ਸ਼ੀਸ਼ ਦੇ ਕੇ ਇਕ ਨਵੀਂ ਰਵਾਇਤ ਪੈਦਾ ਕਰਦਿਆਂ ਕੌਮ ਲਈ ਸ਼ਹੀਦੀਆਂ ਦਿੱਤੀਆਂ। ਛੇਵੇਂ ਗੁਰੂ ਸਾਹਿਬ ਨੇ ਜ਼ੁਲਮ ਵਿਰੁੱਧ ਲੜਨ ਲਈ ਮੀਰੀ ਪੀਰੀ, ਸੰਤ ਸਿਪਾਹੀ ਦਾ ਸੰਕਲਪ ਦਿੱਤਾ। ਇਥੇ ਹੀ ਨਹੀਂ ਦੱਸਵੇਂ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਥਾਪ ਕੇ ਆਪਾ ਵਾਰਨ ਲਈ ਤਿਆਰ ਬਰ ਤਿਆਰ ਕੌਮ ਪੈਦਾ ਕੀਤੀ। ਖ਼ਾਲਸਾ ਪੰਥ ਦੇ ਯੋਧਿਆਂ ਨੇ ਜ਼ੁਲਮ ਵਿਰੁੱਧ ਅਤੇ ਧਰਮ ਖ਼ਾਤਰ ਢੇਰ ਸਾਰੀਆਂ ਲੜਾਈਆਂ ਲੜੀਆਂ। ਤਿੰਨ ਘੱਲੂਘਾਰਿਆਂ ਦੀ ਕ੍ਰੋਪੀ ਨੂੰ ਆਪਣੇ ਪਿੰਡੇ 'ਤੇ ਹੰਢਾਇਆ। ਹਰ ਸਮੇਂ ਘਾਲਣਾ ਘਾਲਣ ਵਾਲੀ ਕੌਮ, ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਆਪਣਾ ਰਾਜ ਸਥਾਪਤ ਕਰਨ ਵਿੱਚ ਕਾਮਯਾਬ ਹੋਈ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਕਾਬਲ ਕੰਧਾਰ ਤੱਕ ਪਹਿਲਾ ਸਿੱਖ ਰਾਜ ਸਥਾਪਤ ਹੋਇਆ।

ਅਜ਼ਾਦੀ ਦੀ ਲੜਾਈ ਵਿੱਚ ਭਾਰਤ ਦੀ ਕੁੱਲ ਵੱਸੋਂ ਦਾ 1 ਤੋਂ 2 ਫੀਸਦੀ ਹੁੰਦਿਆਂ ਸਿੱਖ ਪੰਜਾਬੀਆਂ ਨੇ 80 ਫੀਸਦੀ ਯੋਗਦਾਨ ਪਾਇਆ। ਆਪਣੇ ਰਾਜ ਭਾਗ ਲਈ ਵੀ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਰਾਹੀਂ ਇਨ੍ਹਾਂ ਨੂੰ ਗੁੰਮਰਾਹ ਕੀਤਾ ਗਿਆ। ਵੰਡ ਸਮੇਂ ਵੀ ਸਭ ਤੋਂ ਵੱਧ ਉਜਾੜਾ ਪੰਜਾਬ ਦਾ ਹੋਇਆ। ਦਸ ਲੱਖ ਲੋਕ ਘਰੋਂ ਬੇਘਰ ਹੋ ਗਏ ਅਤੇ ਵੱਡੀ ਗਿਣਤੀ ਵਿੱਚ ਆਪਸੀ ਕਤਲੋਗਾਰਤ ਦੇ ਸ਼ਿਕਾਰ ਹੋ ਗਏ। ਵੱਡੇ ਰੱਕਬੇ ਅਤੇ ਜਰਖੇਜ ਜ਼ਮੀਨਾਂ ਦੇ ਮਾਲਕ, ਛੋਟੇ ਰਕਬੇ ਅਤੇ ਉਜਾੜੇ ਦੇ ਮਾਲਕ ਬਣੇ।

1966 ਦੇ ਪੰਜਾਬੀ ਸੂਬੇ ਦੇ ਘੋਲ੍ਹ ਨੂੰ ਲੈ ਕੇ ਪੰਜਾਬ ਦਾ ਪੁਨਰਸੰਗਠਨ ਕੀਤਾ ਗਿਆ। ਇਸ ਨੂੰ ਛੋਟਾ ਅਤੇ ਲੰਗੜਾ ਬਨਾਉਣ ਲਈ ਇਸ ਵਿੱਚੋਂ ਹਿਮਾਚਲ ਅਤੇ ਹਰਿਆਣੇ ਨੂੰ ਕੱਟਕੇ ਵੱਖਰੇ ਰਾਜ ਬਣਾ ਦਿੱਤੇ। ਲੋਕ ਸਭਾ ਵਿੱਚ ਇਸ ਦੀ ਪ੍ਰਤੀਨਿੱਧਤਾ ਨੂੰ 27 ਤੋਂ ਘਟਾ ਕੇ 13 ਕਰ ਦਿੱਤਾ। ਪ੍ਰਤੀਨਿੱਧਤਾ ਨੂੰ ਦੇਖਦਿਆਂ ਵੱਡੇ ਰਾਜ ਯੂ.ਪੀ. ਜਿਸਦੇ 80 ਲੋਕ ਸਭਾ ਮੈਂਬਰ ਹਨ, ਬਿਹਾਰ, ਰਾਜਸਥਾਨ, ਮਹਾਂਰਾਸ਼ਟਰ ਦਾ ਕੇਂਦਰ ਵਿੱਚ ਬੋਲਬਾਲਾ ਹੈ। ਸੱਚਾਈ ਹੈ ਕਿ ਲੋਕ ਸਭਾ ਦੀਆਂ ਚੋਣਾਂ ਵਿੱਚ ਜਿਸ ਪਾਰਟੀ ਦੀ ਯੂ.ਪੀ. ਵਿੱਚ ਜਿੱਤ ਹੁੰਦੀ ਹੈ, ਉਸ ਦੀ ਹੀ ਕੇਂਦਰ ਵਿੱਚ ਸਰਕਾਰ ਬਣਦੀ ਹੈ। ਮੋਦੀ ਸਰਕਾਰ ਰਾਹੀਂ ਕੇਂਦਰੀਕਰਨ ਨੂੰ ਬੜ੍ਹਾਵਾ ਦੇਣ ਲਈ ਖੇਤਰੀ ਪਾਰਟੀਆਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਰਹੀ ਹੈ। ਕੇਂਦਰ ਵਿੱਚ ਵੱਖਰੀਆਂ ਪਾਰਟੀ ਦੀਆਂ ਸਰਕਾਰਾਂ ਹੋਣ ਕਰਕੇ ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਨਾਲ ਇੱਟ ਖੜਿਕਾ ਰਿਹਾ ਹੈ। ਮੋਦੀ ਸਰਕਾਰ ਡਬਲ ਇੰਜਣ ਵਾਲੀ ਸਰਕਾਰ ਦਾ ਨਾਅਰਾ ਲਾ ਕੇ ਪ੍ਰਾਂਤ ਵਿੱਚ ਵੀ ਭਾਜਪਾ ਸਰਕਾਰ ਸਥਾਪਤ ਕਰਨ ਦੀ ਕੋਸ਼ਿਸ਼ ਵਿੱਚ ਹੈ। ਇਕਬਾਲ ਸਿੰਘ ਲਾਲਪੁਰਾ ਰਾਹੀਂ ਕਿਹਾ ਗਿਆ ਹੈ ਕਿ ਸਿੱਖ ਜੋਸ਼ ਨਹੀਂ ਹੋਸ਼ ਤੋਂ ਕੰਮ ਲੈਣ ਅਤੇ ਕੇਂਦਰ ਰਾਹੀਂ ਗੱਲਬਾਤ ਦਾ ਰੁੱਖ ਅਖ਼ਤਿਆਰ ਕਰਨ। ਪਰ ਜਦੋਂ ਹਰ ਰੋਜ਼ ਲੰਮੇ ਸਮੇਂ ਤੋਂ ਵੱਖਰੀਆਂ ਵੱਖਰੀਆਂ ਕੇਂਦਰ ਦੀਆਂ ਸਰਕਾਰਾਂ ਰਾਹੀਂ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਿਆ ਜਾਂਦਾ ਹੋਵੇ, ਤਾਂ ਕੀ ਇਹ ਸਭ ਕੁੱਝ ਸੰਭਵ ਹੈ ?

ਪੰਜਾਬ ਦੇ ਪਿੰਡਾਂ ਦਾ ਉਜਾੜ੍ਹਾ ਕਰ ਚੰਡੀਗੜ੍ਹ ਬਣਾਇਆ ਗਿਆ। ਇਸ ਬਾਰੇ ਹਰ ਰੋਜ਼ ਲਿਖਿਆ ਪੜ੍ਹਿਆ ਜਾ ਰਿਹਾ ਹੈ ਕਿ ਚੰਡੀਗੜ੍ਹ ਪੰਜਾਬ ਨੂੰ। ਪਰ ਹਰ ਤਰ੍ਹਾਂ ਦੇ ਜੱਦੋ ਜਹਿਦ ਦੇ ਬਾਵਜੂਦ ਪੰਜਾਬ ਆਪਣਾ ਬਣਦਾ ਹੱਕ ਪ੍ਰਾਪਤ ਨਹੀਂ ਕਰ ਸਕਿਆ। ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕਿਆਂ ਤੋਂ ਇਸ ਨੂੰ ਵਾਂਝਿਆਂ ਕਰ ਦਿੱਤਾ ਗਿਆ। ਪਾਣੀਆਂ ਦੀ ਕਾਣੀ ਵੰਡ ਦਾ ਮਸਲਾ ਕਾਫੀ ਚਿਰ ਤੋਂ ਲਟਕ ਰਿਹਾ ਹੈ। ਪੰਜਾਬ ਦੇ ਪਾਣੀਆਂ 'ਤੇ ਉਸਰਿਆ ਅਤੇ ਨਿਰਭਰ ਡੈਮ ਦੇ ਪ੍ਰਬੰਧਕੀ ਢਾਂਚੇ ਦਾ ਕੇਂਦਰੀਕਰਨ ਕਰਕੇ ਬੀ. ਬੀ. ਐੱਮ. ਬੀ. ਦੇ ਵਿੱਚੋਂ ਪੰਜਾਬ ਦੀ ਹਿੱਸੇਦਾਰੀ ਖ਼ਤਮ ਕਰ ਦਿੱਤੀ ਗਈ। ਵੱਖਰੀਆਂ ਵੱਖਰੀਆਂ ਸਰਕਾਰਾਂ ਵੀ ਇਸ ਦੇ ਹੱਲ ਲਈ ਅਵੇਸਲੀਆਂ ਰਹੀਆਂ। ਪੰਜਾਬ ਦੀ ਬਣਦੀ GST ਅਤੇ PRDF (ਪੰਜਾਬ ਪੇਂਡੂ ਉਸਾਰੀ ਫੰਡ) ਦਾ ਭੁਗਤਾਨ ਸਮੇਂ ਸਿਰ ਕੇਂਦਰ ਰਾਹੀਂ ਨਹੀਂ ਕੀਤਾ ਜਾਂਦਾ, ਜਿਸ ਕਰਕੇ ਆਪਸੀ ਖਿੱਚੋਤਾਣ ਅਤੇ ਪੰਜਾਬ ਸਰਕਾਰ ਨੂੰ ਵਿਕਾਸ ਦੇ ਕੰਮਾਂ ਨੂੰ ਲੈ ਕੇ ਬਹਾਨਾ ਮਿਲ ਜਾਂਦਾ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਦੀ ਮਾਲੀ ਇਮਦਾਦ ਨੂੰ ਲੈ ਕੇ 60 ਫੀਸਦੀ ਜ਼ਿੰਮੇਵਾਰੀ ਕੇਂਦਰ ਦੀ ਅਤੇ 40 ਫੀਸਦੀ ਪੰਜਾਬ ਸਰਕਾਰ ਦੀ। ਦੋਵਾਂ ਸਰਕਾਰਾਂ ਰਾਹੀਂ ਇਹ ਮਾਲੀ ਮਦਦ ਬਹੁਤ ਘੱਟ ਦਿੱਤੀ ਜਾ ਰਹੀ ਹੈ ਅਤੇ ਉਹ ਵੀ ਸਮੇਂ ਸਿਰ ਨਹੀਂ। ਇਨ੍ਹਾਂ ਕਾਰਨਾਂ ਕਰਕੇ ਪੰਜਾਬ ਦੀਆਂ ਯੂਨੀਵਰਸਿਟੀਆਂ ਮਾਲੀ ਪੱਖੋਂ ਕੰਗਾਲੀ ਦੇ ਰਾਹ 'ਤੇ ਨੇ। BSF ਦਾ ਅਧਿਕਾਰ ਖੇਤਰ ਬਾਰਡਰ ਤੋਂ 50, 50 ਮੀਲ ਵਧਾ ਦਿੱਤਾ ਗਿਆ ਹੈ। ਇਸ ਤਰ੍ਹਾਂ ਕੇਂਦਰੀਕਰਨ ਕਰਦਿਆਂ ਪੰਜਾਬ ਦੇ ਸੰਘਾਤਮਕ ਢਾਂਚੇ 'ਤੇ ਸੱਟ ਮਾਰੀ ਜਾ ਰਹੀ ਹੈ। ਪੰਜਾਬ ਨੂੰ ਪਾਕਿਸਤਾਨ ਦੀ ਸੀਮਾ ਨਾਲ ਪੈਂਦਾ, ਪ੍ਰਾਂਤ ਘੋਸ਼ਿਤ ਨਹੀਂ ਕੀਤਾ ਗਿਆ ਤਾਂ ਕਿ ਇਸ ਦੇ ਵਿਸ਼ੇਸ਼ ਮਾਲੀ ਪੈਕੇਜ ਤੋਂ ਵਾਂਝਿਆਂ ਰੱਖਿਆ ਜਾਵੇ। ਭਾਰਤ ਦੇ ਦੂਸਰੇ ਸੀਮਾ 'ਤੇ ਸਥਿਤ ਪ੍ਰਾਂਤਾਂ ਨੂੰ ਘੋਸ਼ਿਤ ਕਰਕੇ ਵਿਸ਼ੇਸ਼ ਪੈਕੇਜ ਦਿੱਤੇ ਜਾ ਰਹੇ ਹਨ।

ਪੰਜਾਬ ਨੂੰ ਕੁਦਰਤ ਨੇ ਚਾਰ ਸੁਹਾਵਨੇ ਮੌਸਮ ਦਿੱਤੇ ਹਨ, ਪਰ ਇਸ ਦੇ ਨਾਲ ਹੀ ਕਦੇ ਸੋਕੇ, ਕਦੇ ਹੜ੍ਹਾਂ ਦੀ ਮਾਰ ਅਤੇ ਮੇਰੇ ਬਚਪਨ ਦੇ ਸਮੇਂ ਟਿੱਡੀ ਦਲ ਜੋ ਹਜ਼ਾਰਾਂ ਏਕੜ ਫਸਲ ਤਬਾਹ ਕਰ ਜਾਂਦਾ, ਵਰਗੀਆਂ ਕ੍ਰੋਪੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਨੂੰ ਹਾਲਾਂ ਵੀ ਯਾਦ ਹੈ ਕਿ ਕਿਵੇਂ ਅਸੀਂ ਲੋਹੇ ਦੇ ਪੀਪੇ ਲੈ ਖੜ੍ਹਾਕਾ ਕਰ ਉਨ੍ਹਾਂ ਨੂੰ ਉਡਾਣ ਦੀ ਕੋਸ਼ਿਸ਼ ਕਰਦੇ। ਇਸ ਸਾਲ ਹੜ੍ਹਾਂ ਦੀ ਕ੍ਰੋਪੀ ਜੋ ਪਿਛਲੇ ਸਾਲਾਂ ਨਾਲੋਂ ਕਿਤੇ ਵੱਧ ਭਿਆਨਕ ਸੀ। ਇਕ ਲੱਖ ਏਕੜ ਤੋਂ ਵੱਧ ਫ਼ਸਲ, ਕਈ ਘਰ ਬਰਬਾਦ ਹੋ ਗਏ। ਜਿਥੇ ਬਹੁਤ ਸਾਰੇ ਪਸ਼ੂ ਹੜ੍ਹਾਂ ਵਿੱਚ ਰੁੜ੍ਹ ਗਏ ਉਥੇ ਹੀ ਉਨ੍ਹਾਂ ਦੇ ਚਾਰਾ ਦੀ ਘਾਟ। ਕਿਸੇ ਵੀ ਬਾਹਰਲੇ ਪ੍ਰਾਂਤ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ। ਇਸ ਮੁਸ਼ਕਿਲ ਘੜੀ ਵਿੱਚ ਸਾਥ ਦਿੱਤਾ ਆਪਣਿਆਂ ਨੇ, ਭਾਵੇਂ ਉਹ ਪੰਜਾਬ ਦੇ ਪੰਜਾਬੀ ਹੋਣ ਜਾਂ ਬਾਹਰ ਵੱਸ ਚੁੱਕੇ ਪੰਜਾਬੀ। ਖ਼ਾਲਸਾ ਐਡ ਦੇ ਬਾਨੀ ਰਵੀ ਸਿੰਘ ਅਤੇ ਹੋਰ ਪ੍ਰਬੰਧਕ ਵੀ ਜਿਨ੍ਹਾਂ ਨੇ ਘਰ ਘਰ ਰਾਸ਼ਨ ਪਹੁੰਚਾਏ, ਮੁੱਖ ਰੂਪ ਵਿੱਚ ਭਾਵੇਂ ਐਨ.ਆਰ.ਆਈ. ਹਨ, ਪੰਜਾਬੀ ਮੂਲ ਦੇ ਹਨ, ਜਿਨ੍ਹਾਂ ਦੀ ਧੜਕਨਾਂ ਵਿੱਚ ਪੰਜਾਬ ਵੱਸਦਾ ਹੈ। ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਨੇ ਵੀ ਵੱਧ ਚੜ੍ਹ ਕੇ ਪੰਜਾਬੀਆਂ ਦੀ ਬਾਂਹ ਫੜੀ। ਉਹ ਲੋਕ ਵੀ ਸਾਹਮਣੇ ਨਹੀਂ ਆਏ, ਜਿਨ੍ਹਾਂ ਨੂੰ ਪੰਜਾਬੀ ਕਰੋਨਾ ਸਮੇਂ ਆਕਸੀਜਨ ਦੇ ਸਿਲੰਡਰਾਂ ਦਾ ਲੰਗਰ ਵਰਤਾਉਂਦੇ ਰਹੇ।

ਜਿਥੇ ਅਬਦਾਲੀ ਧਾੜ੍ਹਵੀ ਦੇ ਤੌਰ 'ਤੇ ਪੰਜਾਬ ਦੀ ਲੁੱਟ ਘਸੁੱਟ ਕਰਦਾ ਰਿਹਾ, ਉਥੇ ਹੀ ਹੁਣ ਆਪਣੇ ਹੀ ਭਾਰਤੀ ਅੰਬਾਨੀ, ਅਡਾਨੀ ਵਰਗੇ ਕਾਰਪੋਰੇਟ ਘਰਾਣੇ ਤਿੰਨ ਕਾਲੇ ਖੇਤੀ ਕਾਨੂੰਨਾਂ ਰਾਹੀਂ ਪੰਜਾਬ ਦੀ ਲੁੱਟ ਘਸੁੱਟ ਕਰਨ ਦੀ ਕੋਸ਼ਿਸ਼ ਵਿੱਚ ਹਨ। ਜੱਦੋ ਜਹਿਦ ਦੀ ਜ਼ਿੰਦਗੀ ਬਿਤਾਉਂਦੇ ਅਤੇ ਇਸ ਦੀ ਬਦੌਲਤ ਸਿਰੜੀ, ਬਹਾਦਰ ਅਤੇ ਅੰਦੋਲਨਕਾਰੀ ਕਿਸਾਨੀ ਜਥੇਬੰਦੀਆਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਧਰਨੇ ਦੇ ਕੇ ਜਿੱਤ ਹਾਸਲ ਕੀਤੀ। ਭਾਰਤ ਦਾ ਅਨਾਜ ਭੰਡਾਰ (Granary) ਉਗਵਾਉਣ ਵਾਲਾ ਪੰਜਾਬ ਆਪਣੀ ਫ਼ਸਲ ਦੀ MSP (ਉਚਿਤ ਮੁੱਲ) ਲਈ ਘਾਲਣਾ ਘਾਲ ਰਿਹਾ ਹੈ। ***ਬਾਕੀ ਹਿਸਾ ਸਫਾ 40 ਤੇ ਪੜ੍ਹੋ***

# ਹੱਕਾਂ 'ਤੇ ਡਾਕਾ – 39 ਸਫੇ ਦੀ ਬਾਕੀ

ਇਕ ਨਵਾਂ ਮੁੱਦਾ, ਨਵੀਂ ਘਾਲਣਾ ਅਤੇ ਪੰਜਾਬ ਦੀ PU ਨੂੰ ਲੈ ਕੇ ਕੇਂਦਰ ਰਾਹੀਂ ਇਸ ਦੇ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ। ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਕੇ ਇਸ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਇਸ ਦੇ ਕੁੱਲ 91 ਮੈਂਬਰਾਂ ਨੂੰ ਘਟਾ ਕੇ 31 ਕਰ ਦਿੱਤਾ ਗਿਆ ਹੈ। ਸੈਨੇਟ ਵਿੱਚ ਲੋਕਤੰਤਰੀ ਢੰਗ ਨਾਲ ਪੰਜਾਬ ਸਰਕਾਰ ਦੇ ਨੁਮਾਇੰਦੇ, ਅਧਿਆਪਕ, ਪ੍ਰਿੰਸੀਪਲ ਅਤੇ ਵਿਦਿਆਰਥੀ ਵਰਗ ਵਿੱਚੋਂ ਇਸ ਦੇ ਮੈਂਬਰ ਚੁਣੇ ਜਾਂਦੇ ਸਨ, ਜਿਸ ਨੂੰ ਭੰਗ ਕਰਕੇ ਇਸ ਦੇ ਮੈਂਬਰ ਨਾਮਜ਼ਦ ਕੀਤੇ ਜਾਣਗੇ। ਸੰਘਾਤਮਕ ਢਾਂਚੇ ਨੂੰ ਕਮਜ਼ੋਰ ਕਰਦਿਆਂ ਸੰਵਿਧਾਨ ਦੀ ਉਲੰਘਣਾ ਕੀਤੀ ਜਾ ਰਹੀ ਹੈ। ਇਹ ਰਾਏ ਵੀ ਪਾਈ ਜਾਂਦੀ ਹੈ ਕਿ PU Interstate ਯੂਨੀਵਰਸਿਟੀ ਹੈ, ਇਸ ਕਰਕੇ ਇਸ ਵਿੱਚ ਕੋਈ ਵੀ ਬਦਲਾਅ ਪਾਰਲੀਮੈਂਟ ਦੇ ਐਕਟ ਤੋਂ ਬਗੈਰ ਨਹੀਂ ਕੀਤਾ ਜਾ ਸਕਦਾ।

1882 ਵਿੱਚ ਕੁਝ ਬੁੱਧੀਜੀਵੀਆਂ ਰਾਹੀਂ ਅੰਗ੍ਰੇਜ਼ ਹਕੂਮਤ 'ਤੇ ਜੋਰ ਪਾ ਕੇ ਇਸ ਨੂੰ ਲੋਕਤੰਤਰ ਢੰਗ ਨਾਲ ਸਥਾਪਤ ਕੀਤਾ ਗਿਆ। ਚਿੰਤਾ ਵਾਲੀ ਗੱਲ ਹੈ, ਜਦੋਂ ਸਾਡੀ ਆਪਣੀ ਸਰਕਾਰ ਹੈ, ਜੋ ਕਿ ਦੁਨੀਆਂ ਵਿੱਚ ਸਭ ਤੋਂ ਵੱਡੀ ਲੋਕਤੰਤਰ ਸਰਕਾਰ ਸਮਝੀ ਜਾਂਦੀ ਹੈ, ਤਾਂ ਤਾਨੇਸ਼ਾਹੀ ਕਿਉਂ ? ਇਸ ਯੂਨੀਵਰਸਿਟੀ ਵਿੱਚ ਪੈਂਦੇ 206 ਕਾਲਜਾਂ ਦਾ ਵੀ ਕੇਂਦਰੀਕਰਨ ਹੋ ਰਿਹਾ। ਲਾਹੌਰ ਵਿੱਚ ਸਥਾਪਤ ਇਹ ਯੂਨੀਵਰਸਿਟੀ, ਪਹਿਲਾਂ ਹੁਸ਼ਿਆਰਪੁਰ, ਫਿਰ ਚੰਡੀਗੜ੍ਹ ਦੀ 500 ਏਕੜ ਤੋਂ ਉਪਰ ਕੀਮਤੀ ਜ਼ਮੀਨ 'ਤੇ ਸਥਾਪਤ ਕੀਤੀ ਗਈ। 1947 ਅਤੇ ਫਿਰ 1966 ਪੁਨਰਸੰਗਠਨ ਦੇ ਸਮੇਂ ਇਸ ਨੂੰ ਮਾਨਤਾ ਦਿੱਤੀ ਗਈ, ਜੋ ਕਿ ਪੜ੍ਹਾਈ ਦੇ ਮਿਆਰ ਤੋਂ ਚੋਣਵੀਆਂ ਯੂਨੀਵਰਸਿਟੀਆਂ ਵਿੱਚੋਂ ਇਕ ਹੈ। ਇਹ ਪੰਜਾਬ ਲਈ ਗੌਰਵ ਪੱਖੋਂ ਚਾਨਣ ਮੁਨਾਰਾ ਹੈ। ਕੁਝ ਲੋਕਾਂ ਦੀ ਰਾਏ ਹੈ ਕਿ ਇਹ Interstate ਯੂਨੀਵਰਸਿਟੀ ਹੈ, ਜਿਸ ਕਰਕੇ ਇਸ ਨੂੰ ਇਹੋ ਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਪੰਜਾਬ ਸਰਕਾਰ ਦਾ ਫਰਜ਼ ਹੈ ਕਿ ਇਸ ਨੂੰ ਪੰਜਾਬੀ ਯੂਨੀਵਰਸਿਟੀ ਦਾ ਦਰਜਾ ਦੇਵੇ। ਵਿੱਦਿਆਰਥੀ ਜਥੇਬੰਦੀਆਂ ਮੇਨ ਗੇਟ 'ਤੇ ਧਰਨਾ ਦੇ ਕੇ ਰੋਸ ਮੁਜ਼ਾਹਰਾ ਕਰ ਰਹੀਆਂ ਹਨ। ਭਾਜਪਾ ਨੂੰ ਛੱਡ ਬਾਕੀ ਸਾਰੀਆਂ ਪਾਰਟੀਆਂ ਅਤੇ ਹੋਰ ਜਥੇਬੰਦੀਆਂ ਵਿੱਦਿਆਰਥੀਆਂ ਦਾ ਸਾਥ ਦੇ ਰਹੀਆਂ ਹਨ। ਮਜਬੂਰਨ ਕੇਂਦਰ ਸਰਕਾਰ ਨੇ ਇਕ ਨੋਟੀਫਿਕੇਸ਼ਨ ਜਾਰੀ ਕਰਦਿਆਂ ਆਪਣਾ ਫੈਸਲਾ ਵਾਪਸ ਲਿਆ ਹੈ। ਕੁਝ ਚਿਰ ਬਾਅਦ ਇਕ ਹੋਰ ਨੋਟੀਫਿਕੇਸ਼ਨ। ਵਿੱਦਿਆਰਥੀਆਂ ਰਾਹੀਂ ਕੇਂਦਰ 'ਤੇ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ confusion ਪੈਦਾ ਕਰਕੇ ਲੋਕਾਂ ਦਾ ਗੁੱਸਾ ਘਟਾ ਰਹੀ ਹੈ। ਖ਼ੈਰ ਵਿੱਦਿਆਰਥੀਆਂ ਰਾਹੀਂ ਜਦੋਂ ਤੱਕ ਸੈਨੇਟ ਦੀ ਇਲੈਕਸ਼ਨ ਨਹੀਂ ਹੁੰਦੀ, ਉਹ ਧਰਨਾ ਜਾਰੀ ਰੱਖਣਗੇ। ਇਕ ਵਿੱਦਿਆਰਥੀ ਰਾਹੀਂ 7 ਦਿਨ ਦੀ ਭੁੱਖ ਹੜਤਾਲ ਵੀ ਰੱਖੀ ਗਈ ਹੈ। ਅੱਜ ਪੰਜਾਬ ਦੇ ਹੀ ਨਹੀਂ, ਹਰਿਆਣਾ ਅਤੇ ਹਿਮਾਚਲ ਦੇ ਪੇਂਡੂ ਬੱਚੇ, ਮਿਆਰੀ ਅਤੇ ਸਸਤੀ ਵਿੱਦਿਆ ਹਾਸਲ ਕਰ ਰਹੇ ਹਨ। ਇਸ ਦੇ ਕੇਂਦਰੀਕਰਨ ਦਾ ਮੁੱਖ ਟੀਚਾ ਹੈ, ਇਸ ਦਾ ਨਿੱਜੀਕਰਨ ਜਿਸ ਨਾਲ ਇਸ ਦੀਆਂ ਫ਼ੀਸਾਂ ਪ੍ਰਾਈਵੇਟ ਅਦਾਰਿਆਂ ਵਾਂਗ ਬਹੁਤ ਮਹਿੰਗੀਆਂ ਹੋ ਜਾਣਗੀਆਂ, ਜੋ ਪੇਂਡੂ ਜਾਂ ਆਮ ਵਰਗ ਦੇ ਵਿੱਦਿਆਰਥੀਆਂ ਦੀ ਪਹੁੰਚ ਤੋਂ ਬਾਹਰ ਹੋ ਜਾਣਗੀਆਂ। ਆਮ ਸੋਚ ਇਹ ਵੀ ਹੈ ਕਿ ਇਸ ਦੀ 500 ਏਕੜ ਮਹਿੰਗੀ ਜ਼ਮੀਨ 'ਤੇ ਕੇਂਦਰ ਰਾਹੀਂ ਕਾਰਪੋਰੇਟ ਘਰਾਣਿਆਂ ਦੀ ਅੱਖ ਹੈ। ਬਹੁਤ ਸਾਰੇ ਵਿੱਦਿਆਰਥੀਆਂ ਵਿੱਚ ਰਾਏ ਪਾਈ ਜਾ ਰਹੀ ਹੈ ਕਿ ਇਹੋ ਜਿਹੇ ਵਿੱਦਿਅਕ ਅਦਾਰਿਆਂ ਉੱਤੇ ਭਾਜਪਾ ਆਪਣਾ ਕੰਟਰੋਲ ਕਰਕੇ ਆਰ. ਐੱਸ. ਐੱਸ. ਦੀ ਸੋਚ ਨੂੰ ਭਵਿੱਖ ਵਿੱਚ ਬੜ੍ਹਾਵਾ ਦੇਵੇਗੀ।

ਲੋੜ ਹੈ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਸਿਆਸਤ ਤੋਂ ਅੱਡ ਹੋ ਵਿੱਦਿਆਰਥੀਆਂ ਦਾ ਸਾਥ ਦੇਣ। PU ਦਾ ਮਸਲਾ ਹੀ ਨਹੀਂ, ਬਲਕਿ ਪੰਜਾਬ ਦੇ ਸਭ ਲਟਕਦੇ ਮਸਲਿਆਂ ਬਾਰੇ ਸੁਚੇਤ ਹੋ, ਵੱਡਾ ਹੱਲਾ ਬੋਲਣ। ਸੱਚਾ ਸੌਦਾ ਸਾਧ ਨੂੰ ਬਾਰ ਬਾਰ ਪਰੋਲ ਪਰ ਬੰਦੀ ਸਿੰਘਾਂ ਨੂੰ ਉਮਰ ਕੈਦ ਭੁਗਤਣ ਤੋਂ ਬਾਅਦ ਵੀ ਅਤੇ ਸੁਪਰੀਮ ਕੋਰਟ ਦੇ ਫੈਸਲੇ ਦੇ ਬਾਵਜੂਦ ਕੋਈ ਰਿਹਾਈ ਨਹੀਂ। ਇਸ ਨੂੰ ਲੈ ਕੇ ਕੌਮੀ ਇਨਸਾਫ਼ ਮੋਰਚੇ ਵੱਲੋਂ ਦਿੱਲੀ ਕੂਚ ਦੀਆਂ ਤਿਆਰੀਆਂ ਜਿਸ ਵਿੱਚ ਕੇਂਦਰ ਵੱਲੋਂ ਰੁਕਾਵਟਾਂ। ਮੋਰਚੇ ਵੱਲੋਂ ਗ੍ਰਹਿ ਮੰਤਰਾਲੇ ਦੇ ਸੰਯੁਕਤ ਸਕੱਤਰ ਨੂੰ ਦਿੱਤਾ ਗਿਆ ਮੈਮੋਰੰਡਮ। ਲੋੜ ਹੈ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ, ਹੋਰ ਜਥੇਬੰਦੀਆਂ ਅਤੇ ਲੋਕਾਂ ਵੱਲੋਂ ਉਨ੍ਹਾਂ ਦਾ ਸਮਰਥਨ। ਅਮਰੀਕਾ ਅਤੇ ਕੈਨੇਡਾ ਦੀਆਂ ਕੁਝ ਸਟੇਟਾਂ ਵੱਲੋਂ 1984 ਦੇ ਕਤਲੋਗਾਰਤ ਨੂੰ ਲੈ ਕੇ ਇਸ ਨੂੰ ਨਸਲਕੁਸ਼ੀ ਕਰਾਰ ਦਿੰਦਿਆਂ ਪ੍ਰਸਤਾਵ ਪਾਸ ਕੀਤੇ ਗਏ। ਪਰ ਆਪਣੀਆਂ ਕੇਂਦਰ ਅਤੇ ਪੰਜਾਬ ਦੀਆਂ ਵੱਖੋ ਵੱਖਰੀਆਂ ਸਰਕਾਰਾਂ ਰਾਹੀਂ ਇਸ ਤਰ੍ਹਾਂ ਕਿਉਂ ਨਹੀਂ।

ਸੰਯੁਕਤ ਸੋਵੀਅਤ ਸ਼ੋਸ਼ਲਿਸਟ ਰਿਪਬਲਿਕ ਦੀ ਹੋਂਦ ਸਮੇਂ ਬੈਲਾਰੂਸ ਵਰਗੇ ਪ੍ਰਾਂਤਾਂ ਨੂੰ ਕਿਸੇ ਵੀ ਦੇਸ਼ ਨਾਲ ਵੱਖਰੀ ਸੰਧੀ ਕਰਨ ਦਾ ਅਧਿਕਾਰ ਸੀ। ਇਸ ਨੂੰ Quasifederal ਸਿਸਟਮ ਨਾਲ ਜਾਣਿਆ ਜਾਂਦਾ ਹੈ। ਭਾਰਤ ਵਿੱਚ ਵੀ ਵਿਭਿੰਨਤਾ ਨੂੰ ਲੈ ਕੇ ਪ੍ਰਾਂਤਾਂ ਨੂੰ ਵੱਧ ਤੋਂ ਵੱਧ ਅਧਿਕਾਰ ਦੇਣ ਦੀ ਲੋੜ ਹੈ, ਤਾਂ ਕਿ ਇਸ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਿਆ ਜਾ ਸਕੇ।

* * * * * *

# ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ 'ਬੁੱਕ ਵੀਕ ਆਫ ਸਕਾਟਲੈਂਡ' ਮਨਾਇਆ ਗਿਆ







ਗਲਾਸਗੋ, (ਹਰਜੀਤ ਸਿੰਘ ਦੁਸਾਂਝ ਪੁਆਦੜਾ) – ਸਕਾਟਲੈਂਡ ਵਿੱਚ ਹਰ ਸਾਲ ਨਵੰਬਰ ਦੇ ਮਹੀਨੇ ਸਕਾਟਿਸ਼ ਬੁੱਕ ਟਰੱਸਟ ਦੇ ਸਹਿਯੋਗ ਨਾਲ 'ਸਕਾਟਲੈਂਡ ਦਾ ਕਿਤਾਬ ਹਫ਼ਤਾ' (ਬੁੱਕ ਵੀਕ ਆਫ ਸਕਾਟਲੈਂਡ) ਮਨਾਇਆ ਜਾਂਦਾ ਹੈ। ਸਕਾਟਿਸ਼ ਬੁੱਕ ਟਰੱਸਟ ਇੱਕ ਰਾਸ਼ਟਰੀ ਸੰਸਥਾ ਹੈ ਜੋ ਕਿ ਕਈ ਤਰ੍ਹਾਂ ਦੇ ਸਮਾਗਮਾਂ ਰਾਹੀਂ ਅਤੇ ਲਾਇਬਰੇਰੀਆਂ, ਸਕੂਲਾਂ, ਅਧਿਆਪਕਾਂ, ਸਾਹਿਤਕ ਸੰਸਥਾਵਾਂ ਆਦਿ ਰਾਹੀਂ ਲੋਕਾਂ ਨੂੰ ਸਾਹਿਤ ਨਾਲ ਜੁੜਨ ਲਈ ਉਤਸ਼ਾਹਿਤ ਕਰਦੀ ਹੈ ਅਤੇ ਹਰ ਉਮਰ ਦੇ ਲੋਕਾਂ ਨੂੰ ਕਿਤਾਬਾਂ ਪੜਨ ਅਤੇ ਲਿਖਣ ਲਈ ਪ੍ਰੇਰਿਤ ਕਰਦੀ ਹੈ । ਇਸ ਸਾਲ 17 ਤੋਂ 23 ਨਵੰਬਰ ਤੱਕ ਸਕਾਟਲੈਂਡ ਦਾ ਕਿਤਾਬ ਹਫ਼ਤਾ ਮਨਾਇਆ ਗਿਆ । ਪੰਜਾਬੀ ਸਾਹਿਤ ਸਭਾ ਗਲਾਸਗੋ ਵਲੋਂ ਸਕਾਟਲੈਂਡ ਭਰ ਵਿੱਚ ਮਨਾਏ ਜਾ ਰਹੇ ਕਿਤਾਬ ਹਫ਼ਤੇ ਦੇ ਸੰਬੰਧ ਵਿੱਚ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਅਲਬਰਟ ਡਰਾਈਵ ਗਲਾਸਗੋ ਵਿਖੇ ਪੰਜਾਬੀ ਕਿਤਾਬਾਂ ਦਾ ਸਟਾਲ ਲਗਾਇਆ ਗਿਆ, ਜਿੱਥੇ ਸੰਗਤ ਨੂੰ ਪੰਜਾਬੀ ਕਵਿਤਾ, ਕਹਾਣੀ, ਨਾਵਲ, ਲੇਖ, ਇਤਿਹਾਸ, ਧਾਰਮਿਕ ਸਾਹਿਤ ਅਤੇ ਬੱਚਿਆਂ ਲਈ ਪੰਜਾਬੀ ਪਾਠ ਸਮਗਰੀ ਸਮੇਤ ਵੱਖ-ਵੱਖ ਕਿਸਮ ਦੀਆਂ ਪੰਜਾਬੀ ਦੀਆਂ ਕਿਤਾਬਾਂ ਮੁਫ਼ਤ ਵੰਡੀਆਂ ਗਈਆਂ । ਇਸ ਉਪਰਾਲੇ ਦਾ ਮੁੱਖ ਮਕਸਦ ਗਲਾਸਗੋ ਅਤੇ ਸਕਾਟਲੈਂਡ ਵਿੱਚ ਰਹਿੰਦੇ ਪੰਜਾਬੀ ਭਾਈਚਾਰੇ, ਖ਼ਾਸਕਰ ਨੌਜਵਾਨਾਂ ਅਤੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਆਪਣੇ ਸਾਹਿਤ ਨਾਲ ਜੋੜਨਾ ਸੀ। ਪੰਜਾਬੀ ਸਾਹਿਤ ਸਭਾ ਗਲਾਸਗੋ ਪਿਛਲੇ 30 ਸਾਲਾਂ ਤੋਂ ਗਲਾਸਗੋ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਕੰਮ ਕਰ ਰਹੀ ਹੈ। ਸਭਾ ਵਲੋਂ ਹਰ ਸਾਲ ਵੱਖ-ਵੱਖ ਸਾਹਿਤਕ ਗਤੀਵਿਧੀਆਂ ਅਤੇ ਸਮਾਗਮ ਆਯੋਜਿਤ ਜਾਂਦੇ ਹਨ। ਸਮਾਗਮ ਵਿੱਚ ਸਭਾ ਵਲੋਂ ਅਮਨਦੀਪ ਸਿੰਘ, ਦਲਜੀਤ ਸਿੰਘ ਦਿਲਬਰ, ਦੁਪਿੰਦਰ ਕੌਰ, ਤਰਲੋਚਨ ਮੁਠੱਡਾ, ਗੁਰਦੇਵ ਸਿੰਘ, ਹਰਜੀਤ ਸਿੰਘ , ਅਮਰਜੀਤ ਮੀਨੀਆ ਅਤੇ ਦਲਜੀਤ ਕੌਰ ਖ਼ਾਸ ਤੌਰ 'ਤੇ ਹਾਜ਼ਰ ਸਨ। ਇਨ੍ਹਾਂ ਨੇ ਸੰਗਤ ਨੂੰ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ ਅਤੇ ਪੰਜਾਬੀ ਸਾਹਿਤ ਦੀ ਮਹੱਤਤਾ ਅਤੇ ਪੜ੍ਹਨ ਲਈ ਪ੍ਰੇਰਿਤ ਕੀਤਾ। ਸੰਗਤ ਵਲੋਂ ਪੰਜਾਬੀ ਸਾਹਿਤ ਸਭਾ ਦੇ ਇਸ ਉਪਰਾਲੇ ਦੀ ਬਹੁਤ ਸ਼ਲਾਘਾ ਕੀਤੀ ਗਈ ਅਤੇ ਬੱਚਿਆਂ, ਨੌਜਵਾਨਾਂ ਤੇ ਪਰਿਵਾਰਾਂ ਨੇ ਕਿਤਾਬਾਂ ਵਿੱਚ ਬਹੁਤ ਰੁਚੀ ਦਿਖਾਈ। ਵੱਡੀ ਗਿਣਤੀ ਵਿੱਚ ਲੋਕ ਪੰਜਾਬੀ ਕਿਤਾਬਾਂ ਲੈ ਕੇ ਗਏ।

## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ ।**

**ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ**

– ਲੇਖਕ –
ਗਿਆਨੀ
ਗੁਰਦਿੱਤ ਸਿੰਘ




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ–21

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਕਿਸੇ ਵੀ ਸੰਪਰਦਾਇ ਦਾ ਗੁਰੂ ਆਪਣੇ ਚੇਲੇ ਨੂੰ, ਜੋ ਪ੍ਰਸਿੱਧੀ ਦਿਵਾਉਣ ਵਾਲਾ ਵੀ ਹੋਵੇ, ਖੁਸ਼ੀ ਖੁਸ਼ੀ ਨਵੀਂ ਸ਼ਾਖਾ ਚਲਾਉਣ ਦੀ ਆਗਿਆ ਨਹੀਂ ਦੇ ਸਕਦਾ ਸੀ । ਇਹ ਵਿਦਰੋਹ ਸੀ ਨਾ ਕਿ ਗੁਰੂ ਆਗਿਆ ਦਾ ਪਾਲਣ ! ਜੇ ਇਹ ਸੰਸ਼ੋਧਨ ਮੰਨਿਆ ਜਾਵੇ- ਜਿਵੇਂ ਕੁਝ ਵਿਦਵਾਨਾਂ ਨੇ ਮੰਨਿਆ ਹੈ- ਤਦ ਭੀ ਇਹ ਦੂਜੇ ਸ਼ਬਦਾਂ ਵਿੱਚ ਵਿਦਰੋਹ ਹੀ ਹੈ । ਕੁਝ ਵੀ ਹੋਵੇ ਇਸ ਬਾਰੇ ਵਿਦਵਾਨ ਇਕ ਮੱਤ ਹਨ ਕਿ ਰਾਮਾਨੰਦ ਜੀ ਆਪਣੀ ਪਹਿਲੀ ਸ਼ਾਖਾ ਦੇ ਪੈਰੋਕਾਰ ਨਹੀਂ ਰਹੇ ਸੀ। ਇਸ ਤਰ੍ਹਾਂ ਵੈਸ਼ਣਵ ਪੰਥ ਵਿੱਚ ਰਾਧਾ ਕ੍ਰਿਸ਼ਨ ਦੀ ਥਾਂ ਸੀਤਾ ਰਾਮ ਦਾ ਜਾਪ ਕਰਨ ਵਾਲੀ ਸ਼ਾਖਾ, ਰਾਮਾਨੰਦ ਜੀ ਨੇ ਚਲਾਈ ਅਤੇ ਉਭਾਰੀ। ਇੰਝ ਰਾਮ ਭਗਤ ਸ਼ਾਖਾ ਦੇ ਪ੍ਰਚਲਨ ਦੀ ਰੀਤ ਰਾਮਾਨੰਦ ਜੀ ਰਾਹੀਂ ਪਈ ਤੇ ਉਹੋ ਇਸ ਦੇ ਮੁੱਖ ਪ੍ਰਚਾਰਕ ਅਤੇ ਪ੍ਰਵਰਤਕ ਮੰਨੇ ਗਏ ।**




ਹਨੂਮਾਨ ਦੀ ਆਰਤੀ ਅਤੇ ਉਸਤਤ ਵਿੱਚ ਰਚੇ ਪਦ ਤੋਂ ਸਪੱਸ਼ਟ ਹੈ ਕਿ ਇਹ ਆਰਤੀ ਸੁਆਮੀ ਰਾਮਾਨੰਦ ਜੀ ਦੀ ਪਹਿਲੀ ਅਵਸਥਾ ਦੀ ਰਚਨਾ ਹੈ। ਜਦੋਂ ਉਹ ਰਾਮ ਭਗਤੀ ਨੂੰ ਕ੍ਰਿਸ਼ਨ ਭਗਤੀ ਵਾਂਗ ਪ੍ਰਚੱਲਤ ਕਰਨ ਜਾਂ ਅੱਗੇ ਵਧਾਉਣ ਵਿੱਚ ਜੁਟੇ ਹੋਏ ਸਨ।

ਇਕ ਹੋਰ ਅਜਿਹਾ ਹੀ ਪਦਾ, ਦਾਦੂ ਜੀ ਦੇ ਚੇਲੇ, ਰੱਜਬ ਜੀ ਦੇ ਸੰਗ੍ਰਹਿ ਕੀਤੇ ਸ੍ਰਬਾਂਗੀ ਗ੍ਰੰਥ ਵਿੱਚੋਂ ਮਿਲਦਾ ਹੈ'। ਇਕ ਪੁਰਾਤਨ ਪੱਤਰੀ ਭਗਤਾਂ ਦੀ ਬਾਣੀ ਦੇ ਸੰਗ੍ਰਹਿ ਦੀ ਜੋਧਪੁਰ ਪ੍ਰਤਿਸ਼ਠਾਨ ਵਿੱਚ ਹੈ। ਰਾਮਾਨੰਦ ਜੀ ਦਾ ਗੋਇੰਦਵਾਲ ਵਾਲੀਆਂ ਪੋਥੀਆਂ ਵਿੱਚ ਆਇਆ ਪਦਾ ਨਿਸ਼ਚੇ ਹੀ ਇਨ੍ਹਾਂ ਸਭ ਲਿਖਤਾਂ ਤੋਂ ਪ੍ਰਾਚੀਨ ਹੈ। ਪੋਥੀ ਵਿੱਚ ਉਸ ਪਦੇ ਦੇ ਪਹਿਲੇ ਰੂਪ, ਰਹਾਉ ਦੀਆਂ ਤੁਕਾਂ ਦੀ ਤਰਤੀਬ ਬਦਲਣ ਕਾਰਨ ਕੁਝ ਕੁ ਹੀ ਭੇਦ ਹਨ।

ਕਿਉਂਕਿ ਰਾਮਾਨੰਦ ਜੀ ਵੈਸ਼ਣਵ ਸੰਪਰਦਾਇ ਦੇ ਅਚਾਰਯ, ਰਾਮ ਭਗਤੀ ਸ਼ਾਖਾ ਦੇ ਰੱਜਬ ਜੀ (ਦਾਦੂ ਜੀ ਦੇ ਚੇਲੇ) ਨੇ, ਵੱਖੋ ਵੱਖਰੇ ਅਧਿਆਤਮਕ ਵਿਸ਼ਿਆਂ ਦੇ ਭਾਗ ਬਣਾਕੇ, ਗਿਆਨ ਕਾ ਅੰਗ, ਵੈਰਾਗ ਕਾ ਅੰਗ (ਚੈਪਟਰ ਵੰਡ ਕਰਕੇ) ਵੱਖੋ ਵੱਖਰੇ ਅੰਗਾਂ ਉੱਤੇ ਭਿੰਨ ਭਿੰਨ ਮਹਾਂ ਪੁਰਖਾਂ ਦੇ ਨਾਵਾਂ ਉੱਤੇ ਪ੍ਰਚੱਲਤ ਹੋਏ ਪਦਿਆਂ ਦਾ ਸੰਗ੍ਰਹਿ ਕਰਕੇ ਇਹ ਸਰਬਾਂਗੀ ਗ੍ਰੰਥ ਇਕੱਤਰ ਕੀਤਾ। ਜੋ ਹੱਥ ਲਿਖਿਤ ਰੂਪ ਵਿੱਚ ਦਾਦੂ ਮਹਾਂ ਵਿਦਿਆਲਯਾ (ਜਯਪੁਰ)

ਪ੍ਰਚਾਰਕ, ਸੰਸਕ੍ਰਿਤ ਦੇ ਵਿਦਵਾਨ ਮੰਨੇ ਜਾਂਦੇ ਹਨ, ਇਸ ਕਰਕੇ ਕੁਝ ਵਿਦਵਾਨਾਂ ਨੂੰ ਸ਼ੱਕ ਪੈਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਸੇ ਉਦ੍ਰਿਤ ਯਹ ਪਦ ਵੈਸ਼ਣਵ ਭਗਤ ਰਾਮਾਨੰਦ ਕਾ ਨਹੀਂ ਹੋ ਸਕਤਾ। ਔਰ ਕਿਸੀ ਰਾਮਾਨੰਦ ਕਾ ਹੋ ਸਕਤਾ ਹੈ। (ਰਾਮ ਚੰਦਰ ਸ਼ੁਕਲ, ਹਿੰਦੀ ਸਾਹਿਤ ਕਾ ਇਤਿਹਾਸ, ਸਫ਼ਾ 119–20) ਪ੍ਰੰਤੂ ਇਸ ਬਾਰੇ ਰਾਮਾਨੰਦ ਸੰਪਰਦਾਇ ਗ੍ਰੰਥ ਦੇ ਲੇਖਕ ਨੇ ਠੀਕ ਕਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਜਿਸ ਢੰਗ ਨਾਲ ਸੰਗ੍ਰਹਿ ਕੀਤਾ ਗਿਆ, ਉਸ ਅਨੁਸਾਰ ਇਹ ਪਦਾ ਕਿਸੇ ਹੋਰ ਗ੍ਰੰਥ ਦੀ ਰਚਨਾ ਹੋਣ ਦੀ ਸੰਭਾਵਨਾ ਤੱਕ ਨਹੀਂ। ਦੋਵਾਂ ਪਦਿਆਂ ਤੋਂ ਰਾਮਾਨੰਦ ਜੀ ਦੇ ਵਿਚਾਰਾਂ ਵਿੱਚ ਪਰਿਵਰਤਨ ਆਉਣ ਬਾਰੇ ਹੈਰਾਨੀ ਹੁੰਦੀ ਹੀ ਰਹੀ ਹੈ। ਪਰ ਸ਼ੰਕਾ ਗੁੰਝਲਦਾਰ ਨਹੀਂ ਰਹਿ ਜਾਂਦੀ ਜਦੋਂ ਅਸੀਂ ਇਹ ਜਾਣ ਲਈਏ ਕਿ ਰਾਮਾਨੰਦ ਜੀ ਇਸ ਤੋਂ ਪਹਿਲਾਂ ਵਿਕਾਸਸ਼ੀਲ ਪਰਿਵਰਤਨ ਦੇ ਕਈ ਮੋੜ ਕੱਟ ਚੁੱਕੇ ਸਨ। ਪਹਿਲਾਂ ਸ਼ੈਵਮਤ ਧਾਰਨੀ ਸਨ ਫਿਰ ਰਾਮਾਨੁਜੀ ਕ੍ਰਿਸ਼ਨ ਭਗਤੀ ਪੱਧਤੀ, ਛੱਡਕੇ ਗੁਰੂ ਰਾਘਵਾਨੰਦ ਨਾਲੋਂ ਭਿੰਨ ਵਿਚਾਰਾਂ ਵਾਲੇ ਰਾਮ ਭਗਤੀ ਮੱਤ ਦੇ ਧਾਰਨੀ ਪ੍ਰਸਿੱਧ ਹੋਏ।

## ਡਾ. ਬਲਦੇਵ ਉਪਾਧਯ ਦਾ ਲੇਖ ਹੈ

ਰਾਮਾਨੰਦ ਜੀ ਨੇ ਸੀਤਾ ਲਛਮਣ ਸੇ ਯੁਕਤ ਸ੍ਰੀ ਰਾਮ ਚੰਦਰ ਜੀ ਕੇ ਧਿਆਨ ਕਾ ਅਦੇਸ਼ ਅਨੁਇਆਈਓਂ ਕੋ ਦੀਆ। ਇਸ ਵਿਰਤੀ ਕੀ ਚਰਚਾ ਕਾ ਵਿਧਾਨ ਸਵਾਮੀ ਜੀ ਕੀ ਵਿਸ਼ਿਸ਼ਟ ਦਵੈਤ ਮੱਤ ਕੀ ਓਰ ਹੀ ਪਖਸ਼ਪਾਤ ਸੂਚਤ ਕਰ ਰਹੇ ਹੈਂ। (ਭਗਵਤ ਸੰਪਰਦਾਏ ਸਫ਼ਾ 263)

ਰਾਮਾਨੰਦ ਜੀ ਨੇ ਬ੍ਰਹਮਣੀ ਕਰਮਕਾਂਡ ਦੀ ਜਕੜ, ਭਗਤੀ ਮੱਤ ਉਦਾਲਿਉਂ ਢਿੱਲੀ ਵਿੱਚ ਉਪਲਬਧ ਹੈ ਅਤੇ ਹੁਣ ਛਪ ਵੀ ਚੁੱਕਾ ਹੈ।

ਰੱਬ ਜੀ ਦੇ ਸੰਗ੍ਰਿਹ ਕੀਤੇ ਸਰਬਾਂਗੀ ਵਿੱਚ ਆਇਆ ਪਦਾ ਇਸ ਤਰ੍ਹਾਂ ਹੈ:

ਹਰਿ ਬਿਨੁ ਜਨਮ ਬਿਰਥਾ ਖੋਯੋ ਰੇ।
ਕਹਾ ਭਯੋ ਅਤਿ ਮਾਨ ਬੜਾਈ
ਘੁਨ ਮੁਦਾ ਅੰਧ ਮਤਿ ਸੋਯੋ ਰੇ।
ਅਤਿ ਉਤੰਗ ਤਰੁ ਦੇਖ ਸੁਹਾਯੇ
ਜੈਵਲ ਕੁਸਮ ਸੁਬਾ ਸੋਯੋ ਰੇ।
ਸੋਈ ਫਲ ਪੁਤ੍ਰ ਕਲਤ੍ਰ ਬਿਖੈ, ਸਬ
ਅੰਤ ਸੀਸ ਧੁਨਿ ਧੁਨਿ ਰੋਯੇ ਰੇ।
ਸਿਮਿਰਨ ਭਜਨ ਸਾਧ ਕੀ ਸੰਗਤ
ਅੰਤਰਿ ਮਨ ਮੈਲ ਨ ਧੋਯੋ ਰੇ।
ਰਾਮਾਨੰਦ ਰਤਨ ਜਸੁ ਤਾਸੇ ਸ੍ਰੀ
ਪਤਿ ਪਦ ਕਾਹੇ ਨ ਜੋਯੋ ਰੇ।

ਡਾ. ਬਰਬਵਾਲ ਨੇ ਇਸ ਪਦੇ ਨੂੰ ਰਾਮਾਨੰਦ ਕ੍ਰਿਤ ਹੀ ਮੰਨਿਆ ਹੈ।

(ਹਿੰਦੀ ਕਾਵਯ ਕਾ ਨਿਰਗੁਣ ਸਾਹਿਤ ਸਫ਼ਾ–39)

ਇਕ ਹੱਥਲਿਖਤ ਪਤ੍ਰੀ ਹੈ। ਉਸ ਦਾ ਲੇਖਕ ਪ੍ਰੇਮ ਦਾਸ ਜੀ ਦਾ ਸ਼ਿਸ਼ ਚਰਣ ਦਾਸ ਹੈ। ਲਿਖਣ ਦਾ ਬਿਕ੍ਰਮੀ ਸੰਮਤ 1718 ਤੋਂ 1821 ਹੈ। ਜਯਪੁਰ ਵਿਦਿਆਲੇ ਦੇ ਪ੍ਰਿੰਸੀਪਲ ਨੇ ਰਜਿਸਟਰ ਵਿੱਚ ਲਿਖੀ ਵਾਕਫੀ ਹੇਠ ਲਿਖੇ ਅਨੁਸਾਰ ਦਿੱਤੀ ਹੈ:

ਇਸ ਸਰਬਾਗੀ ਗ੍ਰੰਥ ਵਿੱਚ ਸਾਖੀ (ਸਲੋਕ) ਭਾਗ ਵਿੱਚ 145 ਅੰਗ ਹਨ, ਸਾਖੀਆਂ ਅਰਥਾਤ ਸਲੋਕ ਦੋ ਹਜ਼ਾਰ ਸੱਤ ਸੋ ਇਕਾਨਵੇਂ ਹਨ, ਪਦੇ 880 ਹਨ। ਵੱਖੋ ਵੱਖਰੀ ਥਾਂ ਪਈਆਂ ਗ੍ਰੰਥ ਦੀਆਂ ਪਤ੍ਰੀਆਂ ਵਿੱਚ ਭਿੰਨ ਭਿੰਨ ਕਿਸਮ ਦੇ ਪਦ ਜੋੜਾਂ, ਤੁਕਾਂ ਅਤੇ ਪਦਿਆਂ ਦੇ ਆਪੋ ਆਪਣੇ ਰੰਗ–ਢੰਗ ਹਨ। 1146 ਅੰਗਾਂ ਵਿੱਚ ਵੱਖੋ ਵੱਖਰੇ ਮਿਲਦੇ ਮਜਮੂਨਾਂ ਉੱਤੇ ਭਿੰਨ ਭਿੰਨ ਮਹਾਂਪੁਰਖਾਂ ਦੇ ਪਦੇ ਹਨ। ਰਜਬਬਾਣੀ ਗ੍ਰੰਥ ਦੇ ਸੰਪਾਦਕ, ਬ੍ਰਿਜ ਲਾਲ ਵਰਮਾ ਕਾਨਪੁਰ ਨੇ ਆਪਣੇ ਖੋਜ ਨਿਬੰਧ ਵਿੱਚ ਕੇਵਲ 142 ਅੰਗ ਲਿਖੇ ਹਨ।

(ਰਜਬ ਬਾਣੀ–180)

ਕਰਕੇ ਦਲਿਤ ਜਾਤੀਆਂ ਦੇ ਭਗਤਾਂ ਨੂੰ ਅਪਨਾਇਆ। ਪਹਿਲਾਂ ਭਗਤੀ ਕਰਨ ਦੇ ਅਧਿਕਾਰ ਉੱਚ ਜਾਤੀਆਂ, ਬਲਿਕ ਬ੍ਰਾਹਮਣਾਂ ਨੂੰ ਹੀ ਸਨ। ਭਗਤੀ ਮਾਰਗ ਨੂੰ ਰਾਮਾਨੰਦ ਜੀ ਨੇ ਜਨ ਸਾਧਾਰਨ ਲਈ ਭੀ ਖੋਲ੍ਹਿਆ। ਇਸਤਰੀਆਂ ਲਈ ਵੀ ਭਗਤੀ ਕਰਨ ਦੇ ਅਧਿਕਾਰ ਦਿੱਤੇ। ਭਾਵੇਂ ਇਸਤਰੀ ਦੀ ਹਸਤੀ ਨੂੰ ਭਗਤੀ ਮੱਤ ਵਾਲੇ ਅੱਧੀ ਕਹਿਕੇ ਆਪ ਨੂੰ ਸਾਢੇ ਬਾਰ੍ਹਾਂ (ਪ੍ਰਸਿੱਧ) ਭਗਤਾਂ ਦੇ ਗੁਰੂ ਆਖਦੇ ਹਨ। ਕ੍ਰਿਸ਼ਨ ਭਗਤੀ ਤੋਂ ਜੋ ਭਗਤੀ ਮੱਤ ਉੱਤੇ ਕ੍ਰਿਸ਼ਨ ਜੀ ਦੀ ਲਾਡਲੀ, ਰਾਧਾ ਭਗਤੀ ਦਾ ਰੂਪ ਧਾਰਕੇ ਅਮਰਵੇਲ ਵਾਂਗ ਛਾਈ ਹੋਈ ਸੀ, ਨਵੀਂ ਲੀਹ ਪਾੜਕੇ ਰਾਮਾਨੰਦ ਜੀ ਨੇ ਆਪਣੀ ਵੱਖਰੀ ਸੰਪਰਦਾਇ ਚਲਾਈ।

ਵਿਦਵਾਨਾਂ ਦਾ ਇਹ ਵੀ ਕਥਨ ਹੈ, ਇਹ ਨਵੀਂ ਸ਼ਾਖਾ ਆਪਣੇ ਗੁਰੂ ਦੀ ਆਗਿਆ ਨਾਲ ਹੀ ਸਥਾਪਤ ਕੀਤੀ ਸੀ, ਪਰ ਬਹੁਤਿਆਂ ਦਾ ਮੱਤ ਹੈ ਰਾਮਾਨੰਦ ਦਾ ਅਜਿਹਾ ਕਦਮ, ਕਰਮ ਕਾਂਡ ਵਿਰੁੱਧ ਵਿਦਰੋਹ ਸੀ। ਇਹ ਜੀਵਨ ਪਲਟਾ ਕਿਵੇਂ ਆਇਆ ? ਹਿੰਦੀ ਵਿਸ਼ਵ ਕੋਸ਼ (ਸਫ਼ਾ 107 ਖੰਡ 10 ਅਨੁਸਾਰ– ਕਾਸ਼ੀ ਕੇ ਵਿਦਵਾਨ ਮੁਸਲਮਾਨੋਂ ਕੇ ਸੰਪਰਕ ਮੇਂ ਆਨੇ ਸੇ ਆਪ ਨੇ ਅਪਨੇ ਦ੍ਰਿਸ਼ਟੀਕੋਣ ਕੋ ਕਾਫੀ ਉਦਾਰ ਬਨਾ ਲੀਆ ਥਾ ਪ੍ਰੰਤੂ ਆਮ ਰਾਇ ਯਿਹ ਹੈ ਕਿ ਰਾਮਾਨੰਦ ਜੀ ਨੇ ਤੀਰਥੋਂ ਕਾ ਭ੍ਰਮਣ ਕਰਕੇ ਹੀ ਅਪਨਾ ਦ੍ਰਿਸ਼ਟੀਕੋਣ ਯੁੱਗ ਧਰਮ ਕੇ ਅਨੁਕੂਲ ਬਣਾਇਆ (ਸਫ਼ਾ 85 ਰਾਮਾਨੰਦ ਸੰਪ੍ਰਦਾਇ) ਰਾਮਾਨੰਦ ਜੀ ਤੀਰਥ ਯਾਤਰਾ ਤੋਂ ਵਾਪਸ ਪਰਤੇ ਤਾਂ ਉਨ੍ਹਾਂ ਨੂੰ ਆਪਣੇ ਸੰਪਰਦਾਇਕ ਗੁਰੂ ਦੇ ਜਨੂੰਨੀ ਕਰਮ ਕਾਂਡ ਅਤੇ ਜਾਤੀ ਪ੍ਰਥਾ ਤੇ ਤੰਗ–ਦਿਲੀ ਵਾਲਾ ਨਜ਼ਰੀਆ ਅਣ–ਸੁਖਾਵਾਂ ਲੱਗਿਆ, ਜਿਸ ਬਾਰੇ ਵੈਸ਼ਣਵ ਪੰਥੀ ਆਖਦੇ ਹਨ–ਰਾਮਾਨੰਦ ਜੀ ਨੂੰ ਉੱਚ–ਪਦ ਉੱਤੇ ਪੁੱਜੇ ਸਮਝਕੇ ਰਾਘਵਾ ਨੰਦ ਜੀ ਨੇ ਆਪਣੀ ਵੱਖਰੀ ਸੰਪਰਦਾਇ ਚਲਾਉਣ ਦੀ ਖੁਦ ਹੀ ਆਗਿਆ ਦੇ ਦਿੱਤੀ ਸੀ। ਪਰ ਆਮ ਵਿਦਵਾਨ ਕਹਿੰਦੇ ਹਨ ਰਾਮਾਨੰਦ ਨੇ ਪਹਿਲੀ ਪੱਧਤੀ ਨਾਲੋਂ ਵਿਦਰੋਹ ਕੀਤਾ ਸੀ*। ਕਿਸੇ ਵੀ ਸੰਪਰਦਾਇ ਦਾ ਗੁਰੂ ਆਪਣੇ ਚੇਲੇ ਨੂੰ, ਜੋ ਪ੍ਰਸਿੱਧੀ ਦਿਵਾਉਣ ਵਾਲਾ ਵੀ ਹੋਵੇ, ਖੁਸ਼ੀ ਖੁਸ਼ੀ ਨਵੀਂ ਸ਼ਾਖਾ ਚਲਾਉਣ ਦੀ ਆਗਿਆ ਨਹੀਂ ਦੇ ਸਕਦਾ ਸੀ। ਇਹ ਵਿਦਰੋਹ ਸੀ ਨਾ ਕਿ ਗੁਰੂ ਆਗਿਆ ਦਾ ਪਾਲਣ! ਜੇ ਇਹ ਸੰਸ਼ੋਧਨ ਮੰਨਿਆ ਜਾਵੇ– ਜਿਵੇਂ ਕੁਝ ਵਿਦਵਾਨਾਂ ਨੇ ਮੰਨਿਆ ਹੈ– ਤਦ ਭੀ ਇਹ ਦੂਜੇ ਸ਼ਬਦਾਂ ਵਿੱਚ ਵਿਦਰੋਹ ਹੀ ਹੈ। ਕੁਝ ਵੀ ਹੋਵੇ ਇਸ ਬਾਰੇ ਵਿਦਵਾਨ ਇਕ ਮੱਤ ਹਨ ਕਿ ਰਾਮਾਨੰਦ ਜੀ ਆਪਣੀ ਪਹਿਲੀ ਸ਼ਾਖਾ ਦੇ ਪੈਰੋਕਾਰ ਨਹੀਂ ਰਹੇ ਸੀ। ਇਸ ਤਰ੍ਹਾਂ ਵੈਸ਼ਣਵ ਪੰਥ ਵਿੱਚ ਰਾਧਾ ਕ੍ਰਿਸ਼ਨ ਦੀ ਥਾਂ ਸੀਤਾ ਰਾਮ ਦਾ ਜਾਪ ਕਰਨ ਵਾਲੀ ਸ਼ਾਖਾ, ਰਾਮਾਨੰਦ ਜੀ ਨੇ ਚਲਾਈ ਅਤੇ ਉਭਾਰੀ। ਇੰਝ ਰਾਮ ਭਗਤ ਸ਼ਾਖਾ ਦੇ ਪ੍ਰਚਲਨ ਦੀ ਰੀਤ ਰਾਮਾਨੰਦ ਜੀ ਰਾਹੀਂ ਪਈ ਤੇ ਉਹੋ ਇਸ ਦੇ ਮੁੱਖ ਪ੍ਰਚਾਰਕ ਅਤੇ ਪ੍ਰਵਰਤਕ ਮੰਨੇ ਗਏ। ਭਾਵੇਂ ਰਾਮ ਦਾ ਨਾਮ ਈਸ਼ਵਰੀ, ਸੰਕੇਤ ਲਈ ਪਹਿਲਾਂ ਦੱਖਣ ਭਾਰਤ ਤੱਕ ਲਿਆ ਜਾਂਦਾ ਸੀ। ਖੁਦ ਅਯੁਧਿਆ ਵਾਸੀ ਦਸ਼ਰਥ ਦੇ ਪੁੱਤਰ ਦਾ ਨਾਮ ਰਾਮ ਰੱਖਿਆ ਜਾਣਾ ਹੀ ਇਸ ਦਾ ਪ੍ਰਮਾਣ ਹੈ ਕਿ ਰਾਮ ਪਹਿਲਾਂ ਤੋਂ ਈਸ਼ਵਰ–ਬੋਧ ਲਈ ਵੀ ਪ੍ਰਚੱਲਤ ਸੀ।

ਭਗਤੀ ਮੱਤ ਵਿੱਚ ਮੁੱਖ ਪ੍ਰਭਾਵ ਕ੍ਰਿਸ਼ਨ ਭਗਤੀ, ਜਾਂ ਰਾਧਾ ਕ੍ਰਿਸ਼ਨ ਦੀ ਭਗਤੀ

* ਰਾਘਵਾ ਨੰਦ ਜੀ ਸੇ ਅਲੱਗ ਹੋਣੇ ਕੇ ਕਾਰਨ ਰਾਮਾਨੰਦ ਕੋ ਗੁਰੂ ਦ੍ਰੋਹੀ ਭੀ ਨਹੀਂ ਕਹਾ ਜਾ ਸਕਤਾ। ਪ੍ਰਤਿਭਾ ਆਪਣਾ ਮਾਰਗ ਢੂੰਡ ਲੇਤੀ ਹੈ। ਗੁਰੂ ਕਾ ਸੰਬੋਧਨ ਕਰਨਾ ਹੀ ਗੁਰੂ ਪ੍ਰੰਪਰਾ ਕੋ ਆਗੇ ਬਢਾਨਾ ਥਾ। (ਰਾਮਾਨੰਦ ਸੰਪਰਦਾਏ ਦਾ ਇਤਿਹਾਸ–87)

ਦਾ ਸੀ। ਰਾਮ ਭਗਤੀ ਸ਼ਾਖਾ ਨੂੰ ਰਾਮਾਨੰਦ ਜੀ ਨੇ ਪ੍ਰਚਾਰਿਆ ਤਾਂ ਦੱਖਣ ਵੱਲ ਵੀ ਇਸ ਲਹਿਰ ਦੀਆਂ ਛੱਲਾਂ ਛਲਕੀਆਂ।

ਵੈਸ਼ਣਵ ਭਗਤੀ, ਜੋ ਕ੍ਰਿਸ਼ਨ ਭਗਤੀ ਉੱਤੇ ਕੇਂਦਰਤ ਸੀ, ਉਸ ਵੇਲੇ ਦੂਸ਼ਿਤ ਹੋ ਰਹੀ ਸੀ। ਭਗਤੀ ਮੱਤ ਵਿੱਚ ਰਾਮ ਭਗਤੀ ਸ਼ਾਮਿਲ ਕਰਕੇ ਰਾਮਾਨੰਦ ਜੀ ਨੇ ਇਕ ਹੋਰ ਅਵਤਾਰੀ ਹਸਤੀ ਵੱਲ ਧਿਆਨ ਖਿੱਚਿਆ ਅਤੇ ਰਾਮ ਚੰਦਰ ਜੀ ਨੂੰ ਭਗਤੀ ਦੇ ਪ੍ਰਤੀਕ ਜਣਾਇਆ।

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

## ਕਿਵੇਂ

ਮਾਂ ਤੂੰ ਮੈਨੂੰ ਜ਼ਿਦਾਂ ਕਰਕੇ
ਜਨਮ ਤਾਂ ਦੇ ਰਹੀ ਏਂ
ਇਸ ਦੁਨੀਆਂ ਵਿੱਚ ਲਿਆ
ਤਾਂ ਰਹੀ ਏਂ
ਕਿਤੇ ਤੇਰੀ ਜ਼ਿੱਦ
ਮੇਰੇ ਮਰਨ ਦਾ ਸਬੱਬ
ਨਾ ਬਣ ਜਾਵੇ
ਤੂੰ ਮੈਨੂੰ ਜਨਮ ਤਾਂ
ਦੇ ਲਵੇਂਗੀ ਪਰ
ਇਸ ਦੁਨੀਆਂ ਵਿੱਚ ਮੈਂ
ਸਹੀ ਵਿਚਰ ਸਕਾਂ
ਉਹ ਹਾਲਾਤ ਕਿਥੋਂ
ਲਿਆਵੇਂਗੀ ?
ਕਿਥੇ ਪੈਰ ਪੈਰ 'ਤੇ
ਮੇਰੇ ਨਾਲ ਤੂੰ ਵੀ
ਠੋਕਰਾਂ ਖਾਵੇਂਗੀ ?
ਕਿਵੇਂ ਹਰ ਹਾਲ ਵਿੱਚ
ਮੇਰੀਆਂ ਰੀਝਾਂ ਪੂਰੀਆਂ
ਕਰਨ ਦਾ ਯਤਨ ਕਰੇਂਗੀ ?
ਮੈਨੂੰ ਪੜ੍ਹਾਵੇਂਗੀ ਲਿਖਾਵੇਂਗੀ
ਪਰ ਦਾਜ ਦੀ ਬਲੀ
ਚੜ੍ਹਨੋਂ ਕਿਵੇਂ ਰੋਕ ਪਾਵੇਂਗੀ ?
ਮੈਨੂੰ ਆਜਾਦ ਖਿਆਲਾਤ ਤਾਂ ਦੇ ਦੇਵੇਂਗੀ
ਪਰ ਕਿਸੇ ਤੰਗ ਮਾਨਸਿਕਤਾ ਵਾਲੇ
ਦਰਿੰਦਿਆਂ ਦੇ ਹੱਥੇ ਚੜ੍ਹਨੋਂ
ਕਿਵੇਂ ਬਚਾਵੇਂਗੀ ?
ਜੋ ਨਹੀਂ ਦੇਖੇਗਾ ਕਿ
ਮੈਂ ਵੀ ਇਕ ਇਨਸਾਨ ਹਾਂ
ਮੈਂ ਵੀ ਕਿਸੇ ਦੀ ਜਾਨ ਹਾਂ
ਬਸ ਮੇਰੀ ਇੱਜ਼ਤ ਨੂੰ
ਤਾਰ ਤਾਰ ਕਰ ਜੋ
ਤੁਰਦਾ ਬਣੇਗਾ
ਫਿਰ ਕਿਸੇ ਕਾਨੂੰਨ ਦੇ
ਦਰਵਾਜ਼ੇ 'ਤੇ ਜਾ
ਮੇਰੇ ਲਈ ਨਿਆਂ ਦੀ
ਗੁਹਾਰ ਲਗਾਏਂਗੀ
ਜਿਥੇ ਤੇਰੇ ਹੀ
ਚਰਿੱਤਰ 'ਤੇ
ਤੁਹਮਤ ਲਗਾਉਣ ਨੂੰ
ਉਹ ਤਿਆਰ ਬੈਠੇ ਹੋਣਗੇ
ਫਿਰ ਕਿਸ ਕਿਸ ਨੂੰ
ਸਮਝਾਵੇਂਗੀ
ਜਿਥੇ ਤੈਨੂੰ ਹੁਣ ਤੱਕ
ਕੋਈ ਨਾ ਸਮਝਿਆ
ਉਥੇ ਮੇਰਾ ਵਜੂਦ
ਕਿਵੇਂ ਬਣਾਵੇਂਗੀ ?
ਕਿਵੇਂ ਮਾਂ ਕਿਵੇਂ ?
ਇਸ ਲਈ
ਪਹਿਲਾਂ ਸਿਰਜ ਇਕ
ਨਵਾਂ ਸਮਾਜ
ਹੋ ਆਪਣੇ ਪੈਰਾਂ 'ਤੇ ਖੜ੍ਹੀ
ਕਰ ਬੁਲੰਦ ਆਪਣੀ
ਆਵਾਜ਼ ਤੇ ਹੌਸਲੇ
ਕਰ ਸਾਹਮਣਾ ਖੁਦ
ਪਹਿਲਾਂ ਇਸ ਮਰਦ
ਪ੍ਰਧਾਨ ਸਮਾਜ ਦਾ
ਬਦਲ ਪਹਿਲਾਂ ਔਰਤ
ਦੀ ਹੀ ਔਰਤ ਪ੍ਰਤੀ
ਸੋਚ
ਫੇਰ ਮੈਨੂੰ ਜਨਮ
ਦੇਵੀਂ
ਬਣਾ ਪਹਿਲਾਂ ਆਪਣਾ
ਵਜੂਦ ਅਤੇ
ਫਿਰ ਮੇਰਾ **–ਨੀਰੂ ਜੱਸਲ**

# ਕਾਵਿ ਕਿਆਰੀ

## ਕਵਿਤਾ

ਜਿਥੇ ਨਹੀਂ ਵਾਸਾ ਇਸ਼ਕੇ ਦਾ ਹੱਡ ਮਾਸ ਨੂੰ ਜ਼ਿੰਦਾ ਰੱਖਦੇ ਨੇ
ਆਪਣੇ ਹੀ ਅੰਦਰ ਆਪਣੇ ਲਈ ਬਨਵਾਸ ਨੂੰ ਜ਼ਿੰਦਾ ਰੱਖਦੇ ਨੇ

ਬੇਸ਼ੱਕ ਹਨ੍ਹੇਰਾ ਗਾੜ੍ਹਾ ਹੈ, ਸੂਰਜ ਵੀ ਹੋਇਆ ਗ਼ੈਰਾਂ ਦਾ
ਪਰ ਜੁਰਅਤ ਵੇਖੋ ਜੁਗਨੂੰਆਂ ਦੀ ਕਿੰਝ ਆਸ ਨੂੰ ਜ਼ਿੰਦਾ ਰੱਖਦੇ ਨੇ

ਨਿੱਤ ਪਤਝੜ ਆਏ ਚਾਵਾਂ 'ਤੇ, ਰੀਝਾਂ ਦੇ ਪੱਤਰ ਰੋਜ਼ ਝੜੇ
ਪਰ ਕੌਲ ਤੇਰੇ ਇਕ ਹੋਵਣ ਦੇ ਅਹਿਸਾਸ ਨੂੰ ਜ਼ਿੰਦਾ ਰੱਖਦੇ ਨੇ

ਇਹ ਸ਼ਬਦ ਨਿਰੇ ਬਸ ਸ਼ਬਦ ਨਹੀਂ, ਇਨ੍ਹਾਂ ਦਾ ਆਪਣਾ ਆਲਮ ਹੈ
ਜਿਉਂ ਜ਼ਿੰਦਾਬਾਦ ਦੇ ਨਾਅਰੇ ਵੀ ਵਿਸ਼ਵਾਸ ਨੂੰ ਜ਼ਿੰਦਾ ਰੱਖਦੇ ਨੇ

ਭਰ ਡੁੱਲਦਾ ਕਾਸਾ ਤੱਕਦੇ ਨਹੀਂ ਕੋਸਣ ਮਾਹੀ ਦੀਆਂ ਰਮਜ਼ਾਂ ਨੂੰ
ਉਹ ਬੰਦੇ ਜੋਗੀ ਨਹੀਂ ਹੁੰਦੇ ਜੋ ਪਿਆਸ ਨੂੰ ਜ਼ਿੰਦਾ ਰੱਖਦੇ ਨੇ।

**–ਸਿਮਰਨ ਅਕਸ**

## ਸੋਚੇ ਸੋਚ ਵਿਚਾਰੀ ਝੂਠੀ

ਸੋਚੇ ਸੋਚ ਵਿਚਾਰੀ ਝੂਠੀ
ਕਿਸ ਕੰਮ ਦੀ ਸਰਦਾਰੀ ਝੂਠੀ

ਕਾਹਨੂੰ ਸਿਰ 'ਤੇ ਚੁੱਕੀ ਫਿਰੀਏ
ਐਵੇਂ ਰਿਸ਼ਤੇਦਾਰੀ ਝੂਠੀ

ਕਸਮਾਂ ਚੁੱਕ ਚੁੱਕ ਵਾਅਦੇ ਵਾਲੀ
ਉਹਨੇ ਕੰਧ ਉਸਾਰੀ ਝੂਠੀ

ਕਿਵੇਂ ਸੱਚੀ ਹੋ ਸਕਦੀ ਏ
ਦੱਸ ਖਾਂ ਸੋਚ ਬਾਜ਼ਾਰੀ ਝੂਠੀ

ਉਹਨੂੰ ਸਾਰੀ ਦੁਨੀਆਂ ਮੰਨਿਆਂ
ਕਸਮੇਂ ਦੁਨੀਆਂ ਸਾਰੀ ਝੂਠੀ

ਮਾਣ ਸੀ ਬੁਸ਼ਰਾ ਯਾਰੀ ਉੱਤੇ
ਆਖ਼ਰ ਨਿਕਲੀ ਯਾਰੀ ਝੂਠੀ **–ਬੁਸ਼ਰਾ ਨਾਜ਼**

## ਬੰਦਾ ਮਰ ਵੀ ਸਕਦਾ ਏ

ਜਦ ਉਹ ਮੈਨੂੰ ਤੱਕਦਾ ਏ
ਕਸਮੇਂ ਸਾਹਵਾਂ ਡੱਕਦਾ ਏ

ਝੂਠਾ! ਸੱਚਾ ਹੋਵਣ ਦੇ ਲਈ
ਮੇਰੀਆਂ ਕਸਮਾਂ ਚੱਕਦਾ ਏ

ਜਗ 'ਤੇ ਜਿੰਨਾ ਰੌਲਾ ਏ
ਰੌਲਾ ਸਾਰਾ ਨੱਕ ਦਾ ਏ

ਅਚਨਚੇਤ ਨਾ ਆਇਆ ਕਰ
ਬੰਦਾ ਮਰ ਵੀ ਸਕਦਾ ਏ

ਪਿਆਰ ਤੇ ਉਹਨੂੰ ਹੈ ਬੁਸ਼ਰਾ
ਬਸ ਉਹ ਕਹਿਣ ਤੋਂ ਡਰਦਾ ਏ**–ਬੁਸ਼ਰਾ ਨਾਜ਼**

## ਤੇਗ਼ ਤਪੱਸਿਆ 'ਤੇ ਚਾਦਰ

ਤੇਗ਼ ਤਪੱਸਿਆ ਦਾ ਧਨੀ,
ਕੋਈ ਹੋਰ ਨਹੀਂ ਤੇਗ਼ ਬਹਾਦਰ ਹੈ।
ਐਵੇਂ ਨਹੀਂ ਜੱਗ 'ਤੇ ਨਾਂ ਉਸ ਦਾ,
ਜਿਹਨੂੰ ਕਹਿੰਦੇ 'ਹਿੰਦ ਦੀ ਚਾਦਰ' ਹੈ।



ਚਾਦਰ ਦੇ ਰੰਗ ਨਿਆਰੇ ਨੇ,
ਸਾਰੇ ਹੀ ਜਾਨ ਤੋਂ ਪਿਆਰੇ ਨੇ।
ਪਰਦਾ ਹੈ ਭੋਲੀਆਂ ਇੱਜ਼ਤਾਂ ਦਾ,
ਨਾਮ ਬਾਣੀ ਦੀਆਂ ਸਿਫਤਾਂ ਦਾ।
ਸ਼ਾਂਤੀ ਦਾ ਭਰਿਆ ਸਾਗਰ ਹੈ।
ਐਵੇਂ ਨਹੀਂ ਜੱਗ 'ਤੇ ਨਾਂ ਉਸ ਦਾ,
ਜਿਹਨੂੰ ਕਹਿੰਦੇ 'ਹਿੰਦ ਦੀ ਚਾਦਰ' ਹੈ।

ਚਾਦਰ ਬਣ ਜਾਵੇ ਢਾਲ ਕਦੀ,
ਖੜ੍ਹੇ ਹੱਸ ਮਜ਼ਲੂਮ ਦੇ ਨਾਲ ਕਦੀ।
ਸਭ ਕੁੱਝ ਹੀ ਦਾਅ 'ਤੇ ਲਾ ਦੇਵੇ,
ਜ਼ਾਲਮ ਅੱਗੇ ਹਿੱਕ ਡਾਹ ਦੇਵੇ।
ਨਾ ਸੱਚ ਕਹਿਣੋਂ ਕਦੀ ਨਾਬਰ ਹੈ।
ਐਵੇਂ ਨਹੀਂ ਜੱਗ 'ਤੇ ਨਾਂ ਉਸ ਦਾ,
ਜਿਹਨੂੰ ਕਹਿੰਦੇ 'ਹਿੰਦ ਦੀ ਚਾਦਰ' ਹੈ।

ਵਚਨਾਂ 'ਤੇ ਬਚਨਾਂ ਦਾ ਪੂਰਾ ਹੈ,
ਮੈਦਾਨੇ ਜੰਗ ਵਿੱਚ ਸੂਰਾ ਹੈ।
ਭੈਅ ਕਿਸੇ ਨੂੰ ਵੀ ਨਾ ਦੇਵੇ,
ਕੋਈ ਦੇਵੇ ਤਾਂ ਫਿਰ ਲਾਹ ਦੇਵੇ।
ਮਕਤਲ ਤੱਕ ਚੱਲ ਕੇ ਖ਼ੁਦ ਪਹੁੰਚੇ,
ਇੱਕ ਐਸਾ ਨੇਕ ਮੁਸਾਫ਼ਿਰ ਹੈ,
ਐਵੇਂ ਨਹੀਂ ਜੱਗ 'ਤੇ ਨਾਂ ਉਸ ਦਾ,
ਜਿਹਨੂੰ ਕਹਿੰਦੇ 'ਹਿੰਦ ਦੀ ਚਾਦਰ' ਹੈ।

ਤੇਗ਼ ਤਪੱਸਿਆ ਦਾ ਧਨੀ,
ਕੋਈ ਹੋਰ ਨਹੀਂ ਤੇਗ਼ ਬਹਾਦਰ ਹੈ।
ਐਵੇਂ ਨਹੀਂ ਜੱਗ 'ਤੇ ਨਾਂ ਉਸ ਦਾ,
ਜਿਹਨੂੰ ਕਹਿੰਦੇ 'ਹਿੰਦ ਦੀ ਚਾਦਰ' ਹੈ।

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਲੰਬੀ ਛੁੱਟੀ ਜਥੇਦਾਰਾਂ ਦੀ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਕਿਸੇ ਵੇਲੇ 'ਸ਼੍ਰੋਮਣੀ' ਵਾਕਿਆ ਈ ਸੀ
ਸੰਸਥਾ ਪੰਥ ਦੀ ਹੁਣ ਗੁਲਾਮ ਭਾਈ।
ਅਹੁਦੇਦਾਰ ਬਣਾਉਂਦੇ ਹਰ ਸਾਲ ਜਿਹੜੇ
ਕਰਦੇ 'ਮਾਲਕ' ਦੇ ਤਾਈਂ ਸਲਾਮ ਭਾਈ।
ਪੰਥਕ ਫਲਸਫਾ ਅਤੇ 'ਰਵਾਇਤ' ਛੱਡੀ
ਐਸੀ ਕਲਾ ਵਰਤਾਉਂਦਾ ਹੈ 'ਦਾਮ' ਭਾਈ।
ਪਿਛਲੇ ਸਾਲ ਜੋ ਹੋਇਆ 'ਫਸੀਲ' ਉੱਤੇ
'ਫੂਲਾ ਸਿੰਘ ਅਕਾਲੀ' ਦੇ 'ਨਾਮ' ਭਾਈ।
ਜਿਹੜੇ 'ਉੱਪਰਲੇ ਹੁਕਮਾਂ' ਤੋਂ ਹੋਏ ਆਕੀ
'ਜਥੇਦਾਰ' ਝੱਟ ਬਦਲ ਕੇ 'ਹੋਰ' ਦਿੱਤੇ।
ਦੋ ਦਸੰਬਰ ਨੂੰ ਜਿਹੜੇ ਸੀ 'ਸਿੰਘ ਸਾਹਿਬ'
'ਲੰਬੀ ਛੁੱਟੀ' 'ਤੇ ਰਹਿੰਦੇ ਵੀ ਤੋਰ ਦਿੱਤੇ!
001-408-905-5517

# ਹਰਖੋਵਾਲ ਸੰਪ੍ਰਦਾਇ ਵੱਲੋਂ ਗੁਰਦੁਆਰਾ ਡੇਰਾ ਸੰਤਗੜ੍ਹ ਸ੍ਰੀ ਅਨੰਦਪੁਰ ਸਾਹਿਬ ਵਿਖੇ 350ਵਾਂ ਸ਼ਹੀਦੀ ਦਿਵਸ ਸ਼ਰਧਾ ਸਹਿਤ ਮਨਾਇਆ ਗਿਆ





1-ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਨੂੰ ਸੁਆਮੀ ਗਿਆਨ ਦੇਵ ਸਿੰਘ ਜੀ ਕਨਖਲ ਹਰਦੁਆਰ ਵਾਲੇ ਨਿਰਮਲ ਭੇਖ ਦੇ ਸੰਤਾਂ ਸਹਿਤ ਸਨਮਾਨਿਤ ਕਰਦੇ ਹੋਏ। 2-ਪੰਜਾਬ ਸਰਕਾਰ ਵੱਲੋਂ 350 ਸਾਲਾ ਸ਼ਹੀਦੀ ਸ਼ਤਾਬਦੀ ਸਮੇਂ ਕਰਵਾਏ ਗਏ ਧਰਮ ਸੰਮੇਲਨ ਵਿੱਚ ਸਮੂਹ ਧਰਮਾਂ ਦੇ ਮਹਾਂਪੁਰਖਾਂ ਨਾਲ ਸੰਤ ਬਾਬਾ ਭਗਵਾਨ ਸਿੰਘ ਜੀ ਸੁਸ਼ੋਭਿਤ ਹਨ ।

ਸ੍ਰੀ ਅਨੰਦਪੁਰ ਸਾਹਿਬ-ਰਣਧੀਰ ਸਿੰਘ ਸੰਭਲ-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ, ਸਥਾਨਕ ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਵਿਖੇ ਇਸ ਅਸਥਾਨ ਦੇ ਮੌਜੂਦਾ ਮੁਖੀ ਸੰਚਾਲਕ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲ ਵਾਲਿਆਂ ਦੀ ਅਗਵਾਈ ਹੇਠ ਸਮੂਹ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਪੱਧਰ ਤੇ ਮਹਾਨ ਗੁਰਮਤਿ ਸਮਾਗਮ ਅਤੇ ਨਗਰ ਕੀਰਤਨ ਰਾਹੀਂ ਸ਼ਰਧਾ ਤੇ ਸਤਿਕਾਰ ਸਹਿਤ ਕਰਵਾਇਆ ਗਿਆ। ਇਨ੍ਹਾਂ ਮਹਾਨ ਸਮਾਗਮਾਂ ਵਿੱਚ ਗੁਰਬਾਣੀ ਕੀਰਤਨ ਰਾਹੀਂ ਜਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸਮਾਗਮਾਂ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਸਮੂਹ ਨਿਰਮਲੇ ਭੇਖ ਪੰਚਾਇਤੀ ਅਖਾੜਾ ਕਨਖਲ ਹਰਦੁਆਰ ਦੇ ਪ੍ਰਧਾਨ ਸੁਆਮੀ ਮਹੰਤ ਗਿਆਨ ਦੇਵ ਸਿੰਘ ਜੀ, ਮਹੰਤ ਪਿਆਰਾ ਸਿੰਘ ਜੀ ਅਜਨਾਲਾ, ਸੰਤ ਜਸਕਰਨ ਸਿੰਘ ਕੁਰਛੇਤਰ, ਮਹੰਤ ਬਿਕਰਮਜੀਤ ਸਿੰਘ ਬਨਾਰਸੀ, ਗਿਆਨੀ ਤਰਸੇਮ ਸਿੰਘ ਜੀ ਡੇਰਾ ਸੰਤਗੜ੍ਹ, ਸੰਤ ਹਰਜਿੰਦਰ ਸਿੰਘ ਜੀ ਚਾਹ ਵਾਲੇ, ਬੀਬਾ ਗਗਨਦੀਪ ਕੌਰ ਡੇਰਾ ਜਿਆਣ, ਸੰਤ ਸ਼ਮਸ਼ੇਰ ਸਿੰਘ ਭਿਟੇਵੱਢ, ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ, ਸੰਤ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ, ਸੰਤ ਜਸਪਾਲ ਸਿੰਘ ਜੌਹਲਾਂ ਵਾਲੇ, ਸੰਤ ਦਰਸ਼ਨ ਸਿੰਘ ਕੁਲੀ ਵਾਲੇ, ਮਹੰਤ ਗੁਰਬਿੰਦਰ ਸਿੰਘ, ਸ਼ਾਸਤਰੀ ਰਿਸ਼ੀ ਰਾਜ ਨਵਾਂ ਸ਼ਹਿਰ, ਬਾਬਾ ਮਨਮੋਹਨ ਸਿੰਘ ਪਟਿਆਲੇ ਵਾਲੇ, ਬਾਬਾ ਗੁਰਚਰਨ ਸਿੰਘ, ਸੰਤ ਸੁਖਵੰਤ ਸਿੰਘ ਲਾਹਲਾਂ ਵਾਲੇ, ਬਾਬਾ ਦਿਲਬਾਗ ਸਿੰਘ, ਯੂ.ਕੇ. ਤੋਂ ਰਣਧੀਰ ਸਿੰਘ ਸੰਭਲ, ਬਾਬਾ ਹਰਜਿੰਦਰ ਸਿੰਘ ਸਰਪੰਚ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਤੇ ਹੋਰ ਧਾਰਮਿਕ ਸ਼ਖ਼ਸੀਅਤਾਂ ਹਾਜ਼ਰ ਸਨ। ਸਟੇਜ ਦੀ ਸੇਵਾ ਗਰਬਾਣੀ ਦੀ ਰੌਸ਼ਨੀ ਵਿੱਚ ਸੰਤ ਜਸਵਿੰਦਰ ਸਿੰਘ ਕੁਠਾਰੀ ਨੇ ਬਾਖ਼ੂਬੀ ਨਿਭਾਈ। ਅੰਤ ਵਿੱਚ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਸੁਆਮੀ ਪਦਮ ਭੂਸ਼ਨ ਮਹੰਤ ਗਿਆਨ ਦੇਵ ਸਿੰਘ ਅਤੇ ਸਮੂਹ ਮਹਾਪੁਰਖਾਂ ਨੂੰ ਨੌਵੇਂ ਪਾਤਸ਼ਾਹ ਜੀ ਦੀ ਸੁੰਦਰ ਤਸਵੀਰ ਇਤਿਹਾਸਕ ਰਚਨਾ ਅਤੇ ਸਿਰੋਪਾਉ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ। ਇਸ ਦੇ ਨਾਲ ਹੀ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਏ ਜਾਣਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਆਪ ਵੀ ਮਹਾਂਪੁਰਖਾਂ ਸਰਬ ਧਰਮ ਸੰਮੇਲਨ ਜੋ ਪੰਜਾਬ ਸਰਕਾਰ ਵੱਲੋਂ ਕਰਵਾਇਆ ਗਿਆ ਉਸ ਵਿੱਚ ਉਚੇਚੇ ਤੌਰ 'ਤੇ ਸਮੂਹ ਨਿਰਮਲ ਭੇਖ ਦੇ ਸੰਤਾਂ ਮਹਾਂਪੁਰਖਾਂ ਨਾਲ ਉਚੇਚੇ ਤੌਰ 'ਤੇ ਨਤਮਸਤਕ ਹੋਏ।

## ★ ਮਿੰਨੀ ਕਹਾਣੀਆਂ ★

### ਜ਼ਿੰਦਗੀ ਦੇ ਅਰਥ

ਜੂਨ ਦੇ ਮਹੀਨੇ ਦੀ ਤਿੱਖੜ ਦੁਪਹਿਰ ਸੀ। ਹਵਾ ਬੰਦ ਸੀ। ਅਸਮਾਨ 'ਚ ਬੱਦਲਾਂ ਦੇ ਲੰਗਾਰ ਸੂਰਜ ਤੋਂ ਪਾਸੇ ਖੜੇ ਸਨ। ਦੋ ਘੰਟਿਆਂ, ਤੋਂ ਦੋਵੇ ਮਾਂ-ਪੁੱਤ ਮੱਝ ਲਈ ਨਰਮੇ ਦੇ ਖੇਤ 'ਚੋਂ ਇੱਸਿਸਟ-ਘਾਹ ਖੋਤ ਰਹੇ ਸਨ। ਇਕ ਅੱਖੜ ਮੱਝ ਦੋਵੇਂ ਜਾਂ ਪੁੱਤਾਂ ਦੀ ਰੋਟੀ ਦਾ ਸਾਧਨ ਸੀ। ਜਿਸਦਾ ਦੋ ਕਿਲੋ ਦੁੱਧ ਵੇਚਕੇ ਉਹ ਹਰ ਰੋਜ਼ ਦੀ ਰੋਟੀ ਦਾ ਆਹਰ ਕਰਦੇ ਸਨ। ਬੁੱਢੀ ਮਾਂ ਥੱਕਕੇ ਵੱਟ ਦੇ ਕਿਨਾਰੇ ਇਕ ਛੋਟੀ ਜਿਹੀ ਬੋਰੀ ਥੱਲੇ ਬੈਠ ਗਈ ਪਰ ਅਠਾਰਾਂ ਵਰਿਆਂ ਦਾ ਪੁੱਤਰ ਘਾਹ ਖੋਤ ਰਿਹਾ ਸੀ। ਪਸੀਨਾ ਚੋਅ-ਚੋਅ ਕੇ ਉਸਦੇ ਕਣਕ ਵੰਨੇ ਰੰਗ 'ਚ ਘੁੱਲਦਾ ਜਾ ਰਿਹਾ ਸੀ। ਗਲ ਪਾਟਿਆ ਜਾਮਾ ਭਿੱਜ ਕੇ ਜਿਸਮ ਨਾਲ ਚਿਪਕ ਗਿਆ ਸੀ ਤੇ ਇਕ ਖੱਟੀ-ਖੱਟੀ ਹਵਾੜ ਆ ਰਹੀ ਸੀ।

ਪਰੇ ਸੜਕ ਤੋਂ ਦੂਰ ਹਵੇਲੀ ਵਾਲੇ ਸਰਦਾਰ ਦੇ ਦੋਵੇਂ ਮੁੰਡੇ ਸਕੂਟਰ ਤੇ ਸ਼ਹਿਰੋਂ ਪੜਕੇ ਮੁੜ ਰਹੇ ਸਨ। ਕਾਲੀਆਂ ਐਨਕਾ ਫਿੱਟ ਕੱਪੜਿਆਂ 'ਚ ਉਨਾਂ ਦਾ ਗੋਰਾ-ਗੋਰਾ ਸਰੀਰ ਝਲਕ ਰਿਹਾ ਸੀ। ਦੋਵੇਂ ਭਰਾ ਆਪਸ 'ਚ ਗੱਲਾਂ ਕਰਦੇ ਖਿੜ-ਖਿੜ ਹੱਸਦੇ ਕੋਲੋਂ ਦੀ ਗੁਜ਼ਰ ਗਏ। ਘਾਹ ਖੋਤ ਰਿਹਾ ਮੁੰਡਾ ਨੀਝ ਲਾਕੇ ਕਿੰਨਾ ਚਿਰ ਉਨਾਂ ਜਾਂਦਿਆਂ ਨੂੰ ਦੇਖਦਾ ਰਿਹਾ। ਪਸੀਨਾ ਉਸਦੇ ਸਿਰ ਤੋਂ ਲੈ ਕੇ ਪੈਰਾ ਤਾਂਈ ਚੋਅ ਰਿਹਾ ਸੀ। ਢੂਹੀ ਵਿਚ ਥਕਾਵਟ ਦੀਆਂ ਪੀੜਾਂ ਪੈ ਰਹੀਆਂ ਸਨ ਅਤੇ ਢਿੱਡ 'ਚ ਭੁੱਖ ਤਰੀੜਾਂ ਪਾ ਰਹੀ ਸੀ। ਹੁਣ ਤੱਕ ਸਵੇਰ ਦੀ ਚਾਹ ਨਾਲ ਇਕ ਰੋਟੀ ਰਾਤ ਦੀ ਬਚੀ ਹੋਈ ਬੇਹੀ ਰੁੱਖੀ ਨਸੀਬ ਹੋਈ ਸੀ। ਇਕ ਚੱਕਰ ਜਿਹਾ ਆਇਆ ਅਤੇ ਉਸਨੂੰ ਲੱਗਾ ਕਿ ਉਹ ਹੁਣ ਡਿੱਗ ਪਵੇਗਾ। ਉਹ ਉੱਠਿਆ ਤੇ ਕਾਹਲੀ-ਕਾਹਲੀ ਨਾਲ ਮਾਂ ਕੋਲ ਜਾ ਕੇ ਬੈਠ ਗਿਆ। ਫਿਰ ਟਾਕੀਆਂ ਲੱਗੇ ਝੱਗੇ ਨਾਲ ਮੂੰਹ ਨੂੰ ਹਵਾ ਦੇਣ ਲੱਗ ਪਿਆ। ਉਸਦਾ ਜੀ ਕੀਤਾ ਕਿ ਛਾਵੇਂ ਲੰਮਾ ਪੈ ਜਾਵੇ। ਮਾਂ "ਜਵਾਨੀ ਕੀ ਹੁੰਦੀ ਐ ਤੇ ਜ਼ਿੰਦਗੀ ਦੇ ਕੀ ਅਰਥ ਹੁੰਦੇ ਹਨ ?"

ਮਾਂ ਨੇ ਝੁਰੜੀਆਂ ਭਰੇ ਚਿਹਰੇ ਨਾਲ ਪੁੱਤਰ ਵੱਲ ਵੇਖਿਆ ਤੇ ਫਿਰ ਬੋਲੀ, "ਪੁੱਤ ! ਜਦੋਂ ਮੱਲੋ-ਮੱਲੀ ਹਾਸਾ ਆਵੇ ਤਾਂ ਉਹ ਜਵਾਨੀ ਹੁੰਦੀ ਹੈ ਤੇ ਜਦੋਂ ਸਰੀਰ ਦੇ ਸਾਰੇ ਅੰਗ ਠੀਕ ਠਾਕ ਕੰਮ ਕਰਨ ਤਾਂ ਉਹ ਵਧੀਆ ਜ਼ਿੰਦਗੀ ਹੁੰਦੀ ਐ।"

ਪੁੱਤਰ ਦੇ ਮੂੰਹ ਤੇ ਜਿਵੇਂ ਸਾਰੀ ਦੁਨੀਆਂ ਦਾ ਦਰਦ ਇਕੱਠਾ ਹੋ ਗਿਆ ਹੋਵੇ। ਉਸਨੇ ਅੱਖਾਂ ਭਰਕੇ ਕਿਹਾ, "ਮਾਂ ! ਹਾਸਾ ਤਾਂ ਮੈਨੂੰ ਵੀ ਪਿਛਲੇ ਸਾਲ ਨਹੀਂ ਸੀ ਆਇਆ।" ਉਸਨੇ ਕੂਹਣੀ ਤੱਕ ਕੱਟੀ ਬਾਹ ਨੂੰ ਦੂਜੇ ਹੱਥ ਨਾਲ ਪਲੋਸਦੇ ਹੋਏ ਕਿਹਾ। ਉਸਨੂੰ ਇੰਝ ਲੱਗਾ ਜਿਵੇਂ ਉਸਤੋਂ ਜ਼ਿੰਦਗੀ ਦੀ ਝਲਕ ਗੁਆਚ ਗਈ ਹੋਵੇ। ਆਪਣੇ ਗਮਾਂ ਦੇ ਅਰਥਾਂ ਦੀ ਕੁਝ-ਕੁਝ ਸਮਝ ਆਉਣ ਲੱਗ ਪਈ ਹੋਵੇ। ਉਹ ਉੱਠਿਆ ਤੇ ਘਾਹ ਖੋਤਣ ਲਈ ਰੰਬਾ ਚੁੱਕਿਆ ਪਰ ਅਚਾਨਕ ਹੀ ਰੰਗਾ ਉਸਦੇ ਹੱਥ 'ਚੋਂ ਛੁੱਟ ਗਿਆ ਤੇ ਪੈਰ ਦੇ ਅੰਗੂਠੇ ਤੇ ਵੱਜਿਆ ਤੇ ਲਹੂ ਦੀ ਤਿੱਖੀ ਤਤੀਰ ਫੁਹਾਰੇ ਵਾਂਗ ਵਹਿ ਤੁਰੀ। ਮੁੰਡੇ ਨੇ ਦੰਦਾ ਵਿਚ ਜੀਭ ਘੁੱਟ ਲਈ ਤੇ ਕੋਈ ਪੀੜ ਉਸਦੇ ਧੁਰ ਦਿਲ ਤੱਕ ਚੀਕਦੀ ਜਾ ਰਹੀ। ਧੁੱਪ ਅਜੇ ਵੀ ਧਰਤੀ ਦਾ ਪਿੰਡਾ ਲੂਹ ਰਹੀ ਸੀ ਤੇ ਸਰਦਾਰਾਂ ਦੀ ਹਵੇਲੀ ਤੇ ਲੱਗਾ ਐਟੀਨਾ ਤਾਰੇ ਵਾਂਗ ਧੁੱਪ ਵਿਚ ਲਿਸ਼ਕ ਰਿਹਾ ਸੀ।

-ਗੁਰਮੇਲ ਬੋਡੇ

### ਡਾਂਸਰ

ਸਰਬ ਆਪਣੀ ਰਿਸ਼ਤੇਦਾਰੀ ਵਿੱਚ ਵਿਆਹ ਵੇਖਣ ਗਿਆ ਸੀ। ਪੈਲਸ ਵਿੱਚ ਬਰਾਤ ਗਈ। ਸਾਰੇ ਰਿਸ਼ਤੇਦਾਰ ਤੇ ਹੋਰ ਯਾਰ ਦੋਸਤ ਇਕੱਠੇ ਹੋਏ ਸਨ। ਕਾਫੀ ਰੌਣਕ ਸੀ। ਸ਼ਰਾਬ ਵੀ ਚੱਲ ਰਹੀ ਸੀ। ਸਰਬ ਆਪਣੇ ਦੋਸਤਾ ਨਾਲ ਬੈਠ ਕੇ ਸ਼ਰਾਬ ਪੀ ਰਿਹਾ ਸੀ। ਸਟੇਜ ਤੇ ਸਾਹਮਣੇ ਡਾਸਰਾਂ ਨੱਚ ਰਹੀਆਂ ਸਨ। ਤਿੰਨ ਚਾਰ ਪੈੱਗ ਲਾਉਣ ਤੋਂ ਬਾਅਦ ਸਰਬ ਦੋਸਤਾਂ ਨਾਲ ਜਾ ਕੇ ਡਾਸਰਾਂ ਨਾਲ ਨੱਚਣ ਲੱਗ ਪਿਆ। ਸ਼ਰਾਬ ਦੇ ਨਸ਼ੇ ਵਿੱਚ ਕਦੇ ਡਾਸਰ ਦੀ ਬਾਹ ਫੜ ਕੇ ਨੱਚਦਾ ਨੱਚਦਾ ਸੈਲਫੀਆਂ ਲੈ ਰਿਹਾ ਸੀ ਤੇ ਕਦੇ ਗਲਤ ਹਰਕਤਾਂ ਕਰ ਰਿਹਾ ਸੀ।

ਸ਼ਾਮ ਨੂੰ ਬਰਾਤ ਘਰ ਆ ਗਈ। ਸ਼ਰਾਬ ਦਾ ਨਸ਼ਾ ਪਹਿਲਾਂ ਹੀ ਬਹੁਤ ਸੀ। ਘਰ ਆ ਕੇ ਹੋਰ ਪੀ ਲਈ। ਰੋਟੀ ਖਾ ਕੇ ਸਾਰੇ ਜਾਣੇ ਲੱਗ ਪਏ ਇੱਕ ਦੂਜੇ ਨਾਲ ਗੱਲਾਂ ਬਾਤਾਂ ਕਰਨ।. ਨਿੱਕੇ ਨਿੱਕੇ ਬੱਚੇ ਵੀ ਬੈਠੇ ਸਨ। ਸਰਬ ਨੇ ਬੱਚਿਆਂ ਨੂੰ ਪੁੱਛਿਆ ਕਿ ਸਾਰੇ ਦੱਸੋ ਵੱਡੇ ਹੋ ਕੇ ਬਣੋਂਗੇ। ਕਿਸੇ ਨੇ ਕਿਹਾ ਪੁਲਿਸ ਕਿਸੇ ਨੇ ਕਿਹਾ ਟੀਚਰ, ਡਾਕਟਰ, ਛੋਟਾ ਭੀਮ, ਸਾਰੇ ਬੱਚਿਆਂ ਨੇ ਜਵਾਬ ਦਿੱਤਾ।

ਹੁਣ ਸਰਬ ਨੇ ਆਪਣੀ 4 ਕੁ ਸਾਲ ਦੀ ਬੇਟੀ ਪਰੀਤ ਨੂੰ ਪੁੱਛਿਆ ਮੇਰੀ ਪਿਆਰੀ ਬੇਟੀ ਪਰੀਤ ਵੱਡੀ ਹੋ ਕੇ ਕੀ ਬਣੇਗੀ। ਪਰੀਤ ਨੇ ਕਿਹਾ ਪਾਪਾ ਮੈਂ ਵੱਡੀ ਹੋ ਕੇ ਡਾਂਸਰ ਬਣਾਗੀ। ਏਨਾ ਸੁਣਦੇ ਹੀ ਸਰਬ ਦੀ ਸਾਰੀ ਪੀਤੀ ਲੱਥ ਗਈ। ਸਾਰੇ ਪਰੀਤ ਨੂੰ ਝਿੜਕਨ ਲੱਗ ਪਏ। ਸਰਬ ਨੀਵੀਂ ਪਾ ਕੇ ਉੱਠ ਕੇ ਹੌਲੀ ਹੌਲੀ ਕੋਠੇ ਤੇ ਚੜ ਗਿਆ ਤੇ ਜੇਬ ਚੋਂ ਮੋਬਾਇਲ ਕੱਢ ਕੇ ਡਾਂਸਰ ਨਾਲ ਖਿੱਚੀਆਂ ਸੈਲਫੀਆਂ ਡਿਲੀਟ ਕਰਨ ਲੱਗ ਪਿਆ।

-ਪ੍ਰਤਾਪ ਸਿੰਘ ਕੁੜੀਵਲਾਹ

### ਸਵਾਲ

ਅਮਿਤ ਦਾ ਨੰਬਰ ਆਉਂਦਿਆਂ ਹੀ ਉਹ ਇੰਟਰਵਿਊ ਵਾਲੇ ਕਮਰੇ ਵਿੱਚ ਚਲਾ ਗਿਆ। ਚੋਣ ਕਮੇਟੀ ਦੇ ਚੇਅਰਮੈਨ ਨੇ ਵਾਰੀ-ਵਾਰੀ ਕਈ ਸਵਾਲ ਅਮਿਤ ਤੋ ਪੁੱਛੇ। "ਬਈ ਤੂੰ ਤਾਂ ਸਾਰੇ ਸਵਾਲਾਂ ਦੇ ਜਵਾਬ ਸਹੀ ਦਿੱਤੇ ਹਨ। ਬੱਸ ਇੱਕ ਹੀ ਸਵਾਲ ਹੈ ਜੇ ਤੂੰ ਉਸ ਦਾ ਵੀ ਠੀਕ ਜਵਾਬ ਦੇ ਦਿੱਤਾ ਤਾਂ ਤੇਰੀ ਨੌਕਰੀ ਪੱਕੀ।" ਚੇਅਰਮੈਨ ਨੇ ਖ਼ੁਸ਼ੀ ਨਾਲ ਕਿਹਾ।

ਅਮਿਤ ਨੇ ਮੁਸਕਰਾਉਂਦਿਆਂ ਪੁੱਛਿਆ, "ਜੀ ਉਹ ਕਿਹੜਾ ਸਵਾਲ ਹੈ ?" ਚੋਣ ਕਮੇਟੀ ਦੇ ਚੇਅਰਮੈਨ ਨੇ ਅੰਗੂਠੇ ਨੂੰ ਚਾਰ ਉਂਗਲਾਂ ਤੇ ਘੁਮਾਣਾ ਸ਼ੁਰੂ ਕਰ ਦਿੱਤਾ। ਅਮਿਤ ਨੇ ਹੈਰਾਨੀ ਨਾਲ ਕਿਹਾ, "ਜੀ ਮੈਂ ਸਮਝਿਆ ਨਹੀਂ।" ਉਹਨਾਂ ਨੇ ਫਿਰ ਤੋਂ ਆਪਣੇ ਹੱਥ ਦੀਆਂ ਚਾਰ ਉਂਗਲਾਂ 'ਤੇ ਅੰਗੂਠੇ ਨੂੰ ਤੇਜ਼ੀ ਨਾਲ ਘੁਮਾਉਣਾ ਸ਼ੁਰੂ ਕਰ ਦਿੱਤਾ।

"ਪਲੀਜ਼, ਜੀ ਜ਼ਰਾ ਵਿਸਥਾਰ ਨਾਲ ਦੱਸੋ, ਮੈਂ ਅਜੇ ਵੀ ਨਹੀਂ ਸਮਝਿਆ।" ਚੇਅਰਮੈਨ ਨੇ ਛਿੱਥੇ ਪੈਂਦਿਆਂ ਕਿਹਾ, "ਓਏ, ਜੇ ਇੰਨੀ ਗੱਲ ਨਹੀਂ ਸਮਝ ਸਕਦਾ ਤਾਂ ਨੌਕਰੀ ਸੁਆਹ ਦੀ ਕਰੇਂਗਾ।" ਤੇ ਉਨ੍ਹਾਂ ਨੇ ਅਗਲਾ ਨੰਬਰ ਬੋਲ ਦਿੱਤਾ।

ਮਨਪ੍ਰੀਤ ਕੌਰ ਭਾਟੀਆ

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

## ਸਰਹਾਲੀ ਕਲਾਂ

ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਿੰਡ ਸਰਹਾਲੀ ਕਲਾਂ ਆਉਂਦਾ ਹੈ। ਇਹ ਭੱਟੀ ਪਿੰਡ ਤੋਂ 7 ਕਿਲੋਮੀਟਰ ਦੂਰ ਪੂਰਬ ਵੱਲ ਹੈ। ਸਰਹਾਲੀ ਕਲਾਂ ਦਾ ਅਕਸ਼ਾਂਸ਼ 310–18 ਅਤੇ ਰੇਖਾਂਸ਼ ਦੇਸ਼ਾਂਤਰ 740–56 ਹੈ। ਗੁਰੂ ਅਰਜਨ ਸਾਹਿਬ (1563–1606) ਕੁਝ ਸਮੇਂ ਲਈ ਇਥੇ ਪਰਿਵਾਰ ਸਮੇਤ ਠਹਿਰੇ ਸਨ। ਗੁਰਦੁਆਰਾ ਚੁਬੱਚਾ ਸਾਹਿਬ ਪਿੰਡ ਦੇ ਅੰਦਰ ਬਣਿਆ ਹੈ। ਇਸ ਦੀ ਅਜੋਕੀ ਇਮਾਰਤ ਦਾ ਨਿਰਮਾਣ ਸੰਤ ਗੁਰਮੁੱਖ ਸਿੰਘ ਕਾਰ ਸੇਵਾ ਵਾਲਿਆਂ ਦੇ ਪੈਰੋਕਾਰਾਂ ਕੀਤਾ ਹੈ। ਗੁਰਦੁਆਰੇ ਤਹਿਖਾਨੇ ਦੇ ਵਿੱਚ ਇਕ ਚੁਬੱਚਾ ਬਣਿਆ ਹੈ ਜੋ ਗੋਲ ਆਕਾਰ ਦਾ ਹੈ ਜਿਸ ਵਿੱਚ ਪਾਣੀ ਜਮ੍ਹਾਂ ਕੀਤਾ ਜਾਂਦਾ ਸੀ। ਜਿਸ ਕਾਰਨ ਗੁਰਦੁਆਰੇ ਦਾ ਨਾਂ ਹੀ ਚੁਬੱਚਾ ਸਾਹਿਬ ਪ੍ਰਸਿੱਧ ਹੋ ਗਿਆ।

ਚੁਬੱਚਾ ਸਾਹਿਬ ਦੇ ਉਪਰ ਸੰਗਮਰਮਰ ਦਾ ਇਕ ਹਾਲ ਬਣਿਆ ਹੈ ਜਿਸ ਦੇ ਇਕ ਸਿਰੇ ਵੱਲ ਪ੍ਰਕਾਸ਼ ਅਸਥਾਨ ਉਚਾ ਬਣਿਆ ਹੈ। ਪ੍ਰਕਾਸ਼ ਅਸਥਾਨ ਦੇ ਉਪਰ ਗੁੰਬਦਨੁਮਾ ਕਮਰਾ ਹੈ। ਜਿਸ 'ਤੇ ਉਪਰ ਚਿੱਟੀ ਗਾਗਰ ਦਿੱਸਦੀ ਹੈ। ਗੁਰੂ ਕਾ ਲੰਗਰ ਅਤੇ ਰਿਹਾਇਸ਼ੀ ਕਮਰੇ, ਗੁਰਦੁਆਰੇ ਦੇ ਪਿੱਛੇ ਇਕ ਏਕੜ ਹੈ ਅਹਾਤੇ ਵਿੱਚ ਹਨ। ਗੁਰਦੁਆਰੇ ਨਾਲ 25 ਏਕੜ ਜ਼ਮੀਨ ਲੱਗੀ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:–

1. ਹਰਬੰਸ ਸਿੰਘ (ਸੰ)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998


ਗੁਰਦੁਆਰਾ ਫ਼ਤਹਿਗੜ੍ਹ ਸਾਹਿਬ

## ਸਰਹਿੰਦ

ਪੰਜਾਬ ਦੇ ਲੁਧਿਆਣਾ ਅਤੇ ਅੰਬਾਲਾ ਦੇ ਅੱਧ ਵਿੱਚ ਇਕ ਪੁਰਾਤਨ ਸ਼ਹਿਰ ਸਰਹਿੰਦ ਹੈ ਜੋ ਸ਼ੇਰਸ਼ਾਹ ਸੂਰੀ ਮਾਰਗ 'ਤੇ ਆਉਂਦਾ ਹੈ। ਸਰਹਿੰਦ ਦਾ ਅਕਸ਼ਾਂਸ਼ 300–37 ਅਤੇ ਰੇਖਾਂਸ਼ ਦੇਸ਼ਾਂਤਰ 760–23 ਹੈ। ਚੀਨ ਦੇ ਪ੍ਰਸਿੱਧ ਯਾਤਰੀ ਹ੍ਵੇਨਸਾਂਗ ਅਨੁਸਾਰ ਸਰਹਿੰਦ ਪੁਰਾਣੇ ਸਮੇਂ ਸ਼ੀਤੁਤੂਲੂ ਜਾਂ ਸ਼ਾਤਰੂਦ (ਦਰਿਆ ਸਤਲੁੱਜ) ਦੀ ਰਾਜਧਾਨੀ ਸੀ। ਇਸ ਦਾ ਘੇਰਾ 533 ਕਿਲੋਮੀਟਰ ਸੀ। ਸਰਹਿੰਦ ਦੀ ਤਵਾਰੀਖ਼ ਬਹੁਤ ਲੰਮੀ–ਚੌੜੀ ਹੈ। ਨਾਸਰ ਅਲੀ ਸਰਹਿੰਦੀ ਦੀ ਕਿਤਾਬ ਤਵਾਰੀਖ਼–ਏ ਨਾਸਰੀ ਅਨੁਸਾਰ ਸਰਹਿੰਦ ਵਿੱਚ ਅਜਿਹੀਆਂ ਇਮਾਰਤਾਂ ਸਨ ਜੋ ਪੂਰੇ ਹਿੰਦੋਸਤਾਨ ਵਿੱਚ ਕਿਤੇ ਨਜ਼ਰ ਨਹੀਂ ਸੀ ਆਉਂਦੀਆਂ। ਇਹ ਤਕਰੀਬਨ 10 ਕਿਲੋਮੀਟਰ ਦੇ ਘੇਰੇ ਵਿੱਚ ਸੀ ਜੋ ਦਰਿਆ ਹੰਸਲਾ (ਅੱਜ ਕੱਲ੍ਹ ਇਸ ਨੂੰ ਸਰਹਿੰਦੀ ਨਾਲਾ ਆਖਦੇ ਹਨ) ਦੇ ਕੰਢੇ ਸਥਿਤ ਸੀ। ਸਰਹਿੰਦ ਵਿੱਚ ਉਸ ਸਮੇਂ ਕਈ ਖ਼ੂਬਸੂਰਤ ਬਾਗ ਅਤੇ ਨਹਿਰਾਂ ਸਨ। ਜਹਾਂਗੀਰ ਬਾਦਸ਼ਾਹ ਨੇ ਵੀ ਸਰਹਿੰਦ ਆ ਕੇ ਆਪਣੀ ਯਾਦ ਵਿੱਚ ਇਥੋਂ ਦੇ ਬਾਗਾਂ ਦੀ ਬੜੀ ਖ਼ੂਬਸੂਰਤੀ ਬਿਆਨ ਕੀਤੀ ਹੈ।

ਸਰਹਿੰਦ ਸਰਕਾਰ ਦੀ ਹਦੂਦ ਅੰਦਰ ਹੀ ਅਨੰਦਪੁਰ ਸਾਹਿਬ ਆਉਂਦਾ ਸੀ। ਸਤਾਰ੍ਹਵੀਂ ਸਦੀ ਦੇ ਅਖ਼ੀਰ ਵਿੱਚ ਅਨੰਦਪੁਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਿੰਘਾਸਣ ਰਿਹਾ ਹੈ। ਪਹਾੜੀ ਰਾਜਿਆਂ ਵਿੱਚੋਂ ਇਕ ਰਾਜਾ ਅਜਮੇਰ ਚੰਦ ਨੇ ਸਰਹਿੰਦ ਦੇ ਫ਼ੌਜਦਾਰ ਵਜ਼ੀਰਖਾਨ ਨੂੰ ਕਈ ਫ਼ੌਜੀ ਟੁੱਕੜੀਆਂ ਅਤੇ ਤੋਪਖਾਨੇ ਤੇ ਪਹਾੜੀ ਸੈਨਾਂ ਦੇ ਕੇ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਲਈ ਭੇਜਿਆ। ਇਕ ਭਾਰੀ ਯੁੱਧ 13–14 ਅਕਤੂਬਰ 1700 ਨੂੰ ਹੋਇਆ। ਗੁਰੂ ਗੋਬਿੰਦ ਸਿੰਘ ਸਾਹਿਬ ਥੋੜ੍ਹੇ ਸਮੇਂ ਬਾਅਦ ਫਿਰ ਅਨੰਦਪੁਰ ਸਾਹਿਬ ਆ ਗਏ, ਪਰ ਬਾਅਦ ਵਿੱਚ 5–6 ਦਸੰਬਰ 1705 ਨੂੰ ਦੋਬਾਰਾ ਪਹਾੜੀ ਰਾਜਿਆਂ ਅਤੇ ਸਰਹਿੰਦ ਦੀ ਫ਼ੌਜ ਨੇ ਅਨੰਦਪੁਰ ਸਾਹਿਬ ਦਾ ਘੇਰਾ ਕਰ ਦਿੱਤਾ। ਨਵਾਬ ਵਜ਼ੀਰ ਖਾਨ ਫ਼ੌਜਦਾਰ ਦੇ ਕਹਿਣ 'ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦੇ (ਬਾਬਾ) ਜ਼ੋਰਾਵਰ ਸਿੰਘ ਅਤੇ (ਬਾਬਾ) ਫ਼ਤਹਿ ਸਿੰਘ ਉਮਰ 9 ਅਤੇ 7 ਸਾਲ, ਬੜੀ ਬੇਦਰਦੀ ਨਾਲ ਸ਼ਹੀਦ ਕੀਤੇ ਗਏ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES,** BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਤਿੰਨ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...



ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Take a Punjabi news paper or a Punjabi book, find & write three letter mukta words which have either of the following letters in it.
ਚ, ਛ, ਜ, ਝ, ਞ

ਸਿਖਿਆ – ਗਾਇਨੀ   Page 45   Level I

# ਟਰੰਪ ਦੀਆਂ ਤਿੱਖੀਆਂ ਗੱਲਾਂ ਤੋਂ ਬਾਅਦ ਭਾਰਤ-ਅਮਰੀਕਾ ਦੇ ਰਿਸ਼ਤੇ ਮਜ਼ਬੂਤ ਹੋਣ ਦੀ ਸੰਭਾਵਨਾ

## ✪ ਨਵੇਂ ਸੌਦੇ ਅਤੇ ਸਹਿਯੋਗ ਨੇ ਰਿਸ਼ਤਿਆਂ ਵਿਚ ਮਿਠਾਸ ਪੈਦਾ ਕੀਤੀ ✪ ਭਾਰਤ ਅਮਰੀਕਾ ਨਾਲ ਸੌਦੇ ਕਰਕੇ ਅਮਰੀਕਾ ਨੂੰ ਖੁਸ਼ ਕਰਨ ਲੱਗਿਆ

ਨਵੀਂ ਦਿੱਲੀ/ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਤਿੱਖੀਆਂ ਬਿਆਨਬਾਜ਼ੀਆਂ ਅਤੇ ਰਾਜਨੀਤਿਕ ਤਣਾਆਂ ਦੌਰਾਨ ਭਾਰਤ ਅਤੇ ਅਮਰੀਕਾ ਵਿਚਕਾਰ ਰਿਸ਼ਤੇ ਮਜਬੂਤ ਹੋਣ ਦੀ ਸੰਭਾਵਨਾ ਵਧ ਰਹੀ ਹੈ। ਟਰੰਪ ਦੇ ਭਾਰਤ ਵਿਰੁੱਧ ਕਈ ਵਾਰ ਆਏ ਬਿਆਨਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਦੋਵੇਂ ਦੇਸ਼ਾਂ ਨੇ ਰੱਖਿਆ, ਵਪਾਰ, ਊਰਜਾ ਅਤੇ ਲੋਕਾਂ ਵਿਚਕਾਰ ਸਹਿਯੋਗ ਨੂੰ ਨਵੀਆਂ ਉਚਾਈਆਂ ਵੱਲ ਲੈ ਜਾਣ ਵਾਲੇ ਕਦਮ ਚੁੱਕੇ ਹਨ। ਇਹ ਸਭ ਨਵੇਂ ਸੌਦਿਆਂ ਅਤੇ ਰਣਨੀਤਕ ਸਹਿਮਤੀਆਂ ਰਾਹੀਂ ਹੋ ਰਿਹਾ ਹੈ, ਜੋ ਦੱਸਦਾ ਹੈ ਕਿ ਦੋਵੇਂ ਦੇਸ਼ ਲੰਮੇ ਸਮੇਂ ਲਈ ਰਣਨੀਤਕ ਸਥਿਰਤਾ ਵੱਲ ਵਧ ਰਹੇ ਹਨ।



ਇਸ ਨੂੰ ਸਭ ਤੋਂ ਵੱਡਾ ਸੰਕੇਤ ਅਮਰੀਕੀ ਰੱਖਿਆ ਸੁਰੱਖਿਆ ਸਹਾਇਤਾ ਏਜੰਸੀ (ਡੀਐਸਸੀਏ) ਵੱਲੋਂ ਭਾਰਤ ਨੂੰ 93 ਮਿਲੀਅਨ ਡਾਲਰ ਦੀ ਕੀਮਤ ਵਾਲੇ ਜੈਵਲਿਨ ਐਂਟੀ-ਟੈਂਕ ਮਿਸਾਈਲਾਂ ਅਤੇ ਪ੍ਰਿਸ਼ਿਜ਼ਨ ਆਰਟਿਲਰੀ ਗੋਲੇ-ਬਾਰੂਦ ਦੀ ਵਿਕਰੀ ਨੂੰ ਹਰੀ ਝੰਡੀ ਦੇਣ ਨਾਲ ਮਿਲਦਾ ਹੈ। 20 ਨਵੰਬਰ ਨੂੰ ਐਲਾਨ ਕੀਤੀ ਗਈ ਇਸ ਡੀਲ ਵਿੱਚ 100 ਜੈਵਲਿਨ ਐਫਜੀਐੱਮ-148 ਮਿਸਾਈਲਾਂ ਅਤੇ 216 ਐੱਮ982ਏ1 ਐਕਸਕੈਲੀਬਰ ਰਾਊਂਡ ਸ਼ਾਮਲ ਹਨ। ਇਹ ਹਥਿਆਰ ਭਾਰਤ ਦੀ ਪਾਵਰਫੁਲਜੰਗੀ ਯੋਗਤਾ ਨੂੰ ਹੋਰ ਮਜ਼ਬੂਤ ਕਰਨਗੇ, ਖਾਸ ਕਰਕੇ ਪਹਾੜੀ ਖੇਤਰਾਂ ਵਿੱਚ। ਰੱਖਿਆ ਮਾਹਿਰਾਂ ਅਨੁਸਾਰ, ਇਹ ਸੌਦਾ ਦੱਸਦਾ ਹੈ ਕਿ ਅਮਰੀਕਾ ਭਾਰਤ ਨੂੰ ਆਪਣਾ ਮਜ਼ਬੂਤ ਸਾਥੀ ਮੰਨ ਰਿਹਾ ਹੈ, ਖਾਸ ਕਰਕੇ ਚੀਨ ਅਤੇ ਪਾਕਿਸਤਾਨ ਵਰਗੇ ਖ਼ਤਰਿਆਂ ਵਿੱਚ।

ਇਸੇ ਤਰ੍ਹਾਂ, ਭਾਰਤ ਅਤੇ ਅਮਰੀਕਾ ਨੇ ਆਪਣੇ ਦਸ ਸਾਲਾਂ ਵਾਲੇ 'ਮੇਜਰ ਡਿਫੈਂਸ ਪਾਰਟਨਰਸ਼ਿਪ' ਫਰੇਮਵਰਕ ਨੂੰ ਹੋਰ ਦਸ ਸਾਲਾਂ ਲਈ ਨਵੀਨੀਕਰਨ ਕੀਤਾ ਹੈ। ਇਸ ਨਾਲ 'ਸੈਕਿਓਰਿਟੀ ਆਫ ਸਪਲਾਈ ਅਰੇਂਜਮੈਂਟ' ਵੀ ਲਾਗੂ ਹੋ ਗਿਆ ਹੈ, ਜੋ ਰੱਖਿਆ ਸਾਮਾਨ ਦੀ ਤੇਜ਼ ਅਤੇ ਨਿਰਭਰਤਾ ਵਾਲੀ ਸਪਲਾਈ ਨੂੰ ਯਕੀਨੀ ਬਣਾਏਗਾ। ਜਨਰਲ ਇਲੈਕਟ੍ਰਿਕ ਨੇ ਪੁਣੇ ਵਿੱਚ ਐੱਫ-414 ਜੈੱਟ ਇੰਜਣਾਂ ਦੇ ਜੁਆਇੰਟ ਉਤਪਾਦਨ ਲਈ ਸਥਾਨਕ ਮਜ਼ਦੂਰਾਂ ਨੂੰ ਟ੍ਰੇਨਿੰਗ ਸ਼ੁਰੂ ਕਰ ਦਿੱਤੀ ਹੈ। ਇਹ ਭਾਰਤ ਦੇ ਟੈਕ ਐੱਸ-1 ਵਰਗੇ ਲੜਾਕੂ ਜਹਾਜ਼ਾਂ ਲਈ ਜ਼ਰੂਰੀ ਹੈ।

ਇਸ ਤੋਂ ਇਲਾਵਾ, 31 ਐੱਮਕਿਊ-9ਬੀ ਡਰੋਨਾਂ ਦੀ ਖਰੀਦ ਪ੍ਰਕਿਰਿਆ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਅਤੇ ਇਸ ਨੂੰ ਭਾਰਤ ਵਿੱਚ ਹੀ ਰੱਖ-ਰਖਵਾਈ ਅਤੇ ਨਵੀਨੀਕਰਨ (ਐੱਮਆਰਓ) ਸੈਂਟਰ ਸਥਾਪਿਤ ਕੀਤਾ ਜਾਵੇਗਾ। ਭਾਰਤ ਨੇ ਅਮਰੀਕੀ ਫਲੋਰਿਡਾ ਵਾਲੇ ਐੱਸਓਸੀਓਐੱਮ ਅਤੇ ਹਵਾਈ ਵਾਲੇ ਇੰਡੋ-ਪੈਸਿਫਿਕ ਕਮਾਂਡ ਵਿੱਚ ਲਾਇਜ਼ਨ ਅਧਿਕਾਰੀਆਂ ਨੂੰ ਵੀ ਨਿਯੁਕਤ ਕਰ ਦਿੱਤਾ ਹੈ, ਜੋ ਸੰਚਾਲਕ ਸਹਿਯੋਗ ਨੂੰ ਵਧਾਏਗਾ।

ਟਰੰਪ ਸਰਕਾਰ ਨੇ ਵੀਜ਼ਾ ਨੀਤੀਆਂ ਨਾਲ ਭਾਰਤ ਨੂੰ ਕਾਫ਼ੀ ਪਰੇਸ਼ਾਨ ਕੀਤਾ ਹੈ, ਪਰ ਅੰਦਰੂਨੀ ਤੌਰ ਤੇ ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤੀ ਯਾਤਰੀਆਂ ਲਈ ਬੀ1/ਬੀ2 ਵੀਜ਼ਾ ਇੰਟਰਵਿਊ ਵਿੱਚ ਛੋਟ ਦਿੱਤੀ ਹੈ ਅਤੇ ਐੱਚ1ਬੀ ਵੀਜ਼ਾ ਪ੍ਰੋਸੈੱਸਿੰਗ ਨੂੰ ਤੇਜ਼ ਕੀਤਾ ਹੈ। ਭਾਰਤੀ ਅਧਿਕਾਰੀ ਵੀ ਟਰੰਪ ਦੇ ਬਿਆਨਾਂ ਤੇ ਰਿਐਕਸ਼ਨ ਨਹੀਂ ਦੇ ਰਹੇ, ਜੋ ਰਿਸ਼ਤਿਆਂ ਨੂੰ ਸੰਤੁਲਿਤ ਰੱਖਣ ਵਿੱਚ ਮਦਦ ਕਰ ਰਿਹਾ ਹੈ।

ਆਰਥਿਕ ਖੇਤਰ ਵਿੱਚ ਵੀ ਵੱਡੀ ਪ੍ਰਗਤੀ ਹੋਈ ਹੈ। 'ਫੇਜ਼ ਵਨ' ਵਪਾਰੀ ਸੌਦੇ ਨੂੰ ਲਗਭਗ ਅੰਤਿਮ ਰੂਪ ਦਿੱਤਾ ਗਿਆ ਹੈ। ਅਮਰੀਕਾ ਨੇ ਭਾਰਤ ਤੇ 50 ਫੀਸਦੀ ਟੈਕਸ ਲਗਾਇਆ ਹੋਇਆ ਹੈ, ਪਰ ਨਵੇਂ ਸੌਦੇ ਨਾਲ ਇਹ ਘਟੇਗਾ। ਭਾਰਤ 80 ਫੀਸਦੀ ਤੋਂ ਵੱਧ ਅਮਰੀਕੀ ਆਯਾਤ ਤੇ ਟੈਕਸ ਘਟਾਏਗਾ ਅਤੇ ਬਦਲੇ ਵਿੱਚ ਅਮਰੀਕਾ ਭਾਰਤ ਤੇ ਸਿਰਫ਼ 15 ਫੀਸਦੀ ਟੈਕਸ ਲਗਾਏਗਾ। ਇਹ ਸੌਦਾ ਦੋਵੇਂ ਦੇਸ਼ਾਂ ਵਿਚਕਾਰ ਵਪਾਰ ਨੂੰ ਵਿਕਸਤ ਕਰੇਗਾ ਅਤੇ ਨੌਕਰੀਆਂ ਪੈਦਾ ਕਰੇਗਾ। ਭਾਰਤੀ ਨਿਰਯਾਤਕ ਖੁਸ਼ ਹਨ ਕਿਉਂਕਿ ਇਹ ਅਮਰੀਕੀ ਬਾਜ਼ਾਰ ਨੂੰ ਵਧੇਰੇ ਖੋਲ੍ਹੇਗਾ।

ਊਰਜਾ ਖੇਤਰ ਵਿੱਚ ਵੀ ਸਹਿਯੋਗ ਵਧਿਆ ਹੈ। ਭਾਰਤ ਨੇ ਅਮਰੀਕਾ ਨਾਲ ਪ੍ਰਤੀ ਵਰ੍ਹੇ 2.2 ਮਿਲੀਅਨ ਟਨ ਐਲਪੀਜੀ ਆਯਾਤ ਦਾ ਐਲਾਨ ਕੀਤਾ ਹੈ, ਜੋ ਭਾਰਤ ਦੇ ਕੁੱਲ ਐਲਪੀਜੀ ਆਯਾਤ ਦਾ 10 ਫੀਸਦੀ ਹੈ। ਮਾਹਿਰਾਂ ਕਹਿੰਦੇ ਹਨ ਕਿ ਇਹ ਰੂਸ ਤੋਂ ਤੇਲ ਖਰੀਦ ਕਾਰਨ ਉੱਠੇ ਤਣਾਅ ਨੂੰ ਘਟਾਉਣ ਲਈ ਅਮਰੀਕੀ ਊਰਜਾ ਲਾਬੀ ਨੂੰ ਖੁਸ਼ ਕਰਨ ਵਾਲਾ ਕਦਮ ਹੈ। ਇਸ ਐਲਾਨ ਤੋਂ ਠੀਕ ਪਹਿਲਾਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਟਿਨ ਦੀ ਭਾਰਤ ਯਾਤਰਾ ਨਿਰਧਾਰਤ ਹੋਈ ਹੈ, ਜੋ ਨਵੀਂ ਦਿੱਲੀ ਦੀ ਕੂਟਨੀਤਕ ਨੀਤੀ ਨੂੰ ਦਰਸਾਉਂਦੀ ਹੈ।

ਸੰਖੇਪ ਵਿੱਚ, ਟਰੰਪ ਦੀ ਬਿਆਨਬਾਜ਼ੀ ਨੂੰ ਨਜ਼ਰਅੰਦਾਜ਼ ਕਰਦੇ ਹੋਏ ਵਾਸ਼ਿੰਗਟਨ ਅਤੇ ਨਵੀਂ ਦਿੱਲੀ ਨੇ ਰਿਸ਼ਤਿਆਂ ਨੂੰ ਵਿਹਾਰਕ ਬਣਾਉਣ ਤੇ ਜ਼ੋਰ ਦਿੱਤਾ ਹੈ। ਸੰਸਥਾਗਤ ਨਿਰੰਤਰਤਾ ਅਤੇ ਜ਼ਮੀਨੀ ਪੱਧਰ ਤੇ ਲਾਗੂ ਕਰਨ ਨਾਲ ਇਹ ਰਿਸ਼ਤੇ ਲੰਮੇ ਸਮੇਂ ਲਈ ਮਜ਼ਬੂਤ ਹੋ ਰਹੇ ਹਨ।

ਚਾਹੇ ਵ੍ਹਾਈਟ ਹਾਊਸ ਵਿੱਚ ਕੋਈ ਵੀ ਰਾਸ਼ਟਰਪਤੀ ਆਵੇ, ਇਹ ਰਣਨੀਤਕ ਸਹਿਮਤੀ ਅੱਗੇ ਵਧੇਗੀ। ਭਾਰਤੀ ਵਿਦੇਸ਼ ਮੰਤਰੀ ਨੇ ਕਿਹਾ, "ਅਸੀਂ ਰਾਜਨੀਤਕ ਬਿਆਨਾਂ ਨਾਲ ਨਹੀਂ ਬਲਕਿ ਕੰਮ ਨਾਲ ਰਿਸ਼ਤੇ ਬਣਾਉਂਦੇ ਹਾਂ।" ਇਹ ਨਵੇਂ ਸੌਦੇ ਨਾ ਸਿਰਫ਼ ਸੁਰੱਖਿਆ ਵਧਾਉਣਗੇ ਬਲਕਿ ਆਰਥਿਕ ਵਿਕਾਸ ਨੂੰ ਵੀ ਤੇਜ਼ ਕਰਨਗੇ।

# ਕੈਨੇਡਾ ਦੀ ਅਦਾਲਤ ਨੇ ਖਾਲਿਸਤਾਨ ਤੇ ਗੇਅ ਵਾਲਾ ਝੂਠਾ ਕੇਸ ਰੱਦ ਕੀਤਾ

## ✪ ਗਗਨਦੀਪ ਸਿੰਘ ਦੀ ਸ਼ਰਨ ਵਾਲੀ ਪਟੀਸ਼ਨ ਖਾਰਜ

ਟਰਾਂਟੋ-ਕੈਨੇਡਾ ਦੀ ਫੈਡਰਲ ਕੋਰਟ ਨੇ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਜੈਤੋ ਸਰਜਾ ਵਾਲੇ ਗਗਨਦੀਪ ਸਿੰਘ ਦੀ ਪਨਾਹ ਵਾਲੀ ਅਰਜ਼ੀ ਨੂੰ ਪੂਰੀ ਤਰ੍ਹਾਂ ਰਦ ਕਰ ਦਿੱਤਾ। ਉਸਦਾ ਕਹਿਣਾ ਸੀ ਕਿ ਉਹ ਖਾਲਿਸਤਾਨ ਸਪੋਰਟਰ ਆ ਤੇ ਗੇਅ ਵੀ ਹੈ, ਇਸੇ ਕਰਕੇ ਭਾਰਤ ਵਿੱਚ ਉਸ ਨੂੰ ਮਾਰ ਦਿੱਤਾ ਜਾਊਗਾ। ਪਰ ਅਦਾਲਤ ਨੇ ਕਿਹਾ - "ਭਾਈ, ਤੇਰੇ ਕੋਲ ਇੱਕ ਵੀ ਸਬੂਤ ਨੀ, ਸਾਰਾ ਝੂਠ ਆ!"

ਗਗਨਦੀਪ ਦੀ ਕਹਾਣੀ ਝੂਠੀ ਨਿਕਲੀ- ਗਗਨਦੀਪ ਦਾ ਕਹਿਣਾ ਸੀ ਬਟਾਲੇ ਵਿੱਚ ਇੱਕ ਹਿੰਦੂ ਪਰਿਵਾਰ ਦੇ ਮੁੰਡੇ ਨਾਲ ਲਵ ਅਫੇਅਰ ਸੀ। ਹਿੰਦੂ ਮੁੰਡੇ ਦੇ ਬਾਪ ਨੇ ਧੱਕੇ ਮਾਰੇ, ਕੁਟਿਆ, ਪੁਲਿਸ ਬੁਲਾ ਕੇ ਝੂਠਾ ਖਾਲਿਸਤਾਨੀ ਕੇਸ ਪਾ ਦਿੱਤਾ।

ਰੈਡੀਕਲ ਸਿੱਖਾਂ ਨੇ ਵੀ ਕੁਟਿਆ, ਕਿਉਂਕਿ ਉਹਨਾਂ ਅਨੁਸਾਰ ਉਹ ਗੇਅ ਹੋਣ ਕਰਕੇ ਸਿੱਖ ਧਰਮ ਨੂੰ ਦਾਗ਼ ਲਾਉਂਦਾ ਸੀ। ਕੈਨੇਡਾ ਆ ਕੇ ਖਾਲਿਸਤਾਨ ਰੈਫਰੈਂਡਮ ਵਿੱਚ ਵੀ ਹਿੱਸਾ ਲਿਆ (ਪਰ ਅਦਾਲਤ ਨੇ ਕਿਹਾ - ਭਾਈ ਤੈਨੂੰ ਖਾਲਿਸਤਾਨ ਬਾਰੇ ਦੋ ਲਾਈਨਾਂ ਦਾ ਵੀ ਪਤਾ ਨੀ!)

ਅਦਾਲਤ ਨੇ ਕੀ ਫੜਿਆ?- ਨਾ ਕੋਈ ਐਫਆਈਆਰ, ਨਾ ਕੋਈ ਪੁਲਿਸ ਕੇਸ, ਨਾ ਵਾਰੰਟ। ਇੰਡੀਆ ਤੋਂ ਬੜੇ ਆਰਾਮ ਨਾਲ ਪਾਸਪੋਰਟ-ਵੀਜ਼ਾ ਲੈ ਕੇ ਨਿਕਲ ਗਿਆ। ਸਟੂਡੈਂਟ ਵੀਜ਼ੇ ਉਪਰ ਗਿਆ, ਪਰ 4.5 ਸਾਲ ਤੱਕ ਇੱਕ ਦਿਨ ਵੀ ਕਾਲਜ ਨਹੀਂ ਗਿਆ।4 -5 ਸਾਲ ਬਾਅਦ ਜਾ ਕੇ ਪਨਾਹ ਮੰਗੀ। ਅਦਾਲਤ ਨੇ ਸੁਆਲ ਕੀਤਾ ਜੇ ਇੰਡੀਆ ਵਿਚ ਡਰ ਸੀ ਤਾਂ ਪਹਿਲੇ ਦਿਨ ਪਨਾਹ ਕਿਉਂ ਨਹੀਂ ਮੰਗੀ?



ਅਦਾਲਤ ਨੇ ਸਾਫ਼ ਕਿਹਾ - ਇਹ "ਖਾਲਿਸਤਾਨ ਕਾਰਡ" ਵਾਲਾ ਝੂਠਾ ਧੰਦਾ ਬਹੁਤ ਚੱਲ ਰਿਹਾ ਹੈ। ਪੰਜਾਬ ਦੇ ਹਜ਼ਾਰਾਂ ਨੌਜਵਾਨ ਬਿਨਾਂ ਕਿਸੇ ਖਾਲਿਸਤਾਨ ਕਨੈਕਸ਼ਨ ਦੇ ਝੂਠ ਬੋਲ ਕੇ ਕੈਨੇਡਾ, ਅਮਰੀਕਾ, ਬਰਤਾਨੀਆ, ਆਸਟ੍ਰੇਲੀਆ ਵਿੱਚ ਪਨਾਹ ਲੈਂਦੇ ਹਨ।

ਸਾਬਕਾ ਸਾਂਸਦ ਸਿਮਰਨਜੀਤ ਸਿੰਘ ਮਾਨ ਤੱਕ ਇੱਕ ਵਾਰ ਕਿਹਾ ਸੀ ਕਿ ਉਸ ਨੇ 50,000 ਤੋਂ ਵੱਧ ਫਰਜ਼ੀ ਸਪੋਰਟ ਲੈਟਰ ਦਿੱਤੇ ਸਨ (ਪੈਸੇ ਲੈ ਕੇ)। ਹਾਲ ਹੀ ਵਿੱਚ 73 ਸਾਲਾ ਹਰਜੀਤ ਕੌਰ "ਬਜ਼ੁਰਗ ਮਾਂ" ਵਜੋਂ ਰੋ ਰਹੀ ਸੀ, ਪਰ ਪਤਾ ਲੱਗਾ 30 ਸਾਲ ਤੋਂ ਅਮਰੀਕਾ ਵਿੱਚ ਗੈਰ-ਕਾਨੂੰਨੀ ਰਹਿੰਦੀ ਸੀ ਤੇ ਖਾਲਿਸਤਾਨ ਕਾਰਡ ਹੀ ਖੇਡਿਆ ਸੀ।

ਅਦਾਲਤ ਨੇ ਕਿਹਾ - "ਭਾਈ, ਮੁੰਬਈ ਜਾਂ ਦਿੱਲੀ ਚਲਾ ਜਾ, ਉੱਥੇ ਨਾ ਤੇਰੇ ਫਰੈਂਡ ਦਾ ਪਿਓ ਲੱਭ ਸਕਦਾ, ਨਾ ਪੰਜਾਬ ਪੁਲਿਸ, ਤੇ ਗੇਅ ਕਮਿਊਨਿਟੀ ਵੀ ਬਹੁਤ ਵੱਡੀ ਹੈ।"

ਇਹ ਕੇਸ ਅਦਾਲਤ ਨੇ ਰਦ ਕਰ ਦਿਤਾ। ਹੁਣ ਗਗਨਦੀਪ ਨੂੰ ਵਾਪਸ ਭਾਰਤ ਆਉਣਾ ਪੈ ਸਕਦਾ ਆ। ਬਹੁਤ ਸਾਰੇ ਪੰਜਾਬੀ ਮੁੰਡੇ ਇਹੀ "ਖਾਲਿਸਤਾਨ ਕਾਰਡ" ਖੇਡ ਕੇ ਵਿਦੇਸ਼ਾਂ ਵਿੱਚ ਰਹਿਣ ਦੀ ਕੋਸ਼ਿਸ਼ ਕਰਦੇ ਆ। ਪਰ ਹੁਣ ਅਦਾਲਤਾਂ ਚੰਗੀ ਤਰ੍ਹਾਂ ਜਾਂਚ ਕਰਨ ਲੱਗ ਪਈਆਂ ਨੇ।

# ਪ੍ਰਵਾਸੀ ਪੰਜਾਬੀ ਨਾਲ ਹੋਇਆ ਨਸਲੀ ਵਰਤਾਰਾ

## ਪੀੜ੍ਹਤ ਸੰਧੂ ਨੇ ਅਮਰੀਕੀ ਪ੍ਰਸ਼ਾਸ਼ਨ ਦਾ ਚਿਹਰਾ ਕੀਤਾ ਨੰਗਾ

ਅੰਮ੍ਰਿਤਸਰ-ਅੰਮ੍ਰਿਤਸਰ ਨਾਲ ਸਬੰਧਤ ਪ੍ਰਵਾਸੀ ਪੰਜਾਬੀ ਜਗਬਿੰਦਰ ਸਿੰਘ ਸੰਧੂ (ਜੋਗਾ ਸੰਧੂ) ਦੇ ਨਾਲ ਅਮਰੀਕਾ ਦੇ ਟੈਕਸਾਸ ਵਿੱਖੇ ਪੁਲਿਸ ਵੱਲੋਂ ਨਸਲੀ ਵਿਤਕਰਾ ਕੀਤਾ ਗਿਆ। ਪੁਲਿਸ ਦੇ ਨਸ਼ਲੀ ਵਿਤਕਰੇ ਦਾ ਸ਼ਿਕਾਰ ਹੋ ਜਾਣ ਦੀਆਂ ਖਬਰਾਂ ਤੋਂ ਬਾਅਦ ਅਮਰੀਕਾ ਅਤੇ ਭਾਰਤੀ ਪੰਜਾਬੀ ਭਾਈਚਾਰੇ ਵਿੱਚ ਰੋਸ ਦੀ ਲਹਿਰ ਦੋੜ ਗਈ ਹੈ। ਭਾਰਤ ਰਹਿੰਦੇ ਸੰਧੂ ਦੇ ਨੇੜਲੇ ਸਕੇ ਸਬੰਧੀਆਂ ਤੋਂ ਜਾਣਕਾਰੀ ਅਨੁਸਾਰ ਕੈਲਰ ਦੀ ਪੁਲਿਸ ਨੇ ਸੰਧੂ ਨੂੰ ਡਰਿੰਕ ਡਰਾਈਵਿੰਗ ਦੇ ਝੂਠੇ ਤੇ ਬੇਬੁਨਿਆਦ ਦੋਸ਼ ਲਗਾ ਕੇ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਦੋਸ਼ ਲਗਾਇਆ ਕਿ ਜਗਬਿੰਦਰ ਸਿੰਘ ਸੰਧੂ ਦੀ ਗ੍ਰਿਫਤਾਰੀ ਬਿਲਕੁਲ ਗੈਰਸੰਵਿਧਾਨਿਕ ਸੀ। ਉਨ੍ਹਾਂ ਅਨੁਸਾਰ ਸੰਧੂ ਦੀ ਗ੍ਰਿਫਤਾਰੀ ਨਸਲੀ ਵਿਤਕਰੇ ਦੇ ਅਧਾਰ 'ਤੇ ਸੀ। ਇਹ ਵੀ ਪਤਾ ਲੱਗਾ ਹੈ ਕਿ ਸੰਧੂ ਨੇ ਆਪਣੀ ਪੂਰੀ ਜਿੰਦਗੀ ਵਿੱਚ ਨਾ ਤਾਂ ਕਦੇ ਸ਼ਰਾਬ ਪੀਤੀ ਅਤੇ ਨਾ ਹੀ ਕਿਸੇ ਹੋਰ ਮਹਿੰਗੇ-ਸਸਤੇ ਨਸ਼ੇ ਦਾ ਸੇਵਨ ਕੀਤਾ। ਸਿਰਫ ਤੇ ਸਿਰਫ ਉਸਦੇ ਨਾਮ ਦੇ ਨਾਲ ਸਿੰਘ ਲੱਗਾ ਤੇ ਪੰਜਾਬੀ ਹੋਣ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ ਗਿਆ। ਸੰਧੂ ਨੂੰ ਕੈਲਰ ਦੀ ਪੁਲਿਸ ਵੱਲੋਂ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਰਾਤ ਦੇ 2 ਵਜੇ ਦੇ ਕਰੀਬ ਕਿਸੇ ਨਜ਼ਦੀਕੀ ਰਿਸ਼ਤੇਦਾਰ ਤੇ ਇੱਕ ਦੋਸਤ ਦੀ ਪਾਰਟੀ ਵਿੱਚ ਸਮੂਲੀਅਤ ਕਰਕੇ ਆਪਣੇ ਘਰ ਪਰਤ ਰਿਹਾ ਸੀ। ਪੁਲਿਸ ਨੇ ਸੰਧੂ ਨੂੰ ਰਸਤੇ ਵਿੱਚ ਰੋਕ ਕੇ ਸੜ੍ਹਕੀ ਨਿਯਮਾਂਵਲੀ ਦਾ ਪਾਲਣ ਨਾ ਕਰਨ ਦਾ ਸੰਗੀਨ ਦੋਸ਼ ਲਗਾ ਕੇ ਗੱਡੀ ਵਿਚੋਂ ਜਬਰਦਸਤੀ ਬਾਹਰ ਕੱਢ ਕੇ ਹਿਰਾਸਤ ਵਿੱਚ ਲੈ ਲਿਆ। ਇੱਥੇ ਹੀ ਬਸ ਨਹੀਂ ਪੁਲਿਸ ਨੇ ਜਗਬਿੰਦਰ ਦੇ ਨਾਲ ਅਣਮਨੁੱਖੀ ਵਰਤਾਅ ਕਰਦਿਆਂ ਬ੍ਰਿਥ ਐਨਾਲਾਈਜ਼ਰ ਟੈਸਟ ਕਰਵਾਉਂਣ ਲਈ ਵੀ ਕਿਹਾ ਪਰ ਸੰਧੂ ਨੇ ਇਹ ਕਹਿ ਕੇ ਟੈਸਟ ਕਰਵਾਉਂਣ ਤੋਂ ਇਨਕਾਰ ਕਰ ਦਿੱਤਾ ਕਿ ਜਦੋਂ ਉਹ ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਹੀ ਨਹੀਂ ਕਰਦੇ ਤਾਂ ਫਿਰ ਇਹ ਟੈਸਟ ਕਰਵਾਉਂਣ ਦਾ ਕੀ ਫਾਇਦਾ ਪਰ ਪੁਲਿਸ ਨੇ ਬਿੰਨ੍ਹਾਂ ਕਿਸੇ ਠੋਸ ਸਬੂਤ ਦੇ ਜਗਬਿੰਦਰ ਦਾ ਮੈਡੀਕਲ ਕਰਵਾਇਆ ਗਿਆ। ਪੁਲਿਸ ਵਲੋਂ ਸੰਧੂ ਨੂੰ ਸਥਾਨਕ ਸਿਟੀਜਨ ਤੇ ਟਰੱਕਿੰਗ ਨਾਲ ਸਬੰਧਤ ਕਈ ਬੇਹੂਦਾਂ ਸਵਾਲ ਵੀ ਕੀਤੇ ਗਏ, ਜਿਸ ਦਾ ਸੰਧੂ ਵੱਲੋਂ ਸੁਹਿਰਦਤਾ ਨਾਲ ਉੱਤਰ ਦਿੱਤੇ ਗਏ।

# ਫਾਜ਼ਿਲਕਾ ਦੀ ਮਾਹਿਤ ਸੰਧੂ ਨੇ ਸ਼ੂਟਿੰਗ 'ਚ ਬਣਾਇਆ ਵਰਲਡ ਰਿਕਾਰਡ



ਫਾਜ਼ਿਲਕਾ ਦੇ ਢਿੱਪਾਂਵਾਲੀ ਪਿੰਡ ਦੀ ਰਹਿਣ ਵਾਲੀ ਮਾਹਿਤ ਸੰਧੂ ਨੇ ਸ਼ੂਟਿੰਗ ਵਿੱਚ ਵਿਸ਼ਵ ਰਿਕਾਰਡ ਬਣਾਇਆ ਹੈ। ਟੋਕੀਓ ਵਿੱਚ ਹੋਏ ਸਮਰ ਡੈਫਲਿੰਪਿਕਸ ਵਿੱਚ 50 ਮੀਟਰ ਰਾਈਫਲ ਮੁਕਾਬਲੇ ਵਿੱਚ ਮਾਹਿਤ ਦੀ ਜਿੱਤ ਨਾਲ ਨਾ ਸਿਰਫ਼ ਉਸਦੇ ਪਰਿਵਾਰ ਵਿਚ ਸਗੋਂ ਉਸਦੇ ਪਿੰਡ ਵਿਚ ਵੀ ਖੁਸ਼ੀ ਦੌੜ ਗਈ। ਪਰਿਵਾਰ ਨੂੰ ਆਪਣੀ ਧੀ ਤੇ ਮਾਣ ਹੈ, ਜਿਸ ਨੇ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰ ਅਤੇ ਇਲਾਕੇ ਨੂੰ ਸਗੋਂ ਪੂਰੇ ਪੰਜਾਬ ਨੂੰ ਮਾਣ ਦਿਵਾਇਆ ਹੈ। ਫਾਜ਼ਿਲਕਾ ਜ਼ਿਲ੍ਹੇ ਦੇ ਢਿੱਪਾਂਵਾਲੀ ਪਿੰਡ ਦੀ ਰਹਿਣ ਵਾਲੀ ਮਾਹਿਤ ਸੰਧੂ ਨੇ ਟੋਕੀਓ ਵਿੱਚ ਹੋਏ ਸਮਰ ਡੈਫਲਿੰਪਿਕਸ ਵਿੱਚ 50 ਮੀਟਰ ਰਾਈਫਲ ਮੁਕਾਬਲੇ ਵਿੱਚ ਸੋਨ ਤਮਗਾ ਜਿੱਤ ਕੇ ਨਾ ਸਿਰਫ਼ ਆਪਣੇ ਖੇਤਰ ਦਾ, ਸਗੋਂ ਪੰਜਾਬ ਦਾ ਮਾਣ ਵਧਾਇਆ ਹੈ। ਪਵਿਤ ਸਿੰਘ ਸੰਧੂ ਦੀ ਧੀ ਮਾਹਿਤ ਸੰਧੂ ਨੇ ਔਰਤਾਂ ਦੇ 50 ਮੀਟਰ ਰਾਈਫਲ ਥ੍ਰੀ-ਪੋਜ਼ੀਸ਼ਨ ਮੁਕਾਬਲੇ ਵਿੱਚ ਸੋਨ ਤਮਗਾ ਜਿੱਤ ਕੇ ਖੇਡਾਂ ਵਿੱਚ ਆਪਣਾ ਚੌਥਾ ਤਮਗਾ ਜਿੱਤਿਆ। ਮਾਹਿਤ ਨੇ ਫਾਈਨਲ ਵਿੱਚ ਦੱਖਣੀ ਕੋਰੀਆ ਦੀ ਡੇਨ ਜਿਉਂਗ ਅਤੇ ਹੰਗਰੀ ਦੀ ਮੀਰਾ ਸੁਸਾਨ ਨੂੰ ਹਰਾ ਕੇ ਕੁੱਲ 456 ਅੰਕ ਬਣਾਏ।


# CHANGE OF NAME

Please one tick box

☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

Please send the completed form with payment to:
Panjab Times, Bridle Gate Lane, Derby, DE24 0QW
or email the wording to: panjabtimes@aol.com

TO PAY BY CREDIT CARD TEL: 01332-372851

Account Name: Panjab Times Trust Ltd
Account No: 20853011 Sort Code: 20-25-85


# ਹਾਈ ਪ੍ਰੋਫਾਈਲ ਕੌਮਾਂਤਰੀ ਡਰੱਗ ਤੇ ਗਵਾਹ ਦੀ ਹੱਤਿਆ ਦੇ ਮਾਮਲੇ ਵਿੱਚ ਪੰਜਾਬੀ ਸਮੇਤ 10 ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਹਾਈ ਪ੍ਰੋਫਾਈਲ ਕੌਮਾਂਤਰੀ ਕੋਕੀਨ ਤਸਕਰੀ ਤੇ ਹੱਤਿਆ ਦੇ ਮਾਮਲੇ ਵਿੱਚ ਟਰਾਂਟੋ ਦੇ ਵਕੀਲ ਦੀਪਕ ਬਲਵੰਤ ਪਾਰਾਡਕਰ ਤੇ ਕਰਾਈਮ ਸਾਈਟ ਆਪਰੇਟਰ ਗੁਰਸੇਵਕ ਸਿੰਘ ਬੱਲ ਦੇ ਨਾਂ ਪ੍ਰਮੁੱਖ ਤੌਰ 'ਤੇ ਸਾਹਮਣੇ ਆਏ ਹਨ। ਇਨਾਂ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਦਾਲਤ ਵਿੱਚ ਦਾਇਰ ਸੰਘੀ ਦੋਸ਼ ਪੱਤਰ ਅਨੁਸਾਰ ਇਨਾਂ ਦੋਨਾਂ ਨੇ ਕਈ ਟੱਨ ਕੋਕੀਨ ਕੋਲੰਬੀਆ ਤੋਂ ਮੈਕਸੀਕੋ ਰਾਹੀਂ ਅਮਰੀਕਾ ਤੇ ਕੈਨੇਡਾ ਵਿੱਚ ਭੇਜਣ ਵਿੱਚ ਅਹਿਮ ਭੂਮਿਕਾ ਨਿਭਾਈ।**

ਇਸ ਤੋਂ ਇਲਾਵਾ ਇਨਾਂ ਨੇ ਡਰੱਗ ਮਾਮਲੇ ਵਿੱਚ ਇੱਕ ਪ੍ਰਮੁੱਖ ਸੰਘੀ ਗਵਾਹ ਦੀ ਹੱਤਿਆ ਕਰਨ ਵਿੱਚ ਮੱਦਦ ਕੀਤੀ। ਸਾਬਕਾ ਉਲੰਪਿਕ ਸਨੋਅਬੋਰਡਰ ਰਿਆਨ ਜੇਮਜ ਵੈਡਿੰਗ ਵੀ ਦੋਸ਼ੀ ਵਜੋਂ ਸ਼ਾਮਿਲ ਹੈ ਜੋ ਨੈੱਟਵਰਕ ਚਲਾਉਂਦਾ ਸੀ ਤੇ ਉਹ ਮੁੱਖ ਤੌਰ 'ਤੇ ਪਾਰਾਡਕਰ ਤੇ ਬੱਲ ਵਰਗੇ ਲੋਕਾਂ ਵੱਲੋਂ ਕੀਤੀ ਗਈ ਸਹਾਇਤਾ ਉਪਰ ਨਿਰਭਰ ਸੀ। 62 ਸਾਲਾ ਪਾਰਾਡਕਰ ਇੱਕ ਪ੍ਰਸਿੱਧ ਕ੍ਰਿਮੀਨਲ ਵਕੀਲ ਹੈ ਜੋ ਟਰਾਂਟੋ ਦਾ ਵਸਨੀਕ ਹੈ। ਪਿਛਲੇ ਸਾਲ ਕੈਲੀਫੋਰਨੀਆ ਵਿੱਚ ਕੋਕੀਨ ਦੀ ਵੱਡੀ ਖੇਪ ਫੜੇ ਜਾਣ ਉਪਰੰਤ ਪਾਰਾਡਕਰ ਦਾ ਨਾਂ ਸਾਹਮਣੇ ਆਇਆ ਸੀ। ਉਸ ਨੇ ਪ੍ਰਮੁੱਖ ਗਵਾਹ ਨੂੰ ਮਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਸ ਨੇ ਵੈਡਿੰਗ ਨੂੰ ਸਲਾਹ ਦਿੱਤੀ ਕਿ ਜੇਕਰ ਪ੍ਰਮੁੱਖ ਗਵਾਹ ਨੂੰ ਮਾਰ ਦਿੱਤਾ ਜਾਵੇ ਤਾਂ ਡਰੱਗ ਮਾਮਲਾ ਕਮਜੋਰ ਹੋ ਜਾਵੇਗਾ। ਵਕੀਲਾਂ ਅਨੁਸਾਰ ਗੁਰਸੇਵਕ ਸਿੰਘ ਬੱਲ ਨੇ ਗਵਾਹ ਨੂੰ ਲੱਭਣ ਵਿੱਚ ਮੱਦਦ ਕੀਤੀ। ਉਸ ਨੇ ਆਪਣੀ ਵੈੱਬ ਸਾਈਟ ਉਪਰ ਗਵਾਹ ਦੀ ਤਸਵੀਰ ਪ੍ਰਕਾਸ਼ਿਤ ਕੀਤੀ ਜਿਸ ਦੇ ਬਦਲੇ ਵਿੱਚ ਪੈਸੇ ਲਏ। ਜਾਂਚਕਾਰਾਂ ਅਨੁਸਾਰ ਬੱਲ ਦੇ ਇਸ ਕਦਮ ਨੇ ਸਾਜਿਸ਼ ਵਿਚ ਅਹਿਮ ਭੂਮਿਕਾ ਨਿਭਾਈ। ਗਵਾਹ ਐਬੇਡੋ ਗਾਰਸੀਆ ਨੂੰ ਇਸ ਸਾਲ 31 ਜਨਵਰੀ ਨੂੰ ਇੱਕ ਮੈਡਲਿਨ ਦੇ ਰੈਸਟੋਰੈਂਟ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਬਾਅਦ ਵਿੱਚ ਉਸ ਦੀ ਲਾਸ਼ ਦੀਆਂ ਤਸਵੀਰਾਂ ਗਰੁੱਪ ਵਿੱਚ ਸਾਂਝੀਆਂ ਕੀਤੀਆਂ ਗਈਆਂ। ਸਮਝਿਆ ਜਾਂਦਾ ਹੈ ਕਿ ਵੈਡਿੰਗ ਮੈਕਸੀਕੋ ਵਿੱਚ ਗਿਰੋਹ ਦੀ ਰੱਖਿਆ ਤਹਿਤ ਕਿਤੇ ਲੁੱਕਿਆ ਹੋਇਆ ਹੈ।

ਇਸ ਮਾਮਲੇ ਵਿੱਚ ਹੁਣ ਤੱਕ 10 ਸ਼ੱਕੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਜਦ ਕਿ ਕੁੱਲ 19 ਸ਼ੱਕੀਆਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਇਸ ਵੱਡੇ ਡਰੱਗ ਤਸਕਰੀ ਮਾਮਲੇ ਦੀ ਜਾਂਚ ਵਿੱਚ ਐਫ ਬੀ ਆਈ ਲਾਸ ਏਂਜਲਸ ਫੀਲਡ ਦਫਤਰ, ਵਿਦੇਸ਼ ਵਿਭਾਗ, ਵਿੱਤ ਵਿਭਾਗ, ਆਰ ਸੀ ਐਮ ਪੀ ਤੇ ਕੋਲੰਬੀਅਨ ਨੈਸ਼ਨਲ ਪੁਲਿਸ ਨੇ ਅਹਿਮ ਭੂਮਿਕਾ ਨਿਭਾਈ। ਵਿਦੇਸ਼ ਵਿਭਾਗ ਨੇ ਵੈਡਿੰਗ ਦੀ ਗ੍ਰਿਫਤਾਰੀ ਲਈ ਇਨਾਮ ਵਧਾ ਕੇ ਡੇਢ ਕਰੋੜ ਡਾਲਰ ਕਰ ਦਿੱਤਾ ਹੈ ਤੇ ਗਵਾਹ ਦੀ ਹੱਤਿਆ ਵਿੱਚ ਸ਼ਾਮਲ ਲੋਕਾਂ ਦੀ ਸੂਹ ਦੇਣ ਵਾਲੇ ਲਈ 20 ਲੱਖ ਡਾਲਰ ਇਨਾਮ ਐਲਾਨਿਆ ਹੈ।

## CHANGE OF NAME

I, TULSA SINGH S/O MR KARTAR SINGH WHOSE PERMANENT ADDRESS IN INDIA IS VILL: HARI PUR, NAKODAR, DISTT: JALANDHAR, PUNJAB AND NOW LIVING AT 46 BRISTNALL HALL ROAD, OLDBURY, WEST MIDLANDS, B68 9TU, UK HEREBY GIVE NOTICE OF MY INTENTION TO CHANGE MY NAME TO TULSA SINGH MATHARU. (U/I/E)

I, MOKSHIT S/O MR. PRAHLAD SINGH WHOSE PERMANENT ADDRESS IN INDIA IS V.P.O. PATLI DABAR, SIRSA PIN: 125054 HARYANA AND NOW LIVING AT 108 HOLLY LANE, SMETHWICK, WEST MIDLANDS, B67 7LA, UK HEREBY GIVE NOTICE OF MY INTENTION TO CHANGE MY NAME TO MOKSH HUDDA. (U/I)

I, MANVI D/O MR. PRAHLAD SINGH WHOSE PERMANENT ADDRESS IN INDIA IS V.P.O. PATLI DABAR, SIRSA PIN: 125054 HARYANA AND NOW LIVING AT 108 HOLLY LANE, SMETHWICK, WEST MIDLANDS, B67 7LA, UK HEREBY GIVE NOTICE OF MY INTENTION TO CHANGE MY NAME TO MANVI HUDDA. (U/I)

I, PINKI W/O MR. PRAHLAD SINGH WHOSE PERMANENT ADDRESS IN INDIA IS V.P.O. PATLI DABAR, SIRSA PIN: 125054 HARYANA AND NOW LIVING AT 108 HOLLY LANE, SMETHWICK, WEST MIDLANDS, B67 7LA, UK HEREBY GIVE NOTICE OF MY INTENTION TO CHANGE MY NAME TO PINKI HUDDA. (U/I)

I, GURPREET KAUR W/O MR GAGANDEEP SINGH DHALIWAL WHOSE PERMANENT ADDRESS IN INDIA IS VILLAGE LEEL KALAN, TEHSIL BATALA, DIST: GURDASPUR, PUNJAB 143516 AND NOW LIVING AT 1, BROOKFIELDS ROAD, OLDBURY, WEST MIDLANDS, B68 9QT HEREBY GIVE NOTICE OF MY INTENTION TO CHANGE MY NAME TO GURPREET KAUR (GIVEN NAME) DHALIWAL (SURNAME). (U)

# 350 MARTYRDOM ANNIVERSARY OF SHRI GURU TEGH BHADDAR JI

This week, we bow our heads in reverence as we commerate the 350th year of the sacrifice of Sri Guru Tegh Bhaddar ji, the ninth Guru of sikhism a symbol of supreme courage, truth and sacrifice. Guru Tegh Bhaddar ji laid down his life to protect the right to freedom of faith, standing fearlessly against injustice and tyranny. His unparalleled sacrifice taught the world that defending human rights and safeguarding the dignity of others is the highest form of service to humanity. We remember the supreme sacrifice of Sri Guru Tegh Bhaddar ji, the ninth Guru of sikhism a protector of human rights and the shield of the oppreseed. When kashmiri pandits faced conversion, they turned to Sri Guru Tegh Bhaddar ji who stood fearlessly for their rights to practice their faith and stood for humanity. His martydom, offered to uphold freedom of belief, earned him the revered title the shield of India. Shri Guru Tegh Bhaddar ji gave his head so that others could keep their identity, thier beliefs, and the truth.





ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

In the history of the world, there is no parallel where a spiritual master embraced martyrdom not for his own community, but for the protection of another freedom. His courage was not just physical, it was spiritual, his stand was not resistance, it was compassion in its highest form. Today as we remember his sacrifice, let us remind ourselves truth always stands taller than tyranny, freedom of faith ia divine right, courage guided by compassion can change the course of history. Guru Tegh Bhaddar ji path teaches us to protect the oppreseed, even when it demands everything, may Shri Guru Tegh Bhaddar ji supreme sacrifice continue to inspire us to be principled, fearless and stand for humanity. His message of compassion and righteousness continues to guide us all and may we all walk on the path of peace, empthy and unwavering courage.

**From : LAMBARDAR DHARMVEER SINGH CLAIRE COVENTRY**


# ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS
PLEASE CONTACT US ON: 07966 388 388

## ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ

ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਣਨ ਲਈ ਫ਼ੋਨ ਕਰੋ;

What's App Contact: 07966 388 388




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

MANAK SOLICITORS



**Arjan Singh Thind LL.B (Hons.)**
Deputy Head of Residential Conveyancing

Arjan joined this firm as a Trainee Solicitor in April 2014 and now leads one of our Residential Conveyancing Teams. Buying, Selling or Remortgaging a house can be a stressful experience. Our Residential Conveyancing Team members under Arjan's guidance are trained to deal with all matters with compassion and understanding which goes beyond just carrying out the legal work. Arjan's friendly, professional approach supports clients from first-time buyers to seasoned investors.

Contact Arjan on telephone 01732 207207 or by email arjan@manaksolicitors.co.uk today for trusted advice.

**Orpington I Gravesend I Sevenoaks I Biggin Hill I Bromley**



manaksolicitors.co.uk
01689 870 769

reviewsolicitors Excellent ★★★★★

Lexcel Legal Practice Quality Mark Law Society Accredited



Rajbir Singh Manak MA (Hons)    Surinder Singh Manak LLB (Hons)

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਵੀਰ ਲਿਆਇਆ ਨੀ ਚੰਨ ਵਰਗੀ ਭਰਜਾਈ

ਡਾਕਟਰ ਰਾਜਵੰਤ ਕੌਰ

ਭੈਣ ਲਈ ਵੀਰ ਦੀ ਵਹੁਟੀ ਯਾਨੀ ਭਰਾ ਦੀ ਪਤਨੀ 'ਭਾਬੀ' ਦਾ ਦਰਜਾ ਅਤੇ ਕਿਸੇ ਔਰਤ ਲਈ ਪਤੀ ਦੀ ਭੈਣ, ਉਸ ਲਈ 'ਨਣਦ' ਦਾ ਸਥਾਨ ਰੱਖਦੀ ਹੈ। ਭਰਜਾਈ ਨੂੰ 'ਭਾਬੀ' ਅਤੇ ਨਣਦ ਨੂੰ 'ਨਣਾਨ' ਅਤੇ ਵੀ ਕਹਿ ਲਿਆ ਜਾਂਦਾ ਹੈ। ਇਉਂ ਇਹ ਰਿਸ਼ਤਾਂ ਦੋ ਔਰਤਾਂ ਦੇ ਦਰਮਿਆਨ ਦਾ ਰਿਸ਼ਤਾ ਹੈ। ਪੰਜਾਬੀ ਸੱਭਿਆਚਾਰ ਵਿਚ ਨਣਦ ਤੇ ਭਰਜਾਈ ਦਾ ਰਿਸ਼ਤਾ ਸੁਖਾਵਾਂ-ਅਸੁਖਾਵਾਂ ਅਤੇ ਜੇ ਹਮ-ਉਮਰ ਹੋਵੇ ਤਾਂ ਹਮਰਾਜ਼ ਵਾਲਾ ਵੀ ਬਣ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਹਰ ਨਣਾਨ ਤੇ ਭਰਜਾਈ ਦੀ ਜ਼ਿੰਦਗੀ ਵਿਚ ਬਣ ਆਵੇ ਤੇ ਜਾਂ ਨਾ ਹੀ ਬਣੇ। ਇਹ ਵੀ ਜ਼ਰੂਰੀ ਨਹੀਂ ਕਿ ਉਨ੍ਹਾਂ ਦਾ ਪਿਆਰ ਹਮੇਸ਼ਾ ਹਮ-ਉਮਰ ਵਾਲਾ ਲਟਬੌਰਾ ਪਿਆਰ ਹੋਵੇ। ਭਰਜਾਈ ਨਣਾਨ ਤੋਂ ਛੋਟੀ ਹੋਵੇ ਜਾਂ ਵੱਡੀ, ਜਦੋਂ ਦੋਵੇਂ ਸਮਝਦਾਰੀ ਵਰਤਦੀਆਂ ਤਾਂ ਘਰ ਨੂੰ ਸਵਰਗ ਬਣਾ ਲੈਂਦੀਆਂ ਹਨ। ਨਣਾਨ ਦੀ ਸਰਦਾਰੀ ਵਾਲੇ ਘਰ ਬਾਰੇ ਲੋਕ-ਮਨ ਨੇ ਸਿੱਟਾ ਕੱਢਿਆ ਕਿ ਅਜਿਹੇ ਘਰ ਵਸਦੇ ਨਹੀਂ ਹੁੰਦੇ। ਉਂਜ ਭਾਬੀ ਨਾਲ ਮੋਹ-ਪਿਆਰ ਦੇ ਗੀਤ ਬਚਪਨ ਤੋਂ ਲੈ ਕੇ ਸਹੁਰੇ ਘਰ ਜਾਣ ਤੇ ਵਸਣ ਤੀਕ ਗਾਏ ਜਾਂਦੇ ਰਹੇ ਹਨ।

ਵੀਰ ਦੇ ਵਿਆਹ 'ਤੇ ਭੈਣ ਦੇ ਪੱਬ ਧਰਤੀ 'ਤੇ ਨਹੀਂ ਲਗਦੇ ਭਾਬੋ ਦਾ ਡੋਲ਼ਾ ਘਰ ਦੇ ਦੁਆਰ 'ਤੇ ਪੁੱਜਣ ਸਮੇਂ ਉਹ ਹੇਅਰਿਆਂ ਰਾਹੀਂ ਆਪਣੇ ਪੇਕਿਆਂ ਦੀ ਪ੍ਰਸੰਸਾ ਕਰਦੀ ਨਹੀਂ ਥੱਕਦੀ। ਭਾਬੋ ਦਾ ਮੁੱਖ ਦੇਖ ਕੇ ਨਣਾਨ ਹੇਅਰਿਆਂ ਰਾਹੀਂ ਉਸ ਨੂੰ ਬੁੱਢ-ਸੁਹਾਗਣ ਹੋਣ ਦੀਆਂ ਅਸੀਸਾਂ ਦਿੰਦੀ ਹੈ ਅਤੇ ਆਪਣਾ ਮਨ ਵੀ ਸੀਤਲ ਕਰਦੀ ਹੈ :

ਅੱਖਾਂ ਤਾਂ ਤੇਰੀਆਂ ਮੋਟੀਆਂ ਭਾਬੋ, ਕੋਈ ਮੱਥੇ ਨੀ ਤੇਰੇ ਨੂਰ
ਸਾਡਾ ਚਿੱਤ ਦੇਖ ਕੇ ਖਿੜ ਗਿਆ, ਕੋਈ ਉਤਰੀ ਅਰਸ਼ ਦੀ
ਓਨੀ ਨਵੀਂਏ ਭਾਬੀਏ ਨੀ ਹੂਰ।

ਨਣਦ ਭਾਵੇਂ ਛੋਟੀ ਹੋਵੇ ਜਾਂ ਵੱਡੀ, ਭਰਜਾਈ ਉਸ ਦੁਆਰਾ ਕੀਤੀ ਟੋਕ-ਟੋਕਾਈ ਨੂੰ ਘੱਟ ਹੀ ਬਰਦਾਸ਼ਤ ਕਰਦੀ ਹੈ। ਜੇ ਨਣਦ ਅਜਿਹੀ ਮਿਲ ਜਾਵੇ ਜਿਹੜੀ ਹਰ ਗੱਲ ਵਿਚ ਨੁਕਤਾਚੀਨੀ ਕਰਦੀ ਹੋਵੇ ਤਾਂ ਉਥੇ ਭਰਜਾਈ ਨੂੰ ਵਸਣਾ ਔਖਾ ਲਗਦਾ ਹੈ। ਜੇ ਕਦੇ ਕੁਦਰਤੀ ਪਤੀ ਕਿਸੇ ਗੱਲੋਂ ਉਸ ਨੂੰ ਦੋ-ਚਾਰ ਸੁਣਾ ਦਿੰਦਾ ਹੈ ਤਾਂ ਉਹ ਸਮਝਦੀ ਹੈ ਕਿ ਜ਼ਰੂਰ ਨਣਦ ਨੇ ਉਸ ਦੇ ਪਤੀ ਦੇ ਕੰਨ ਭਰੇ ਹੋਣਗੇ, 'ਸਿੱਖਿਆ ਨਣਦਾਂ ਦਾ, ਕਿਉਂ ਗੁੱਤ ਨੂੰ ਮਰੋੜੇ ਚਾੜ੍ਹੇਂ ?'

ਜਿਸ ਘਰ ਵਿਚ ਨਣਦ-ਭਰਜਾਈ ਦਾ ਪਿਆਰ ਗੂੜ੍ਹਾ ਹੁੰਦਾ ਹੈ, ਉਸ ਘਰ ਵਿਚ ਦੋਵੇਂ ਹਰ ਕੰਮ ਇਕੱਠੀਆਂ ਕਰਦੀਆਂ, ਨੱਚਦੀਆਂ-ਟੱਪਦੀਆਂ, ਹੱਸਦੀਆਂ-ਗਾਉਂਦੀਆਂ ਅਤੇ ਦੁੱਖ-ਸੁੱਖ ਸਾਂਝੇ ਕਰਦੀਆਂ ਜੀਵਨ ਬਿਤਾਉਂਦੀਆਂ ਹਨ। ਵੱਡੀ ਭਰਜਾਈ, ਨਣਦ ਨੂੰ ਮਾਂ ਜਿਹਾ ਪਿਆਰ ਦਿੰਦੀ ਹੈ ਅਤੇ ਉਸ ਨੂੰ ਘਰ ਦਾ ਕੰਮ-ਕਾਜ ਸਿਖਾਉਂਦੀ ਹੈ। ਜੇ ਨਣਦ ਚੰਗਾ ਕੰਮ ਕਰਦੀ ਹੋਵੇ ਤਾਂ ਉਸ ਨੂੰ ਲਾਡ-ਪਿਆਰ ਅਤੇ ਸ਼ਾਬਾਸ਼ ਮਿਲਦੀ ਹੈ ਪਰੰਤੂ ਜੇ ਉਹ ਕੰਮ ਸਾਫ਼-ਸੁਥਰਾ ਨਾ ਕਰੇ ਤਾਂ ਉਸ ਨੂੰ ਝਿੜਕ ਕੇ ਜਾਂ ਸਮਝਾ ਕੇ ਸਹੀ ਕੰਮ ਕਰਨ ਦੀ ਪ੍ਰੇਰਨਾ ਵੀ ਭਰਜਾਈ ਹੀ ਦਿੰਦੀ ਹੈ :

ਛੋਟੀਆਂ ਨਣਦਾਂ ਨੂੰ ,
ਨਿੱਤ ਝਿੜਕਣ ਭਰਜਾਈਆਂ।

ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖ ਰਹੀ ਨਣਦ ਜੇ ਜ਼ਿਆਦਾ ਨੱਚਦੀ-ਟੱਪਦੀ ਜਾਂ ਕੋਠੇ ਉਤੇ ਚੜ੍ਹ ਕੇ ਕਿਸੇ ਨਾਲ ਉੱਚੀ-ਉੱਚੀ ਗੱਲਾਂ ਕਰਦੀ ਤਾਂ ਉਸ ਨੂੰ ਭਰਜਾਈ ਅਜਿਹਾ ਕਰਨ ਤੋਂ ਹੋੜਦੀ ਰਹੀ ਹੈ :

ਨਾ ਚੜ੍ਹ ਕੇ ਚੁਬਾਰੇ ਉਤੇ ਕੂਕ,
ਨੀ ਨਣਦੇ ਮੋਰਨੀਏ।

ਜੇ ਕਦੇ ਭਰਜਾਈ ਨੂੰ ਨਣਾਨ ਦੇ ਆਚਰਨ 'ਤੇ ਸ਼ੱਕ ਪੈ ਜਾਵੇ ਤਾਂ ਉਹ ਨਣਦ ਨੂੰ ਸਿੱਧੇ ਰਸਤੇ ਪਾਉਣ ਤੋਂ ਕਤਰਾਉਂਦੀ ਨਹੀਂ। ਜੇ ਨਣਦ ਨੂੰ ਸਵੈ-ਵਿਸ਼ਵਾਸ ਹੋਵੇ ਕਿ ਉਹ ਕੋਈ ਅਜਿਹਾ ਕਦਮ ਨਹੀਂ ਪੁੱਟ ਰਹੀ, ਜਿਸ ਨਾਲ ਉਸ ਦੇ ਪੇਕਿਆਂ ਦੀ ਇੱਜ਼ਤ ਮਿੱਟੀ ਵਿਚ ਮਿਲ ਸਕਦੀ ਹੈ ਤਾਂ ਉਹ ਭਰਜਾਈ ਨੂੰ ਦਿਲੋਂ ਭਰਮ ਕੱਢਣ ਲਈ ਆਖਦੀ ਹੈ :


ਕਿਉਂ ਭਰਮ ਕਰੇ ਭਰਜਾਈਏ,
ਨਣਾਨ ਤੇਰੀ ਸਤਵੰਤੀ।

ਭਰਜਾਈ ਪੂਰੀ ਕੋਸ਼ਿਸ਼ ਕਰਦੀ ਹੈ ਕਿ ਨਣਦ ਲਈ ਸੁਹਣੇ-ਸੁਨੱਖੇ ਵਰ ਦੀ ਚੋਣ ਕੀਤੀ ਜਾਵੇ। ਉਸ ਵਲੋਂ ਪਾਈ ਦੱਸ 'ਤੇ ਸਹੁਰੇ, ਨਣਦ ਲਈ ਮੁੰਡਾ ਵੇਖ ਆਉਂਦੇ ਹਨ। ਇਕ ਦਿਨ ਨਣਦ ਝਕਦੀ-ਝਕਦੀ ਭਰਜਾਈ ਨੂੰ ਪੁੱਛ ਹੀ ਬੈਠਦੀ ਹੈ ਕਿ ਜਿਹੜਾ ਉਸ ਲਈ ਮੁੰਡਾ ਪਸੰਦ ਕੀਤਾ ਗਿਆ ਹੈ, ਉਹ ਕਿਹੋ ਜਿਹਾ ਹੈ ? ਨਣਦ ਦੇ ਸ਼ੰਕਿਆਂ ਦੀ ਨਵਿਰਤੀ ਕਰਦੀ ਭਰਜਾਈ ਇੰਜ ਜਵਾਬ ਦਿੰਦੀ ਹੈ :

ਮੁੰਡਾ ਟੋਲ਼ਿਆ ਕਬੂਤਰ ਵਰਗਾ
ਨੀ ਨਣਦੇ ਗੋਲ ਗੱਪੀਏ।

ਭਰਜਾਈ, ਨਣਦ ਦੇ ਵਿਆਹ ਦੀ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀ ਕਰਦੀ ਹੈ। ਸਾਊ ਭਰਜਾਈ ਦਾਜ ਵਿਚ ਲਿਆਂਦੀਆਂ ਵਧੀਆ ਵਸਤਾਂ ਨਣਦ ਨੂੰ ਸੁਗਾਤ ਵਜੋਂ ਦੇ ਕੇ 'ਜੱਗ ਜਿਉਂਦੀ ਰਹਿ' ਦੀ ਅਸੀਸ ਲੈਂਦੀ ਹੈ, 'ਵੀਰ ਮੇਰੇ ਨੇ ਕੁੜਤੀ ਦਿੱਤੀ ਭਾਬੋ ਨੇ ਫੁਲਕਾਰੀ, ਨੀ ਜੱਗ ਜੀ ਭਾਬੋ ਲੱਗੇ ਜਾਣ ਤੋਂ ਪਿਆਰੀ।' ਕਈ ਵਾਰ ਭਰਜਾਈ ਦੇ ਦਾਜ ਵਿਚ ਆਈ ਚੰਗੀ ਚੀਜ਼-ਵਸਤ ਨਣਦ ਜ਼ੋਰ ਪਾ ਕੇ ਵੀ ਆਪਣੇ ਦਾਜ ਵਿਚ ਰੱਖਣ ਲਈ ਲੈ ਲੈਂਦੀ ਸੀ ਪਰੰਤੂ ਜੇ ਭਰਜਾਈ ਅਜਿਹੇ ਵੇਲੇ ਆਨਾ-ਕਾਨੀ ਕਰਨ ਲਗਦੀ ਹੈ ਤਾਂ ਨਣਦ ਉਸ ਨੂੰ ਪੁਰਾਣੀਆਂ ਗੱਲਾਂ ਯਾਦ ਕਰਾਉਂਦੀ ਆਖਦੀ ਹੈ ਕਿ ਪਹਿਲਾਂ ਤਾਂ ਉਹ ਉਸ ਨੂੰ ਦਾਜ ਦੇਣ ਬਾਰੇ ਵੱਡੇ-ਵੱਡੇ ਦਾਈਏ ਬੰਨ੍ਹਦੀ ਰਹਿੰਦੀ ਸੀ ਤੇ ਹੁਣ, 'ਅੱਖੀਆਂ ਹੋਰ ਹੋ ਗਈਆਂ, ਜਦੋਂ ਦਾਜ ਨਣਦ ਨੇ ਮੰਗਿਆ।'

ਉਂਝ ਵੀ ਹੋਵੇ ਸਹੁਰੇ ਘਰ ਪਹੁੰਚ ਕੇ ਨਣਦ ਨੂੰ ਭਰਜਾਈ ਦੀ ਬਹੁਤ ਯਾਦ ਆਉਂਦੀ ਹੈ। ਹਰ ਤਿੱਥ-ਤਿਉਹਾਰ 'ਤੇ ਉਹ ਭਰਾ-ਭਰਜਾਈ ਦੀ ਉਡੀਕ ਕਰਦੀ ਹੈ। ਜੇ ਨਣਾਨ ਸੁਭਾਅ ਦੀ ਚੰਗੀ ਨਾ ਹੁੰਦੀ ਤਾਂ ਭਰਜਾਈ ਉਸ ਦੀ ਨਿੰਦਾ ਕਰਨ ਵੇਲੇ ਜਾਂ ਇਸ ਅਖਾਣ ਦੀ ਜ਼ਬਾਨੀ ਆਪਣੇ ਦਿਲ ਦੀ ਭੜਾਸ ਕੱਢਦੀ ਤੇ ਜਾਂ ਇਸ ਲੋਕ-ਬੋਲੀ ਦੀ ਵਰਤੋਂ ਕਰਦੀ ਰਹੀ ਹੈ :



ਨਣਾਨੇ ਨੀ ਨਣਾਨੇ,
ਤੇਰੇ ਭੇਡ ਜਿੰਨੇ ਆਨੇ,
ਨੀ ਬਘਿਆੜ ਜਿੱਡਾ ਮੂੰਹ,
ਨੀ ਤੂੰ ਕਿਸ ਚੰਦਰੇ ਦੀ ਨੂੰਹ।
ਉੱਚੇ ਟਿੱਬੇ ਮੈਂ ਤਾਣਾ ਤਣਦੀ,
ਧਾਗੇ ਟੁੱਟ ਗਏ ਚਾਰ।
ਇੱਕ ਮੇਰੀ ਨਣਦ ਬੁਰੀ,
ਨਣਦੋਈਆ ਠਾਣੇਦਾਰ।

ਜੇ ਪੇਕੇ ਆਈ ਵੱਡੀ ਨਣਦ ਨੂੰ ਪਤਾ ਲੱਗ ਜਾਂਦਾ ਕਿ ਭਾਬੀ ਦੇ ਪੈਰ ਭਾਰੀ ਹਨ ਤਾਂ ਉਹ ਉਸ ਨਾਲ ਕੌਲ-ਕਰਾਰ ਕਰ ਲੈਂਦੀ ਸੀ। ਭਾਬੀ ਵਾਇਦਾ ਕਰਦੀ ਕਿ ਜੇ ਉਸ ਦੇ ਘਰ ਪੁੱਤਰ ਨੇ ਜਨਮ ਲਿਆ ਤਾਂ ਉਹ ਉਸ ਨੂੰ ਫੁੱਲ-ਝੜੀਆਂ ਬਣਵਾ ਕੇ ਦੇਵੇਗੀ, 'ਨਣਦ ਤੇ ਭਾਬੋ ਰਲ ਬੈਠੀਆਂ ਤੇ ਕੀਤੇ ਕੌਲ ਕਰਾਰ, ਜੇ ਘਰ ਜੰਮੇਗਾ ਗੀਗੜਾ ਨੀ ਬੀਬੀ ਦੇਵਾਂਗੀ ਫੁੱਲ-ਝੜੀਆਂ।' ਇੱਕ ਦਿਨ ਉਸ ਨੂੰ ਵੀਰ ਘਰ ਪੁੱਤ ਦੇ ਜਨਮ ਦੀ ਖ਼ਬਰ ਮਿਲਦੀ ਹੈ, 'ਅੱਧੀ ਅੱਧੀ ਰਾਤੀਂ ਤੇ ਪਿਛਲਾ ਈ ਪਹਿਰਾ, ਮੇਰੀ ਭਾਬੋ ਨੇ ਗੀਗੜਾ ਜੰਮਿਆ। ਲੈ ਨੀ ਭਾਬੋ ਦੇ ਫੁੱਲ-ਝੜੀਆਂ, ਅੜੀਏ ਪੂਰਾ ਤੇ ਹੋਇਆ ਇਕਰਾਰ।' ਭਤੀਜੇ ਦੀ ਪੈਦਾਇਸ਼ ਦੀ ਖ਼ਬਰ ਸੁਣ ਕੇ ਉਹ ਖ਼ੁਸ਼ੀ ਵਿਚ ਫੁੱਲਿਆਂ ਨਹੀਂ ਸਮਾਉਂਦੀ :

ਚੰਨ ਚੜ੍ਹਿਆ ਬਾਪ ਦੇ ਵਿਹੜੇ ਕਿ ਵੀਰ ਘਰ ਪੁੱਤ ਜੰਮਿਆ।

ਉਹ ਖ਼ੁਸ਼ੀ-ਖ਼ੁਸ਼ੀ ਭਤੀਜਾ ਵੇਖਣ ਜਾਂਦੀ ਹੈ ਤਾਂ ਉਸ ਨੂੰ ਭਰਜਾਈ ਵੀ ਦਿਲ ਖੋਲ੍ਹ ਕੇ ਆਖਦੀ ਹੈ :

ਮੂੰਹੋਂ ਮੰਗ ਲੈ ਨਣਾਨੇ ਮੇਰੀਏ,
ਵੀਰ ਘਰ ਪੁੱਤ ਜੰਮਿਆ।

ਉਹ ਭਾਬੀ ਨੂੰ ਕੀਤਾ ਇਕਰਾਰ ਯਾਦ ਕਰਾਉਂਦੀ ਹੈ ਪਰੰਤੂ ਭਾਬੀ ਤਰਕ ਦਿੰਦੀ ਹੈ ਕਿ ਉਸ ਦੇ ਬਾਪ ਤੇ ਵੱਡੇ ਵੀਰ ਨੇ ਫੁੱਲ-ਝੜੀਆਂ ਘੜਾ ਕੇ ਹੀ ਨਹੀਂ ਦਿੱਤੀਆਂ ਕਿਉਂਕਿ ਫੁੱਲ-ਝੜੀਆਂ ਤਾਂ ਬਾਦਸ਼ਾਹਾਂ ਦੇ ਵਿਹੜੇ ਹੁੰਦੀਆਂ ਨੇ। ਇਸ ਲਈ ਉਹ ਫੁੱਲ-ਝੜੀਆਂ ਦੀ ਜਗ੍ਹਾ ਵੀਰ ਰਾਹੀਂ ਕਦੇ ਉਸ ਨੂੰ ਤੇਵਰ, ਕਦੇ ਗਹਿਣਾ 'ਆਰਸੀ' ਅਤੇ ਕਦੇ ਬੂਰੀ ਮੱਝ ਲੈ ਲੈਣ ਦਾ ਸੁਝਾਅ ਦਿੰਦੀ ਹੈ। ਭਾਬੀ ਨੂੰ ਕੌਲ ਪੂਰਾ ਕਰਨ ਤੋਂ ਟਲਦਿਆਂ ਵੇਖ ਕੇ ਉਹ ਰੁੱਸ ਕੇ ਸਹੁਰੇ ਘਰ ਮੁੜ ਜਾਂਦੀ ਹੈ। ਦਰਾਣੀਆਂ-ਜਠਾਣੀਆਂ ਵਲੋਂ ਵਧਾਈ ਵਿਚ ਲਿਆਂਦੀਆਂ ਵਸਤਾਂ ਬਾਰੇ ਪੁੱਛਣ 'ਤੇ ਉਹ ਆਖਦੀ ਹੈ ਕਿ ਉਸ ਦਾ ਵੀਰ ਤਾਂ ਰਾਜੇ ਦਾ ਨੌਕਰ ਹੈ ਤੇ ਭਾਬੋ ਨੇ ਧੀ ਨੂੰ ਜਨਮ ਦਿੱਤਾ ਹੈ।

ਪ੍ਰਦੇਸੋਂ ਵਪਾਰ ਕਰਨ ਉਪਰੰਤ ਬਾਰਾਂ ਸਾਲਾਂ ਬਾਅਦ ਵੀਰ ਘਰ ਆਉਂਦਾ ਹੈ ਤਾਂ ਉਸ ਨੂੰ ਪਤਾ ਲਗਦਾ ਹੈ ਕਿ ਉਸ ਦੀ ਭੈਣ ਅਜੇ ਵੀ ਉਨ੍ਹਾਂ ਨਾਲ ਰੁੱਸੀ ਹੋਈ ਹੈ। ਉਹ ਆਪਣੀ ਪਤਨੀ ਵਲੋਂ ਕੀਤਾ ਕਰਾਰ ਪੂਰਾ ਕਰਦਿਆਂ ਸੁੱਚੇ ਮੋਤੀਆਂ ਨਾਲ ਭਰੇ ਥਾਲ ਸਮੇਤ ਫੁੱਲ-ਝੜੀਆਂ ਭੇਟ ਕਰਕੇ ਆਪਣੀ ਭੈਣ ਕੋਲੋਂ ਆਪਣੇ ਪੂਰੇ ਪਰਿਵਾਰ ਲਈ ਦੁਆਵਾਂ ਲੈਂਦਾ ਹੈ :

ਭਾਈ ਭਤੀਜਾ ਮੇਰਾ ਜੁਗ ਜੁਗ ਜੀਵੇ,
ਮੇਰੀ ਭਾਬੋ ਦਾ ਅਟੱਲ ਸੁਹਾਗ।

ਹਾਲੇ ਕਿ ਨਣਦ ਭਰਜਾਈ ਦਾ ਜੋੜ ਥੋੜ੍ਹ-ਚਿਰਾ ਹੁੰਦਾ ਹੈ ਕਿਉਂਕਿ ਨਣਦ ਨੇ ਤਾਂ ਆਪਣੇ ਸਹੁਰੇ ਘਰ ਚਲੇ ਹੀ ਜਾਣਾ ਹੁੰਦਾ ਹੈ। ਓਦੂੰ ਬਾਅਦ ਤਾਂ ਉਸ ਦੀ ਜੋਗੀਆਂ ਵਾਲੀ ਫੇਰੀ ਪੈਣੀ ਹੁੰਦੀ ਹੈ। ਅਖੇ 'ਘਰ ਬਾਰ ਭਾਬੀਆਂ ਦਾ, ਜੋਗੀ ਵਾਲੀ ਨਣਦਾਂ ਦੀ ਫੇਰੀ।' ਬਹੁਤ ਸਾਰੇ ਮਾਪਿਆਂ ਨਾਲ ਇਸ ਵਿਸ਼ੇ 'ਤੇ ਗੱਲ ਕੀਤੀ ਤਾਂ ਦੁੱਖ ਹੋਇਆ ਕਿ ਹੁਣ ਤਾਂ ਮਾਪਿਆਂ ਦੀ ਸੋਚ ਹੀ ਬਦਲ ਗਈ ਹੈ ਕਿ ਧੀ ਨੂੰ ਉਸ ਘਰ ਵਿਆਹੀਏ ਜਿਥੇ ਉਸ ਦੀ ਕੋਈ ਨਣਦ ਨਾ ਹੋਵੇ।

ਕਈ ਮੁਟਿਆਰਾਂ ਨਾਲ ਗੱਲ ਕੀਤੀ ਤਾਂ ਬਹੁ-ਗਿਣਤੀ ਨੇ ਮਾਪਿਆਂ ਵਲੋਂ ਮਿਲੇ ਸੰਸਕਾਰਾਂ ਤੇ ਵਿਚਾਰਾਂ ਦੀ ਹੀ ਤਾਈਦ ਕੀਤੀ। ਬਹੁਤ ਘੱਟ ਲੜਕੀਆਂ ਅਜਿਹੀਆਂ ਮਿਲੀਆਂ ਜਿਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਦੀ ਕੋਈ ਨਣਾਨ ਜ਼ਰੂਰ ਹੋਣੀ ਚਾਹੀਦੀ ਹੈ। ਧੀਆਂ ਦੇ ਕੁੱਖਾਂ ਵਿਚ ਕਤਲ ਕਰਨ ਵਾਲੇ ਕੀ ਜਾਣਨ ਰਿਸ਼ਤਿਆਂ ਦੀ ਸਾਰਥਕਤਾ? ਕੀ ਜਾਣਨ ਰਿਸ਼ਤਿਆਂ ਦਾ ਮੋਹ ਤੇ ਨਿੱਘ। ਧੀ ਦੇ ਕਾਤਲ ਬਣ ਕੇ ਉਹ ਵਿਆਹ ਦੀ ਸੰਸਥਾ ਰਾਹੀਂ ਹੋਂਦ ਵਿਚ ਆਉਣ ਵਾਲੇ ਸਾਰੇ ਰਿਸ਼ਤਿਆਂ ਨੂੰ ਮਿੱਟੀ ਵਿਚ ਮਿਲਾ ਰਹੇ ਹਨ।

ਲੋੜ ਹੈ ਅੱਜ ਦਿਲ ਦੀਆਂ ਰਮਜ਼ਾਂ ਸਾਂਝੀਆਂ ਕਰਨ ਵਾਲੇ ਨਣਦ-ਭਰਜਾਈ ਦੇ ਰਿਸ਼ਤੇ ਦੀ ਅਹਿਮੀਅਤ ਸਮਝਣ ਦੀ। ਭਵਿੱਖ ਦੇ ਰਿਸ਼ਤਿਆਂ ਦੀਆਂ ਸਿਰਜਣਹਾਰੀਆਂ ਯਾਨੀ ਧੀਆਂ ਨੂੰ ਜਨਮ ਨਹੀਂ ਦੇਵਾਂਗੇ ਤਾਂ ਭੈਣ-ਭਰਾ, ਮਾਂ-ਧੀ, ਪਿਉ-ਧੀ, ਪਤੀ-ਪਤਨੀ, ਸੱਸ-ਨੂੰਹ, ਨਣਦ-ਭਰਜਾਈ ਸਭ ਰਿਸ਼ਤਿਆਂ ਦਾ ਸੁੱਖ-ਆਨੰਦ ਮਾਣਨ ਤੋਂ ਵਾਂਝੀ ਰਹਿ ਜਾਏਗੀ ਸਾਡੀ ਅਗਲੀ ਪੀੜ੍ਹੀ। ਇਸ ਤਰ੍ਹਾਂ ਕਰਕੇ ਅਸੀਂ ਮਨੁੱਖਤਾ ਦਾ ਬੀਜ ਵੀ ਨਾਸ ਕਰ ਰਹੇ ਹੋਵਾਂਗੇ।

-ਅਸਿਸਟੈਂਟ ਪ੍ਰੋਫ਼ੈਸਰ ਅਤੇ ਸਟੇਟ ਐਵਾਰਡੀ
ਪੰਜਾਬੀ ਵਿਭਾਗ, ਪੰਜਾਬੀ
ਯੂਨੀਵਰਸਿਟੀ, ਪਟਿਆਲਾ।
ਮੋਬਾਈਲ : 85678-86223

# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਸਮਾਜਿਕ ਪ੍ਰਭਾਵ

ਗੁਰਚਰਨ ਕੌਰ ਥਿੰਦ ਕੈਲਗਰੀ



ਗੁਰੂ ਤੇਗ ਬਹਾਦਰ, ਗੁਰੂ ਨਾਨਕ ਦੇਵ ਜੀ ਦੁਆਰਾ ਥਾਪੀ ਗਈ ਸਿੱਖੀ ਦੇ ਪੰਜਵੇਂ ਰਹਿਨੁਮਾ, ਗੁਰੂ ਅਰਜਨ ਦੇਵ ਜੀ ਦੇ ਪੋਤਰੇ ਅਤੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਜਦੋਂ ਅਪਰੈਲ, 1621 ਨੂੰ ਅੰਮ੍ਰਿਤਸਰ ਸ਼ਹਿਰ ਵਿੱਚ ਮਾਤਾ ਨਾਨਕੀ ਦੀ ਕੁੱਖੋਂ ਆਪ ਜੀ ਦਾ ਜਨਮ ਹੋਇਆ, ਸਿੱਖੀ ਲਈ ਉਹ ਸਮਾਂ 'ਮੀਰੀ ਅਤੇ ਪੀਰੀ' ਦਾ ਸਮਾਂ ਸੀ। ਦਿੱਲੀ ਦੀ ਮੁਗ਼ਲ ਹਕੂਮਤ ਵੱਲੋਂ ਪੰਜਵੇਂ ਗੁਰੂ ਜੀ ਨੂੰ ਲਹੌਰ ਵਿਖੇ ਅਕਹਿ ਕਸ਼ਟ ਦੇ ਕੇ ਸ਼ਹੀਦ ਕਰ ਦੇਣਾ ਸਿੱਖਾਂ ਲਈ ਇੱਕ ਵੱਡੀ ਚੁਣੌਤੀ ਬਣ ਉੱਭਰ ਖਲੋਤਾ ਸੀ। ਇਤਿਹਾਸ ਦਰਸਾਉਂਦਾ ਹੈ ਕਿ ਲਹੌਰ ਵੱਲ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਜੀ ਨੇ ਗੁਰਗੱਦੀ ਦੇ ਵਾਰਿਸ ਆਪਣੇ ਪੁੱਤਰ ਹਰਗੋਬਿੰਦ ਨੂੰ ਆਪਣੇ ਨਾਲ ਤਕੜੇ ਮੱਲ ਰੱਖਣ ਦੀ ਨਸੀਹਤ ਕਰ ਦਿੱਤੀ ਸੀ। ਸੋ ਗੁਰਸਿੱਖੀ ਦੀ ਇਸ ਪਹਿਲੀ ਸ਼ਹਾਦਤ ਨੇ ਪਹਿਲੇ ਗੁਰੂਆਂ ਦੁਆਰਾ ਦਰਸਾਏ 'ਕ੍ਰਿਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਵਾਲੇ ਜੀਵਨ-ਜਾਚ ਦੇ ਸਿਧਾਂਤਾਂ ਦੇ ਨਾਲ ਸਿਰ ਉੱਚਾ ਕਰਕੇ ਜਿਉਣ ਵਾਸਤੇ ਸਵੈਰੱਖਿਆ ਲਈ ਹਥਿਆਰ ਰੱਖਣ ਦਾ ਸਿਧਾਂਤ ਲਾਗੂ ਕਰਵਾ ਦਿੱਤਾ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲਦਿਆਂ ਹੀ ਅੰਮ੍ਰਿਤਸਰ ਸ਼ਹਿਰ ਦੇ ਬਾਹਰਵਾਰ ਸਥਿਤ ਲੋਹ ਗੜ੍ਹ ਦੇ ਸਥਾਨ 'ਤੇ ਅਖਾੜਿਆਂ ਵਿੱਚ ਕੁਸ਼ਤੀ, , ਤਲਵਾਰਬਾਜ਼ੀ ਅਤੇ ਘੋੜਸਵਾਰੀ ਦੀ ਸਿਖਲਾਈ ਸ਼ੁਰੂ ਕਰਵਾ ਦਿੱਤੀ। ਸਿੱਖਾਂ ਦੇ ਰੂਹਾਨੀ ਅਸਥਾਨ ਸ਼੍ਰੀ ਦਰਬਾਰ ਸਾਹਿਬ ਦੇ ਸਾਹਮਣੇ ਬਾਬਾ ਬੁੱਢਾ ਜੀ ਦੀ ਮਦਦ ਨਾਲ ਆਪਣੇ ਹੱਥੀਂ ਥੜ੍ਹਾ ਸਥਾਪਤ ਕੀਤਾ (ਜੋ ਕਿ ਅਕਾਲ ਤਖਤ ਸਾਹਿਬ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ) ਅਤੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸਿੱਖੀ ਜੀਵਨ ਵਿੱਚ ਰੂਹਾਨੀ ਅਤੇ ਦੁਨਿਆਵੀ, ਦੋਵਾਂ ਪੱਖਾਂ ਦੀ ਜ਼ਰੂਰਤ ਨੂੰ ਉਜਾਗਰ ਕਰ ਦਿੱਤਾ ਸੀ।

ਉਪਰੋਕਤ ਮਾਹੌਲ ਵਿੱਚ ਜੰਮੇ, ਪਲੇ ਅਤੇ ਪ੍ਰਵਾਨ ਚੜ੍ਹੇ ਬਾਲਕ ਤੇਗ ਮੱਲ, ਜਿੱਥੇ ਜ਼ਹੀਨ ਰੂਹਾਨੀ ਸਕਾਲਰ ਸਨ ਜੋ ਕਿ ਗੁਰਬਾਣੀ ਦੇ ਨਾਲ ਨਾਲ ਵੇਦ, ਪੁਰਾਣ ਅਤੇ ਉਪਨਿਸ਼ਦ ਦੇ ਗਿਆਤਾ ਵੀ ਸਨ, ਉੱਥੇ ਉਹ ਨਿਡਰ ਯੋਧੇ ਵੀ ਸਨ। ਉਹ ਤੇਗ ਚਲਾਉਣ ਅਤੇ ਘੋੜਸਵਾਰੀ ਦੇ ਮਾਹਿਰ ਸਨ। ਸੱਤ ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਮੁਗਲਾਂ ਵੱਲੋਂ ਅੰਮ੍ਰਿਤਸਰ ਸ਼ਹਿਰ 'ਤੇ ਕੀਤੇ ਹਮਲੇ ਸਮੇਂ ਸਿੱਖਾਂ ਵੱਲੋਂ ਮੁਕਾਬਲੇ ਵਿੱਚ ਲੜੀ ਜੰਗ ਦਾ ਦ੍ਰਿਸ਼ ਅੱਖੀਂ ਦੇਖਿਆ। ਪਿਤਾ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਲੜੀ ਗਈ ਕਰਤਾਰਪੁਰ ਸਾਹਿਬ ਦੀ ਚੌਥੀ ਜੰਗ ਵਿੱਚ ਹੱਥ ਵਿੱਚ ਤੇਗ ਫੜ ਘੋੜੇ 'ਤੇ ਸਵਾਰ ਹੋ ਤੇਗ ਮੱਲ ਨੇ ਆਪਣੀ ਬਹਾਦਰੀ ਦੇ ਐਸੇ ਜੌਹਰ ਵਿਖਾਏ ਕਿ ਪਿਤਾ ਨੇ ਉਸ ਨੂੰ 'ਤੇਗ ਦਾ ਧਨੀ' ਦੇ ਉਪਨਾਮ ਨਾਲ ਵਡਿਆਇਆ। ਉਦੋਂ ਤੋਂ ਤੇਗ ਮੱਲ ਦਾ ਨਾਂ 'ਤੇਗ ਬਹਾਦਰ' ਹੋ ਗਿਆ। ਐਨੇ ਗੁਣਾਂ ਦੇ ਮਾਲਕ ਤੇਗ ਬਹਾਦਰ, ਰੀਤ ਅਨੁਸਾਰ ਸਭ ਤੋਂ ਛੋਟੇ ਪੁੱਤ ਹੋਣ ਨਾਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਬਾਦ ਗੁਰਗੱਦੀ ਦੇ ਵਾਰਿਸ ਨਹੀਂ ਥਾਪੇ ਜਾ ਸਕਦੇ ਸਨ। ਪਰ ਹੋਣੀ ਨੇ ਇਸ ਕਾਰਜ ਲਈ ਜੋ ਸਮਾਂ ਸਥਾਨ ਨਿਯਤ ਕੀਤਾ ਹੋਇਆ ਸੀ, ਉਸ ਤੋਂ ਪਹਿਲਾਂ ਕੁਝ ਹੋ ਵੀ ਨਹੀਂ ਸਕਣਾ ਸੀ। ਗੁਰੂ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਦੀ ਮੌਤ ਹੋ ਜਾਣ ਕਾਰਨ ਉਨ੍ਹਾਂ ਦੇ ਵੱਡੇ ਪੁੱਤਰ ਛੇਵੇਂ ਗੁਰੂ ਹਰਰਾਇ ਸਾਹਿਬ ਜੀ ਹੋਏ, ਜਿਨ੍ਹਾਂ ਦੇ ਛੋਟੀ ਉਮਰ ਵਿੱਚ ਜੋਤੀ ਜੋਤ ਸਮਾਉਣ ਉਪਰੰਤ ਛੇ ਸਾਲ ਦੀ ਉਮਰ ਦੇ ਉਨ੍ਹਾਂ ਦੇ ਪੁੱਤਰ ਸ਼੍ਰੀ ਹਰਕ੍ਰਿਸ਼ਨ ਜੀ ਗੁਰਗੱਦੀ ਤੇ ਸ਼ੁਸੋਭਿਤ ਹੋਏ। ਚੇਚਕ ਤੋਂ ਪੀੜਿਤ ਹੋ ਜਾਣ ਕਾਰਨ ਸੰਨ 1664 ਵਿੱਚ ਨੌ ਸਾਲ ਦੀ ਉਮਰ ਵਿੱਚ ਉਹ ਜੋਤੀ ਜੋਤ ਸਮਾ ਗਏ। ਕਹਿੰਦੇ ਹਨ ਕਿ ਉਨ੍ਹਾਂ ਨੂੰ ਗੁਰਗੱਦੀ ਦੇ ਵਾਰਿਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਸਿਰਫ ਇਹ ਦੋ ਬੋਲ ਬੋਲੇ, "ਬਾਬਾ ਬਕਾਲੇ।"

ਉਸ ਸਮੇਂ ਤੇਗ ਬਹਾਦਰ ਆਪਣੀ ਪਤਨੀ ਗੁਜਰੀ ਜੀ ਨਾਲ ਆਪਣੇ ਨਾਨਕੇ ਪਿੰਡ ਬਕਾਲੇ ਵਿਖੇ ਰਹਿੰਦੇ ਸਨ। ਇੱਥੇ ਤੇਗ ਬਹਾਦਰ ਇਕਾਂਤਵਾਸ ਵਿੱਚ ਪ੍ਰਭੂ ਭਗਤੀ ਵਿੱਚ ਲੀਨ ਜੀਵਨ ਬਤੀਤ ਕਰ ਰਹੇ ਸਨ। ਸਮੇਂ ਦੀ ਹੋਣੀ ਨੇ ਗੁਰੂ ਘਰ ਦੇ ਸ਼ਰਧਾਲੂ ਮੱਖਣ ਸ਼ਾਹ ਲੁਬਾਣਾ ਤੋਂ 'ਗੁਰੂ ਲਾਧੋ ਰੇ' ਦਾ ਹੋਕਾ ਦਿਵਾ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰਵਾਇਆ । ਸੋ ਗੁਰੂ ਤੇਗ ਬਹਾਦਰ ਜੀ ਨੇ ਕਰੀਬ 43 ਸਾਲ ਦੀ ਉਮਰ ਵਿੱਚ ਸੰਨ 1664 ਨੂੰ ਗੁਰਗੱਦੀ ਸੰਭਾਲੀ। ਉਨ੍ਹਾਂ ਨੇ ਸਿੱਖੀ ਦਾ ਪ੍ਰਚਾਰ ਕਰਨ ਲਈ ਅਸਾਮ ਅਤੇ ਢਾਕਾ ਤਕ ਦੀਆਂ ਲੰਮੀਆਂ ਯਾਤਰਾਵਾਂ ਕੀਤੀਆਂ।

ਉਦੋਂ ਉਹ ਅਸਾਮ ਵਿੱਚ ਸਨ ਜਦੋਂ ਸੰਨ 1666 ਨੂੰ ਮਾਤਾ ਗੁਜਰੀ ਦੀ ਕੁੱਖੋਂ ਪਟਨਾ ਵਿਖੇ ਪੁੱਤਰ ਗੋਬਿੰਦ ਰਾਇ ਦਾ ਜਨਮ ਹੋਇਆ। ਨਾਨਕੀ ਚੱਕ (ਅਜੋਕਾ ਅਨੰਦਪੁਰ ਸਾਹਿਬ) ਨਾਂ ਦਾ ਸਥਾਨ ਵਸਾ ਗੁਰੂ ਜੀ ਪਰਿਵਾਰ ਸਮੇਤ ਉੱਥੇ ਵੱਸ ਗਏ। ਸਿੱਖੀ ਦੀ ਮਹਿਮਾ ਦੂਰ ਦੂਰ ਤਕ ਫੈਲ ਚੁੱਕੀ ਸੀ ਤੇ ਫੈਲ ਰਹੀ ਸੀ। ਧਰਮ ਦੇ ਨਾਂ 'ਤੇ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮ ਦਿਨ-ਬਦਿਨ ਵਧ ਰਹੇ ਸਨ। ਲੋਕਾਈ ਤਰਾਹ ਤਰਾਹ ਕਰ ਰਹੀ ਸੀ। ਇਸ ਸਮੇਂ ਕਿਸੇ ਧਰਮ ਦੇ ਰਾਖੇ ਦੀ ਕੁਰਬਾਨੀ ਦੀ ਲੋੜ ਦੀ ਗੱਲ ਉੱਠੀ ਤਾਂ ਬਾਲ ਗੋਬਿੰਦ ਦੇ ਬੋਲ ਕਿ 'ਆਪ ਜੀ ਤੋਂ ਵੱਡਾ ਧਰਮੀ ਕੌਣ ਹੈ ?' ਨੇ ਗੁਰੂ ਜੀ ਦੀ ਸ਼ਹਾਦਤ ਦਾ ਮੁੱਢ ਬੰਨ੍ਹ ਦਿੱਤਾ। ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸਰੇ-ਬਜ਼ਾਰ ਲੋਕਾਂ ਦੀ ਅਥਾਹ ਭੀੜ ਦੇ ਸਾਹਮਣੇ 24 ਨਵੰਬਰ 1675 ਵਾਲੇ ਦਿਨ ਜਲਾਦ ਨੇ ਗੁਰੂ ਜੀ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ। (ਇਹ ਸਥਾਨ ਅਜੋਕਾ ਗੁਰਦੁਆਰਾ ਸੀਸ ਗੰਜ ਸਾਹਿਬ ਹੈ।)

ਇਹ ਕੋਝਾ ਕਾਰਜ ਆਮ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਲਈ ਕੀਤਾ ਗਿਆ ਸੀ, ਪਰ ਹੋਇਆ ਇਸਦੇ ਉਲਟ। ਇਹ ਸ਼ਹਾਦਤ ਸਿੱਖੀ ਕਦਰਾਂ ਕੀਮਤਾਂ ਦਾ ਮੂਲ ਸਿਧਾਂਤ ਬਣ ਗਈ ਜੋ ਕਿ ਭਵਿੱਖੀ ਨਸਲਾਂ ਲਈ ਜਬਰ ਅਤੇ ਜ਼ੁਲਮ ਦੇ ਵਿਰੁੱਧ ਸਿਰ ਚੁੱਕ ਖੜ੍ਹਾ ਹੋਣ ਦਾ ਪ੍ਰੇਰਨਾ ਸ੍ਰੋਤ ਬਣ ਗਿਆ। ਇਹ ਸੱਚ ਉਸੇ ਸਮੇਂ ਹੀ ਉਜਾਗਰ ਹੋ ਗਿਆ ਸੀ ਜਦੋਂ ਕਰੜੇ ਪਹਿਰੇ ਵਿੱਚੋਂ ਰਾਤ ਦੇ ਹਨੇਰੇ ਵਿੱਚ ਭਾਈ ਜੈਤਾ ਨਾਂ ਦਾ ਗੁਰੂ ਦਾ ਸਿੱਖ ਨਿਧੜਕ ਹੋ ਗੁਰੂ ਜੀ ਦਾ ਸੀਸ ਲੈ ਅਨੰਦਪੁਰ ਨੂੰ ਰਵਾਨਾ ਹੋ ਗਿਆ ਅਤੇ ਲੱਖੀ ਵਣਜਾਰੇ ਦੀ ਮਦਦ ਨਾਲ ਭਾਈ ਉਦਾ ਸਿੰਘ ਧੜ ਦਾ ਅੰਤਿਮ ਸਸਕਾਰ ਕਰਨ ਵਿੱਚ ਸਫਲ ਹੋ ਗਏ। (ਇਹ ਅਸਥਾਨ ਦਿੱਲੀ ਵਿੱਚ ਸਥਿਤ ਗੁਰਦੁਆਰਾ ਰਕਾਬ ਗੰਜ ਸਾਹਿਬ ਹੈ।) ਇਸ ਅਣਮਨੁੱਖੀ ਘਟਨਾ ਨੇ ਸਿੱਖਾਂ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਦਾ ਜਜ਼ਬਾ ਪੈਦਾ ਕਰ ਦਿੱਤਾ। ਸਿੱਖ ਜਿਹੜਾ ਲੱਖਾਂ ਵਿੱਚੋਂ ਪਛਾਣਿਆ ਜਾ ਸਕੇ। ਸਿੱਖ ਜਿਸਦੀ ਆਪਣੀ ਇੱਕ ਦਿੱਖ ਹੋਵੇ। ਇਸ ਸ਼ਹਾਦਤ ਦਾ ਨੌ ਸਾਲ ਦੇ ਬਾਲਕ ਗੋਬਿੰਦ ਰਾਏ 'ਤੇ ਅਜਿਹਾ ਪ੍ਰਭਾਵ ਪਿਆ ਕਿ ਜ਼ੁਲਮ ਦਾ ਵਿਰੋਧ ਕਰਨ ਅਤੇ ਸਵੈਰੱਖਿਆ ਦੀ ਲੋੜ ਲਈ 1699 ਦੀ ਵਿਸਾਖੀ ਵਾਲੇ ਦਿਨ ਉਸਨੇ ਸਿੱਖਾਂ ਨੂੰ ਤਿਆਰ ਬਰ ਤਿਆਰ ਖਾਲਸਾ ਦਾ ਰੂਪ ਦੇ ਕੇ ਖਾਲਸਾ ਪੰਥ ਦੀ ਸਾਜਣਾ ਕਰ ਦਿੱਤੀ। ਦੂਰ ਦੂਰ ਤੋਂ ਸੰਗਤਾਂ ਅਨੰਦਪੁਰ ਸਾਹਿਬ ਪਹੁੰਚਦੀਆਂ, ਅੰਮ੍ਰਿਤ ਸੰਚਾਰ ਹੁੰਦਾ ਅਤੇ ਦੱਬੇ ਕੁੱਚਲੇ ਲੋਕ, ਜਿਨ੍ਹਾਂ ਨੇ ਸਦੀਆਂ ਤੋਂ ਜ਼ੁਲਮ ਸਹੇ ਸਨ ਅਤੇ ਡਰਦਿਆਂ ਚੂੰ ਨਹੀਂ ਕੀਤੀ ਸੀ, ਹੁਣ ਸ਼ੇਰ ਬਣ ਗੱਜਣ ਲੱਗੇ। ਵਿਸਾਖੀ ਦਾ ਕ੍ਰਿਸ਼ਮਈ ਦਿਹਾੜਾ ਉਸ ਲੋਕ-ਲਹਿਰ ਦਾ ਸਬੱਬ ਬਣ ਗਿਆ ਜੋ ਸਦੀਆਂ ਤੋਂ ਸਿਸਕ ਰਹੀ ਸੀ। 'ਸਿੱਖ ਹੁਣ ਆਪਣੀ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਦੀ ਅਜ਼ਾਦੀ, ਹੱਕ ਅਤੇ ਇਨਸਾਫ ਲਈ ਮੈਦਾਨੇ-ਜੰਗ ਵਿੱਚ ਸਿਰ ਧੜ ਦੀ ਬਾਜ਼ੀ ਲਾਉਣ ਲੱਗੇ। ਹੁਣ ਤਕ ਜੋ ਸਿੱਖ ਸ਼ਾਂਤੀ ਦੇ ਪੁੰਜ ਸਨ, ਗੁਰੂ ਤੇਗ ਬਹਾਦਰ ਦੀ ਸ਼ਹਾਦਤ ਉਪਰੰਤ ਇੱਕ ਤਕੜੀ ਫ਼ੌਜੀ ਤਾਕਤ ਬਣ ਉੱਭਰਨ ਲੱਗੇ।

ਗੁਰੂ ਜੀ ਦੀ ਸ਼ਹਾਦਤ ਨੇ ਆਮ ਜਨਤਾ ਵਿੱਚ ਰੋਹ ਅਤੇ ਬਦਲੇ ਦਾ ਬੀਜ ਬੀਜ ਦਿੱਤਾ ਸੀ। ਗੁਰੂ ਸਾਹਿਬ ਦੀ ਸ਼ਹਾਦਤ ਤੋਂ ਕੇਵਲ ਦੋ ਸਾਲ ਬਾਅਦ ਹੀ ਸਿੱਖਾਂ ਵਿੱਚ ਰੋਹ ਅਤੇ ਗੁੱਸੇ ਦੀ ਭਾਵਨਾ ਐਨੀ ਪ੍ਰਜਵਲਿਤ ਹੋ ਗਈ ਅਤੇ ਹੌਸਲਾ ਇਸ ਕਦਰ ਜ਼ੋਰ ਫੜ ਗਿਆ ਸੀ ਕਿ 19 ਅਕਤੂਬਰ 1677 ਨੂੰ ਇੱਕ ਗੁਰਸਿੱਖ ਵੱਲੋਂ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦੇਣ ਵਾਲੇ ਔਰੰਗਜ਼ੇਬ ਉੱਤੇ ਤਲਵਾਰ ਨਾਲ ਹਮਲਾ ਕੀਤਾ ਗਿਆ ਸੀ। ਜਦੋਂ ਔਰੰਗਜ਼ੇਬ ਜਾਮਾ ਮਸਜਿਦ ਦੇ ਅੰਦਰੋਂ ਨਮਾਜ਼ ਪੜ੍ਹ ਕੇ ਕਿਸ਼ਤੀ ਵਿੱਚ ਬੈਠ ਕੇ ਜਮਨਾ ਨਦੀ ਪਾਰ ਕਰਕੇ ਘੋੜੇ ਤੇ ਸਵਾਰ ਹੋਣ ਵਾਲਾ ਸੀ ਤਾਂ ਭੀੜ ਵਿੱਚੋਂ ਬਿਜਲੀ ਦੀ ਫੁਰਤੀ ਨਾਲ ਉਹ ਨੌਜਵਾਨ ਆਪਣੀ ਨੰਗੀ ਤਲਵਾਰ ਲੈ ਕੇ ਨਿਕਲਿਆ ਤੇ ਔਰੰਗਜ਼ੇਬ ਉੱਤੇ ਵਾਰ ਕਰ ਦਿੱਤਾ। ਪਰ ਉਹ ਵਾਰ ਬਚਾ ਗਿਆ ਅਤੇ ਇਸ ਗੁਰਸਿੱਖ ਨੂੰ ਸੁਰੱਖਿਆ ਦਸਤੇ ਨੇ ਘੇਰ ਲਿਆ। ਇਸ ਗੁਰਸਿੱਖ ਬਾਰੇ ਇਤਿਹਾਸ ਵਿੱਚ ਕੋਈ ਜਾਣਕਾਰੀ ਨਹੀਂ ਮਿਲਦੀ। ਪਰ ਹਾਂ, ਖਾਫ਼ੀ ਖਾਨ ਦੇ ਮੁਆਸਰੇ ਆਲਮਗੀਰੀ ਵਿੱਚ ਇਸਦਾ ਜ਼ਿਕਰ ਬਹੁਤ ਹੀ ਮੰਦੀ ਭਾਸ਼ਾ ਵਿੱਚ ਕੀਤਾ ਗਿਆ ਹੈ।ਇਸ ਘਟਨਾ ਨੇ ਜੁਝਾਰੂ ਭਾਵਨਾ ਨੂੰ ਐਨਾ ਉਤੇਜਿਤ ਕਰ ਦਿੱਤਾ ਸੀ ਕਿ ਕੁਝ ਕੁ ਦਿਨਾਂ ਬਾਦ 27 ਅਕਤੂਬਰ 1677 ਨੂੰ ਇੱਕ ਨੌਜਵਾਨ ਨੇ ਔਰੰਗਜ਼ੇਬ ਦੇ ਦੋ ਇੱਟਾਂ ਵਗਾਹ ਮਾਰੀਆਂ। ਬੇਸ਼ਕ ਇਹ ਹਮਲੇ ਅਸਫਲ ਰਹੇ ਪਰ ਜ਼ੁਲਮ ਵਿਰੁੱਧ ਲੜਨ ਦੀ ਚਿਣਗ ਜ਼ੋਰ ਫੜਨ ਲੱਗ ਪਈ ਸੀ।

ਇਹੋ ਹੀ ਕਾਰਨ ਸੀ ਕਿ ਸਿੱਖ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਇੱਕ ਅਵਾਜ਼ 'ਤੇ ਇਕੱਠੀਆਂ ਹੋਣ ਲੱਗ ਪਈਆਂ। ਜੰਗੀ ਤਿਆਰੀ ਵਿੱਚ ਸਿੱਖਾਂ ਦਾ ਠਾਠਾਂ ਮਾਰਦਾ ਸਮੁੰਦਰ ਸ਼ਾਮਲ ਹੋ ਜੰਗੀ ਮੁਸ਼ੱਕਤਾਂ ਕਰਨ ਲੱਗ ਪਿਆ। ਗੁਰੂ ਵੱਲੋਂ ਬਖ਼ਸ਼ਿਸ਼ ਸਿੱਖਾਂ ਦੀ ਕੇਸ, ਕੰਘਾ ਕੜਾ ਕਛਹਿਰਾ ਅਤੇ ਕ੍ਰਿਪਾਨ ਵਾਲੀ ਵੱਖਰੀ ਦਿੱਖ ਨੇ ਸਿੱਖਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ। 'ਸਮੁੱਚਾ ਸਮਾਜ ਇਸ ਨਵੀਂ ਉਂਦੇ ਹੋਈ ਕੌਮ ਵੱਲ ਆਪਣੀ ਸੁਰੱਖਿਆ ਲਈ ਤੱਕਣ ਲੱਗਾ। ਦੱਬੀ ਕੁਚਲੀ ਜਨਤਾ ਸਵੈਮਾਣ ਵਾਲੀ ਸਿੱਖ ਲਹਿਰ ਵਿੱਚ ਬੱਝ ਗਈ।

ਇਹ ਤੱਥ ਜੱਗ ਜ਼ਾਹਿਰ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸਿੱਖਾਂ ਵਿੱਚ ਇਨਕਲਾਬੀ ਬੀਜ ਪੈਦਾ ਹੋ ਗਏ ਸਨ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੜੇ ਨਾਲ ਬੈਰਾਗੀ ਮਾਧੋ ਦਾਸ ਤੋਂ ਸਿੰਘ ਸਜੇ ਬਾਬਾ ਬੰਦਾ ਸਿੰਘ ਬਹਾਦਰ ਦੇ ਰੂਪ ਵਿੱਚ ਪ੍ਰਗਟ ਹੋਏ। ਉਹ ਨਾਦੇੜ ਤੋਂ ਪੰਜ ਸਿੰਘ ਲੈ ਕੇ ਤੁਰਿਆ ਸੀ। ਰਸਤੇ ਵਿੱਚ ਇਨਕਲਾਬੀ ਜਾਗਰੂਕ ਲੋਕ ਉਸ ਨਾਲ ਜੁੜਦੇ ਗਏ ਅਤੇ ਇਨਕਲਾਬੀ ਪ੍ਰਵਾਨਿਆਂ ਦੀ ਇਸ ਫ਼ੌਜ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਮਾਸੂਮ ਜ਼ਿੰਦਾਂ ਦੇ ਅਣਮਨੁੱਖੀ ਕਤਲ ਦਾ ਬਦਲਾ ਲਿਆ। ਬੰਦਾ ਸਿੰਘ ਬਹਾਦਰ ਨੇ ਜਗੀਰਦਾਰੀ ਦਾ ਖਾਤਮਾ ਕਰਕੇ ਵਾਹੀਕਾਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਖਾਲਸਾ-ਰਾਜ ਦਾ ਮੁੱਢ ਬੰਨਿਆ। ਦਿੱਲੀ ਦੀ ਹਕੂਮਤ ਸਿੱਖਾਂ ਤੋਂ ਥਰ ਥਰ ਕੰਬਣ ਲੱਗੀ। ਲੰਮਾ ਸਮਾਂ ਘੋੜਿਆਂ ਦੀਆਂ ਕਾਠੀਆਂ ਸਿੱਖਾਂ ਦਾ ਰੈਣ ਬਸੇਰਾ ਬਣੀਆਂ। ਸੰਨ 1799 ਵਿੱਚ ਲਹੌਰ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿੱਚ ਖਾਲਸਾ ਰਾਜ ਦੀ ਸਥਾਪਨਾ ਕਰ ਦਿੱਤੀ। ਸਮਾਜਿਕ ਬਰਾਬਰੀ ਦਾ ਇਹ ਚਾਲੀ ਸਾਲਾਂ ਦਾ ਸ਼ਾਨਾਮੱਤਾ ਖਾਲਸਾ-ਰਾਜ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਮਿਲਦਾ ਹੈ।

ਸਮੁੱਚਤਾ ਵਿੱਚ ਆਖੀਏ ਤਾਂ ਗੁਰੂ ਤੇਗ ਬਹਾਦਰ ਜੀ ਦਾ ਸਾਢੇ ਤਿੰਨ ਸੌ ਸਾਲ ਪਹਿਲਾਂ ਇਸ ਤਰ੍ਹਾਂ ਮਨੁੱਖੀ ਹੱਕਾਂ ਅਤੇ ਇਨਸਾਫ ਲਈ ਜਾਬਰ ਦੇ ਜ਼ੁਲਮ ਵਿਰੁੱਧ ਡਟ ਕੇ ਖੜ੍ਹੇ ਹੋ ਜਾਣਾ, ਆਪਣੀ ਜਾਨ ਦੀ ਪ੍ਰਵਾਹ ਨਾ ਕਰਨਾ ਅਤੇ ਕੁਰਬਾਨ ਹੋ ਜਾਣਾ, ਸ਼ੁਰੂਆਤ ਸੀ ਇਨ੍ਹਾਂ ਅਜੋਕੀਆਂ ਸੰਸਥਾਵਾਂ ਦੀ ਜੋ ਸੰਸਾਰ ਭਰ ਵਿੱਚ ਮਨੁੱਖੀ ਹੱਕਾਂ, ਧਾਰਮਿਕ ਅਜ਼ਾਦੀ ਅਤੇ ਸਮੱਚੀ ਮਨੁੱਖਤਾ ਦੇ ਮਾਣ-ਸਨਮਾਨ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਲੈਣ ਵਾਲੀਆਂ ਧਾਰਨਾਵਾਂ ਦਾ ਦਾਅਵਾ ਕਰਦੀਆਂ ਹਨ। ਗੁਰੂ ਸਾਹਿਬ ਦੀ ਸ਼ਹਾਦਤ ਦੇ ਸਾਢੇ ਤਿੰਨ ਸੌ ਸਾਲਾਂ ਨੂੰ ਨਤਮਸਤਕ ਹੋ ਕੇ ਆਉ ਆਪਾਂ ਸਾਰੇ ਮਨੁੱਖੀ ਹੱਕਾਂ ਦੇ ਮੋਢੀ ਗੁਰੂ ਤੇਗ ਬਹਾਦਰ ਸਾਹਿਬ ਦੀ ਸੋਚ ਨੂੰ ਤਨੋ ਮਨੋ ਅਪਨਾਈਏ।

* * * * * * * *

# ਮਾਓਵਾਦੀ ਫੋਰਸ ਦਾ ਇੱਕ ਵੱਡਾ ਯੋਧਾ ਜਰਨੈਲ ਹਿਡਮਾ ਪਤਨੀ ਸਮੇਤ ਮਾਰਿਆ ਗਿਆ

## ✪ ਮਾਓਵਾਦੀ ਲਹਿਰ ਹੁਣ ਆਖਰੀ ਸਾਹਾਂ 'ਤੇ ਸਰਕਾਰ ਦਾ ਦਾਅਵਾ


**ਵਿਸ਼ੇਸ਼ ਰਿਪੋਟ**



**ਕਰਮਜੀਤ ਸਿੰਘ**

ਚੰਡੀਗੜ੍ਹ ਸੀਨੀਅਰ ਪੱਤਰਕਾਰ


ਮਾਓਵਾਦੀ ਫੋਰਸਾਂ ਦਾ ਇੱਕ ਵੱਡਾ ਯੋਧਾ, ਗੁਰੀਲਾ ਜੰਗ ਦਾ ਰਣਨੀਤਕ ਮਾਹਰ ਅਤੇ ਬਸਤਰ ਦੇ ਜੰਗਲਾਂ ਦਾ ਹਰਮਨ ਪਿਆਰਾ ਜਰਨੈਲ ਮਾਦਵੀ ਹਿਡਮਾ 18 ਨਵੰਬਰ ਨੂੰ ਅੰਮ੍ਰਿਤ ਵੇਲੇ ਸੁਰੱਖਿਆ ਬਲਾਂ ਨਾਲ ਇੱਕ ਮੁਕਾਬਲੇ ਵਿੱਚ ਮਾਰਿਆ ਗਿਆ ਹੈ। ਉਸ ਦੇ ਨਾਲ ਉਸਦੇ ਦੂਜੀ ਪਤਨੀ ਰਾਜੇ ਵੀ ਜੋ ਇੱਕ ਟੀਚਰ ਵੀ ਸੀ ਅਤੇ ਚਾਰ ਹੋਰ ਸਾਥੀ ਇਸ ਮੁਕਾਬਲੇ ਵਿੱਚ ਮਾਰੇ ਗਏ ਹਨ। ਸਰਕਾਰ ਦੀਆਂ ਨਜ਼ਰਾਂ ਵਿੱਚ ਉਹ ਖੂੰਖਾਰ, ਭਿਆਨਕ, ਨਿਰਦਈ, ਜ਼ਾਲਮ, ਕਰੂਰ ਅੱਤਿਆਚਾਰੀ, ਖਤਰਨਾਕ ਤੇ ਬੇਰਹਿਮ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਸੀ ਜਦਕਿ ਜਨਤਕ ਤੇ ਮਾਨਵਤਾ ਦੇ ਇਤਿਹਾਸ ਵਿੱਚ ਉਹ ਤੇ ਉਹਨਾਂ ਦੇ ਸਾਥੀ ਆਉਣ ਵਾਲੇ ਕਲ ਦੇ ਸ਼ਹੀਦ ਆਖੇ ਜਾਣਗੇ। ਅਸਲ ਵਿੱਚ ਹਿਡਮਾ ਦੀ ਸ਼ਖਸ਼ੀਅਤ ਬਾਰੇ ਕਿਸੇ ਨੂੰ ਵੀ ਬਹੁਤਾ ਕੁਝ ਸਹੀ ਸਹੀ ਪਤਾ ਨਹੀਂ। ਜੇ ਕੁਝ ਥੋੜਾ ਬਹੁਤਾ ਪਤਾ ਵੀ ਹੈ ਤਾਂ ਆਤਮ ਸਮਰਪਣ ਕਰਨ ਵਾਲੇ ਮਾਓਵਾਦੀਆਂ ਜਾਂ ਗ੍ਰਿਫਤਾਰ ਕੀਤੇ ਜਾਣ ਵਾਲੇ ਆਗੂਆਂ ਤੋਂ ਹੀ ਪਤਾ ਲੱਗਦਾ ਹੈ। ਉਹ ਮੀਡੀਆ ਤੋਂ ਦੂਰ ਰਹਿੰਦਾ ਸੀ ਅਤੇ ਇਹ ਹੈਰਾਨੀ ਵਾਲੀ ਗੱਲ ਹੈ ਕਿ ਜੰਗਲ ਦਾ ਏਡਾ ਵੱਡਾ ਮਾਓਵਾਦੀ ਕਮਾਂਡਰ ਅੱਜ ਤੱਕ ਕਿਸੇ ਵੀ ਪੱਤਰਕਾਰ ਨੂੰ ਨਹੀਂ ਮਿਲਿਆ। ਉਸ ਦੀ ਅਸਲ ਤਸਵੀਰ ਵੀ ਖੁਫੀਆ ਏਜੰਸੀਆਂ ਕੋਲ ਨਹੀਂ ਸੀ।

ਤਿਲੰਗਾਨਾ ਦੇ ਡੀਜੀਪੀ ਸ਼ਿਵਧਰ ਰੈਡੀ ਨੇ ਇੱਕ ਅਖਬਾਰ ਨੂੰ ਦਿੱਤੀ ਵਿਸ਼ੇਸ਼ ਇੰਟਰਵਿਊ ਵਿੱਚ ਦਾਅਵਾ ਕੀਤਾ ਹੈ ਕਿ ਹਿਡਮਾ ਦੀ ਮੌਤ ਦਾ ਮਤਲਬ ਮਾਓਵਾਦੀਆਂ ਦਾ ਮੁਕੰਮਲ ਖਾਤਮਾ ਹੈ। ਉਸਦੇ ਮੁਕਾਬਲੇ ਦਾ ਹੁਣ ਕੋਈ ਲੀਡਰ ਨਹੀਂ ਰਹਿ ਗਿਆ ਤੇ ਦੂਜੇ ਪਾਸੇ ਮਾਓਵਾਦੀਆਂ ਦਾ ਕੇਡਰ ਵੀ ਛੱਡਦਾ ਜਾ ਰਿਹਾ ਹੈ। ਮਾਓਵਾਦੀ ਸਿਧਾਂਤ ਪੂਰੀ ਤਰ੍ਹਾਂ ਅਸਫਲ ਸਿੱਧ ਹੋਇਆ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਹੁਣ ਲੋਕਾਂ ਦੀ ਜੰਗ ਰਾਹੀਂ ਲੋਕਾਂ ਦੀ ਸਰਕਾਰ ਕਾਇਮ ਕਰਨ ਦਾ ਮਿਸ਼ਨ ਸਮਾਪਤ ਹੋ ਗਿਆ ਹੈ।

ਮੇਰਾ ਮੰਨਣਾ ਹੈ ਕਿ ਸਰਕਾਰ ਜਾਂ ਪੁਲੀਸ ਭਾਵੇਂ ਕੋਈ ਵੀ ਦਾਅਵਾ ਕਰੇ ਪਰ ਦੁਨੀਆਂ ਦੀ ਕੋਈ ਵੀ ਹਥਿਆਰਬੰਦ ਲਹਿਰ ਅਮਨ ਕਾਨੂੰਨ ਦੀ ਸਮੱਸਿਆ ਹੀ ਨਹੀਂ ਹੁੰਦੀ। ਤਾਈਕਾਨ ਸਾਈਕੋਲੋਜੀਕਲ ਆਪਰੇਸ਼ਨ ਇਨ ਗੁਰੀਲਾ ਵਾਰਫੇਅਰ ਵਿੱਚ ਕਹਿੰਦਾ ਹੈ ਕਿ ਗੁਰੀਲਾ ਵਾਰਫੇਅਰ ਰਾਜਨੀਤਕ ਜੰਗ ਹੁੰਦੀ ਹੈ ਜਿਸ ਦਾ ਆਪਣਾ ਇੱਕ ਮਕਸਦ ਹੁੰਦਾ ਹੈ ਅਤੇ ਉਹ ਲੋਕਾਂ ਨਾਲ ਜੁੜੀ ਹੁੰਦੀ ਹੈ। ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕੋਈ ਹਥਿਆਰਬੰਦ ਲਹਿਰ ਕਰੀਬ 4 ਦਹਾਕਿਆਂ ਤੋਂ ਵੀ ਉੱਪਰ ਚਲੀ ਜੋ 182 ਜ਼ਿਲ੍ਹਿਆਂ ਵਿੱਚ ਫੈਲੀ ਹੋਈ ਸੀ ਅਤੇ ਹੁਣ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਦਾ ਆਧਾਰ ਖੇਤਰ ਕੇਵਲ 11 ਜ਼ਿਲ੍ਹੇ ਹੀ ਰਹਿ ਗਏ ਹਨ।

ਦੋਸਤੋ, ਰਾਹੁਲ ਪਨਦਿੱਤਾ ਇਕ ਮਸ਼ਹੂਰ ਪੱਤਰਕਾਰ ਹੈ ਜਿਸ ਨੇ ਆਪਣੀ ਪੁਸਤਕ:ਹੈਲੋ



ਬਸਤਰ-ਦਾ ਅਨਟੋਲਡ ਸਟੋਰੀ ਆਫ ਇੰਡੀਆ ਮਾਓਇਸਟ ਮੂਵਮੈਂਟ ਵਿੱਚ ਇਸ ਲਹਿਰ ਬਾਰੇ ਨਿਰਪੱਖ ਜਾਣਕਾਰੀ ਦਿੱਤੀ ਹੈ ਅਤੇ ਇਹ ਦੱਸਿਆ ਹੈ ਕਿ ਇਹ ਮਾਓਵਾਦੀ ਪਾਰਟੀ ਦਾ ਢਾਂਚਾ ਕਿਹੋ ਜਿਹਾ ਸੀ,ਭਰਤੀ ਕਿਸ ਤਰ੍ਹਾਂ ਦੀ ਹੁੰਦੀ ਸੀ, ਉਹਨਾਂ ਦਾ ਅੰਤਿਮ ਮਕਸਦ ਕੀ ਸੀ, ਉਹਨਾਂ ਨੂੰ ਫੰਡ ਕਿਥੋਂ ਮਿਲਦੇ ਸਨ, ਉਹਨਾਂ ਦਾ ਅਰਬਨ ਏਜੰਡਾ ਦਿੱਲੀ ਮੁੰਬਈ ਚਹਿਨਾਈ ਤੱਕ ਫੈਲਿਆ ਹੋਇਆ ਸੀ ਅਤੇ ਉਨਾਂ ਦੇ ਚਲਦੇ ਫਿਰਦੇ ਹਸਪਤਾਲ ਵੀ ਸਨ। ਹਿਡਮਾ ਦੇ ਤੁਰ ਜਾਣ ਨਾਲ ਪਹਿਲਾਂ ਹੀ ਕਮਜ਼ੋਰ ਹੋ ਗਈ ਮਾਓਵਾਦੀ ਲਹਿਰ ਹੁਣ ਲਗਭਗ ਆਪਣੇ ਆਖਰੀ ਸਾਹਾਂ ਉੱਤੇ ਹੈ।

ਦੋਸਤੋ, ਹਥਿਆਰਬੰਦ ਲਹਿਰਾਂ ਦਾ ਅੰਤ ਵੀ ਡੂੰਘੇ ਅਤੇ ਅਭੁੱਲ ਯਾਦਾਂ ਦੀ ਇੱਕ ਦਾਸਤਾਨ ਹੈ। ਜਦੋਂ ਇਹੋ ਜਿਹੀਆਂ ਲਹਿਰਾਂ ਡਿੱਗਦੀਆਂ ਹਨ ਤਾਂ ਸਮਾਜ ਅਤੇ ਇਨਕਲਾਬੀਆਂ ਦੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਲਈ ਇੱਕ ਸਦੀਵੀ ਪੀੜ ਛੱਡ ਜਾਂਦੀਆਂ ਹਨ। ਤੁਹਾਡੇ ਪੱਤਰਕਾਰ ਨੇ ਦੋ ਲਹਿਰਾਂ- ਨਕਸਲੀ ਲਹਿਰ ਤੇ ਜੁਝਾਰੂ ਲਹਿਰ ਦੇ ਪਤਨ ਦੀਆਂ ਉਦਾਸ ਸ਼ਾਮਾਂ ਨੂੰ ਵੇਖਿਆ ਤੇ ਮਹਿਸੂਸ ਕੀਤਾ ਹੈ। ਪਰ ਇੱਕ ਅਧਿਅਨ ਮੁਤਾਬਕ ਦੂਜੀ ਵਿਸ਼ਵ ਜੰਗ ਮਗਰੋਂ ਕਰੀਬ 50 ਹਥਿਆਰਬੰਦ ਇਨਕਲਾਬ ਸਫਲ ਹੋਏ ਹਨ ਜਿਨਾਂ ਵਿੱਚ ਇਕ ਵੀਅਤਨਾਮ ਤੇ ਆਇਰਲੈਂਡ ਸ਼ਾਮਿਲ ਹਨ। ਸਾਡੇ ਕੋਲ ਮਾਓਵਾਦੀ ਹਲਕਿਆਂ ਅਤੇ ਉਨਾਂ ਦੀ ਬਚ ਗਈ ਲੀਡਰਸ਼ਿਪ ਵੱਲੋਂ ਵਰਤਮਾਨ ਹਾਲਾਤ ਬਾਰੇ ਕੋਈ ਬਿਆਨ ਨਹੀਂ ਆ ਰਿਹਾ। ਇਸ ਲਈ ਇੱਕ ਪਾਸੜ ਸਰਕਾਰੀ ਦਾਅਵਿਆਂ ਉੱਤੇ ਹੀ ਸਾਨੂੰ ਨਿਰਭਰ ਹੋਣਾ ਪੈ ਰਿਹਾ ਹੈ। ਪਰ ਤਾਜ਼ਾ ਖਬਰਾਂ ਮੁਤਾਬਕ ਆਂਧਰਾ ਤੇ ਤਿਲੰਗਾਨਾ ਇਕਾਈਆਂ ਦੇ ਪੀਪਲਜ਼ ਯੂਨੀਅਨ ਆਫ ਸਿਵਿਲ ਲਿਬਰਟੀਜ਼ ਅਤੇ ਨਿਊ ਡੈਮੋਕਰੇਸੀ ਜਥੇਬੰਦੀ ਵੱਲੋਂ ਇੱਕ ਪ੍ਰੈਸ ਕਾਨਫਰੰਸ ਰਾਹੀਂ ਇਹ ਦਾਅਵਾ ਕੀਤਾ ਗਿਆ ਹੈ ਕਿ ਇਸ ਸਮੇਂ ਉੱਚ ਕੋਟੀ ਦੇ ਮਾਓਵਾਦੀ ਦੇਵਾ ਜੀ ਪੁਲਿਸ ਹਿਰਾਸਤ ਵਿੱਚ ਹਨ ਅਤੇ ਕਿਸੇ ਝੂਠੇ ਮੁਕਾਬਲੇ ਚ ਉਸ ਨੂੰ ਮਾਰਿਆ ਵੀ ਜਾ ਸਕਦਾ ਹੈ। ਜੇ ਇਹ ਆਗੂ ਸੱਚਮੁੱਚ ਪੁਲਿਸ ਹਿਰਾਸਤ ਵਿੱਚ ਹੈ ਤਾਂ ਸੀਪੀਆਈ ਮਾਓਵਾਦੀ ਪਾਰਟੀ ਨੂੰ ਇੱਕ ਵੱਡਾ ਧੱਕਾ ਲੱਗੇਗਾ ਕਿਉਂਕਿ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਆਗੂ ਖਿੰਡ ਰਹੀ ਪਾਰਟੀ ਨੂੰ ਮੁੜ ਜਥੇਬੰਦ ਕਰ ਸਕਣ ਦੀ ਯੋਗਤਾ ਰੱਖਦਾ ਹੈ। ਪਰ ਦੂਜੇ ਪਾਸੇ ਸਰਕਾਰ ਦੇ ਉੱਚ ਅਧਿਕਾਰੀਆਂ ਨੇ ਇਸ ਖਬਰ ਦਾ ਖੰਡਨ ਕੀਤਾ ਹੈ ਤੇ ਉਹਨਾਂ ਨੇ ਕਿਹਾ ਹੈ ਕਿ ਦੇਵਾ ਜੀ ਸਾਡੀ ਹਿਰਾਸਤ ਵਿੱਚ ਨਹੀਂ ਹਨ।

ਹਿਡਮਾ ਦਾ ਜਨਮ 1980 ਵਿੱਚ ਹੋਇਆ। 16 ਸਾਲ ਦੀ ਉਮਰ ਵਿੱਚ ਹੀ ਉਹ ਮਾਓਵਾਦੀ ਫੌਜ ਵਿੱਚ ਸ਼ਾਮਿਲ ਹੋ ਗਿਆ ਸੀ। ਪੰਜ ਫੁੱਟ ਪੰਜ ਇੰਚ ਕੱਦ ਵਾਲਾ ਸਾਂਵਲੇ ਰੰਗ ਦਾ ਇਹ ਫਰਤੀਲਾ ਨੌਜਵਾਨ ਜੰਗਲਾਂ ਦੇ ਚੱਪੇ ਚੱਪੇ ਦਾ ਜਾਣੂ ਸੀ। ਅਸਲ ਵਿੱਚ 12 ਸਾਲ ਦੀ ਉਮਰ ਵਿੱਚ ਹੀ ਆਦਿਵਾਸੀ ਮੁੰਡੇ ਕੁੜੀਆਂ ਦੀ ਮਾਓਵਾਦੀ ਪਾਰਟੀ ਵਿੱਚ ਭਰਤੀ ਹੋ ਜਾਂਦੀ ਸੀ। ਸੁਰੱਖਿਆ ਬਲਾਂ ਨਾਲ ਉਸ ਨੇ ਕਰੀਬ 26 ਮੁਕਾਬਲਿਆਂ ਵਿੱਚ ਆਪਣੀ ਫੋਰਸ ਦੀ ਅਗਵਾਈ ਕੀਤੀ ਅਤੇ ਇਹਨਾਂ ਮੁਕਾਬਲਿਆਂ ਵਿੱਚ 250 ਦੇ ਕਰੀਬ ਸੁਰੱਖਿਆ ਬਲਾਂ ਦੇ ਜਵਾਨ ਮਾਰੇ ਗਏ। ਇੱਕ ਮੁਕਾਬਲੇ ਵਿੱਚ ਤਾਂ ਛਤੀਸਗੜ੍ਹ ਦੀ ਕਾਂਗਰਸ ਲੀਡਰਸ਼ਿਪ ਦਾ ਮੁਕੰਮਲ ਤੌਰ ਤੇ ਖਾਤਮਾ ਹੋ ਗਿਆ ਸੀ ਜਿਸ ਵਿੱਚ ਵਿਦਿਆ ਚਰਨ ਸ਼ੁਗਲਾ ਵੀ ਸ਼ਾਮਿਲ ਸਨ। ਦੰਤੇਵਾੜ ਮੁਕਾਬਲੇ ਵਿੱਚ 76 ਸੁਰੱਖਿਆ ਬਲਾਂ ਦੇ ਜਵਾਨ ਮਾਰੇ ਗਏ ਸਨ।

ਬਸਤਰ ਦੇ ਦੱਖਣੀ ਇਲਾਕੇ ਦੇ ਡੀਆਈਜੀ ਕੰਮਲੋਚਨ ਕਛਪ ਦਾ ਕਹਿਣਾ ਸੀ ਕਿ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਉਹ ਸਾਡੇ ਲਈ ਨੇਮੇਸਿਸ ਦੀ ਤਰ੍ਹਾਂ ਸੀ ਜਿਸ ਦਾ ਮਤਲਬ ਸੀ ਕਿ ਹਿਡਮਾ ਨੂੰ ਜਿਉਂਦਾ ਜਾਂ ਮੁਰਦਾ ਫੜਨਾ ਲਗਭਗ ਅਸੰਭਵ ਹੀ ਹੈ।ਨੇਮੇਸਸ ਯੂਨਾਨੀ ਮਿਥ ਦੀ ਇੱਕ ਦੇਵੀ ਹੈ ਜੋ ਘਮੰਡ ਤੇ ਅਹੰਕਾਰ ਦਿਖਾਉਣ ਵਾਲਿਆਂ ਤੋਂ ਬਦਲਾ ਲੈਂਦੀ ਹੈ। ਸਰਲ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਇੱਕ ਅਜਿਹਾ ਨਾਇਕ ਜਾਂ ਵਿਰੋਧੀ ਜਾਂ ਦੁਸ਼ਮਣ ਜੋ ਫੌਜ ਦੇ ਸਾਹਮਣੇ ਗੰਭੀਰ ਚੁਣੌਤੀਆਂ ਪੇਸ਼ ਕਰ ਸਕਦਾ ਹੈ ਅਤੇ ਫੌਜ ਤੋਂ ਸਦਾ ਹੀ ਇਕ ਕਦਮ ਅੱਗੇ ਹੁੰਦਾ ਹੈ।

ਹਿਡਮਾ ਦਾ ਏਕੇ47 ਨਾਲ ਇੱਕ ਤਰ੍ਹਾਂ ਨਾਲ ਇਸ਼ਕ ਸੀ। ਉਹ 150 ਤੋਂ 250 ਮਾਓਵਾਦੀ ਫੌਜੀਆਂ ਦੀ ਅਗਵਾਈ ਕਰਦਾ ਸੀ। ਉਹ ਵੱਡੇ ਵੱਡੇ ਇਕੱਠਾਂ ਵਿੱਚ ਕਦੇ ਨਹੀਂ ਸੀ ਜਾਂਦਾ। ਮਾਓਵਾਦੀ ਪਾਰਟੀ ਦੀ ਸਭ ਤੋਂ ਉੱਚੀ ਪੱਧਰ ਦੀ ਫੈਸਲਾਕੁਨ ਸੰਸਥਾ ਯਾਨੀ ਸੈਂਟਰਲ ਕਮੇਟੀ ਦਾ ਉਹ ਮੈਂਬਰ ਸੀ ਅਤੇ ਉਹ ਇੱਕੋ ਇੱਕ ਆਦਿਵਾਸੀ ਤੇ ਸਭ ਤੋਂ ਘੱਟ ਉਮਰ ਵਾਲਾ ਮੈਂਬਰ ਸੀ ਜਿਸ ਨੂੰ ਇਸ ਕਮੇਟੀ ਵਿੱਚ ਸ਼ਾਮਿਲ ਕੀਤਾ ਗਿਆ ਸੀ। ਦਿਲਚਸਪ ਗੱਲ ਇਹ ਵੀ ਹੈ ਕਿ ਸੈਂਟਰਲ ਕਮੇਟੀ ਵਿੱਚ ਆਦਿ ਵਾਸੀਆਂ ਨੂੰ ਮੈਂਬਰ ਨਹੀਂ ਸੀ ਲਿਆ ਜਾਂਦਾ।

ਹਿਡਮਾ ਦੇ ਪਿੰਡ ਦਾ ਨਾਂ ਪੁਰਵਤੀ ਹੈ। ਇਹ ਪਿੰਡ ਛੱਤੀਸਗੜ੍ਹ ਸੂਬੇ ਵਿੱਚ ਪੈਂਦਾ ਹੈ। ਦਿਲਚਸਪ ਖਬਰ ਇਹ ਹੈ ਕਿ ਇਸ ਪਿੰਡ ਨੇ ਘੱਟੋ ਘੱਟ 24 ਵਲੰਟੀਅਰ ਮਾਓਵਾਦੀ ਫੌਜ ਨੂੰ ਦਿੱਤੇ ਹਨ ਅਤੇ ਇਹ ਪਿੰਡ ਨਕਸਲੀਆਂ ਦੀ ਨਰਸਰੀ ਕਿਹਾ ਜਾਂਦਾ ਹੈ। ਇਸ ਪਿੰਡ ਵਿੱਚ ਜਾਂ ਨਾਲ ਲੱਗਦੇ ਇਲਾਕੇ ਵਿੱਚ ਨਕਸਲੀਆਂ ਦੀ ਫੌਜੀ ਟ੍ਰੇਨਿੰਗ ਹੋਇਆ ਕਰਦੀ ਸੀ ਤੇ ਜਾਂ ਉਹਨਾਂ ਨੂੰ ਵਿਚਾਰਧਾਰਕ ਤੌਰ ਤੇ ਲੈਸ ਕੀਤਾ ਜਾਂਦਾ ਸੀ। ਹਿਡਮਾ ਦੇ ਸਿਰ ਦਾ ਇਨਾਮ ਇਕ ਕਰੋੜ ਰੁਪਏ ਰੱਖਿਆ ਗਿਆ ਸੀ। ਉਹ ਅਕਸਰ ਆਪਣੀ ਥਾਂ ਬਦਲਦਾ ਰਹਿੰਦਾ ਸੀ। ਜਦੋਂ ਵੀ ਸੁਰੱਖਿਆ ਬਲਾਂ ਨੂੰ ਕੋਈ ਖਬਰ ਮਿਲਦੀ ਕਿ ਉਹ ਵੀਹ ਮੀਲ ਦੇ ਘੇਰੇ ਵਿੱਚ ਕਿਸੇ ਥਾਂ ਤੇ ਰਹਿੰਦਾ ਹੈ ਤਾਂ ਸੁਰੱਖਿਆ ਬਲਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਉਹ ਥਾਂ ਛੱਡ ਦਿੰਦਾ ਸੀ।

ਦੋਸਤੋ, ਭਾਵੇਂ ਹਿਡਮਾ ਦੇ ਪਿੰਡ ਤੱਕ ਕਿਸੇ ਬਾਹਰਲੇ ਬੰਦੇ ਦਾ ਜਾਣਾ ਬਹੁਤ ਹੀ ਮੁਸ਼ਕਿਲ ਸੀ ਪਰ ਇੱਕ ਦਿਨ ਛਤੀਸਗੜ੍ਹ ਦੇ ਉਪ ਮੁੱਖ ਮੰਤਰੀ ਵਿਜੇ ਸ਼ਰਮਾ ਨੇ ਦਲੇਰੀ ਕੀਤੀ ਤੇ ਇਕੱਲਾ ਹੀ ਸੰਘਣੇ ਜੰਗਲਾਂ ਵਿੱਚ ਮੋਟਰਸਾਈਕਲ ਚਲਾਉਂਦਾ ਹੋਇਆ ਪੁਰਵਤੀ ਪਿੰਡ ਪਹੁੰਚ ਗਿਆ। ਉਹ ਹਿਡਮਾ ਦੀ ਮਾਂ ਨੂੰ ਮਿਲਿਆ ਤੇ ਉਸ ਨਾਲ ਕੁਝ ਗੱਲਾਂ ਕੀਤੀਆਂ ਕਿ ਉਹ ਉਸ ਨੂੰ ਕਹੇ ਕਿ ਹਿਡਮਾ ਮੁੱਖ ਧਾਰਾ ਵਿੱਚ ਸ਼ਾਮਿਲ ਹੋ ਜਾਵੇ। ਗੋਹੇ ਮਿੱਟੀ ਨਾਲ ਲਿਪੇ ਕੱਚੇ ਵਿਹੜੇ ਉੱਤੇ ਮੰਜੀ ਡਾਹ ਕੇ ਬੈਠੀ ਮਾਂ ਨੇ ਉਸ ਨਾਲ ਕੁਝ ਗੱਲਾਂ ਕੀਤੀਆਂ। ਮਾਂ ਦੀਆਂ ਅੱਖਾਂ ਵਿੱਚ ਅੱਥਰੂ ਸਨ ਜਿਵੇਂ ਕਿ ਸੰਸਾਰ ਭਰ ਦੇ ਇਨਕਲਾਬੀਆਂ ਦੀਆਂ ਮਾਵਾਂ ਦੀ ਇਹੋ ਜਿਹੇ ਸਮਿਆਂ ਵਿੱਚ ਹਾਲਤ ਹੁੰਦੀ ਹੈ। ਉਪ ਮੁੱਖ ਮੰਤਰੀ ਨੇ ਐਨਡੀ ਟੀਵੀ ਨਾਲ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਮਾਂ ਘੜੀ ਮੁੜੀ ਇਹੋ ਕਹਿੰਦੀ ਸੀ ਕਿ ਮੇਰੇ ਬੱਚੇ ਘਰ ਪਰਤ ਆ, ਤੂੰ ਕਿੱਥੇ ਹੈ, ਆਪਾਂ ਇਥੇ ਹੀ ਕੰਮ ਕਰਕੇ ਗੁਜ਼ਾਰਾ ਕਰ ਲਿਆ ਕਰਾਂਗੇ, ਲੋਕਾਂ ਦੇ ਨਾਲ ਆ ਕੇ ਰਹਿ। ਮਾਂ ਨੇ ਇਹ ਵੀ ਦੱਸਿਆ ਕਿ ਹਿਡਮਾ ਜਾਣ ਲੱਗਿਆਂ ਇਹੋ ਆਖ ਕੇ ਗਿਆ ਸੀ ਕਿ ਮਾਂ, ਮੈਂ ਲੋਕਾਂ ਲਈ ਲੜਨ ਜਾ ਰਿਹਾ ਹਾਂ। ਪਰ ਮਾਂ ਦਾ ਕਹਿਣਾ ਸੀ ਕਿ ਸਾਨੂੰ ਕੀ ਮਿਲਿਆ, ਖੂਨ ਤੇ ਇਕੱਲਤਾ। ਉਪ ਮੁੱਖ ਮੰਤਰੀ ਨੇ ਦੱਸਿਆ ਕਿ ਪਿੰਡ ਵਾਲਿਆਂ ਨੇ ਬਕਾਇਦਾ ਮੇਰੇ ਲਈ ਖਾਣਾ ਤਿਆਰ ਕੀਤਾ। ਮੰਤਰੀ ਨੇ ਬਥੇਰਾ ਪਿੰਡ ਵਾਸੀਆਂ ਨੂੰ ਕਿਹਾ ਕਿ ਮਾਓਵਾਦੀ ਆਤਮ ਸਮਰਪਣ ਕਰ ਦੇਣ ਅਤੇ ਮੁੱਖ ਧਾਰਾ ਵਿੱਚ ਸ਼ਾਮਿਲ ਹੋ ਜਾਣ। ਪਰ ਸੁਰਜੀਤ ਪਾਤਰ ਦੀ ਕਵਿਤਾ ਮੁਤਾਬਿਕ ਹੁਣ ਘਰਾਂ ਨੂੰ ਪਰਤਣਾ ਮੁਸ਼ਕਲ ਹੈ।

* * * * * * *

# ਸ਼ਹੀਦੀ ਸ਼ਤਾਬਦੀ ਮੌਕੇ ਉਪਰ ਸਾਨੂੰ ਗੁਰੂ ਜੀ ਦੇ ਸਿਧਾਂਤ ਅਪਣਾਉਣ ਦੀ ਲੋੜ



**ਗਿਆਨੀ ਕੁਲਦੀਪ ਸਿੰਘ ਗੜਗਜ**
ਜਥੇਦਾਰ ਅਕਾਲ ਤਖਤ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਖ਼ਾਲਸਾ ਪੰਥ ਵਲੋਂ ਵੱਡੇ ਪੱਧਰ 'ਤੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਮਨਾਈ ਜਾ ਰਹੀ ਹੈ। ਇਹ ਸਾਡੀ ਪੀੜ੍ਹੀ ਲਈ ਇਤਿਹਾਸਕ ਮੌਕਾ ਹੈ ਜਦੋਂ ਸ਼ਹੀਦੀ ਸ਼ਤਾਬਦੀ ਦੇ ਨਾਲ-ਨਾਲ ਅਸੀਂ ਕਲਗੀਧਰ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਦਿਵਸ ਦੀ ਵੀ 350 ਸਾਲਾ ਸ਼ਤਾਬਦੀ ਮਨਾ ਰਹੇ ਹਾਂ। ਨੌਵੇਂ ਪਾਤਿਸ਼ਾਹ ਨੇ ਆਪਣੀ ਸ਼ਹਾਦਤ ਨਾਲ ਇਸ ਖ਼ਿੱਤੇ 'ਚ ਧਾਰਮਿਕ ਆਜ਼ਾਦੀ ਦੀ ਬਹੁਤ ਗਹਿਰੀ ਤੇ ਮਜ਼ਬੂਤ ਨੀਂਹ ਰੱਖੀ, ਜਿਸ 'ਤੇ ਗੁਰੂ ਜੀ ਦੇ ਸਿਧਾਂਤਾਂ ਤੇ ਸਿੱਖਿਆਵਾਂ ਨੂੰ ਪ੍ਰਣਾਇਆ ਸਮਾਜ ਸਿਰਜਣ ਦੀ ਵੱਡੀ ਲੋੜ ਹੈ। ਜਦੋਂ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਬਚਿੱਤਰ ਨਾਟਕ ਵਿਚ ਇਹ ਮੋਹਰ ਲਗਾਈ ਹੈ ਕਿ -ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥

ਨੌਵੇਂ ਪਾਤਿਸ਼ਾਹ ਨੇ ਉਦੋਂ ਸ਼ਹਾਦਤ ਦਿੱਤੀ ਜਦੋਂ ਕਸ਼ਮੀਰੀ ਪੰਡਿਤ ਉਨ੍ਹਾਂ ਕੋਲ ਫਰਿਆਦ ਲੈ ਕੇ ਆਏ ਕਿ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਖ਼ਤਰੇ 'ਚ ਹੈ। ਜੇਕਰ ਉਸ ਸਮੇਂ ਗੁਰੂ ਸਾਹਿਬ ਸ਼ਹਾਦਤ ਨਾ ਦਿੰਦੇ ਤਾਂ ਇਸ ਦੇਸ਼ ਦਾ ਨਕਸ਼ਾ ਅੱਜ ਹੋਰ ਹੀ ਹੁੰਦਾ। ਕੁਝ ਲੋਕ ਨੌਵੇਂ ਪਾਤਿਸ਼ਾਹ ਦੀ ਸ਼ਹਾਦਤ ਨੂੰ ਕੇਵਲ ਮਨੁੱਖੀ ਅਧਿਕਾਰਾਂ ਨਾਲ ਜੋੜ ਕੇ ਵੇਖਦੇ ਹਨ, ਜਦਕਿ ਕੁਝ ਲੋਕ ਇਸ ਅਦੁੱਤੀ ਸਾਕੇ ਨੂੰ ਆਪਣੀ ਧਾਰਮਿਕ ਆਜ਼ਾਦੀ ਦੀ ਰੱਖਿਆ ਵਜੋਂ ਦੇਖਦੇ ਹਨ। ਪਰ ਗੁਰੂ ਜੀ ਦਾ ਸਿਧਾਂਤ ਤੇ ਪਰਉਪਕਾਰ ਵਿਸ਼ਵਵਿਆਪੀ ਤੇ ਸਾਰੀ ਮਨੁੱਖਤਾ ਨੂੰ ਕਲਾਵੇ 'ਚ ਲੈਣ ਵਾਲਾ ਹੈ। ਇਸ ਅਦੁੱਤੀ ਸਾਕੇ ਤੇ ਗੁਰੂ ਜੀ ਦੀ ਦੂਰਅੰਦੇਸ਼ੀ ਨੂੰ ਬਿਆਨ ਕਰਨਾ ਸੁਖਾਲਾ ਨਹੀਂ ਹੈ ਕਿ ਅਸੀਂ ਗੁਰੂ ਜੀ ਦੀ ਅਦੁੱਤੀ ਸ਼ਹਾਦਤ ਨੂੰ ਆਪਣੀ ਮੱਤ ਅਨੁਸਾਰ ਬਿਆਨ ਕਰ ਸਕੀਏ। ਇਸ ਲਈ ਸਾਨੂੰ ਗੁਰਮਤਿ ਅਨੁਸਾਰ ਸੋਚ ਕੇ ਫ਼ੈਸਲਾ ਕਰਨਾ ਪਵੇਗਾ, ਜੋ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ।

ਦਸਵੇਂ ਪਾਤਿਸ਼ਾਹ ਨੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਲਈ 'ਕੀਨੋ ਬਡੋ ਕਲੂ ਮਹਿ ਸਾਕਾ॥' ਲਿਖਿਆ ਹੈ। ਇਸ ਤੁਕ ਨੂੰ ਸਹਿਜੇ ਸਮਝੀਏ ਤਾਂ ਇਸ ਦਾ ਭਾਵ ਹੈ ਕਿ ਗੁਰੂ ਜੀ ਨੇ ਕਲਜੁਗ 'ਚ ਵੱਡਾ ਸਾਕਾ ਵਰਤਾਇਆ ਹੈ। ਔਰੰਗਜ਼ੇਬ ਦਾ ਰਾਜ ਇਸ ਖ਼ਿੱਤੇ ਦੇ ਲੋਕਾਂ 'ਤੇ ਕਲਜੁਗ ਦਾ ਕਹਿਰ ਢਾਹ ਰਿਹਾ ਸੀ। ਨੌਵੇਂ ਪਾਤਿਸ਼ਾਹ ਨੇ ਵੱਡੀ ਸ਼ਹਾਦਤ ਦੇ ਕੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟਣ ਦਾ ਮੁੱਢ ਬੰਨ੍ਹਿਆ। ਸਾਕਾ ਦਾ ਭਾਵ ਇਕ ਇਤਿਹਾਸਕ ਘਟਨਾ, ਖ਼ਾਸ ਕਰਕੇ ਜਿਸ 'ਚ ਬੇਮਿਸਾਲ ਬਹਾਦਰੀ ਜਾਂ ਸ਼ਹਾਦਤ ਸ਼ਾਮਿਲ ਹੋਵੇ। ਇਹ ਸਮਝਣ ਦੀ ਲੋੜ ਹੈ ਕਿ ਜਦੋਂ ਗੁਰੂ ਸਾਹਿਬ ਜੀ ਦੀ ਸ਼ਹਾਦਤ ਹੋਈ ਤਾਂ ਉਸ ਵੇਲੇ ਵਿਸ਼ਵ ਦੇ ਵੱਖ-ਵੱਖ ਖ਼ਿੱਤਿਆਂ 'ਚ ਹਾਕਮੀ ਤਾਕਤ ਦੇ ਵਿਰੋਧ ਦੀ ਸਜ਼ਾ ਸਿਰ ਕਲਮ ਕਰਨ ਦੀ ਹੁੰਦੀ ਸੀ। ਗੁਰੂ ਸਾਹਿਬ ਨੇ ਇਸ ਖ਼ਿੱਤੇ ਦੇ ਸਮਾਜ ਅੰਦਰ ਆਪਣੀ ਸ਼ਹਾਦਤ ਨਾਲ ਚੇਤਨਾ ਦੀ ਇਕ ਮਿਸਾਲੀ ਚਿਣਗ ਜਗਾਈ। ਇਸ ਲਈ ਸਾਡੇ ਸਾਰਿਆਂ ਦੇ ਸਿਰਾਂ 'ਤੇ ਗੁਰੂ ਜੀ ਦਾ ਅਜਿਹਾ ਕਰਜ਼ਾ ਹੈ ਜਿਸ ਨੂੰ ਅਸੀਂ ਕਦੇ ਨਹੀਂ ਉਤਾਰ ਸਕਦੇ। ਜਿੱਥੇ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰ ਰਹੇ ਹਾਂ ਤਾਂ ਉੱਥੇ ਹੀ ਉਨ੍ਹਾਂ ਦੇ ਤਿੰਨ ਅਨਿੰਨ ਸਿੱਖਾਂ - ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਯਾਦ ਕਰਨਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਉਨ੍ਹਾਂ ਦਾ ਸਿੱਖੀ ਸਿਦਕ ਵਿਚ ਪੱਕੇ ਰਹਿਣਾ ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਬਣਿਆ।



**ਨੌਵੇਂ ਪਾਤਿਸ਼ਾਹ ਦੇ ਇਸ ਸ਼ਹੀਦੀ ਦਿਹਾੜੇ 'ਤੇ ਮੈਂ ਇਹ ਆਸ ਵੀ ਕਰਦਾ ਹਾਂ ਅਤੇ ਵਿਸ਼ਵਾਸ ਰੱਖਦਾ ਹਾਂ ਕਿ ਗੁਰੂ ਸਾਹਿਬ ਦੇ ਸੰਦੇਸ਼ ਦੀ ਰੌਸ਼ਨੀ ਵਿਚ ਪੂਰੀ ਮਾਨਵਤਾ ਸੁਖੀ ਵਸੇ ਅਤੇ ਭਵਿੱਖ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਨਿਰਧਾਰਤ ਕਰੇ। ਨੌਵੇਂ ਪਾਤਿਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਖ਼ਾਲਸਾ ਪੰਥ ਦੀ ਸਥਾਪਨਾ ਜਿਸ ਆਸ਼ੇ ਨਾਲ ਕੀਤੀ ਗਈ ਸੀ, ਅੱਜ ਲੋੜ ਹੈ ਕਿ ਉਸ ਖ਼ਾਲਸਾਈ ਸੋਚ ਨੂੰ ਅਪਨਾਈਏ। ਆਓ! ਦੇਸ਼, ਕੌਮ ਤੇ ਸਮਾਜ ਲਈ ਆਪਣੀ ਜ਼ਿੰਮੇਵਾਰੀ ਸਮਝੀਏ ਅਤੇ ਹਰ ਬਸ਼ਰ ਦੀ ਖੁਸ਼ਹਾਲੀ ਲਈ ਅਰਦਾਸ ਕਰੀਏ।**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖੀ ਸਿਧਾਂਤ ਸਾਰੀ ਮਨੁੱਖਤਾ ਨੂੰ ਪਿਆਰ ਕਰਨ ਵਾਲਾ ਹੈ। ਗੁਰੂ ਦਾ ਸਿਧਾਂਤ ਹਮੇਸ਼ਾ ਇਹ ਰਿਹਾ ਹੈ ਕਿ ਦੁਨੀਆ ਵਿਚ ਕਿਤੇ ਵੀ ਕਿਸੇ ਦੀ ਧਾਰਮਿਕ ਆਜ਼ਾਦੀ ਨਾਲ ਕੋਈ ਧੱਕਾ ਨਾ ਹੋਵੇ। ਹਰ ਧਰਮ ਦੇ ਲੋਕਾਂ ਨੂੰ ਆਪਣੀ ਧਾਰਮਿਕ ਪਛਾਣ ਕਾਇਮ ਰੱਖਣ ਦਾ ਪੂਰਾ ਹੱਕ ਹੈ, ਇਸ ਲਈ ਨੌਵੇਂ ਪਾਤਿਸ਼ਾਹ ਜੀ ਦੀ ਸ਼ਹਾਦਤ ਦਾ ਇਹ ਵੱਡਾ ਸੰਕਲਪ ਵੀ ਹੈ। ਜੇਕਰ ਅੱਜ ਸਿੱਖਾਂ ਦੇ ਆਪਣੇ ਹੀ ਦੇਸ਼ ਅੰਦਰ ਕਿਤੇ ਸਿੱਖ ਕਕਾਰ-ਕਿਰਪਾਨ ਜਾਂ ਕੜਾ ਲੁਹਾਉਣ ਦੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਦੇਸ਼ ਦੇ ਹਾਕਮਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਜਿਹਾ ਵਿਤਕਰਾ ਕਰਨ ਵਾਲਿਆਂ ਨੂੰ ਕਰੜੀ ਸਜ਼ਾ ਦੇ ਕੇ ਦੇਸ਼ ਭਰ 'ਚ ਮਿਸਾਲ ਕਾਇਮ ਕੀਤੀ ਜਾਵੇ ਤਾਂ ਜੋ ਦੁਬਾਰਾ ਅਜਿਹਾ ਕੋਈ ਹੋਰ ਨਾ ਕਰ ਸਕੇ। ਨੌਵੇਂ ਪਾਤਿਸ਼ਾਹ ਜੀ ਦੀ ਬਾਣੀ ਵਿਚ ਦਰਜ ਸਿੱਖ ਸਿਧਾਂਤ - 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥' - ਨੂੰ ਸਮਝਣ ਦੀ ਲੋੜ ਹੈ। ਗੁਰੂ ਸਾਹਿਬ ਦੇ ਇਸ ਸਿਧਾਂਤ 'ਤੇ ਚਲਦਿਆਂ ਸਿੱਖ ਨਾ ਕਿਸੇ ਨੂੰ ਡਰਾਉਂਦੇ ਹਨ ਅਤੇ ਨਾ ਕਿਸੇ ਦੇ ਡਰਾਵੇ ਨੂੰ ਮੰਨਦੇ ਹਨ।

ਭਾਰਤ ਅੰਦਰ ਵੱਖ-ਵੱਖ ਸੂਬਾ ਸਰਕਾਰਾਂ ਤੇ ਕੇਂਦਰ ਸਰਕਾਰ ਵਲੋਂ ਵੀ ਨੌਵੇਂ ਪਾਤਿਸ਼ਾਹ ਦੀ ਅਦੁੱਤੀ ਤੇ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਹੁੰਦਿਆਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਦੇਸ਼ ਦੀਆਂ ਹੁਕਮਰਾਨ ਧਿਰਾਂ ਕਿਸੇ ਹੱਦ ਤੱਕ ਨੌਵੇਂ ਪਾਤਿਸ਼ਾਹ ਦੇ ਪਰਉਪਕਾਰ ਨੂੰ ਯਾਦ ਕਰਦਿਆਂ ਸਮਾਗਮ ਕਰ ਰਹੀਆਂ ਹਨ, ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਅੱਜ ਦੇਸ਼ ਦੇ ਹਾਕਮ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਸਿੱਖਾਂ ਨਾਲ ਨਿਆਂਪੂਰਨ ਵਿਹਾਰ ਕਰ ਰਹੇ ਹਨ ਜਾਂ ਨਹੀਂ।

ਪੰਜਾਬ ਅੰਦਰ ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਅੰਦਰ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵਲੋਂ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੁੰਦਿਆਂ ਵਿਸ਼ਾਲ ਸਮਾਗਮ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿਚ ਸੰਗਤ ਵਲੋਂ ਭਰਵੀਂ ਸ਼ਮੂਲੀਅਤ ਕੀਤੀ ਜਾ ਰਹੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਕੌਮ ਨੂੰ ਵੰਡਣ ਵਾਲੀ ਦਿਸ਼ਾ ਵਿਚ ਨਹੀਂ ਹੋਣੇ ਚਾਹੀਦੇ। ਮੈਂ ਸਿੱਖ ਕੌਮ ਦਾ ਸੇਵਾਦਾਰ ਹੁੰਦਿਆਂ ਮਹਿਸੂਸ ਕਰਦਾ ਹਾਂ ਕਿ ਅਜਿਹੇ ਇਤਿਹਾਸਕ ਦਿਹਾੜੇ ਜਿੱਥੇ ਕੌਮੀ ਏਕਤਾ ਲਈ ਚੰਗੇ ਮੌਕੇ ਹੁੰਦੇ ਹਨ, ਉੱਥੇ ਭਵਿੱਖੀ ਤਰਜੀਹਾਂ ਨਿਰਧਾਰਤ ਕਰਨ ਲਈ ਵੀ ਮੰਥਨ ਦਾ ਸਮਾਂ ਹੈ। ਅੱਜ ਕੌਮ ਨੂੰ ਦੇਸ਼-ਦੁਨੀਆ ਅੰਦਰ ਕਈ ਚੁਣੌਤੀਆਂ ਦਰਪੇਸ਼ ਹਨ, ਜਿਨ੍ਹਾਂ ਬਾਰੇ ਸਿੱਖ ਜਗਤ ਨੂੰ ਮਿਲ ਬੈਠ ਕੇ ਸੋਚਣਾ ਬਣਦਾ ਹੈ। ਅੱਜ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਵੀ ਕੌਮ ਲਈ ਬੁਲੰਦ ਆਵਾਜ਼ ਦੀ ਮੰਗ ਕਰ ਰਿਹਾ ਹੈ। ਇਹ ਸਰਕਾਰਾਂ ਲਈ ਵੀ ਸੋਚਣ ਦਾ ਵਿਸ਼ਾ ਹੈ ਕਿ ਕਿਸੇ ਨੂੰ ਕਿੰਨੇ ਸਾਲਾਂ ਤੱਕ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਰੱਖਿਆ ਜਾ ਸਕਦਾ ਹੈ। ਸਰਕਾਰ ਨੂੰ ਸੰਵਿਧਾਨ ਦੀ ਪਾਲਣਾ ਕਰਦਿਆਂ ਸ਼ਹੀਦੀ ਸ਼ਤਾਬਦੀ ਮੌਕੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦਾ ਸੰਵਿਧਾਨਕ ਫਰਜ਼ ਨਿਭਾਅ ਕੇ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਇਲਜ਼ਾਮ ਤੋਂ ਬਚਣਾ ਚਾਹੀਦਾ ਹੈ।

ਨੌਵੇਂ ਪਾਤਿਸ਼ਾਹ ਦੇ ਇਸ ਸ਼ਹੀਦੀ ਦਿਹਾੜੇ 'ਤੇ ਮੈਂ ਇਹ ਆਸ ਵੀ ਕਰਦਾ ਹਾਂ ਅਤੇ ਵਿਸ਼ਵਾਸ ਰੱਖਦਾ ਹਾਂ ਕਿ ਗੁਰੂ ਸਾਹਿਬ ਦੇ ਸੰਦੇਸ਼ ਦੀ ਰੌਸ਼ਨੀ ਵਿਚ ਪੂਰੀ ਮਾਨਵਤਾ ਸੁਖੀ ਵਸੇ ਅਤੇ ਭਵਿੱਖ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਨਿਰਧਾਰਤ ਕਰੇ। ਨੌਵੇਂ ਪਾਤਿਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਖ਼ਾਲਸਾ ਪੰਥ ਦੀ ਸਥਾਪਨਾ ਜਿਸ ਆਸ਼ੇ ਨਾਲ ਕੀਤੀ ਗਈ ਸੀ, ਅੱਜ ਲੋੜ ਹੈ ਕਿ ਉਸ ਖ਼ਾਲਸਾਈ ਸੋਚ ਨੂੰ ਅਪਨਾਈਏ। ਆਓ! ਦੇਸ਼, ਕੌਮ ਤੇ ਸਮਾਜ ਲਈ ਆਪਣੀ ਜ਼ਿੰਮੇਵਾਰੀ ਸਮਝੀਏ ਅਤੇ ਹਰ ਬਸ਼ਰ ਦੀ ਖੁਸ਼ਹਾਲੀ ਲਈ ਅਰਦਾਸ ਕਰੀਏ।

# ਕੈਨੇਡਾ ਇਮੀਗ੍ਰੇਸ਼ਨ ਸੰਕਟ: 10 ਲੱਖ ਫਾਈਲਾਂ ਅਟਕੀਆਂ, ਪੰਜਾਬੀ ਪਰਿਵਾਰ ਸਭ ਤੋਂ ਵੱਧ ਪ੍ਰਭਾਵਿਤ

## ✪ 10 ਸਾਲ ਵਾਲਾ ਵੀਜ਼ਾ ਖਤਮ, ਹੁਣ ਸਿਰਫ਼ 3.5 ਸਾਲ ਦਾ - ਪੰਜਾਬੀ ਪਰਿਵਾਰਾਂ ਤੇ ਵੱਡਾ ਝਟਕਾ ! ✪ ਮਾਂ-ਬਾਪ ਨੂੰ ਬੱਚਿਆਂ ਨਾਲ ਮਿਲਣ ਲਈ 169 ਦਿਨਾਂ ਦੀ ਕਰਨੀ ਪੈ ਰਹੀ ਹੈ ਉਡੀਕ ✪ ਹੁਣ ਵਿਦੇਸ਼ ਵਿਚ ਜਨਮੇ ਬੱਚਿਆਂ ਨੂੰ ਵੀ ਮਿਲੇਗੀ ਕੈਨੇਡੀਅਨ ਸਿਟੀਜ਼ਨਸ਼ਿਪ

ਓਟਵਾ/ਚੰਡੀਗੜ੍ਹ-ਕੈਨੇਡਾ ਦਾ ਇਮੀਗ੍ਰੇਸ਼ਨ ਸਿਸਟਮ ਪੂਰੀ ਤਰ੍ਹਾਂ ਦਬਾਅ ਹੇਠ ਆ ਗਿਆ ਹੈ। ਅਧਿਕਾਰਕ ਅੰਕੜਿਆਂ ਮੁਤਾਬਕ ਹੁਣ ਲਗਭਗ 10 ਲੱਖ ਤੋਂ ਵੱਧ ਅਰਜ਼ੀਆਂ ਪੈਂਡਿੰਗ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਡਾ ਹਿੱਸਾ ਭਾਰਤੀ ਨਾਗਰਿਕਾਂ ਦਾ ਹੈ। ਖ਼ਾਸਕਰ ਪੰਜਾਬੀ ਪਰਿਵਾਰਾਂ ਲਈ ਇਹ ਸੰਕਟ ਬਹੁਤ ਦਰਦਨਾਕ ਬਣ ਗਿਆ ਹੈ।

### ਮਾਤਾ-ਪਿਤਾ ਨੂੰ ਮਿਲਣ ਲਈ ਮਹੀਨਿਆਂ ਦੀ ਉਡੀਕ

ਭਾਰਤ ਤੋਂ ਕੈਨੇਡਾ ਵਿਜ਼ਟਰ ਵੀਜ਼ਾ ਲਈ ਔਸਤਨ 100 ਤੋਂ 106 ਦਿਨ ਲੱਗ ਰਹੇ ਹਨ। ਸੁਪਰ ਵੀਜ਼ਾ (ਮਾਤਾ-ਪਿਤਾ/ ਦਾਦਾ-ਦਾਦੀ ਲਈ) ਦੀ ਪ੍ਰੋਸੈਸਿੰਗ 169 ਦਿਨਾਂ ਤੱਕ ਹੋ ਗਈ ਹੈ। ਪੈਰੇਂਟ ਐਂਡ ਗ੍ਰੈਂਡਪੈਰੇਂਟ ਪ੍ਰੋਗਰਾਮ ਵਿੱਚ ਵੇਟਿੰਗ 42 ਹਫ਼ਤੇ (ਲਗਭਗ 10 ਮਹੀਨੇ) ਹੈ, ਜਦਕਿ ਕਿਊਬੈਕ ਵਿੱਚ ਇਹ 50 ਹਫ਼ਤੇ ਤੱਕ ਪਹੁੰਚ ਗਈ ਹੈ।

### 10 ਸਾਲ ਵਾਲਾ ਵੀਜ਼ਾ ਹੁਣ ਸਿਰਫ਼ 3.5 ਸਾਲ ਦਾ

ਪਹਿਲਾਂ ਭਾਰਤੀਆਂ ਨੂੰ ਆਸਾਨੀ ਨਾਲ 10 ਸਾਲ ਵੈਲਿਡ ਮਲਟੀਪਲ-ਐਂਟਰੀ ਵੀਜ਼ਾ ਮਿਲ ਜਾਂਦਾ ਸੀ। ਹੁਣ ਨਵੀਂ ਨੀਤੀ ਤਹਿਤ ਵੀਜ਼ਾ ਦੀ ਵੈਲਿਡਿਟੀ ਘਟਾ ਕੇ 3.5 ਸਾਲ ਕਰ ਦਿੱਤੀ ਗਈ ਹੈ। ਜ਼ਿਆਦਾਤਰ ਕੇਸਾਂ ਵਿੱਚ ਸਿਰਫ਼ ਸਿੰਗਲ-ਐਂਟਰੀ ਵੀਜ਼ਾ ਜਾਰੀ ਕੀਤਾ ਜਾ ਰਿਹਾ ਹੈਇਸ ਨਾਲ ਹਰ ਵਾਰ ਭਾਰਤ ਆਉਣ-ਜਾਣ ਤੋਂ ਬਾਅਦ ਮੁੜ ਨਵੀਂ ਅਰਜ਼ੀ ਦੇਣੀ ਪੈਂਦੀ ਹੈ, ਜੋ ਮਹਿੰਗੀ ਅਤੇ ਔਖੀ ਪ੍ਰਕਿਰਿਆ ਹੈ।

### ਪੰਜਾਬੀ ਪਰਿਵਾਰਾਂ ਤੇ ਸਭ ਤੋਂ ਵੱਡਾ ਝਟਕਾ

ਕੈਨੇਡਾ ਵਿੱਚ ਲਗਭਗ 7 ਲੱਖ ਪੰਜਾਬੀ ਨੌਜਵਾਨ ਰਹਿੰਦੇ ਹਨ। ਉਨ੍ਹਾਂ ਦੇ ਮਾਤਾ-ਪਿਤਾ ਅਤੇ ਰਿਸ਼ਤੇਦਾਰ ਅਕਸਰ ਮਿਲਣ ਜਾਂਦੇ ਸਨ, ਪਰ ਹੁਣ ਇਹ ਆਮਦ ਲਗਭਗ ਠੱਪ ਹੋ ਗਈ ਹੈ। ਵੀਜ਼ਾ ਮਾਹਿਰਾਂ ਅਨੁਸਾਰ "ਪੰਜਾਬ ਦੇ ਇਮੀਗ੍ਰੇਸ਼ਨ ਦਫ਼ਤਰਾਂ ਵਿੱਚ ਕੈਨੇਡਾ ਨਾਲ ਜੁੜੀ ਪੁੱਛਗਿੱਛ 80% ਘਟ ਗਈ ਹੈ। ਲੋਕ ਨਿਰਾਸ਼ ਹੋ ਕੇ ਵਾਪਸ ਮੁੜ ਰਹੇ ਹਨ।"

ਹੋਰ ਸ਼੍ਰੇਣੀਆਂ ਵਿੱਚ ਵੀ ਰਿਕਾਰਡ ਬੈਕਲਾਗ

ਸਪਾਊਸ ਸਪਾਂਸਰਸ਼ਿਪ: 50,000 ਤੋਂ ਵੱਧ ਅਰਜ਼ੀਆਂ ਅਟਕੀਆਂ ਹਨ

ਮਨੁੱਖੀ ਕਾਰਨਾਂ ਵਾਲੇ ਕੇਸ: 100-106 ਮਹੀਨੇ (8-9 ਸਾਲ) ਦੀ ਉਡੀਕ ਕਰਨੀ ਪੈ ਰਹੀ ਹੈ।

ਨਾਗਰਿਕਤਾ ਅਰਜ਼ੀਆਂ: 2.59 ਲੱਖ ਤੋਂ ਵੱਧ ਪੈਂਡਿੰਗ ਹਨ।

### ਸਰਕਾਰ ਨੇ ਮੰਨਿਆ ਸੰਕਟ

ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਮਾਰਕ




ਮਿਲਰ ਨੇ ਕਿਹਾ ਹੈ ਕਿ "ਅਸੀਂ ਪ੍ਰਣਾਲੀ ਨੂੰ ਸੰਤੁਲਿਤ ਕਰਨ ਲਈ ਪ੍ਰਤੀ ਸਾਲ ਆਉਣ ਵਾਲੇ ਲੋਕਾਂ ਦੀ ਗਿਣਤੀ 5 ਲੱਖ ਤੋਂ ਘਟਾ ਕੇ 3.8 ਲੱਖ ਕਰ ਰਹੇ ਹਾਂ।" ਉਨ੍ਹਾਂ ਨੇ ਇਹ ਵੀ ਮੰਨਿਆ ਕਿ ਬੈਕਲਾਗ ਘਟਾਉਣ ਲਈ ਵਧੇਰੇ ਸਟਾਫ਼ ਅਤੇ ਨਵੀਂ ਟੈਕਨਾਲੋਜੀ ਲਿਆਂਦੀ ਜਾ ਰਹੀ ਹੈ, ਪਰ ਫਿਲਹਾਲ ਰਾਹਤ ਦਿਖਾਈ ਨਹੀਂ ਦੇ ਰਹੀ। ਜਿਹੜੇ ਪੰਜਾਬੀ ਮਾਪੇ ਆਪਣੇ ਬੱਚਿਆਂ ਨੂੰ ਸਾਲਾਂ ਬਾਅਦ ਮਿਲਣ ਦੀ ਉਡੀਕ ਕਰ ਰਹੇ ਹਨ, ਉਨ੍ਹਾਂ ਲਈ ਹਰ ਨਵਾਂ ਦਿਨ ਦਰਦ ਭਰਿਆ ਹੈ।

### ਭਾਰਤੀ ਪਰਿਵਾਰਾਂ ਲਈ ਵੱਡੀ ਖੁਸ਼ਖਬਰੀ !

ਕਨੇਡਾ ਸਰਕਾਰ ਨੇ ਆਪਣੇ ਨਾਗਰਿਕਤਾ ਕਾਨੂੰਨ ਵਿੱਚ ਸਭ ਤੋਂ ਵੱਡਾ ਤੇ ਇਤਿਹਾਸਕ ਬਦਲਾਅ ਕਰਨ ਦਾ ਫੈਸਲਾ ਕਰ ਲਿਆ ਹੈ। ਬਿੱਲ ਸੀ-3 ਰਾਹੀਂ ਸਿਟੀਜ਼ਨਸ਼ਿਪ ਐਕਟ ਵਿੱਚ ਸੋਧ ਕਰਕੇ "ਸੈਕੰਡ ਜਨਰੇਸ਼ਨ ਕੱਟ-ਆਫ" (ਦੂਜੀ ਪੀੜ੍ਹੀ ਦੀ ਪਾਬੰਦੀ) ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਜਾਵੇਗਾ। ਇਸ ਨਾਲ ਹੁਣ ਕਨੇਡਾ ਦੇ ਬਾਹਰ ਜਨਮੇ ਕੈਨੇਡੀਅਨ ਮਾਪਿਆਂ ਦੇ ਬੱਚਿਆਂ ਨੂੰ ਵੀ ਆਪਣੇ ਮਾਪਿਆਂ ਦੀ ਵੰਸ਼ਾਵਲੀ ਰਾਹੀਂ ਸਿੱਧੀ ਕੈਨੇਡੀਅਨ ਨਾਗਰਿਕਤਾ ਮਿਲ ਸਕੇਗੀ - ਭਾਵੇਂ ਉਹਨਾਂ ਦੇ ਮਾਪੇ ਵੀ ਕਨੇਡਾ ਤੋਂ ਬਾਹਰ ਜਨਮੇ ਹੋਣ।

ਇਹ ਬਦਲਾਅ ਖਾਸ ਕਰਕੇ ਭਾਰਤੀ ਮੂਲ ਦੇ ਹਜ਼ਾਰਾਂ ਪਰਿਵਾਰਾਂ ਲਈ ਜੀਵਨ ਬਦਲਣ ਵਾਲਾ ਸਾਬਤ ਹੋਵੇਗਾ। ਕਨੇਡਾ ਵਿੱਚ ਰਹਿੰਦੇ ਲੱਖਾਂ ਭਾਰਤੀਆਂ ਵਿੱਚੋਂ ਬਹੁਤ ਸਾਰੇ ਪਹਿਲੀ ਪੀੜ੍ਹੀ ਦੇ ਇਮੀਗ੍ਰੈਂਟ ਹਨ, ਜੋ ਆਪਣੇ ਬੱਚਿਆਂ ਨੂੰ ਵਿਦੇਸ਼ ਵਿੱਚ ਜਨਮ ਦਿੰਦੇ ਹਨ। ਹੁਣ ਤੱਕ ਉਹਨਾਂ ਦੇ ਬੱਚਿਆਂ ਨੂੰ ਕੈਨੇਡੀਅਨ ਨਾਗਰਿਕਤਾ ਲਈ ਲੰਮੀ ਪ੍ਰਕਿਰਿਆ ਕਰਨੀ ਪੈਂਦੀ ਸੀ ਜਾਂ ਬਿਲਕੁਲ ਨਹੀਂ ਮਿਲਦੀ ਸੀ। ਪਰ ਹੁਣ ਇਹ ਸਾਰੀਆਂ ਮੁਸ਼ਕਲਾਂ ਖਤਮ ਹੋਣ ਵਾਲੀਆਂ ਹਨ।

### 2009 ਦਾ ਪੁਰਾਣਾ ਨਿਯਮ ਕੀ ਸੀ ?

2009 ਤੋਂ ਪਹਿਲਾਂ ਕਨੇਡਾ ਦਾ ਨਾਗਰਿਕਤਾ ਕਾਨੂੰਨ ਬਹੁਤ ਉਦਾਰ ਸੀ। ਜੇਕਰ ਕੋਈ ਵਿਅਕਤੀ ਕੈਨੇਡੀਅਨ ਸਿਟੀਜ਼ਨ ਸੀ ਤਾਂ ਉਸ ਦੇ ਵਿਦੇਸ਼ ਵਿੱਚ ਜਨਮੇ ਬੱਚੇ ਆਪਣੇ ਆਪ ਕੈਨੇਡੀਅਨ ਸਿਟੀਜ਼ਨ ਮੰਨੇ ਜਾਂਦੇ ਸਨ - ਚਾਹੇ ਕਿੰਨੀਆਂ ਵੀ ਪੀੜ੍ਹੀਆਂ ਬਾਹਰ ਜਨਮ ਲੈਂਦੀਆਂ ਰਹੀਆਂ। ਪਰ 2009 ਵਿੱਚ ਸਾਬਕਾ ਕੰਜ਼ਰਵੇਟਿਵ ਸਰਕਾਰ ਨੇ "ਸੈਕੰਡ ਜਨਰੇਸ਼ਨ ਕੱਟ-ਆਫ" ਲਾਗੂ ਕੀਤਾ। ਇਸ ਨਾਲ ਨਿਯਮ ਬਣ ਗਿਆ ਕਿ ਸਿਰਫ਼ ਪਹਿਲੀ ਪੀੜ੍ਹੀ (ਯਾਨੀ ਜਿਹੜੇ ਮਾਪੇ ਖੁਦ ਕਨੇਡਾ ਵਿੱਚ ਜਨਮੇ ਹੋਣ) ਦੇ ਵਿਦੇਸ਼ ਵਿੱਚ ਜਨਮੇ ਬੱਚਿਆਂ ਨੂੰ ਹੀ ਵੰਸ਼ਾਵਲੀ ਨਾਗਰਿਕਤਾ ਮਿਲੇਗੀ। ਜੇਕਰ ਮਾਪੇ ਖੁਦ ਵੀ ਕਨੇਡਾ ਤੋਂ ਬਾਹਰ ਜਨਮੇ ਸਨ ਤਾਂ ਉਹਨਾਂ ਦੇ ਬੱਚਿਆਂ ਨੂੰ ਨਾਗਰਿਕਤਾ ਨਹੀਂ ਮਿਲਦੀ ਸੀ।

ਇਸ ਨਿਯਮ ਨਾਲ ਹਜ਼ਾਰਾਂ ਪਰਿਵਾਰ ਪ੍ਰਭਾਵਿਤ ਹੋਏ। ਬਹੁਤ ਸਾਰੀਆਂ ਔਰਤਾਂ ਨੂੰ ਸਿਰਫ਼ ਬੱਚੇ ਨੂੰ ਕੈਨੇਡੀਅਨ ਸਿਟੀਜ਼ਨ ਬਣਾਉਣ ਲਈ ਗਰਭ ਅਵਸਥਾ ਵਿੱਚ ਕਨੇਡਾ ਆਉਣਾ ਪਿਆ। ਵਿਦੇਸ਼ਾਂ ਵਿੱਚ ਕੰਮ ਕਰਨ ਵਾਲੇ ਕੈਨੇਡੀਅਨਾਂ ਦੇ ਬੱਚੇ "ਦੂਜੇ ਦਰਜੇ ਦੇ ਨਾਗਰਿਕ" ਵਾਂਗ ਮਹਿਸੂਸ ਕਰਦੇ ਸਨ।

### ਕੋਰਟ ਨੇ ਕਿਹਾ ਸੀ - ਇਹ ਨਿਯਮ ਗੈਰ-ਸੰਵਿਧਾਨਕ ਹੈ

19 ਦਸੰਬਰ 2023 ਨੂੰ ਓਂਟਾਰੀਓ ਸੁਪੀਰੀਅਰ ਕੋਰਟ ਆਫ਼ ਜਸਟਿਸ ਨੇ ਇਸ ਪਾਬੰਦੀ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ। ਅਦਾਲਤ ਨੇ ਕਿਹਾ ਕਿ ਇਹ ਨਿਯਮ ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫਰੀਡਮਜ਼ ਦੀ ਧਾਰਾ 15 (ਸਮਾਨਤਾ ਦਾ ਅਧਿਕਾਰ) ਦੀ ਉਲੰਘਣਾ ਕਰਦਾ ਹੈ। ਸਰਕਾਰ ਨੇ ਇਸ ਫੈਸਲੇ ਖਿਲਾਫ਼ ਅਪੀਲ ਨਾ ਕਰਨ ਦਾ ਫੈਸਲਾ ਕੀਤਾ ਤੇ ਬਿੱਲ ਸੀ-3 ਰਾਹੀਂ ਇਸ ਗਲਤੀ ਨੂੰ ਸੁਧਾਰਨ ਦਾ ਐਲਾਨ ਕੀਤਾ।

### ਨਵਾਂ ਨਿਯਮ ਕੀ ਹੋਵੇਗਾ ?

ਸੈਕੰਡ ਜਨਰੇਸ਼ਨ ਕੱਟ-ਆਫ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ। ਜਿਹੜੇ ਲੋਕ 2009 ਤੋਂ ਬਾਅਦ ਵੰਸ਼ਾਵਲੀ ਨਾਗਰਿਕਤਾ ਗਵਾ ਚੁੱਕੇ ਹਨ, ਉਹਨਾਂ ਨੂੰ ਵਾਪਸ ਮਿਲੇਗੀ (ਰੈਟਰੋਐਕਟਿਵ ਪ੍ਰਭਾਵ)।

ਵਿਦੇਸ਼ ਵਿੱਚ ਜਨਮੇ ਮਾਪਿਆਂ ਦੇ ਬੱਚਿਆਂ ਨੂੰ ਨਾਗਰਿਕਤਾ ਲਈ "Substantial Connection Test" ਲਾਗੂ ਹੋਵੇਗਾ - ਯਾਨੀ ਮਾਪਿਆਂ ਨੇ ਕਨੇਡਾ ਨਾਲ ਕਿੰਨਾ ਮਜ਼ਬੂਤ ਸਬੰਧ ਰੱਖਿਆ ਹੈ (ਟੈਕਸ ਭਰਿਆ, ਵੋਟ ਪਾਈ, ਕੰਮ ਕੀਤਾ ਆਦਿ)। ਅਮਰੀਕਾ, ਬਰਤਾਨੀਆ ਤੇ ਆਸਟ੍ਰੇਲੀਆ ਵਾਂਗ ਹੀ ਨਿਯਮ ਹੋ ਜਾਵੇਗਾ - ਜਿੱਥੇ ਵੰਸ਼ਾਵਲੀ ਨਾਗਰਿਕਤਾ ਬਹੁਤ ਉਦਾਰ ਹੈ।

### ਭਾਰਤੀ ਪਰਿਵਾਰਾਂ ਨੂੰ ਕਿੰਨਾ ਫਾਇਦਾ ?

ਕਨੇਡਾ ਵਿੱਚ ਸਭ ਤੋਂ ਵੱਡਾ ਇਮੀਗ੍ਰੈਂਟ ਭਾਈਚਾਰਾ ਭਾਰਤੀਆਂ ਦਾ ਹੈ। 2024 ਦੇ ਅੰਕੜਿਆਂ ਮੁਤਾਬਕ 1.4 ਮਿਲੀਅਨ ਤੋਂ ਵੱਧ ਭਾਰਤੀ ਮੂਲ ਦੇ ਲੋਕ ਕਨੇਡਾ ਵਿੱਚ ਰਹਿੰਦੇ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਪੰਜਾਬੀ, ਗੁਜਰਾਤੀ, ਤੇ ਦੱਖਣੀ ਭਾਰਤੀ ਪਰਿਵਾਰ ਵਿਦੇਸ਼ਾਂ ਵਿੱਚ (ਖਾਸ ਕਰਕੇ ਦੁਬਈ, ਅਮਰੀਕਾ, ਬਰਤਾਨੀਆ, ਸਾਊਦੀ ਅਰਬ) ਕੰਮ ਕਰਦੇ ਹਨ ਤੇ ਉੱਥੇ ਹੀ ਬੱਚੇ ਜਨਮ ਲੈਂਦੇ ਹਨ।

ਹੁਣ ਤੱਕ ਉਹ ਬੱਚੇ ਕੈਨੇਡੀਅਨ ਨਾਗਰਿਕ ਨਹੀਂ ਬਣਦੇ ਸਨ। ਉਹਨਾਂ ਨੂੰ ਸਟੱਡੀ ਵੀਜ਼ਾ, ਵਰਕ ਪਰਮਿਟ ਜਾਂ ਸਪਾਂਸਰਸ਼ਿਪ ਰਾਹੀਂ ਹੀ ਕਨੇਡਾ ਆਉਣਾ ਪੈਂਦਾ ਸੀ। ਨਵੇਂ ਨਿਯਮ ਨਾਲ ਬੱਚੇ ਜਨਮ ਤੋਂ ਹੀ ਕੈਨੇਡੀਅਨ ਸਿਟੀਜ਼ਨ ਹੋਣਗੇ। ਪਰਿਵਾਰ ਨੂੰ ਵੱਖ ਨਹੀਂ ਹੋਣਾ ਪਵੇਗਾ ਭਵਿੱਖ ਵਿੱਚ ਪੜ੍ਹਾਈ, ਨੌਕਰੀ, ਸਿਹਤ ਸੇਵਾਵਾਂ ਤੇ ਪੈਨਸ਼ਨ ਸਾਰੇ ਫਾਇਦੇ ਆਪਣੇ ਆਪ ਮਿਲਣਗੇ ਪੰਜਾਬ ਦੇ ਹਜ਼ਾਰਾਂ ਪਰਿਵਾਰਾਂ ਦੇ ਬੱਚੇ, ਜੋ ਦੁਬਈ-ਸ਼ਾਰਜਾਹ, ਅਮਰੀਕਾ ਜਾਂ ਯੂਰੋਪ ਵਿੱਚ ਜਨਮੇ ਹਨ, ਸਿੱਧੇ ਕੈਨੇਡੀਅਨ ਪਾਸਪੋਰਟ ਲੈ ਸਕਣਗੇ।

### ਮੰਤਰੀ ਨੇ ਕੀ ਕਿਹਾ ?

ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਲੀਨਾ ਮੇਟਲੈਜ ਡਿਆਬ ਨੇ ਕਿਹਾ, "ਬਿੱਲ ਸੀ-3 ਸਾਡੇ ਨਾਗਰਿਕਤਾ ਕਾਨੂੰਨਾਂ ਵਿੱਚ ਦਹਾਕਿਆਂ ਤੋਂ ਚੱਲੀ ਆ ਰਹੀ ਬੇਇਨਸਾਫ਼ੀ ਨੂੰ ਖਤਮ ਕਰੇਗਾ। ਵਿਦੇਸ਼ ਵਿੱਚ ਜਨਮੇ ਕੈਨੇਡੀਅਨਾਂ ਦੇ ਬੱਚਿਆਂ ਨੂੰ ਬਰਾਬਰ ਦਾ ਹੱਕ ਮਿਲੇਗਾ।"

ਕੈਨੇਡੀਅਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ (ਛੀਲ਼ਅ) ਨੇ ਵੀ ਇਸ ਬਿੱਲ ਦਾ ਸਵਾਗਤ ਕੀਤਾ ਹੈ ਤੇ ਕਿਹਾ ਹੈ ਕਿ ਇਹ ਅਮਰੀਕਾ ਤੇ ਬਰਤਾਨੀਆ ਵਰਗੇ ਦੇਸ਼ਾਂ ਦੇ ਨਿਯਮਾਂ ਨਾਲ ਮੇਲ ਖਾਂਦਾ ਹੈ।

### ਕਦੋਂ ਲਾਗੂ ਹੋਵੇਗਾ ?

ਹਾਲਾਂਕਿ ਸਰਕਾਰ ਨੇ ਅਜੇ ਤਾਰੀਖ ਦਾ ਐਲਾਨ ਨਹੀਂ ਕੀਤਾ ਪਰ ਬਿੱਲ ਨੂੰ ਪਹਿਲਾਂ ਹੀ ਪਾਰਲੀਮੈਂਟ ਵਿੱਚ ਪੇਸ਼ ਕੀਤਾ ਜਾ ਚੁੱਕਾ ਹੈ ਤੇ ਇਸ ਨੂੰ ਤੇਜ਼ੀ ਨਾਲ ਪਾਸ ਕਰਨ ਦੀ ਤਿਆਰੀ ਹੈ। ਮਾਹਿਰਾਂ ਮੁਤਾਬਕ 2026 ਦੇ ਅਰੰਭ ਤੱਕ ਇਹ ਕਾਨੂੰਨ ਲਾਗੂ ਹੋ ਸਕਦਾ ਹੈ।

# 'ਝਲਕ ਝਲੂਰ ਪਿੰਡ ਦੀ' ਪੁਸਤਕ ਪਿੰਡ ਤੇ ਪੰਜਾਬ ਦੇ ਇਤਿਹਾਸ ਤੇ ਸਭਿਅਚਾਰ ਦਾ ਸੁਮੇਲ


ਉਜਾਗਰ ਸਿੰਘ



ਮਾਸਟਰ ਹਰਦੇਵ ਸਿੰਘ ਪ੍ਰੀਤ ਨੇ ਆਪਣੇ ਜੱਦੀ ਪਿੰਡ ਝਲੂਰ ਦੇ ਇਤਿਹਾਸਕ, ਮਿਥਿਹਾਸਕ ਅਤੇ ਸਭਿਆਚਾਰਕ ਪੱਖਾਂ ਨੂੰ ਦਰਸਾਉਣ ਵਾਲੀ ਇੱਕ ਵੱਡ ਆਕਾਰੀ ਪੁਸਤਕ 'ਝਲਕ ਝਲੂਰ ਪਿੰਡ ਦੀ (ਇਤਿਹਾਸ ਅਤੇ ਸਭਿਅਚਾਰ)' ਲਿਖਕੇ ਆਪਣੇ ਪਿੰਡ ਦਾ ਨਾਮ ਪਿੰਡਾਂ ਦੇ ਇਤਿਹਾਸ ਵਿੱਚ ਦਰਜ ਕਰ ਦਿੱਤਾ ਹੈ। ਇਹ ਖੋਜੀ ਪੁਸਤਕ ਹੈ, ਇਸ ਵਿੱਚ ਉਸਨੇ ਆਪਣੇ ਪਿੰਡ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਪਤਵੰਤੇ ਵਿਅਕਤੀਆਂ ਅਤੇ ਸਮੁੱਚੇ ਪੰਜਾਬ ਦੇ ਸਭਿਆਚਾਰ ਬਾਰੇ ਬਾਕਮਾਲ ਜਾਣਕਾਰੀ ਦਿੱਤੀ ਹੈ। ਇਸ ਤੋਂ ਪਹਿਲਾਂ ਉਸਦੀਆਂ ਦੋ ਪੁਸਤਕਾਂ ਜਿਨ੍ਹਾਂ ਵਿੱਚ ਇੱਕ 'ਤੇਰੇ ਭਾਣੇ' ਨਾਵਲ ਅਤੇ ਇੱਕ 'ਮੁੱਦਾ ਖ਼ਤਮ' ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੀਆਂ ਹਨ। ਅਧਿਆਪਕ ਹੋਣ ਦੇ ਨਾਤੇ ਮਾਸਟਰ ਹਰਦੇਵ ਸਿੰਘ ਪ੍ਰੀਤ ਨੇ ਨਿੱਠਕੇ ਬੜੀ ਸ਼ਿਦਤ ਅਤੇ ਮਿਹਨਤ ਕਰਕੇ ਆਪਣੇ ਪਿੰਡ ਅਤੇ ਪਿੰਡ ਦੇ ਲੋਕਾਂ ਦੇ ਹਰ ਪੱਖ ਦੀ ਪ੍ਰਾਪਤੀ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ, ਪਿੰਡ ਦੀ ਮੋਹੜੀ ਗੱਡਣ ਦੀ ਜਾਣਕਾਰੀ ਉਪਲਬਧ ਨਹੀਂ ਹੈ। ਇਸ ਪੁਸਤਕ ਨੂੰ ਸਚਿਤਰ ਪੁਸਤਕ ਕਿਹਾ ਜਾ ਸਕਦਾ ਹੈ, ਕਿਉਂਕਿ ਲੇਖਕ ਨੇ ਆਪਣੀਆਂ ਲਿਖਤਾਂ ਨੂੰ ਸਹੀ ਸਾਬਤ ਕਰਨ ਲਈ ਤੱਥਾਂ ਸਮੇਤ ਜਾਣਕਾਰੀ ਦੇ ਨਾਲ ਰੰਗਦਾਰ ਤਸਵੀਰਾਂ/ਸਕੈਚ ਵੀ ਪ੍ਰਕਾਸ਼ਤ ਕੀਤੀਆਂ ਹਨ।

ਲੇਖਕ ਨੇ ਇਸ ਪਿੰਡ ਦੇ ਰੰਧਾਵਾ ਪਰਿਵਾਰਾਂ ਦੇ ਹਵਾਲੇ ਨਾਲ ਪਿੰਡ ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਜਲਾਲ ਜੀ ਦੀ ਅੰਸ਼-ਵੰਸ਼ ਨਾਲ ਜੋੜਿਆ ਹੈ। ਇਸ ਪੁਸਤਕ ਵਿੱਚ ਉਸਨੇ ਕਈ ਵਿਲੱਖਣ ਗੱਲਾਂ ਕੀਤੀਆਂ ਹਨ, ਸਾਰੇ ਪਿੰਡ ਦੇ ਪਰਿਵਾਰਾਂ ਦੇ ਕੁਰਸੀਨਾਮੇ (ਬੰਸਾਵਲੀ) ਦਿੱਤੇ ਹਨ। ਇਹ ਇੱਕ ਬਹੁਤ ਵੱਡਾ ਉਦਮ ਹੈ। ਪੁਸਤਕ ਵਿੱਚ ਵਰਤੀ ਗਈ ਭਾਸ਼ਾ ਸਰਲ ਤੇ ਠੇਠ ਮਲਵਈ ਦਿਹਾਤੀ ਸ਼ਬਦਾਵਲੀ ਹੈ। ਪੁਸਤਕ ਨੂੰ ਉਸਨੇ ਚਾਰ ਭਾਗਾਂ ਵਿੱਚ ਵੰਡਿਆ ਹੈ।

ਪਹਿਲੇ ਭਾਗ ਵਿੱਚ ਪਿੰਡ ਕਿਸਨੂੰ ਕਹਿੰਦੇ ਹਨ, ਉਸ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ, ਪਿੰਡ ਅਜਿਹੀ ਇਕਾਈ ਹੁੰਦਾ ਹੈ, ਜਿਥੇ ਜੀਵਨ ਬਸਰ ਕਰਨ ਲਈ ਮੁੱਢਲੀਆਂ ਜ਼ਰੂਰਤਾਂ ਉਪਲਬਧ ਹੋਣ। ਮੁੱਖ ਤੌਰ 'ਤੇ ਕਿਸਾਨੀ ਦਾ ਕਾਰੋਬਾਰ ਤੇ ਕਿਸਾਨੀ ਨਾਲ ਸੰਬੰਧਤ ਹਰ ਵਰਗ ਦੇ ਲੋਕ ਹੋਣ। ਪਹਿਲਾਂ ਇਹ ਪਿੰਡ ਪਟਿਆਲਾ ਰਿਆਸਤ ਵਿੱਚ ਹੁੰਦਾ ਸੀ। ਹੁਣ ਸੰਗਰੂਰ ਜ਼ਿਲ੍ਹੇ ਵਿੱਚ ਹੈ। ਪਿੰਡ ਦੀ ਆਬਾਦੀ 3211 ਜਿਨ੍ਹਾਂ ਵਿੱਚ 1742 ਮਰਦ, 1469 ਔਰਤਾਂ ਲਗਪਗ 20 ਫ਼ੀ ਸਦੀ ਔਰਤਾਂ ਪੜ੍ਹੀਆਂ ਲਿਖੀਆਂ, 604 ਘਰ ਤਿੰਨ ਪੱਤੀਆਂ ਰਮਦਾਸ, ਸੂਚ ਤੇ ਰਾਜਪੂਤ, ਮੁੱਖ ਫ਼ਸਲਾਂ ਹਾੜ੍ਹੀ: ਕਣਕ, ਜੌਂ, ਛੋਲੇ, ਬਰਸੀਨ ਤੇ ਸਰ੍ਹੋਂ, ਸਾਉਣੀ: ਕਪਾਹ, ਕਮਾਦ, ਚਰੀ, ਤੋਰੀਆ, ਝੋਨਾ, ਅਰਹਰ ਤੇ ਆਲੂ ਹਨ। ਪਿੰਡ ਬਾਰੇ ਜਾਣਕਾਰੀ ਵਿੱਚ ਝਲੂਰ ਦੀ ਖਾਸੀਅਤ,




ਭਾਈਚਾਰਾ, ਮਰਦਮ ਸ਼ੁਮਾਰੀ, ਆਬਾਦੀ, ਜਮ੍ਹਾਂਬੰਦੀ ਅਨੁਸਾਰ ਭੂਗੋਲਿਕ ਰਕਬਾ, ਪੱਤੀਆਂ, ਭੂਮੀ ਦੀਆਂ ਕਿਸਮਾਂ, ਫ਼ਸਲਾਂ, ਜਾਤੀਆਂ, ਗੋਤ, ਖਿਡਾਰੀ, ਸਮਾਜ ਸੇਵਕ, ਧਾਰਮਿਕ ਸਥਾਨ, ਧਰਮਸ਼ਾਲਾਵਾਂ, ਆਟਾ ਚੱਕੀਆਂ, ਦਾਣੇ ਭੁੰਨਣ ਵਾਲੀਆਂ ਭੱਠੀਆਂ, ਘੁਲਾੜੀਆਂ, ਵਿਦਿਆ ਮੰਦਰ, ਡਿਸਪੈਂਸਰੀਆਂ ਸਿਵਲ ਤੇ ਪਸ਼ੂ, ਸੁਵਿਧਾ ਕੇਂਦਰ, ਵਾਟਰ ਵਰਕਸ, ਸਹਿਕਾਰੀ ਸਭਾ, ਕਮਿਊਨਿਟੀ ਸੈਂਟਰ, ਪੰਚਾਇਤ ਘਰ, ਦੁਕਾਨਾ, ਬੱਸ ਅੱਡੇ, ਗਊਸ਼ਾਲਾ, ਯੁਵਕ ਕਲੱਬ, ਸਪੋਰਟਸ ਕਲੱਬ, ਖੂਹ, ਟੋਭੇ ਅਤੇ ਸੁਵਿਧਾ ਸੈਂਟਰ ਆਦਿ ਬਾਰੇ ਜਾਣਕਾਰੀ ਦਿੱਤੀ ਹੈ। ਸਾਰੇ ਪੰਚ ਸਰਪੰਚ, ਨੰਬਰਦਾਰ, ਚੌਕੀਦਾਰ, ਨਗਰ ਕੌਂਸਲ ਪ੍ਰਧਾਨ, ਸੰਗਰੂਰ ਜ਼ਿਲ੍ਹੇ ਅਤੇ ਨੇੜੇ ਦੇ ਵਿਧਾਨ ਸਭਾ ਹਲਕਿਆਂ ਦੇ ਵਿਧਾਨਕਾਰਾਂ ਅਤੇ ਸੰਸਦੀ ਹਲਕਿਆਂ ਦੇ ਮੈਂਬਰਾਂ ਦੀ ਸੂਚੀ ਸ਼ੁਰੂ ਤੋਂ 2024 ਤੱਕ ਦਿੱਤੀ ਹੈ। ਵਿਧਾਨ ਸਭਾ ਤੇ ਸੰਸਦ ਮੈਂਬਰਾਂ ਕਿਹੜੇ ਸਮੇਂ ਤੇ ਕਿਹੜੀ ਪਾਰਟੀ ਦੇ ਆਦਿ ਦਿੱਤਾ ਹੈ।

੨੦×੩੦%੮ ਸਾਈਜ ਦੇ ਰੰਗਦਾਰ ਤਸਵੀਰਾਂ ਵਾਲੇ 101 ਪੰਨੇ ਹਨ, ਜਿਨ੍ਹਾਂ ਵਿੱਚ ਪਿੰਡ ਦੇ ਧਾਰਮਿਕ ਤੇ ਇਤਿਹਾਸਕ ਸਥਾਨ, ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ, ਪੰਚ, ਸਰਪੰਚ, ਨੰਬਰਦਾਰ, ਚੌਕੀਦਾਰ, ਖਿਡਾਰੀ, ਸਰਕਾਰੀ ਦਫਤਰ, ਕਲਾਕਾਰ ਦੀਆਂ ਕਲਾਕ੍ਰਿਤੀਆਂ, ਗੀਤਕਾਰ, ਸਮਾਜ ਸੇਵਕ, ਸਹਿਯੋਗੀ, ਗੁਰਦੁਆਰਾ ਕਮੇਟੀ, ਦਰਵਾਜ਼ੇ, ਧਰਮਸ਼ਾਲਾ, ਪੰਚਾਇਤ ਘਰ, ਪੁਰਾਤਨ ਹਵੇਲੀ, ਸ਼ਹੀਦੀ ਯਾਦਗਾਰ, ਆਟਾ ਚੱਕੀਆਂ, ਭੱਠੀਆਂ, ਸਕੂਲ, ਸਿਵਲ ਤੇ ਪਸ਼ੂ ਡਿਸਪੈਂਸਰੀ, ਲੇਖਕ, ਅਧਿਆਪਕ, ਸਰਕਾਰੀ ਅਧਿਕਾਰੀ ਤੇ ਕਰਮਚਾਰੀ, ਵਾਟਰ ਵਰਕਸ, ਅਨਾਜ ਮੰਡੀ, ਬੱਸ ਅੱਡੇ, ਦੁਕਾਨਾ, ਗਊਸ਼ਾਲਾ, ਆਈ.ਏ.ਐਸ., ਆਈ.ਆਰ.ਐਸ., ਫ਼ੌਜੀ, ਪੰਜਾਬ ਪੁਲਿਸ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਹਨ। ਚਾਰ ਪੰਨੇ ਤਿਥ ਤਿਓਹਾਰਾਂ, ਦੋ ਪੰਨੇ ਰਸਮ ਰਿਵਾਜ਼ਾਂ, 5 ਪੰਜ ਪੰਨੇ ਔਰਤਾਂ ਦੇ ਗਹਿਣੇ, 3 ਪੰਨੇ ਖੇਡਾਂ, ਦੋ ਪੰਨੇ ਸਿੱਕੇ ਤੇ ਨੋਟਾਂ, ਦੋ ਪੰਨੇ ਆਵਾਜਾਈ ਦੇ ਸਾਧਨਾ ਅਤੇ ਪੁਸਤਕ ਦੇ ਮੁੱਖ ਕਵਰ ਦੇ ਦੋ ਪੰਨੇ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਆਪਣੀਆਂ ਲਿਖਤਾਂ ਦੇ ਨਾਲ 238 ਬਲੈਕ ਐਂਡ ਵਾਈਟ ਤਸਵੀਰਾਂ/ਸਕੈਚ ਵੀ ਪ੍ਰਕਾਸ਼ਤ ਕੀਤੇ ਹਨ। 102 ਪੰਨੇ ਪਿੰਡ ਦੇ ਪਰਿਵਾਰਾਂ ਦੇ ਕੁਰਸੀਨਾਮਿਆਂ/ ਬੰਸਾਵਲੀ ਦੇ ਹਨ।

ਦੂਜੇ ਭਾਗ ਵਿੱਚ ਪਿੰਡ ਦੇ ਕੰਮ ਧੰਧੇ ਅਤੇ ਉਨ੍ਹਾਂ ਨਾਲ ਸੰਬੰਧਤ ਲੋਕ ਤੇ ਲੋਕਾਂ ਦੇ ਕੰਮਾ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪਿੰਡ ਦਾ ਮੁੱਖ ਕਿਤਾ ਖੇਤੀਬਾੜੀ ਹੈ। ਖੇਤੀਬਾੜੀ ਦੇ ਸੰਦਾਂ ਦੇ ਨਾਮ ਤੇ ਤਸਵੀਰਾਂ, ਖੇਤੀ ਲਈ ਸਹਾਇਕ ਮਜ਼ਦੂਰਾਂ, ਲੁਹਾਰਾਂ, ਤਰਖਾਣਾ, ਝਿਊਰਾਂ, ਰਮਦਾਸੀਆਂ, ਮਜ਼੍ਹਬੀਆਂ, ਘੁਮਿਆਰਾਂ, ਜੁਲਾਹਿਆਂ ਤੇ ਤੇਲੀਆਂ ਦੀ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਜਾਤਾਂ ਦੇ ਕੰਮਾ ਦਾ ਵੇਰਵਾ ਵਿਆਖਿਆ ਨਾਲ ਦਿੱਤਾ ਗਿਆ ਹੈ ਤੇ ਉਨ੍ਹਾਂ ਦੇ ਕੰਮ ਕਰਦਿਆਂ ਦੀਆਂ ਤਸਵੀਰਾਂ ਵੀ ਪ੍ਰਕਾਸ਼ਤ ਕੀਤੀਆਂ ਹਨ। ਖੇਤੀ ਨਾਲ ਸੰਬੰਧਤ ਪੁਰਾਣੇ ਤੇ ਨਵੇਂ ਸੰਦਾਂ ਬਾਰੇ ਵੀ ਲਿਖਿਆ ਗਿਆ ਹੈ। ਭਾਵ ਪਿੰਡ ਆਪਣੇ ਆਪ ਵਿੱਚ ਇੱਕ ਦੂਜੇ 'ਤੇ ਨਿਰਭਰ ਹੁੰਦੇ ਹੋਏ ਸਾਰੇ ਆਤਮ ਨਿਰਭਰ ਸਨ। ਇਸ ਤੋਂ ਇਲਾਵਾ ਬਾਜ਼ੀਗਰ, (ਵਾਗੀ) ਪਸ਼ੂ ਚਾਰਨ ਵਾਲੇ ਤੇ ਡੱਗੀ ਵਾਲਿਆਂ ਬਾਰੇ ਪੂਰੀ ਜਾਣਕਾਰੀ ਹੈ। ਇਸਤਰੀਆਂ ਘਰਾਂ ਵਿੱਚ ਨਾਲੇ, ਦਰੀਆਂ, ਕਪਾਹ ਚੁਗਣ ਤੇ ਵੇਲਣ, ਚਰਖਾ ਕੱਤਣ ਆਦਿ ਬਾਰੇ ਦੱਸਿਆ ਗਿਆ, ਪ੍ਰੰਤੂ ਹੁਣ ਸਮਾਂ ਬਦਲ ਗਿਆ ਹੈ, ਇਹ ਸਾਰੇ ਕੰਮ ਲਗਪਗ ਬੰਦ ਵਰਗੇ ਹੀ ਹਨ। ਪਿੰਡ ਵਿੱਚ ਹੁਣ ਤਿਥ ਤਿਓਹਾਰ ਮਨਾਏ ਜਾਂਦੇ ਹਨ ਜਿਵੇਂ ਬਸੰਤ ਪੰਚਮੀ, ਹੋਲੀ, ਵਿਸਾਖੀ, ਬਾਸੜੇ, ਨਮਾਣੀ ਇਕਾਦਸੀ, ਤੀਆਂ, ਰੱਖੜੀ, ਜਨਮ ਅਸ਼ਟਮੀ, ਗੁੱਗਾ ਨੌਵੀਂ, ਸਰਾਧ, ਸਾਂਝੀ, ਕਰਵਾ ਚੌਥ, ਝਕਰੀਆਂ, ਦੁਸ਼ਹਿਰਾ, ਦੀਵਾਲੀ ਅਤੇ ਲੋਹੜੀ ਆਦਿ। ਇਸੇ ਤਰ੍ਹਾਂ ਪੁਰਾਣੇ ਰਸਮ-ਰਿਵਾਜ਼ਾਂ ਜਨਮ- ਮਰਨ, ਮਰਨ ਤੋਂ ਬਾਅਦ ਅਤੇ ਵਿਆਹ ਦੀਆਂ ਰਸਮਾਂ ਬਾਰੇ ਵਿਸਤਾਰ ਨਾਲ ਲਿਖਿਆ ਗਿਆ ਹੈ। ਗਹਿਣੇ/ਟੂਮਾਂ ਜਿਨ੍ਹਾਂ ਵਿੱਚ ਔਰਤਾਂ ਤੇ ਮਰਦਾਂ ਦੇ ਗਹਿਣੇ ਸ਼ਾਮਲ ਹਨ, ਇਨ੍ਹਾਂ ਦੀਆਂ ਤਸਵੀਰਾਂ ਵੀ ਦਿੱਤੀਆਂ ਹਨ। ਖੇਡਾਂ ਵਰਤਮਾਨ ਅਤੇ ਅਲੋਪ ਹੋ ਰਹੀਆਂ ਵਸਤਾਂ, ਖ਼ੁਰਾਕਾਂ ਪਹਿਰਾਵੇ, ਕਰੰਸੀ, ਤੋਲ, ਗਿਣਤੀ, ਮਿਣਤੀ, ਦੇਸੀ ਮਹੀਨੇ, ਮਾਪ, ਖੇਤਰਫਲ, ਜਿਨ੍ਹਾਂ ਬਾਰੇ ਅੱਜ ਦੀ ਨਸਲ ਨੂੰ ਪਤਾ ਹੀ ਨਹੀਂ ਬਾਰੇ ਵਿਸਤਰਿਤ ਜਾਣਕਾਰੀ ਪ੍ਰਕਾਸ਼ਤ ਕੀਤੀ ਗਈ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਲੇਖਕ ਨੇ ਇਸ ਪੁਸਤਕ ਵਿੱਚ ਉਹ ਸਾਰੀ ਜਾਣਕਾਰੀ ਦੇ ਦਿੱਤੀ ਹੈ, ਜਿਹੜੀ ਇੱਕ ਸੰਸਥਾ ਲਈ ਵੀ ਇਕੱਤਰ ਕਰਨੀ ਮੁਸ਼ਕਲ ਹੋਣੀ ਸੀ। ਅਜਿਹੇ ਕਾਰਜ ਯੂਨੀਵਰਸਿਟੀਆਂ ਨੂੰ ਕਰਨੇ ਬਣਦੇ ਹਨ, ਜਿਹੜੀਆਂ ਆਪਣੀ ਵਿਰਾਸਤ ਤੋਂ ਅਵੇਸਲੀਆਂ ਹੋਈਆਂ ਪਈਆਂ ਹਨ।

ਤੀਜੇ ਭਾਗ ਵਿੱਚ ਝਲੂਰ ਪਿੰਡ ਬਾਰੇ ਤਾਂ ਬਹੁਤਾ ਕੁਝ ਹੈ ਨਹੀਂ, ਪ੍ਰੰਤੂ ਪੰਜਾਬ ਦੇ ਸਾਹਿਤਕਾਰਾਂ ਦੀਆਂ ਰਚਨਾਵਾਂ, ਪਿੰਡ ਝਲੂਰ ਵਿੱਚ ਭਾਈਚਾਰਕ ਸਾਂਝ ਦਾ ਮਸਲਾ ਅਤੇ ਲੇਖਕ ਦੀਆਂ ਸੰਜੀਦਾ ਬੇਨਤੀਆਂ ਹਨ, ਜਿਨ੍ਹਾਂ ਬਾਰੇ ਸੋਚਣਾ ਅਤਿਅੰਤ ਜ਼ਰੂਰੀ ਹੈ। ਪਿੰਡ ਦੇ ਇੱਕ ਵਿਅਕਤੀ ਦੀ ਕਹਾਣੀ ਅਤੇ ਇੱਕ ਨੂੰ ਸ਼ਰਧਾਂਜ਼ਲੀ ਹੈ। ਇਹ ਭਾਗ ਪਿੰਡ ਦੀ ਪੁਸਤਕ ਲਈ ਅਤੇ ਪੰਜਾਬ ਦੇ ਸਭਿਅਚਾਰ ਬਾਰੇ ਜਿਹੜਾ ਮੈਟਰ ਦਿੱਤਾ ਹੈ, ਭਾਵੇਂ ਉਹ ਝਲੂਰ ਪਿੰਡ ਵਿੱਚ ਹੁਣ ਵੀ ਮੌਜੂਦ ਰਿਹਾ ਹੈ, ਪ੍ਰੰਤੂ ਇਸਨੇ ਪੁਸਤਕ ਦਾ ਸਾਈਜ਼ ਵੱਡਾ ਕਰ ਦਿੱਤਾ ਹੈ। ਸਹਾਇਕ ਪੁਸਤਕਾਂ ਦੀ ਸੂਚੀ ਦੇ ਕੇ ਪੁਸਤਕ ਦੀ ਸਾਰਥਿਕਤਾ ਬਣਾਈ ਹੈ। ਚੌਥੇ ਭਾਗ ਵਿੱਚ ਪਿੰਡ ਦੇ 197 ਪਰਿਵਾਰਾਂ/ਭਾਈਚਾਰੇ ਦੀ ਬੰਸਾਵਲੀ ਦਿੱਤੀ ਗਈ ਜੋ ਇੱਕ ਵਿਲੱਖਣ ਤੇ ਔਖਾ ਕਾਰਜ ਸੀ।


ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਮਾਸਟਰ ਹਰਦੇਵ ਸਿੰਘ ਪ੍ਰੀਤ ਵਧਾਈ ਦਾ ਪਾਤਰ ਹੈ, ਜਿਸਨੇ ਇਕੱਲਿਆਂ ਕੁਝ ਸੱਜਣਾ ਦੇ ਸਹਿਯੋਗ ਨਾਲ ਹੀ ਐਡਾ ਵੱਡਾ ਕਾਰਜ਼ ਕਰਕੇ ਆਪਣੇ ਪਿੰਡ ਦੀ ਮਿੱਟੀ ਨੂੰ ਆਪਣੀ ਅਕੀਦਤ ਭੇਂਟ ਕਰਕੇ ਮਿੱਟੀ ਦਾ ਮੁੱਲ ਤਾਰਿਆ ਹੈ।

520 ਪੰਨਿਆਂ, 660 ਰੁਪਏ ਕੀਮਤ ਵਾਲੀ ਸਚਿਤਰ ਪੁਸਤਕ ਜ਼ੋਹਰਾ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ ਮਾਸਟਰ ਹਰਦੇਵ ਸਿੰਘ ਪ੍ਰੀਤ : 09463035535

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# 'ਹਿੰਦ ਦੀ ਚਾਦਰ' ਗੁਰੂ ਤੇਗ਼ ਬਹਾਦਰ ਜੀ : ਸ਼ਹੀਦੀ ਸਰੋਕਾਰ

ਪ੍ਰੋ. ਸਰਚਾਂਦ ਸਿੰਘ ਖਿਆਲਾ
9781355522



ਸ਼ਹਾਦਤ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ। ਸ਼ਹਾਦਤ ਦਾ ਸਿੱਖ ਸੰਕਲਪ ਉੱਚਤਮ ਅਤੇ ਬੇਮਿਸਾਲ ਹੈ ਸ਼ਹੀਦੀ ਦਾ ਸਬਕ ਗੁਰੂ ਸਾਹਿਬਾਨ ਨੇ ਨਿੱਜੀ ਮਿਸਾਲ ਰਾਹੀਂ ਦ੍ਰਿੜ੍ਹ ਕਰਵਾਇਆ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੁਆਰਾ ਸ਼ਹਾਦਤ ਦੇ ਕੇ ਵਜਾਇਆ ਗਿਆ ਸੰਖਨਾਦ ਕੇਵਲ ਧਰਮ ਲਈ ਹੀ ਨਹੀਂ ਸੁਤੰਤਰਤਾ ਦੇ ਸਰੋਕਾਰਾਂ ਨੂੰ ਪੂਰੀ ਤਰ੍ਹਾਂ ਪਰਨਾਈ ਹੋਈ ਸੀ। ਇਸੇ ਪੰਧ 'ਤੇ ਚੱਲ ਕੇ ਸਿੱਖਾਂ ਨੇ ਅਣਗਿਣਤ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸੇ ਲਈ ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ, ਅਸੀਂ ਆਪਣੇ ਸ਼ਹੀਦਾਂ 'ਤੇ ਜਿੰਨਾ ਵੀ ਫ਼ਖ਼ਰ ਕਰੀਏ ਥੋੜ੍ਹਾ ਹੈ।

"ਸ਼ਹੀਦ ਕੀ ਜੋ ਮੌਤ ਹੈ ਵੋ ਕੌਮ ਕੀ ਹਯਾਤ ਹੈ ਹਯਾਤ ਤੋਂ ਹਯਾਤ ਹੈ ਮੌਤ ਵੀ ਹਯਾਤ ਹੈ " ( ਇਕਬਾਲ)

ਸਿੱਖ ਕੌਮ, ਹਿੰਦੂ ਸਮਾਜ, ਪੰਜਾਬ, ਭਾਰਤ ਹੀ ਨਹੀਂ ਸਗੋਂ ਪੂਰੀ ਮਾਨਵਜਾਤੀ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸ਼ਰਧਾ ਪੂਰਵਕ ਮਨਾਉਂਦਿਆਂ ਉਹਨਾਂ ਵੱਲੋਂ ਕੀਤੇ ਗਏ ਪਰਉਪਕਾਰਾਂ ਨੂੰ ਸਿੱਜਦਾ ਕਰ ਰਹੀ ਹੈ। ਇਹ ਸਾਡੇ ਲਈ ਵੱਡੇ ਭਾਗਾਂ ਦੀ ਗੱਲ ਹੈ ਕਿ ਗੁਰੂ ਸਾਹਿਬਾਨਾਂ ਦੀਆਂ ਅਨੇਕਾਂ ਸ਼ਤਾਬਦੀਆਂ ਸਾਡੇ ਜੀਵਨ ਵਿੱਚ ਆਈਆਂ ਹਨ। ਇਹ ਸ਼ਤਾਬਦੀਆਂ ਅਤੇ ਮਹਾਨ ਸ਼ਹੀਦੀ ਸਾਕੇ ਸਾਡੇ ਵਰਗੇ ਦੁਬਿਧਾ ਗ੍ਰਸਤ ਲੋਕਾਂ ਨੂੰ ਦੇਸ਼ ਅਤੇ ਕੌਮ ਪ੍ਰਸਤੀ ਦਾ ਸਬਕ ਦ੍ਰਿੜਾਉਂਦੇ ਹਨ। ਇਤਿਹਾਸ ਨੂੰ ਯਾਦ ਰੱਖਣ ਵਾਲੀਆਂ ਕੌਮਾਂ ਹੀ ਜਿਊਂਦੀਆਂ ਰਹਿੰਦੀਆਂ ਹਨ।

ਹਿੰਦੁਸਤਾਨ ਦੀ ਆਜ਼ਾਦੀ ਸੰਘਰਸ਼ ਵਿੱਚ ਆਬਾਦੀ ਪੱਖੋਂ ਦੋ ਫ਼ੀਸਦੀ ਹੋਣ ਦੇ ਬਾਵਜੂਦ 80 ਫ਼ੀਸਦੀ ਸਿੱਖਾਂ ਤੇ ਪੰਜਾਬੀਆਂ ਦੀਆਂ ਕੁਰਬਾਨੀਆਂ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਅਸੀਂ ਗ਼ੁਲਾਮੀ ਨਾ ਪਸੰਦ ਕੌਮ ਦੇ ਵਾਰਸ ਹਾਂ। ਕਿਸੇ ਵੀ ਕੌਮ ਦੀਆਂ ਵੱਡੀਆਂ ਕੁਰਬਾਨੀਆਂ ਪਿੱਛੇ ਕੌਮ ਦੀ ਚੇਤਨਾ ਅਤੇ ਅਵਚੇਤਨ ਕਾਰਜਸ਼ੀਲ ਹਨ, ਜੋ ਮਨ ਦੀ ਵਿਸ਼ਾਲ ਸਰ ਜ਼ਮੀਨ ਜਿੱਥੇ ਸਾਡੀਆਂ ਪਰੰਪਰਾਗਤ ਮੂਲ ਪ੍ਰਵਿਰਤੀਆਂ ਦੱਮਿਤ ਇੱਛਾਵਾਂ ਅਤੇ ਸਾਡੇ ਵੱਡਿਆਂ- ਪੁਰਵਜਾਂ ਵੱਲੋਂ ਕੀਤੇ ਗਏ ਕਾਰਨਾਮਿਆਂ ਦੀਆਂ ਯਾਦਾਂ ਆਦਿ ਜਨਮਜਾਤ ਪ੍ਰੇਰਨਾਵਾਂ ਰਿਹਾਇਸ਼ ਰੱਖਦੀਆਂ ਹਨ। ਭਾਵ ਕੌਮੀ ਜਾਂ ਮਾਨਵ ਸਮੂਹ ਦੀ ਉਹ ਸਮਗਰੀ ਹੈ ਜੋ ਵਿਰਸੇ ਵਿੱਚ ਮਿਲੀ ਹੁੰਦੀ ਹੈ ਅਤੇ ਸਾਂਝੀ ਮਾਨਸਿਕਤਾ ਦਾ ਆਧਾਰ ਬਣਦੀ ਹੈ । ਇਹੀ ਕਾਰਨ ਹੈ ਕਿ ਕਿਸੇ ਵੀ ਕੌਮ ਦੇ ਵਜੂਦ ਨੂੰ ਮਿਟਾਉਣ ਲਈ ਹਰ ਕਿਸੇ ਦੁਸ਼ਮਣ ਦੀ ਅੱਖ ਅਤੇ ਸੋਚ ਹਮੇਸ਼ਾ 'ਇਹਨਾਂ' ਨੂੰ ਮਿਟਾਉਣ 'ਤੇ ਟਿਕੀ ਹੁੰਦੀ ਹੈ।

ਭਾਰਤ ਵਿੱਚ ਇਸਲਾਮ ਤਲਵਾਰ ਦੇ ਜ਼ੋਰ ਉੱਤੇ ਫੈਲਾਇਆ ਗਿਆ-ਸਾਲ ਪਹਿਲਾਂ ਕਸ਼ਮੀਰੀ ਨੇਤਾ ਗ਼ੁਲਾਮ ਨਬੀ ਆਜ਼ਾਦ ਵੱਲੋਂ ਕੀਤਾ ਗਿਆ ਇਹ ਪ੍ਰਗਟਾਵਾ ਮੈਨੂੰ ਅੱਜ ਵੀ ਯਾਦ ਹੈ ਜਿਸ ਵਿੱਚ ਉਹਨਾਂ ਨੇ ਕਿਹਾ ਸੀ, "ਸਾਡੇ ਪੁਰਖੇ ਤੇ ਭਾਰਤੀ ਮੁਸਲਮਾਨ ਪਹਿਲੇ ਹਿੰਦੂ ਹੀ ਸਨ... ਕਸ਼ਮੀਰ ਇਸ ਦੀ ਮਿਸਾਲ ਹੈ। ਕੋਈ 600 ਸਾਲ ਪਹਿਲਾਂ ਕਸ਼ਮੀਰ ਵਿੱਚ ਮੁਸਲਮਾਨ ਕੌਣ ਸਨ, ਸਾਰੇ ਪੰਡਿਤ ਸਨ" ਬੇਸ਼ੱਕ ਕੁਝ ਦਿਨਾਂ ਬਾਅਦ ਇਸਲਾਮ ਜਗਤ ਵੱਲੋਂ ਕੀਤੀ ਗਈ ਆਲੋਚਨਾ ਦੇ ਕਾਰਨ ਉਹਨਾਂ ਨੂੰ ਆਪਣੀ ਸਫ਼ਾਈ ਵੀ ਦੇਣੇ ਪਈ ਅਤੇ ਇਸਲਾਮ ਮੁਹੱਬਤ ਦੇ ਪੈਗ਼ਾਮ ਜਰੀਏ ਭਾਰਤ ਵਿੱਚ ਫੈਲਿਆ ਕਹਿ ਕੇ ਸਚਾਈ ਉੱਤੇ ਪਰਦਾ ਪਾਉਣ ਦੀ ਉਹਨਾਂ ਕੋਸ਼ਿਸ਼ਾਂ ਵੀ ਕੀਤੀ। ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਇਸ ਪਹਿਲੂ ਬਾਰੇ ਗਵਾਹ ਹਨ। ਭਾਵੇਂ ਕਿ ਇਸਲਾਮ ਦਾ ਅਰਥ 'ਸ਼ਾਂਤੀ ਦਾ ਧਰਮ' ਹੈ। ਪਰ ਸੰਸਾਰ ਦੀ ਕੋਈ ਵੀ ਸਭਿਅਕ ਜਾਤੀ ਇਸਲਾਮ ਦੇ ਇਤਿਹਾਸ ਦਾ ਉਨ੍ਹੀਂ ਵਾਕਫ਼ ਨਹੀਂ ਜਿੰਨਾ ਹਿੰਦੁਸਤਾਨ । ਭਾਰਤ ਵਿੱਚ ਮੁਸਲਮਾਨ ਹਾਕਮਾਂ ਦਾ ਅੱਤਿਆਚਾਰ ਇਨ੍ਹਾਂ ਭਿਆਨਕ ਰਿਹਾ ਕਿ ਸਮੁੱਚੇ ਸੰਸਾਰ ਦੇ ਇਤਿਹਾਸ ਵਿੱਚ ਉਸ ਦਾ ਕੋਈ ਸਾਨੀ ਨਹੀਂ। ਵਿਸ਼ਵ ਜਾਣਦਾ ਹੈ ਕਿ ਭਾਰਤ ਪ੍ਰਾਚੀਨ ਜਗਤ ਵਿੱਚ ਸਭਿਅਤਾ ਦਾ ਗੁਰੂ ਸੀ। ਇਸਲਾਮ ਦੀ ਚੜ੍ਹਤ ਤੋਂ ਪਹਿਲਾਂ ਅਰਬ ਅਤੇ ਇਰਾਨ ਦੇ ਲੋਕ ਭਾਰਤ ਦੀ ਸਭਿਅਤਾ ਅਤੇ ਸੱਭਿਆਚਾਰ ਤੋਂ ਖ਼ੂਬ ਵਾਕਫ਼ ਸਨ।

ਭਾਰਤ 'ਚ ਇਸਲਾਮ ਦਾ ਪ੍ਰਵੇਸ਼-ਭਾਰਤੀ ਖੇਤਰ ਵਿੱਚ ਸੱਤਵੀਂ ਸਦੀ ਦੌਰਾਨ ਅਰਬਾਂ ਦੇ ਅਸਫਲ ਹਮਲਿਆਂ ਵੇਲੇ ਅਫ਼ਗ਼ਾਨ ਇੱਕ ਹਿੰਦੂ ਰਾਜ ਸੀ। ਸਿੰਧ ਉੱਤੇ ਅਰਬਾਂ ਨੇ 712 ਈਸਵੀ ਚ ਚੜ੍ਹਾਈ ਕੀਤੀ ਪਰ ਅਸਲ ਤਬਾਹੀ ਮੁਹੰਮਦ ਗ਼ਜ਼ਨਵੀ, ਮੁਹੰਮਦ ਗੌਰੀ ਅਤੇ ਬਾਬਰ ਨੇ ਲਿਆਂਦੀ। ਮਹਿਮੂਦ ਗ਼ਜ਼ਨਵੀ ਵੱਲੋਂ ਭਾਰਤ ਉੱਤੇ 17 ਵਾਰ ਕੀਤੇ ਗਏ ਹਮਲੇ ਪਿੱਛੇ ਉਸ ਦਾ ਮਕਸਦ ਕੇਵਲ ਲੁੱਟਣਾ ਹੀ ਨਹੀਂ ਸੀ, ਉਸ ਦੁਆਰਾ ਸੋਮਨਾਥ ਸਮੇਤ ਅਨੇਕਾਂ ਮੰਦਰਾਂ ਦੀ ਕੀਤੀ ਗਈ ਤਬਾਹੀ ਉਸ ਤੇ ਏਜੰਡੇ ਨੂੰ ਸਪਸ਼ਟ ਕਰਦਾ ਸੀ। ਮੁਹੰਮਦ ਗੌਰੀ ਨੇ 1192 ਵਿੱਚ ਦਿੱਲੀ ਨੂੰ ਜਿੱਤ ਕੇ ਇੱਥੇ ਇਸਲਾਮ ਰਾਜ ਸ਼ਾਹੀ ਦੀ ਸ਼ੁਰੂਆਤ ਕੀਤੀ।

ਅਯੁੱਧਿਆ ਵਿੱਚ ਰਾਮ ਮੰਦਰ ਨੂੰ ਢਾਹ ਕੇ ਬਾਬਰੀ ਮਸਜਿਦ ਉਸਾਰਨ ਵਾਲੇ ਮੁਗ਼ਲ ਮੀਰ ਬਾਬਰ ਨੇ 16ਵੀਂ ਸਦੀ 1526 ਨੂੰ ਇਬਰਾਹੀਮ ਲੋਧੀ ਨੂੰ ਹਾਰ ਦੇ ਕੇ ਦਿੱਲੀ ਉੱਤੇ ਕਬਜ਼ਾ ਕਰਦਿਆਂ ਭਾਰਤ ਵਿੱਚ ਮੁਗ਼ਲ ਰਾਜ ਵੰਸ਼ ਦੀ ਸਥਾਪਨਾ ਕੀਤੀ। ਉਸ ਵਕਤ ਬਾਬਰ ਨੂੰ ਜਾਬਰ ਅਤੇ ਉਸ ਦੇ ਹਮਲਿਆਂ ਦੀ ਭਿਆਨਕਤਾ ਬਾਰੇ ਗੁਰੂ ਨਾਨਕ ਦੇਵ ਜੀ ਨੇ "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ" ਅਤੇ "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥"

ਕਹਿ ਕੇ ਕੀਤੀ ਗਈ ਬੇਬਾਕ ਆਲੋਚਨਾ ਨੇ ਹੀ ਸਦੀਆਂ ਤੋਂ ਗ਼ੁਲਾਮੀ ਹੰਢਾ ਰਹੇ ਭਾਰਤੀਆਂ ਨੂੰ ਸੁਤੰਤਰਤਾ ਲਈ ਹੋਕਾ ਦਿੱਤਾ। ਇਹ ਉਸੇ ਪਰੰਪਰਾ ਅਤੇ ਵਿਚਾਰਧਾਰਾ ਦਾ ਹੀ ਹਿੱਸਾ ਸੀ, ਜਿਸ ਨੂੰ ਇਸ ਤੋਂ ਪਹਿਲਾਂ ਭਗਤੀ ਲਹਿਰ ਦੇ ਸੰਤਾਂ ਮਹਾਂਪੁਰਸ਼ਾਂ ਨੇ ਭਾਰਤ ਨੂੰ ਵਿਦੇਸ਼ੀਆਂ ਦੀ ਸਦੀਆਂ ਤੋਂ ਜਾਰੀ ਗ਼ੁਲਾਮੀ ਤੋਂ ਨਿਜਾਤ ਦਿਵਾਉਣ ਲਈ ਹਾਕ ਮਾਰੀ ਸੀ। ਸੰਤ ਕਬੀਰ ਜੀ ਦਾ "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥" ਅਤੇ ਪੀੜਾ ਰਹਿਤ ਰਾਜ ਪ੍ਰਬੰਧਨ ਦੀ ਇੱਛਾ ਪ੍ਰਤੀ ਭਗਤ ਰਵਿਦਾਸ ਜੀ ਦੇ "ਬੇਗਮਪੁਰਾ ਸਹਰ ਕੋ ਨਾਉ ॥ ਦੂੱਖ ਅੰਦੋਹੁ ਨਹੀਂ ਤਿਹਿ ਠਾਉ ॥ ਨਾ ਤਸਵੀਸ ਖਿਰਾਜੁ ਨਾ ਮਾਲੁ ॥ ਖਉਫੁ ਨ ਖਤਾ ਨ ਤਰਸੁ ਜੁਵਾਲੁ ॥ " ਨਾਲ ਸਮਝਿਆ ਜਾ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ-ਇਤਿਹਾਸਿਕ ਵਰਤਾਰੇ ਵਜੋਂ ਬਹੁਤਿਆਂ ਨੂੰ ਇਹ ਪਤਾ ਕਿ ਦੀਵਾਨ ਚੰਦੂ ਨੇ ਆਪਣੀ ਧੀ ਦਾ ਰਿਸ਼ਤਾ ਬਾਲ ਗੁਰੂ ਹਰਗੋਬਿੰਦ ਸਾਹਿਬ ਲਈ ਕਬੂਲ ਨਾ ਕਾਰਨ 'ਤੇ ਗੁਰੂ ਅਰਜਨ ਸਾਹਿਬ ਦੇ ਖ਼ਿਲਾਫ਼ ਬਾਦਸ਼ਾਹ ਜਹਾਂਗੀਰ ਨੂੰ ਭੜਕਾਉਣਾ ਕੀਤਾ, ਪਰ ਅਸਲ ਕਾਰਨ ਜਹਾਂਗੀਰ ਨੇ ਜੋ ਆਪਣੀ ਡਾਇਰੀ ਕਮ ਸਵੈਜੀਵਨੀ 'ਤੋਜਿਕਿ ਜਹਾਂਗੀਰ' ਵਿੱਚ ਸਾਫ ਲਿਖਿਆ ਹੈ। ਉਸ ਸਮੇਂ ਸਿੱਖੀ ਦਾ ਵਧਦਾ ਰਸੂਖ਼ ਜਹਾਂਗੀਰ ਨੂੰ ਨਹੀਂ ਭਾਉਂਦਾ ਸੀ। ਉਸ ਨੇ ਸਿੱਖੀ ਨੂੰ ਇਸਲਾਮ ਧਰਮ ਅਤੇ ਉਸ ਦੀ ਆਪਣੀ ਸਲਤਨਤ ਨੂੰ ਚੈਲੰਜ ਜਾਣਿਆ। ਜਹਾਂਗੀਰ ਇਹ ਵੀ ਚਾਹੁੰਦਾ ਸੀ ਕਿ ਗੁਰੂ ਸਾਹਿਬ ਵੱਲੋਂ ਸੰਪਾਦਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਸ ਨੂੰ ਅਤੇ ਇਸਲਾਮ ਨੂੰ ਅਪਣਾਉਣ ਬਾਰੇ ਲਿਖਿਆ ਜਾਵੇ, ਪਰ ਗੁਰਮਤ ਦਾ ਅਸੂਲ 'ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ' 'ਤੇ ਟਿਕਿਆ ਹੋਇਆ ਸੀ। ਭਾਵ ਅੱਲਾਹ ਨੂੰ ਯਾਦ ਕੀਤੇ ਬਿਨਾ ਕੋਈ ਵੀ ਭਾਵੇਂ ਉਹ ਮੁਸਲਮਾਨ ਹੀ ਕਿਉਂ ਨਾ ਹੋਵੇ ਨਰਕਾਂ ਵਿੱਚ ਪੈਣ ਤੋਂ ਨਹੀਂ ਬਚਾ ਸਕਦਾ ।

ਸੋ ਗੁਰੂ ਅਮਰਦਾਸ ਜੀ ਤੇ ਸਮੇਂ ਸ੍ਰੀ ਗੋਇੰਦਵਾਲ ਤੋਂ ਬੜੀ ਚਲਦੀ ਆ ਰਹੀ 'ਸਿੱਖੀ' ਨੂੰ ਬੰਦ ਕਰਨ ਲਈ ਹੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਧਰਮ ਛੱਡ ਕੇ ਇਸਲਾਮ ਕਬੂਲ ਕਰ ਲੈਣ ਲਈ ਦਬਾਅ ਪਾਇਆ ਗਿਆ, ਪ੍ਰੰਤੂ ਗੁਰੂ ਸਾਹਿਬ ਅਡੋਲ ਡਟੇ ਰਹੇ ਅਤੇ ਧਰਮ ਦੇ ਰੱਖਿਆ ਲਈ ਸ਼ਹਾਦਤ ਦਾ ਜਾਮ ਪੀ ਗਏ । ਇਸ ਤਰ੍ਹਾਂ 'ਬ੍ਰਹਮ ਗਿਆਨੀ ਕੈ ਧੀਰਜ ਏਕ' ਦੇ ਧਾਰਨੀ ਗੁਰੂ ਅਰਜਨ ਦੇਵ ਜੀ "ਤਨ ਮਨ ਕਾਟ ਕਾਟ ਸਭ ਅਰਪੀ ਵਿਚਿ ਅਗਨੀ ਆਪ ਜਲਾਈ॥" ਦੇ ਮਹਾਂਵਾਕ ਨੂੰ ਸਿੱਧ ਕਰਦਿਆਂ ਗੁਰੂ ਨਾਨਕ ਦੇਵ ਜੀ ਦੇ "ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣੁ ਨ ਕੀਜੈ ॥ " ਦੇ ਸੰਕਲਪ ਅਤੇ ਧਾਰਮਿਕ ਆਜ਼ਾਦੀ ਲਈ ਸ਼ਹੀਦੀ ਪਰੰਪਰਾ ਨਾਲ ਸਿੱਖਾਂ ਨੂੰ ਪਹਿਲੀ ਵਾਰ ਪਰੀਚਿਤ ਕਰਾਇਆ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ-ਮਨੁੱਖੀ ਅਤੇ ਧਰਮ ਦੇ ਇਤਿਹਾਸ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵਿਲੱਖਣ ਸਥਾਨ ਰੱਖਦਾ ਹੈ। ਇਹ ਪਹਿਲੀ ਵਾਰ ਸੀ ਕਿ ਦੂਜੇ ਦੇ ਧਰਮ, ਉਹਨਾਂ ਦੇ ਵਿਸ਼ਵਾਸ ਅਤੇ ਪੂਜਾ ਪੱਧਤੀਆਂ ਦੀ ਰੱਖਿਆ ਲਈ ਕੋਈ ਆਪਣਾ ਸੀਸ ਭੇਟ ਕਰਨ ਲਈ ਖ਼ੁਦ 'ਮਕਤਲ' ਵਿੱਚ ਜਾਂਦਾ ਹੈ ਅਤੇ ਜਬਰ ਦਾ ਮੁਕਾਬਲਾ ਸਬਰ ਨਾਲ ਕਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਰਤਾਜ ਹਨ, ਉੱਥੇ ਹੀ 70 ਸਾਲ ਬਾਦ ਆਪ ਜੀ ਦੇ ਪੋਤਰੇ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੱਲੋਂ ਦਿੱਤੀ ਗਈ ਸ਼ਹਾਦਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਾਸਾਨੀ ਹੋਣ ਦਾ ਦਰਜਾ ਦਿੱਤਾ। "ਤੇਗ਼ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥"

ਭਾਵ ਜੋ ਗੁਰੂ ਤੇਗ਼ ਬਹਾਦਰ ਜੀ ਨੇ ਕੀਤਾ ਉਹ ਕੋਈ ਵੀ ਨਹੀਂ ਕਰ ਸਕਿਆ ਫਿਰ ਕੀਤਾ ਕੀ? "ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥" ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੇ ਲਈ ਅਤੇ ਤਮਾਮ ਉਨਾਂ ਧਰਮਾਂ ਤੇ ਵਿਸ਼ਵਾਸ਼ਾਂ ਲਈ ਜੋ ਭਾਰਤ ਅਤੇ ਵਿਸ਼ਵ 'ਚ ਪ੍ਰਚਲਤ ਸਨ ਦੀ ਸੁਤੰਤਰ ਪਹੁੰਚ ਲਈ ਆਪਣੀ ਸ਼ਹਾਦਤ ਦੇ ਦਿੱਤੀ।

ਔਰੰਗਜ਼ੇਬੀ ਹਕੂਮਤ ਦੇ ਸਮੇਂ ਭਾਰਤ ਦੇ ਹਾਲਾਤ-ਵਕਤ ਦਾ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਇੱਕ ਜ਼ਾਲਮ ਕੱਟੜਪੰਥੀ ਸੀ, ਜੋ ਭਾਰਤ ਵਿੱਚ ਤਲਵਾਰ ਦੀ ਜ਼ੋਰ ਉੱਤੇ ਮੁਸਲਿਮ ਕੱਟੜਪੰਥੀ ਰਾਜ 'ਦਾਰ ਉਲ ਇਸਲਾਮ' ਨੂੰ ਸਥਾਪਿਤ ਕਰਨਾ ਚਾਹੁੰਦਾ ਸੀ। ਦਿੱਲੀ ਦਾ ਚਾਂਦਨੀ ਚੌਂਕ, ਗੜ੍ਹੀ ਚਮਕੌਰ ਅਤੇ ਸਰਹੰਦ ਦੀਆਂ ਨੀਂਹਾਂ ਉਸ ਦੁਆਰਾ ਵਰਤਾਏ ਗਏ ਕਹਿਰ ਦੇ ਅੱਜ ਵੀ ਗਵਾਹ ਹਨ। ਉਸ ਨੇ ਹਿੰਦੂਆਂ ਨੂੰ ਇਸਲਾਮ ਜਾਂ ਮੌਤ ਵਿੱਚੋਂ ਇੱਕ ਦੀ ਚੋਣ ਕਰ ਪ੍ਰਤੀ ਮਜਬੂਰ ਕਰਨ ਲਈ ਦਹਿਸ਼ਤ ਅਤੇ ਜ਼ੁਲਮ ਦਾ ਦੌਰ ਚਲਾਇਆ ਸੀ। ਉਸ ਨੇ ਇਸਲਾਮਿਕ ਕੱਟੜਪੰਥੀ ਵਿਚਾਰਾਂ ਨੂੰ ਸਖ਼ਤੀ ਨਾਲ ਲਾਗੂ ਕਰਦਿਆਂ ਹਿੰਦੂਆਂ ਅਤੇ ਸਿੱਖਾਂ ਦੇ ਸਰੀਰਕ ਮਾਨਸਿਕ ਧਾਰਮਿਕ ਰਹੁ ਰੀਤਾਂ ਅਤੇ ਜੀਵਨ ਦੀਆਂ ਸਥਿਤੀਆਂ ਨੂੰ ਵੀ ਪ੍ਰਭਾਵਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਹਿੰਦੂ ਧਰਮ ਦੇ ਖ਼ਾਤਮੇ ਦਾ ਟੀਚਾ ਮਿੱਥ ਕੇ ਹਿੰਦੂਆਂ ਨੂੰ ਧਰਮ ਛੱਡਣ ਲਈ ਮਜਬੂਰ ਕਰਨ ਲਈ ਉਹਨਾਂ ਦੀ ਆਰਥਿਕ ਲੁੱਟ ਕਰਦਿਆਂ ਧਾਰਮਿਕ ਟੈਕਸ (ਜਜ਼ੀਆ) ਲਗਵਾਇਆ ਗਿਆ। ਇਸ ਤੋਂ ਇਲਾਵਾ ਉਸ ਦੌਰ 'ਚ ਸਭ ਤੋਂ ਪ੍ਰਸਿੱਧ ਹਿੰਦੂ ਤਿਉਹਾਰਾਂ ਦੀਵਾਲੀ ਅਤੇ ਹੋਲੀ ਆਦਿ ਮਨਾਉਣ ਅਤੇ ਹਿੰਦੂਆਂ ਨੂੰ ਘੋੜੇ 'ਤੇ ਚੜ੍ਹਨ ਦੀ ਵੀ ਮਨਾਈ ਕੀਤੀ। ਬਹੁਤ ਸਾਰੇ ਮਹੱਤਵਪੂਰਨ ਹਿੰਦੂ ਮੰਦਰ ਢਾਹ ਕੇ ਮਸਜਿਦਾਂ ਬਣਾਈਆਂ ਗਈਆਂ । ਇਸ ਤਰ੍ਹਾਂ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਭਾਰਤੀ ਇਸਲਾਮੀ ਰਾਜ ਲਈ ਪਹਿਲਾ ਤੇ ਪ੍ਰਮੁੱਖ ਕਾਰਜ ਬਣ ਗਿਆ। ਇਨ੍ਹਾਂ ਅੱਤਿਆਚਾਰਾਂ ਦਾ ਵਿਰੋਧ ਕਰਨ ਦਾ ਮਤਲਬ ਇੱਜ਼ਤ ਅਤੇ ਜਾਨ ਗਵਾਉਣੀ ਸੀ। ਧਰਮ ਪਰਿਵਰਤਨ ਦੀ ਆੜ 'ਚ ਲੱਖਾਂ ਹਿੰਦੂਆਂ ਦਾ ਕਤਲੇਆਮ ਕੀਤਾ ਗਿਆ। ਉਹਨਾਂ ਦੀਆਂ ਜਾਇਦਾਦਾਂ ਲੁੱਟ ਲਈਆਂ ਗਈਆਂ।

ਕਸ਼ਮੀਰ ਦੇ ਹਾਲਾਤ-ਪ੍ਰਮਾਣਿਕ ਇਤਿਹਾਸ ਦੱਸਦਾ ਹੈ ਕਿ ਔਰੰਗਜ਼ੇਬ ਦੇ ਸ਼ਾਹੀ ਹੁਕਮ ਤਹਿਤ ਕਸ਼ਮੀਰ ਦੇ ਗਵਰਨਰ ਇਫਤਖਾਰ ਖਾਨ ਵੱਲੋਂ ਕੀਤੇ ਜਾ ਰਹੇ ਜਬਰ ਜ਼ੁਲਮ ਦਾ ਸਾਹਮਣਾ ਕਰਨ ਤੋਂ ਅਸਮਰਥ ਕਸ਼ਮੀਰੀ ਪੰਡਿਤ ਅਨੇਕਾਂ ਰਾਜੇ ਮਹਾਰਾਜਿਆਂ ਅਤੇ ਧਾਰਮਿਕ ਆਗੂਆਂ ਕੋਲ ਆਪਣੇ ਬਚਾਅ ਪ੍ਰਤੀ ਫ਼ਰਿਆਦੀ ਹੋਏ ਪਰ ਕਿਸੇ ਨੇ ਵੀ ਉਨ੍ਹਾਂ ਦੀ ਬਾਂਹ ਨਹੀਂ ਫੜੀ, ਫਿਰ ਪੰਡਿਤ ਕਿਰਪਾ ਰਾਮ ਦੱਤ ਦੀ ਅਗਵਾਈ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਮਿਲੇ। ਉਹਨਾਂ ਦੀ ਦਰਦ ਭਰੀ ਕਹਾਣੀ ਸੁਣ ਕੇ ਗੁਰੂ ਸਾਹਿਬ ਨੇ ਉਹਨਾਂ ਨੂੰ ਹੌਸਲਾ ਦਿੱਤਾ ਤੇ ਕਿਹਾ ਕਿ "ਮਹਾਨ ਆਤਮਾ ਦੀ ਸ਼ਹੀਦੀ ਦੀ ਲੋੜ ਹੈ", ਉਸ ਵਕਤ ਨੌਂ ਸਾਲ ਦੇ ਬਾਲ ਗੋਬਿੰਦ ਰਾਏ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਆਪ ਜੀ ਤੋਂ ਬਿਨਾਂ ਮਹਾਂਪੁਰਸ਼ ਕੌਣ ਹੋ ਸਕਦਾ ਹੈ? ਇਸ ਤੋਂ ਬਾਅਦ ਗੁਰੂ ਸਾਹਿਬ ਵੱਲੋਂ ਕਸ਼ਮੀਰੀ ਪੰਡਤਾਂ ਦੀ ਪ੍ਰਾਰਥਨਾ ਨੂੰ ਸਵੀਕਾਰ ਕਰ ਲਿਆ ਗਿਆ ਅਤੇ ਉਹਨਾਂ ਨੂੰ ਕਿਹਾ ਕਿ ਔਰੰਗਜ਼ੇਬ ਨੂੰ ਕਹਿ ਦਿਓ ਕਿ ਪਹਿਲਾਂ ਗੁਰੂ ਤੇਗ਼ ਬਹਾਦਰ ਨੂੰ ਮੁਸਲਮਾਨ ਬਣਾ ਲੈਣ ਫਿਰ ਅਸੀਂ ਵੀ ਬਣ ਜਾਵਾਂਗੇ। ਇਹ ਸੰਦੇਸ਼ ਪਾ ਕੇ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ। ਗੁਰੂ ਸਾਹਿਬ ਨੇ ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ। ਲਾਲਚ, ਧਮਕੀਆਂ ਦੇ ਬਾਵਜੂਦ ਗੁਰੂ ਸਾਹਿਬ ਨੇ ਆਪਣਾ ਧਰਮ ਨਾ ਛੱਡਿਆ ਅਤੇ 11 ਨਵੰਬਰ 1675 ਨੂੰ ਚਾਂਦਨੀ ਚੌਂਕ ਵਿਖੇ ਸਿਰ ਕਲਮ ਕਰਦਿਆਂ ਸ਼ਹੀਦੀ ਦੇ ਦਿਤੀ॥ ਇਸ ਤੋਂ ਪਹਿਲਾਂ ਉਹਨਾਂ ਦੇ ਅਨਿਆਈ ਗੁਰਸਿੱਖਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਦਬਾਅ ਬਣਾਉਣ ਅਤੇ ਇਸਲਾਮ ਕਬੂਲ ਨਾ ਕਰਨ 'ਤੇ ਵਾਰੋ ਵਾਰੀ ਬੇ-ਰਹਿਮੀ ਨਾਲ ਕਤਲ ਕਰ ਦਿੱਤੇ ਗਏ ਸਨ॥

ਬਾਕੀ ਹਿਸਾ ਸਫ਼ਾ 56 ਤੇ ਪੜ੍ਹੋ

### 55 ਸਫ਼ੇ ਦੀ ਬਾਕੀ

ਗੁਰੂ ਸਾਹਿਬ ਜੀ ਤੇ ਪਵਿੱਤਰ ਸੀਸ ਨੂੰ ਭਾਈ ਜੈਤਾ ਜੀ ਗੁਪਤ ਰੂਪ ਵਿੱਚ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਆਏ। ਮਨਾਹੀ ਦੇ ਬਾਵਜੂਦ ਗੁਰੂ ਸਾਹਿਬ ਦੇ ਸਰੀਰ ਦਾ ਲੱਖੀ ਸ਼ਾਹ ਵਣਜਾਰਾ ਨੇ ਦਿਲੀ ਵਿਖੇ ਆਪਣੇ ਘਰ ਨੂੰ ਗੁਪਤ ਰੂਪ ਵਿੱਚ ਅਗਨ ਭੇਟ ਕਰਦਿਆਂ ਸਸਕਾਰ ਕੀਤਾ।

ਚਾਂਦਨੀ ਚੌਂਕ ਦਾ ਸ਼ਹੀਦੀ ਪ੍ਰਸੰਗ ਅਤੇ ਖ਼ਾਲਸੇ ਦੀ ਸਿਰਜਣਾ-ਚਾਂਦਨੀ ਚੌਂਕ ਦੇ ਸ਼ਹੀਦੀ ਪ੍ਰਸੰਗ ਨੇ ਮਰ ਚੁੱਕੀਆਂ ਅਨੇਕਾਂ ਰੂਹਾਂ ਨੂੰ ਜਗਾਉਣਾ ਕੀਤਾ। ਜੋ ਅੱਗੇ ਚੱਲ ਕੇ ਸਿੱਖ ਪੰਥ ਦੀ ਤਾਕਤ ਬਣੀ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਕੂਮਤ ਦੇ ਜ਼ੁਲਮ ਖ਼ਿਲਾ.ਫ ਲੋਕਾਂ ਵਿੱਚ ਜਾਗ੍ਰਿਤੀ, ਹਿੰਮਤ, ਦਲੇਰੀ ਅਤੇ ਵਿਸ਼ਵਾਸ ਪੈਦਾ ਕੀਤਾ । ਸ਼ਾਸਤਰ ਦੇ ਨਾਲ ਸ਼ਸਤਰ ਵਿੱਦਿਆ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ। ਗੁਰੂ ਨਾਨਕ ਸਾਹਿਬ ਵੱਲੋਂ ਚਿਤਵੇ ਸਚਿਆਰ ਮਨੁੱਖ ਨੂੰ ਅਮਲੀ ਰੂਪ ਵਿੱਚ ਢਾਲਣ ਅਤੇ ਸ਼ਸਤਰ ਨੂੰ ਮਜ਼ਲੂਮਾਂ ਦੀ ਰੱਖਿਆ ਲਈ ਪੱਕੇ ਤੌਰ ਤੇ ਸਿੱਖਾਂ ਦੇ ਹੱਥਾਂ ਵਿੱਚ ਥਮ੍ਹਾਉਣ ਲਈ ਦਸ ਗੁਰੂ ਸਾਹਿਬਾਨ ਦੇ ਜਾਮੇ ਵਿੱਚ ਢਾਈ ਸਦੀ ਦਾ ਵਕਤ ਲੱਗਿਆ। ਕੇਸਗੜ੍ਹ ਸਾਹਿਬ ਵਿਖੇ ਜ਼ਬਰ-ਜ਼ੁਲਮ ਖ਼ਿਲਾ.ਫ ਧਰਮ ਤੇ ਸੁਤੰਤਰਤਾ ਦੀ ਲੜਾਈ ਲਈ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699ਦੀ ਵਿਸਾਖੀ ਨੂੰ ਸੰਤ ਅਤੇ ਸਿਪਾਹੀ ਦੇ ਰੂਪ 'ਚ ਖ਼ਾਲਸੇ ਦੀ ਸਿਰਜਣਾ ਕੀਤੀ ਅਤੇ ਭਾਰਤੀ ਲੋਕਾਂ ਅੰਦਰ ਪ੍ਰਭੂ ਭਗਤੀ ਦੇ ਨਾਲ ਵੀਰਤਾ ਤੇ ਸਾਹਸ ਦਾ ਸੰਚਾਰ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨੋ ਸ਼ੌਕਤ ਨੂੰ ਵੇਖ ਕੇ ਈਰਖਾਲੂ ਲੋਕ ਔਰੰਗਜ਼ੇਬ ਨੂੰ ਸ਼ਿਕਾਇਤਾਂ ਕਰਨ ਲੱਗੇ ਕਿ ਗੁਰੂ ਜੀ ਇਸਲਾਮ ਦਾ ਵੈਰੀ ਹੈ ਬਾਦਸ਼ਾਹੀ ਤ.ਖ਼ਤ ਲਈ ਖ਼ਤਰਾ ਹੈ। ਅਨੰਦਪੁਰ 'ਚ ਉਸੇ ਦੇ ਹਕੂਮਤ ਹੈ। ਤੇਰੇ ਤੋਂ ਉੱਚਾ ਤ.ਖ਼ਤ ਲਾਈ ਬੈਠਾ ਹੈ, ਰਣਜੀਤ ਨਗਾਰਾ ਰੱਖਿਆ ਹੈ। ਅਰਬੀ ਘੋੜੇ ਰੱਖਦਾ, ਲੋਕ ਸ਼ਿਕਾਇਤਾਂ ਲੈ ਕੇ ਆਉਂਦੇ ਹਨ ਉਹ ਨਿਆਂ ਦਿਵਾਉਂਦਾ ਹੈ।

ਸ੍ਰੀ ਅਨੰਦਪੁਰ ਸਾਹਿਬ 'ਤੇ ਹਮਲਾ-ਫਿਰ ਕੀ ਸੰਮਤ 1761, ਸੰਨ 1704 ਨੂੰ ਮੁ.ਗਲ ਅਤੇ ਬਾਈ ਧਾਰ ਦੇ ਬੇ.ਗੈਰਤ ਰਾਜਿਆਂ ਦੀਆਂ ਲੱਖਾਂ ਹੀ .ਫੌਜਾਂ ਵੱਲੋਂ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਗਿਆ। ਮੁੱਠੀ ਭਰ ਸਿੰਘਾਂ ਨਾਲ ਗੁਰੂ ਸਾਹਿਬ ਕਾਬੂ ਨਾ ਆਏ, ਘੇਰਾ ਲੰਬਾ ਹੁੰਦਾ ਗਿਆ ਔਰੰਗਜ਼ੇਬ ਤੇ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਅਨੰਦਪੁਰ ਸਾਹਿਬ ਛੱਡਣ ਲਈ ਝੂਠੇ ਵਾਅਦੇ ਕੀਤੇ। ਸ਼ਰਤ ਸੀ ਕਿ ਗੁਰੂ ਸਾਹਿਬ ਇੱਕ ਵਾਰ ਕਿਲ੍ਹਾ ਛੱਡ ਦੇਣ ਉਹਨਾਂ ਨੂੰ ਬੇਰੋਕ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਨੇ ਸਿੰਘਾਂ ਨੂੰ ਧੀਰਜ ਰੱਖਣ ਲਈ ਕਿਹਾ ਪਰ ਕੁਝ ਸਿੰਘ ਬੇਦਾਵਾ ਲਿਖ ਕੇ ਦੇ ਗਏ, ਜੋ ਬਾਅਦ ਵਿੱਚ ਜਾਨ ਦੇ ਕੇ ਪੜਵਾਇਆ ਵੀ। 6 ਪੋਹ ਦੀ ਰਾਤ ਨੂੰ ਗੁਰੂ ਸਾਹਿਬ ਨੇ ਕਿੱਲਾ ਛੱਡ ਦਿੱਤਾ, ਤਾਂ ਦੁਸ਼ਮਣ ਨੇ ਧਰਮਹੀਣ ਰਾਜ ਸੱਤਾ ਦਾ ਨੰਗਾ ਨਾਚ ਕਰਦਿਆਂ ਸਾਰੀਆਂ ਕਸਮਾਂ ਤੋੜ ਕੇ ਉਹਨਾਂ ਦਾ ਪਿੱਛਾ ਕੀਤਾ । ਅੰਮ੍ਰਿਤ ਵੇਲੇ ਸਰਸਾ ਨਦੀ ਦੇ ਕੋਲ ਭਿਆਨਕ ਯੁੱਧ ਹੋਇਆ ਜਿੱਥੇ ਗੁਰੂ ਸਾਹਿਬ ਦਾ ਪਰਿਵਾਰ ਵਿੱਛੜ ਗਿਆ।

ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ-ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਚਮਕੌਰ ਦੇ ਜੰਗ ਵਿੱਚ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਆਪਾ ਵਾਰ ਗਏ। ਅੱਲਾ ਯਾਰ ਖਾਂ ਜੋਗੀ ਲਿਖਦੇ ਹਨ, "ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲੀਏ।"

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ-ਇਸੇ ਪ੍ਰਕਾਰ ਇਸਲਾਮ ਕਬੂਲ ਨਾ ਕਰਨ 'ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਬਾਬਾ .ਫਤਿਹ ਸਿੰਘ ਨੂੰ ਸਰਹੰਦ ਦੇ ਵਿੱਚ ਨੀਂਹਾਂ 'ਚ ਚਿਣੇ ਜਾਣ 'ਤੇ ਵੀ ਜ਼ਾਲਮਾਂ ਨੂੰ ਸਬਰ ਨਹੀਂ ਆਇਆ ਸੀ । ਫੁੱਲਾਂ ਵਰਗਾ ਬਾਬਾ .ਫਤਿਹ ਸਿੰਘ ਨੀਂਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਵੀ ਸਹਿਕ ਰਿਹਾ ਸੀ, ਜਿਸ ਦੇ ਗਲੇ ਤੇ ਛੁਰੀ ਫੇਰਦਿਆਂ ਨਿੱਕੀਆਂ ਜਿੰਦਾਂ ਨੂੰ ਕੋਹ ਕੋਹ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਮਾਤਾ ਗੁਜਰੀ ਜੀ ਵੀ ਸ਼ਹਾਦਤ ਪਾ ਗਏ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਉੱਤੇ ਗੁਰੂ ਸਾਹਿਬ ਨੇ ਸੰਗਤ ਵੱਲ ਇਸ਼ਾਰਾ ਕਰਦਿਆਂ ਕਿਹਾ "ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ, ਚਾਰ ਗਏ ਤੋ ਕਿਆ ਭਿਆ ਜੀਵਤ ਕਈ ਹਜ਼ਾਰ।" ਬਾਅਦ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਿਆ ਗਿਆ ਜ਼.ਫਰਨਾਮਾ ਪੜ੍ਹ ਕੇ ਬਾਦਸ਼ਾਹ ਔਰੰਗਜ਼ੇਬ ਇਸ ਦੁਨੀਆ ਨੂੰ ਸਦਾ ਲਈ ਅਲਵਿਦਾ ਕਹਿ ਗਿਆ।

ਸਿੱਖ ਸ਼ਕਤੀ ਦਾ ਉਭਾਰ ਤੇ ਬਾਬਾ ਬੰਦਾ ਸਿੰਘ ਬਹਾਦਰ ਤੇ ਸ਼ਹੀਦੀ-ਕੁਝ ਸਮਾਂ ਪਾ ਕੇ ਆਜ਼ਾਦੀ ਅਤੇ ਹੱਕ ਸੱਚ ਦੀ ਲੋਅ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਹੀਂ ਉੱਜਵਲ ਹੋਈ। ਜੰਮੂ ਦੇ ਪਿੰਡ ਰਜ਼ੌਰੀ ਜ਼ਿਲ੍ਹਾ ਪੁੰਛ ਦੇ ਰਾਜਪੂਤ ਕਿਸਾਨ ਨਾਮਦੇਵ ਦੇ ਘਰ ਪੈਦਾ ਹੋਇਆ ਲਛਮਣ ਦਾਸ ਜੋ ਬਾਅਦ ਵਿੱਚ ਮਾਧੋ ਦਾਸ ਬਣ ਕੇ ਗੋਦਾਵਰੀ ਨਦੀ ਕਿਨਾਰੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਮੇਲ ਹੋਇਆ ਅਤੇ ਬੰਦਾ ਸਿੰਘ ਬਹਾਦਰ ਬਣਿਆ। ਅਤੇ ਗੁਰੂ ਸਾਹਿਬ ਦੁਆਰਾ ਪੰਜਾਬ ਭੇਜਿਆ ਗਿਆ। ਅਨੇਕਾਂ ਇਲਾਕੇ .ਫਤਿਹ ਕਰਨ ਤੋਂ ਬਾਅਦ ਚੱਪੜਚਿੜੀ ਦੇ ਮੈਦਾਨ ਵਿੱਚ ਸੂਬਾ ਸਰਹੰਦ ਨੂੰ ਲਿਤਾੜ ਕੇ 12 ਮਈ 1710 ਨੂੰ ਸਰਹੰਦ .ਫਤਿਹ ਕੀਤਾ। ਉਹਨਾਂ ਖ਼ਾਲਸੇ ਦਾ ਅਜਿਹਾ ਰਾਜ ਸਥਾਪਿਤ ਕੀਤਾ ਜਿੱਥੇ ਕੋਈ ਵੀ ਜ਼ੁਲਮ ਦਾ ਨਾਮੋ ਨਿਸ਼ਾਨ ਨਹੀਂ ਸੀ। ਇਹ ਵਿਸ਼ਵ ਦੇ ਇਤਿਹਾਸ 'ਚ ਪਹਿਲੀ ਵਾਰ ਹੋਇਆ ਕਿ ਜਿੱਤਿਆ ਹੋਇਆ ਇਲਾਕਾ ਅਤੇ ਸਾਰੀ ਖੇਤੀ ਯੋਗ ਜ਼ਮੀਨ ਹਾਕਮ ਨੇ ਕਿਸਾਨਾਂ ਵਿੱਚ ਵੰਡ ਦਿੱਤੀ ਅਤੇ ਉਨ੍ਹਾਂ ਨੂੰ ਮਾਲਕਾਨਾ ਹੱਕ ਦਿੱਤਾ। ਇਹ ਲੋਕ ਰਾਜ ਦੀ ਸਥਾਪਨਾ ਸੀ। ਇਸ ਤਰਾਂ ਯੂਰਪ ਵਿਚ ਉੱਠਣ ਵਾਲੀਆਂ ਤਮਾਮ ਕ੍ਰਾਂਤੀਆਂ ਤੋਂ ਪਹਿਲਾਂ ਪੰਜਾਬ 'ਚ ਕ੍ਰਾਂਤੀ ਲਿਆ ਕੇ ਵਿਸ਼ਵ ਨੂੰ ਹੱਕ ਸੱਚ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਆਪਣੇ ਰਾਜ ਦਾ ਸਿੱਕਾ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਨਾਮ 'ਤੇ ਜਾਰੀ ਕੀਤਾ। ਉਨ੍ਹਾਂ ਨੂੰ ਭਾਵੇਂ ਰਾਜ ਕਰਨ ਜਾਂ ਜੀਣ ਲਈ ਬਹੁਤਾ ਸਮਾਂ ਨਹੀਂ ਮਿਲਿਆ, ਪਰ ਆਪਣੇ 7-8 ਸਾਲ ਦੇ ਸਮੇਂ ਵਿਚ ਹੀ ਉਹ ਅਜਿਹਾ ਤੂ.ਫਾਨ ਬਣ ਕੇ ਆਇਆ ਕਿ ਜਾਬਰਾਂ-ਜਰਵਾਣਿਆਂ ਨੂੰ ਆਪਣੀਆਂ ਹਕੂਮਤਾਂ ਹੀ ਨਹੀਂ, ਜਾਨਾਂ ਬਚਾਉਣੀਆਂ ਮੁਸ਼ਕਿਲ ਹੋ ਗਈਆਂ ਸਨ। ਜਿੱਥੇ ਉਹ ਮੈਦਾਨ-ਏ-ਜੰਗ ਵਿਚ ਬੜੀ ਸੂਰਮਗਤੀ ਨਾਲ ਲੜਿਆ ਤੇ ਬਿਨਾ ਕਿਸੇ ਟਰੇਂਡ .ਫੌਜ ਦੇ ਆਮ ਲੋਕਾਂ ਦੀ ਮਦਦ ਨਾਲ ਜਿੱਤਾਂ ਹਾਸਲ ਕੀਤੀਆਂ।

ਪਕੜੇ ਜਾਣ ਤੋਂ ਬਾਅਦ ਜਦੋਂ ਬੰਦਾ ਸਿੰਘ ਬਹਾਦਰ ਨੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਮੁ.ਗਲਾਂ ਨੇ ਉਨ੍ਹਾਂ ਨੂੰ ਤਸੀਹੇ ਦਿੱਤੇ, ਪੁੱਤਰ ਅਜੈ ਸਿੰਘ ਦਾ ਕਲੇਜਾ ਕੱਢ ਕੇ ਬੰਦੇ ਦੇ ਮੂੰਹ 'ਚ ਪਾਇਆ ਗਿਆ ਅਤੇ ਬਾਅਦ ਵਿਚ ਉਸ ਦਾ ਸਿਰ ਕਲਮ ਕਰ ਦਿੱਤਾ ਗਿਆ। ਇਸ ਤਰਾਂ ਉਨ੍ਹਾਂ ਬੜੀ ਬਹਾਦਰੀ ਨਾਲ ਖਿੜੇ ਮੱਥੇ ਸ਼ਹਾਦਤ ਵੀ ਪ੍ਰਾਪਤ ਕੀਤੀ। ਅਸੀਂ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਅਤੇ ਕੁਰਬਾਨੀ ਨੂੰ ਲੱਖ-ਲੱਖ ਵਾਰ ਸਿੱਜਦਾ ਕਰਦੇ ਹਾਂ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨੇ ਸਿੱਖਾਂ ਨੂੰ ਮੁ.ਗਲ ਸ਼ਾਸਕਾਂ ਅਤੇ ਅਬਦਾਲੀ ਵਰਗੇ ਹਮਲਾਵਰਾਂ ਵਿਰੁੱਧ ਲੜਨ ਲਈ ਪ੍ਰੇਰਿਤ ਕੀਤਾ।

18ਵੀਂ ਸਦੀ ਦੌਰਾਨ ਭਾਰਤ ਵਿੱਚ ਮੁ.ਗਲ ਸ਼ਾਸਕਾਂ ਨੇ ਹਿੰਦੂਆਂ ਅਤੇ ਸਿੱਖਾਂ 'ਤੇ ਭਾਰੀ ਹਿੰਸਾ ਕੀਤੀ, ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਨੂੰ ਕੁਚਲਿਆ, ਉਨ੍ਹਾਂ ਦੀ ਜਾਇਦਾਦ ਲੁੱਟਣ ਤੋਂ ਇਲਾਵਾ ਹਰ ਤਰਾਂ ਜੁਰਮ ਕੀਤਾ । ਇਸ ਦਮਨਕਾਰੀ ਸ਼ਾਸਨ ਦਾ ਪੰਜਾਬ 'ਚ ਸਿੱਖਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ। ਸਿੱਖ ਸਰਦਾਰਾਂ ਨੇ ਮਿਸਲਾਂ ਦੇ ਰੂਪ ਵਿੱਚ ਰਾਖੀ ਪ੍ਰਣਾਲੀ ਸ਼ੁਰੂ ਕਰਦਿਆਂ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ। ਇਸ ਦੌਰ 'ਚ ਸ: ਜੱਸਾ ਸਿੰਘ ਆਹਲੂਵਾਲੀਆ, ਸ. ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ, ਸ: ਬਘੇਲ ਸਿੰਘ ਆਦਿ ਜਰਨੈਲ ਪੰਜਾਬੀ ਸਮਾਜ ਲਈ ਸਤਿਕਾਰ ਤੇ ਪਿਆਰ ਦੇ ਲਖਾਇਕ ਸਨ। ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ਾਲ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ-ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਬੰਦਾ ਬਹਾਦਰ ਦੀ ਵਿਰਾਸਤ ਨੂੰ ਦ੍ਰਿੜ੍ਹਤਾ ਤੇ ਜ਼ੋਰਦਾਰ ਢੰਗ ਨਾਲ ਅੱਗੇ ਵਧਾਇਆ ਅਤੇ ਸ਼ੇਰ-ਏ-ਪੰਜਾਬ ਦੇ ਰੂਪ ਵਿਚ ਪਹਿਲੇ ਸਿੱਖ ਸਮਰਾਟ ਅਤੇ ਭਾਰਤ ਵਿੱਚ ਸਿੱਖ ਸਾਮਰਾਜ ਦੇ ਸੰਸਥਾਪਕ ਵਜੋਂ ਆਪਣਾ ਸਥਾਨ ਬਣਾਇਆ। ਉਸ ਨੇ ਸਿਰ.ਫ 17 ਸਾਲ ਦੀ ਉਮਰ ਵਿੱਚ, ਅ.ਫ.ਗਾਨ ਧਾੜਵੀਆਂ ਨੂੰ ਭਾਰਤ 'ਤੇ ਹਮਲਾ ਕਰਨ ਤੋਂ ਰੋਕਣ ਲਈ ਅਹਿਮਦ ਸ਼ਾਹ ਅਬਦਾਲੀ ਦੇ ਪੋਤੇ ਜ਼ਮਾਨ ਸ਼ਾਹ ਦੁਰਾਨੀ ਵਿਰੁੱਧ ਲੜਾਈ ਦੀ ਅਗਵਾਈ ਕੀਤੀ। ਦੁਰਾਨੀ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਦੋ ਤੋਂ ਵੱਧ ਵਾਰ ਹਰਾਇਆ ਸੀ। ਬਿਨਾਂ ਸ਼ੱਕ ਜੇਤੂ ਹੋਣ ਦੇ ਬਾਅਦ ਮਹਾਰਾਜੇ ਨੇ ਸਿੱਖ ਸਾਮਰਾਜ ਨੂੰ ਸਫਲਤਾਪੂਰਵਕ ਮਜ਼ਬੂਤ ਤੇ ਵਿਸਥਾਰ ਕੀਤਾ ਸੀ। ਉਸ ਦੇ ਰਾਜ ਦੌਰਾਨ, ਪੰਜਾਬ ਇਕ ਵਿਸ਼ਾਲ ਖੇਤਰ 'ਚ ਫੈਲਿਆ ਹੋਇਆ ਸੀ, ਜਿਸ ਵਿੱਚ ਅਜੋਕੇ ਪਾਕਿਸਤਾਨ, ਅ.ਫ.ਗਾਨਿਸਤਾਨ ਅਤੇ ਚੀਨ ਦੇ ਹਿੱਸੇ ਸ਼ਾਮਲ ਸਨ।

ਪੂਰਵ ਅਜ਼ਾਦੀ ਸੰਘਰਸ਼-ਸੁਤੰਤਰਤਾ ਸੰਗਰਾਮ ਤੋਂ ਬਹੁਤ ਪਹਿਲਾਂ, ਅੰਗਰੇਜ਼ਾਂ ਉੱਤੇ ਹਮਲਾ ਕਰਨ ਲਈ ਸਿੱਖ ਯੋਧਿਆਂ ਦੁਆਰਾ ਸਤਲੁਜ ਦਰਿਆ ਨੂੰ ਪਾਰ ਕਰਨਾ, ਭਾਰਤ ਵਿੱਚ ਬਸਤੀਵਾਦ ਦੇ ਵਿਰੋਧ ਦਾ ਪ੍ਰਤੀਕ ਸੀ। ਸ਼ੇਰੇ ਪੰਜਾਬ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਉੱਤਰਾਧਿਕਾਰੀ ਅਯੋਗ ਸ਼ਾਸਕਾਂ ਦੇ ਕਾਰਨ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ 'ਚ ਚਲੇ ਜਾਣ ਦੇ ਤੁਰੰਤ ਬਾਅਦ ਆਜ਼ਾਦੀ ਲਈ ਸੰਘਰਸ਼ ਦੀ ਪ੍ਰਜ੍ਵਲਿਤ ਲੋਅ ਪੰਜਾਬ 'ਚ ਦੇਖਣ ਨੂੰ ਮਿਲਦੀ ਹੈ।

ਕੁਝ ਲੋਕ 1857 ਦੀ ਬ.ਗਾਵਤ ਨੂੰ ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ ਮੰਨਦੇ ਹੋਣ, ਪਰ ਅਸਲ ਵਿੱਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਹਕੂਮਤ ਤੋਂ ਆਜ਼ਾਦੀ ਲਈ ਪਹਿਲੀ ਜੰਗ "ਪਿਆਰ ਨਾਲ ਇਹ ਕਰਨ .ਗੁਲਾਮੀ, .. ਪਰ ਟੈਂ ਨਾ ਮੰਨਦੇ ਕਿਸੇ ਦੀ" ਵਾਲੇ ਪੰਜਾਬੀ ਸੁਭਾਅ ਤੇ ਬਿਰਤੀ ਵਾਲੇ ਪੰਜਾਬੀ ਹਿੰਦੂ ਸਪੂਤ ਦੀਵਾਨ ਮੂਲ ਰਾਜ ਦੀ ਅਗਵਾਈ ਵਿੱਚ ਪੰਜਾਬ ਦੇ ਮੁਲਤਾਨ 'ਚ 18 ਅਪ੍ਰੈਲ 1848 ਤੋਂ 22 ਜਨਵਰੀ 1849 ਤੱਕ, ਅੰਗਰੇਜ਼ਾਂ ਨੂੰ ਜ਼ਬਰਦਸਤ ਸੈਨਿਕ ਟੱਕਰ ਦਿੰਦਿਆਂ ਲੜੀ ਗਈ ਸੀ। ਦੀਵਾਨ ਮੂਲ ਰਾਜ ਮੁਲਤਾਨ ਦੀ ਗਵਰਨਰੀ ਤੋਂ ਅਸਤੀ.ਫਾ ਦੇ ਚੁੱਕਿਆ ਸੀ। ਨਿਰਸੰਦੇਹ ਉਸ ਦੀ ਲੜਾਈ ਕੇਵਲ ਦੇਸ਼ ਕੌਮ ਲਈ ਸੀ। ਇਸੇ ਸਮੇਂ ਬ.ਗਾਵਤ ਦਾ ਝੰਡਾ ਬੁਲੰਦ ਕਰਨ ਵਾਲਿਆਂ 'ਚ ਰਾਜਾ ਸ਼ੇਰ ਸਿੰਘ, ਸ: ਚਤਰ ਸਿੰਘ ਅਟਾਰੀ ਵਾਲਾ, ਭਾਈ ਮਹਾਰਾਜ ਸਿੰਘ ਨੌਰੰਗਾਬਾਦ ( 5, ਜੁਲਾਈ 1856 ਨੂੰ ਸ਼ਹੀਦ ) ਵੀ ਸ਼ਾਮਲ ਸਨ।

ਅਜ਼ਾਦੀ ਸੰਘਰਸ਼ 'ਚ ਪੰਜਾਬ ਦਾ ਯੋਗਦਾਨ-ਪੰਜਾਬ ਦੁਆਰਾ ਅਜ਼ਾਦੀ ਸੰਘਰਸ਼ 'ਚ ਯੋਗਦਾਨ ਦੀ ਗਲ ਕਰੀਏ ਤਾਂ ਅੰਗਰੇਜ਼ਾਂ ਦੇ ਪੂਰਨ ਕਬਜ਼ੇ ਉਪਰੰਤ ਸਿੱਖੀ 'ਚ ਨਿਰੰਕਾਰੀ ਮਤ ( ਬਾਬਾ ਦਿਆਲ ਜੀ 1783- 1854 ਅਤੇ ਨਾਮਧਾਰੀ ਕੂਕਾ ਲਹਿਰ, ਭਾਈ ਬਾਲਕ ਸਿੰਘ 1799- 1862 ਈ) ਦੇ ਰੂਪ 'ਚ ਸਮਾਜਿਕ-ਧਾਰਮਿਕ ਸੁਧਾਰਵਾਦੀ ਲਹਿਰਾਂ ਨੇ ਜਨਮ ਲਿਆ।

ਨਾਮਧਾਰੀਆਂ ਦੀ ਅੱਗੇ ਚੱਲ ਕੇ ਬਾਬਾ ਰਾਮ ਸਿੰਘ ਜੀ (ਪੰਜਾਬ ਦੇ ਪਿੰਡ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ) ਦੀ ਅਗਵਾਈ 'ਚ ਆਜ਼ਾਦੀ ਦੀ ਇਕ ਹੋਰ ਅਜਿਹੀ ਲਾਟ ਪ੍ਰਜ੍ਵਲਿਤ ਹੋਈ, ਜਿਸ ਦੀ 'ਨਾ ਮਿਲਵਰਤਨ' ਲਹਿਰ ਨੇ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਸਨ। ਧਾਰਮਿਕ ਲਹਿਰ ਹੋਣ ਦੇ ਬਾਵਜੂਦ ਇਸ ਦਾ ਮੁੱਖ ਨਿਸ਼ਾਨਾ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਤੇ ਆਪਣੀ ਮਾਤ-ਭੂਮੀ ਨੂੰ ਮੁਕਤ ਕਰਾਉਣਾ ਸੀ। ਇਹ ਪਹਿਲੀ ਵਾਰ ਸੀ ਕਿ 68 ਕੂਕਿਆਂ ਨੂੰ ਤੋਪਾਂ ਦੇ ਮੂੰਹ ਅੱਗੇ ਬੰਨ੍ਹ ਕੇ ਉਡਾ ਦਿੱਤਾ ਗਿਆ। ਸੰਨ 1884 ਵਿਚ ਜਲਾਵਤਨੀ ਦੇ ਦੌਰਾਨ ਬਾਬਾ ਰਾਮ ਸਿੰਘ ਜੀ ਦਾ ਦੇਹਾਂਤ ਹੋ ਗਿਆ ਸੀ।

ਵੀਹਵੀਂ ਸਦੀ ਦੇ ਸ਼ੁਰੂਆਤ ਦੌਰਾਨ 1907 'ਚ ਬਰਤਾਨੀਆ ਦੇ ਖ਼ਿਲਾ.ਫ ਪੰਜਾਬ ਵਿਚ ਇਕ ਜ਼ਬਰਦਸਤ ਕਿਸਾਨ ਅੰਦੋਲਨ ਨੇ ਜਨਮ ਲਿਆ। ਜਿਸ ਨੇ ਅੰਗਰੇਜ਼ ਸਰਕਾਰ ਵੱਲੋਂ ਨਹਿਰੀ ਜ਼ਮੀਨਾਂ ਉੱਪਰ ਵਧਾਏ ਗਏ ਮਾਲੀਏ ਦਾ ਵਿਰੋਧ ਕੀਤਾ।

ਅਮਰੀਕਾ ਦੀ ਧਰਤੀ 'ਤੇ ਭਾਰਤੀਆਂ ਨਾਲ ਹੁੰਦੇ ਮਾੜੇ ਸਲੂਕ ਅਤੇ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਇੱਛਾ ਨੇ 1913 ਵਿਚ ਇਕ ਸ਼ਕਤੀਸ਼ਾਲੀ 'ਗੱਦਰ ਲਹਿਰ' ਨੂੰ ਜਨਮ ਦਿੱਤਾ। ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ,ਸਕੱਤਰ ਲਾਲਾ ਹਰਦਿਆਲ ਅਤੇ ਕਰਤਾਰ ਸਿੰਘ ਸਰਾਭਾ ਦੀ ਮਨਸ਼ਾ ਹਿੰਦੁਸਤਾਨ ਵਿਚ ਹਥਿਆਰਬੰਦ ਕ੍ਰਾਂਤੀ ਲਿਆ ਕੇ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਸੀ। 1914 ਦਾ ਕਾਮਾ ਗਾਟਾ ਮਾਰੂ ਜਹਾਜ਼ ਦਾ ਦੁਖਾਂਤ ਵੀ ਇਸੇ ਲਹਿਰ ਦਾ ਇਕ ਹਿੱਸਾ ਸੀ।

1919 ਨੂੰ ਅੰਮ੍ਰਿਤਸਰ ਵਿਚ ਵਰਤਾਏ ਗਏ ਜਲਿਆਂ ਵਾਲੇ ਬਾ.ਗ ਦੇ ਸਾਕੇ ਨੇ ਸਾਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ। ਇਸੇ ਦੌਰਾਨ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਸਮੇਤ ਹੋਰਨਾਂ ਗੁਰਦੁਆਰਿਆਂ ਦੀ ਸੰਭਾਲ ਲਈ 15 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਫਿਰ 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਕੀਤਾ ਗਿਆ, ਮੈ ਮਰਾਂ ਪੰਥ ਜੀਵੇਂ ਦੇ ਧਾਰਨੀਆਂ ਨੇ ਗੁਰਦੁਆਰਾ ਸੁਧਾਰ ਲਹਿਰ ਦੇ ਨਾਲ ਨਾਲ ਦੇਸ਼ ਦੀ ਅਜ਼ਾਦੀ ਲਈ ਵੀ ਅਹਿਮ ਰੋਲ ਅਦਾ ਕੀਤਾ।

ਪੰਜਾਬ ਨੇ ਮਹਾਤਮਾ ਗਾਂਧੀ ਦੇ ਨਾ ਮਿਲਵਰਤਨ ਲਹਿਰ ਤੋਂ ਇਲਾਵਾ ਕਾਂਗਰਸ ਵੱਲੋਂ ਚਲਾਈਆਂ ਗਈਆਂ ਆਜ਼ਾਦੀ ਲਹਿਰਾਂ 'ਚ ਅਹਿਮ ਯੋਗਦਾਨ ਪਾਇਆ। ਅਜ਼ਾਦੀ ਦੀ ਲਹਿਰ 'ਚ ਯੋਗਦਾਨ ਪਾਉਣ ਵਾਲਿਆਂ 'ਚ ਸ਼ਹੀਦ ਮਦਦ ਲਾਲ ਖੁਰਾਨਾ, ਸ਼ਹੀਦ ਭਗਤ ਸਿੰਘ, ਸ਼ਹੀਦ ਰਾਜ ਗੁਰੂ, ਸ਼ਹੀਦ ਸੁਖਦੇਵ, ਲਾਲਾ ਲਾਜਪਤ ਰਾਏ, ਚਾਚਾ ਅਜੀਤ ਸਿੰਘ ਅਜਿਹੇ ਨਾਮ ਹਨ ਜਿਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ।

ਅਜ਼ਾਦੀ ਉਪਰੰਤ ਦਾ ਪੰਜਾਬ-ਆਜ਼ਾਦੀ ਪ੍ਰਾਪਤੀ ਨਾਲ ਹੀ ਪੰਜਾਬ ਨੂੰ ਭਾਰੀ ਜਾਨੀ ਮਾਲੀ ਨੁਕਸਾਨ ਸਹਿਣਾ ਪਿਆ। ਲੱਖਾਂ ਲੋਕ ਮਾਰੇ ਗਏ ਅਤੇ ਬੇਘਰ ਹੋਏ, ਜ਼ਮੀਨ ਜਾਇਦਾਦ ਅਤੇ ਜਾਨ ਤੋਂ ਵੱਧ ਪਿਆਰੇ ਗੁਰਦੁਆਰੇ ਅਤੇ ਮੰਦਿਰ ਪਾਕਿਸਤਾਨ ਵਿੱਚ ਛੱਡ ਕੇ ਆਏ।

'47 ਚ ਹੀ ਕਸ਼ਮੀਰ ਵਾਦੀ ਨੂੰ ਬਚਾਉਣ ਲਈ ਲੜੇ, 1962, 65, 71 ਅਤੇ 1999 ਵਿੱਚ ਕਾਰਗਿਲ ਦੀ ਲੜਾਈਆਂ ਵਿੱਚ ਵੀ ਪੰਜਾਬੀ ਅਤੇ ਸਿੱਖ .ਫੌਜਾਂ ਯੁੱਧ ਦੇ ਮੈਦਾਨ ਵਿੱਚ ਹਮੇਸ਼ਾਂ ਮੂਹਰੇ ਰਹੀਆਂ। ਇਸ ਸਭ ਦੇ ਪਿੱਛੇ ਗੁਰੂ ਤੇ.ਗ ਬਹਾਦਰ ਸਾਹਿਬ ਦੀ ਤੇ ਗੁਰੂ ਅਰਜਨ ਦੇਵ ਜੀ ਸਮੇਤ ਅਨੇਕਾਂ ਸ਼ਹੀਦਾਂ ਦੀ ਪ੍ਰੇਰਨਾ ਅਤੇ ਚੇਤਨ ਅਵਚੇਤਨ ਕੰਮ ਕਰ ਰਹੀ ਸੀ।

# ਵਿਦੇਸ਼ਾਂ ਵਿਚ ਵਿਗੜ ਰਿਹਾ ਪੰਜਾਬੀਆਂ ਦਾ ਅਕਸ

ਪ੍ਰੋ. ਕੁਲਬੀਰ ਸਿੰਘ
9417153513



ਜਦ 2010 ਵਿਚ ਮੈਂ ਆਸਟਰੇਲੀਆ ਘੁੰਮਣ ਫਿਰਨ ਗਿਆ ਤਾਂ ਰੋਜ਼ਾਨਾ ਅਜੀਤ ਦੇ ਪ੍ਰਤੀਨਿਧ ਸਰਤਾਜ ਸਿੰਘ ਧੌਲ ਨੇ ਦੱਸਿਆ ਕਿ ਪੰਜਾਬ ਦੇ ਖਾਂਦੇ-ਪੀਂਦੇ ਘਰਾਂ ਦੇ ਮੁੰਡੇ ਇਥੇ ਆ ਕੇ ਬੜੀ ਹੁੱਲੜਬਾਜ਼ੀ ਕਰਦੇ ਹਨ। ਨਿਯਮ- ਕਾਨੂੰਨ ਤੋੜਦੇ ਹਨ। ਮਨ ਮਰਜ਼ੀ ਕਰਦੇ ਹਨ। ਲੜਾਈ ਝਗੜਿਆਂ ਵਿਚ ਲੱਗੇ ਰਹਿੰਦੇ ਹਨ। ਉਨ੍ਹਾਂ ਦੇ ਇੰਝ ਕਰਨ ਨਾਲ ਸਾਰੇ ਪੰਜਾਬੀਆਂ ਦਾ ਅਕਸ ਵਿਗੜਦਾ ਹੈ। ਸਥਾਨਕ ਲੋਕਾਂ ਵਿਚ ਬੁਰਾ ਪ੍ਰਭਾਵ ਜਾਂਦਾ ਹੈ। ਅੱਜ ਪੰਦਰਾਂ ਸਾਲਾਂ ਬਾਅਦ 2025 ਵਿਚ ਸਾਰੇ ਮੁਲਕਾਂ ਵਿਚੋਂ ਇਹ ਆਵਾਜ਼ਾਂ ਆ ਰਹੀਆਂ ਹਨ। ਵਿਦੇਸ਼ਾਂ ਵਿਚ ਲਗਾਤਾਰ ਪੰਜਾਬੀਆਂ ਦਾ ਅਕਸ ਵਿਗੜ ਰਿਹਾ ਹੈ ਇਸਦੇ ਬਹੁਤ ਸਾਰੇ ਕਾਰਨ ਹਨ।

ਸੰਤੁਲਿਤ ਤੇ ਮਿਆਰੀ ਵਿਚਾਰ ਪੇਸ਼ ਕਰਨ ਵਾਲੇ ਚਲੰਤ ਮਾਮਲਿਆਂ 'ਤੇ ਅਧਾਰਿਤ ਇਕ ਪ੍ਰੋਗਰਾਮ ਵਿਚ ਬੀਤੇ ਦਿਨੀਂ ਇਸ ਮਸਲੇ ਸੰਬੰਧੀ ਵਿਸਥਾਰ ਵਿਚ ਚਰਚਾ ਕੀਤੀ ਗਈ। ਚਰਚਾ ਦਾ ਸਿਰਲੇਖ ਸੀ ਵਿਦੇਸ਼ਾਂ ਵਿਚ ਵਿਗੜ ਰਿਹਾ ਪੰਜਾਬੀਆਂ ਦਾ ਅਕਸ। ਅੱਜ ਕਲ੍ਹ ਦੇਸ਼ ਵਿਦੇਸ਼ ਦੀਆਂ ਪੰਜਾਬੀਆਂ ਅਖਬਾਰਾਂ ਵਿਚ ਪਰਵਾਸੀ ਪੰਜਾਬੀਆਂ ਨਾਲ ਸੰਬੰਧਤ ਪ੍ਰਕਾਸ਼ਿਤ ਖਬਰਾਂ ਵਿਚੋਂ 70 ਪ੍ਰਤੀਸ਼ਤ ਖ਼ਬਰਾਂ ਨਾਂਹ-ਪੱਖੀ ਹੁੰਦੀਆਂ ਹਨ। ਬੁਰੀਆਂ ਆਦਤਾਂ, ਬੁਰਾ ਵਿਹਾਰ, ਲੜਾਈ ਝਗੜਾ, ਕੁੱਟ ਮਾਰ, ਨਿਯਮ ਕਾਨੂੰਨ ਦੀ ਉਲੰਘਣਾ, ਗੈਰ-ਕਾਨੂੰਨੀ ਢੰਗ ਨਾਲ ਵੱਖ-ਵੱਖ ਦੇਸ਼ਾਂ ਵਿਚ ਦਾਖਲਾ, ਦਿਖਾਵਾ, ਐਸ਼ਪ੍ਰਸਤੀ ਅਤੇ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈਣ ਵਰਗੀਆਂ ਖ਼ਬਰਾਂ ਵਿਕਸਤ ਮੁਲਕਾਂ ਦੀਆਂ ਸਰਕਾਰਾਂ, ਪ੍ਰਸ਼ਾਸਨ ਅਤੇ ਪੁਲਿਸ ਵਾਲੇ ਬੜੇ ਸਬਰ, ਬੜੇ ਸਹਿਜ, ਬੜੇ ਤਹੱਮਲ, ਬੜੇ ਸਲੀਕੇ ਤੋਂ ਕੰਮ ਲੈਂਦੇ ਹਨ। ਪਰੰਤੂ ਜਦ ਪਾਣੀ ਸਿਰ ਤੋਂ ਲੰਘ ਜਾਂਦਾ ਹੈ, ਅੱਤ ਹੋ ਜਾਂਦੀ ਹੈ ਤਾਂ ਚੁਸਤੀ ਫੁਰਤੀ ਨਾਲ ਸਖ਼ਤੀ ਵੀ ਬਹੁਤ ਕਰਦੇ ਹਨ।

ਵਿਦੇਸ਼ਾਂ ਵਿਚੋਂ ਪੰਜਾਬੀਆਂ ਬਾਰੇ ਹਮੇਸ਼ਾ ਚੰਗੀਆਂ, ਮਾਣ-ਤਾਣ ਵਾਲੀਆਂ ਖ਼ਬਰਾਂ ਆਉਂਦੀਆਂ ਸਨ ਪਰੰਤੂ ਵੇਖਦੇ-ਵੇਖਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਇਹ ਬੇਹੱਦ ਚਿੰਤਾ ਵਾਲੀ ਗੱਲ ਹੈ। ਪੰਜਾਬੀ ਮਿਹਨਤ, ਇਮਾਨਦਾਰੀ ਲਈ ਜਾਣੇ ਜਾਂਦੇ ਸਨ। ਰੇਲਗੱਡੀ ਦੇ ਜਿਸ ਡੱਬੇ ਵਿਚ ਕੋਈ ਸਰਦਾਰ ਬੈਠਾ ਹੋਵੇ ਉਥੇ ਔਰਤਾਂ ਖੁਦ ਨੂੰ ਸੁਰੱਖਿਅਤ ਸਮਝਦੀਆਂ ਸਨ।

ਪੰਜਾਬ ਦੀ ਧਰਤੀ ਤੋਂ ਸਮੇਂ-ਸਮੇਂ ਵੱਖ-ਵੱਖ ਉੱਠਦੀਆਂ ਰਹੀਆਂ। ਪੰਜਾਬੀ ਉਨ੍ਹਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਜ਼ੁਰਮ ਅਤੇ ਵਧੀਕੀ ਵਿਰੁੱਧ ਖੜ੍ਹੇ ਹੋਣਾ ਪੰਜਾਬੀਆਂ ਦਾ ਸੁਭਾਅ ਰਿਹਾ ਹੈ। ਇਸੇ ਸਦਕਾ ਭਾਰਤ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਪੰਜਾਬੀਆਂ ਨੂੰ ਅਣਖ ਅਤੇ ਇੱਜ਼ਤ ਵਾਲੇ ਲੋਕਾਂ ਵੱਲੋਂ ਜਾਣਿਆ ਜਾਂਦਾ ਰਿਹਾ ਹੈ। ਪਰ ਅੱਜ ਸਮਾਂ ਬਦਲ ਗਿਆ ਹੈ। ਰੋਜ਼ ਗੋਲੀਆਂ ਚੱਲ ਰਹੀਆਂ ਹਨ। ਲੜਾਈ ਝਗੜੇ ਹੋ ਰਹੇ ਹਨ। ਕਦੇ ਅਜਿਹੀਆਂ ਖ਼ਬਰਾਂ ਯੂ.ਪੀ., ਬਿਹਾਰ ਤੋਂ ਆਉਂਦੀਆਂ ਸਨ। ਅੱਜ ਪੰਜਾਬੀ ਉਨ੍ਹਾਂ ਲੀਹਾਂ 'ਤੇ ਚੱਲ ਪਏ ਹਨ। ਇਹ ਸਾਰਾ ਸਿਲਸਲਾ ਇਥੇ ਤੱਕ ਸੀਮਤ ਨਹੀਂ ਰਿਹਾ। ਪੰਜਾਬੀ ਜਿਹੜੇ ਜਿਹੜੇ ਮੁਲਕ ਵਿਚ ਗਏ ਇਹ ਸਾਰਾ ਕੁਝ ਹੁਣ ਉਥੇ ਵਾਪਰ ਰਿਹਾ ਹੈ।

ਅਮਰੀਕਾ ਵਿਚ 12 ਪੰਜਾਬੀਆ ਨੂੰ ਗ੍ਰਿਫਤਾਰ ਕੀਤਾ ਗਿਆ ਕਿਉਂਕਿ ਉਨ੍ਹਾਂ ਨੇ ਰਲ ਕੇ ਇਕ ਅਜਿਹੀ ਕੰਪਨੀ ਖੋਲ੍ਹੀ ਜਿਹੜੀ ਲੋਕਾਂ ਦਾ ਤਰ੍ਹਾਂ-ਤਰ੍ਹਾਂ ਦਾ ਸਮਾਨ ਇਕ ਥਾਂ ਤੋਂ ਦੂਸਰੀ ਥਾਂ ਪਹੁੰਚਾਉਣ ਦੀ ਜ਼ਿੰਮੇਵਾਰੀ ਲੈਂਦੀ ਸੀ। ਉਹ ਲੋਕਾਂ ਕੋਲੋਂ ਸਮਾਨ ਲੈ ਤਾਂ ਲੈਂਦੇ ਪਰੰਤੂ ਪਹੁੰਚਾਉਂਦੇ ਨਹੀਂ ਸਨ। ਆਪਣੇ ਕੋਲ ਹੀ ਰੱਖ ਲੈਂਦੇ ਸਨ। ਇਹ ਧੰਦਾ ਆਖਰ ਕਿੰਨੀ ਦੇਰ ਚੱਲਦਾ? ਅਖੀਰ ਪੁਲਿਸ ਦੇ ਅੜਿੱਕੇ ਆ ਗਏ ਅਤੇ ਪੰਜਾਬੀ ਭਾਈਚਾਰੇ ਦੀ ਖੂਬ ਬਦਨਾਮੀ ਹੋਈ।

ਅੱਜ ਸਮੁੱਚਾ ਮਾਹੌਲ ਪਰਵਾਸੀ ਪੰਜਾਬੀਆਂ ਦੇ ਖਿਲਾਫ਼ ਬਣਿਆ ਹੋਇਆ ਹੈ ਪਰੰਤੂ ਕੋਈ ਬੁੱਧੀਜੀਵੀ, ਕੋਈ ਲੇਖਕ ਇਸ ਸੰਬੰਧ ਵਿਚ ਗੱਲ ਨਹੀਂ ਕਰ ਰਿਹਾ। ਨੌਜਵਾਨਾਂ ਨੂੰ, ਮਾਪਿਆਂ ਨੂੰ ਇਨ੍ਹਾਂ ਪੱਖਾਂ ਤੋਂ ਹੁਣ ਹੋਰ ਵਧੇਰੇ ਚੌਕਸ ਰਹਿਣ ਦੀ ਲੋੜ ਹੈ। ਚੰਗੇ ਸੰਸਕਾਰ, ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਸਿਖਾਉਣ ਅਪਨਾਉਣ ਦੀ ਜ਼ਰੂਰਤ ਹੈ। ਵਿਦੇਸ਼ਾਂ ਵਿਚ ਬਹੁਤ ਸਾਰੇ ਪੰਜਾਬੀ ਲਗਾਤਾਰ ਸਮਾਜ ਵਿਰੋਧੀ ਗਤੀਵਿਧੀਆਂ ਵਿਚ ਲੱਗੇ ਹੋਏ ਹਨ ਜਿਸ ਨਾਲ ਪੰਜਾਬੀਆਂ ਦਾ, ਪਰਵਾਸੀਆਂ ਦਾ ਅਕਸ ਦਿਨੋ ਦਿਨ ਹਰ ਵਿਗੜ ਰਿਹਾ ਹੈ। ਜੇ ਅਜਿਹਾ ਜਾਰੀ ਰਹਿੰਦਾ ਹੈ ਤਾਂ ਭਵਿੱਖ ਵਿਚ ਪੰਜਾਬੀਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਉਂਕਿ ਉਥੋਂ ਦੀਆਂ ਸਰਕਾਰਾਂ ਦਾ, ਸਥਾਨਕ ਲੋਕਾਂ ਦਾ, ਪੁਲਿਸ ਦਾ ਸਬਰ ਦਾ ਪਿਆਲਾ ਨੱਕੋ ਨੱਕ ਭਰ ਚੁੱਕਾ ਹੈ।

ਪਰਵਾਸੀ ਨਾਲ ਜੁੜੀ ਅਮਰੀਕਾ ਦੀ ਸਖ਼ਤੀ ਸੰਬੰਧੀ ਆਪਾਂ ਰੋਜ਼ਾਨਾ ਪੜ੍ਹਦੇ, ਸੁਣਦੇ, ਵੇਖਦੇ ਹਾਂ। ਕੈਨੇਡਾ ਵੀ ਸਖ਼ਤ ਕਦਮ ਚੁੱਕਣ ਦੇ ਰੌਅ ਵਿਚ ਹੈ। ਬਹੁਤ ਸਾਰੇ ਮੁਲਕਾਂ ਨੇ ਪਹਿਲਾਂ ਹੀ ਸਖ਼ਤ ਰੁਖ਼ ਅਪਨਾਇਆ ਹੋਇਆ ਹੈ। ਇੰਗਲੈਂਡ ਵੀ ਪਰਵਾਸ ਦੇ ਸੰਬੰਧ ਵਿਚ ਡੈਨਮਾਰਕ ਮਾਡਲ ਅਪਨਾਉਣ ਬਾਰੇ ਵਿਚਾਰ ਕਰ ਰਿਹ ਹੈ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਡੈਨਮਾਰਕ ਮਾਡਲ ਦਾ ਅਧਿਐਨ ਕਰਨ ਲਈ ਕੋਪਨਹੈਮਨ ਭੇਜਿਆ ਹੈ। ਡੈਨਮਾਰਕ ਪਰਵਾਸ ਦੇ ਮਾਮਲੇ ਵਿਚ ਯੂਰਪ ਦੇ ਦੇਸ਼ਾਂ ਵਿੱਚੋਂ ਸਭ ਤੋਂ ਸਖ਼ਤ ਹੈ। ਅਮਰੀਕਾ ਨੇ ਬਿਮਾਰ ਲੋਕਾਂ ਨੂੰ ਵੀਜ਼ਾ ਨਾ ਦੇਣ ਦੀ ਗੱਲ ਕਹੀ ਹੈ। ਪੰਜਾਬੀਆਂ ਨੂੰ ਵਿਦੇਸ਼ਾਂ ਵਿਚ ਸਮਝ-ਸਲੀਕੇ ਨਾਲ ਰਹਿਣ ਦਾ ਰਾਹ ਚੁਣਨਾ ਪੈਣਾ ਹੈ। ਵਰਨਾ ਭਵਿੱਖ ਵਿਚ ਵਿਦੇਸ਼-ਉਡਾਰੀ ਕੇਵਲ ਸੁਪਨਾ ਬਣ ਕੇ ਰਹਿ ਜਾਵੇਗੀ। ਕਿਉਂਕਿ ਉਥੋਂ ਦੀਆਂ ਸਰਕਾਰਾਂ ਇਹ ਕਹਿਣ ਲਈ ਮਜਬੂਰ ਹੋ ਗਈਆਂ ਹਨ ਕਿ ਜੇਕਰ ਇਹ ਕੁਝ ਕਰਨਾ ਹੈ ਤਾਂ ਆਪਣੇ ਮੁਲਕਾਂ ਵਿਚ ਜਾ ਕੇ ਕਰੋ।

********

# ਵਿਚਾਰ ਬਨਾਮ ਵਿਅਕਤੀਤਵ

ਸ਼ਿੰਗਾਰਾ ਸਿੰਘ ਢਿੱਲੋਂ



ਪ੍ਰਸਿੱਧ ਵਿਦਵਾਨ ਐਮਰਸਨ ਕਹਿੰਦਾ ਹੈ ਕਿ, "ਕਿਸੇ ਮਨੁੱਖ ਦਾ ਵਿਅਕਤਿਤਵ ਉਸ ਦੇ ਦਿਨ ਭਰ ਦੇ ਵਿਚਾਰਾਂ ਤੋਂ ਜਾਣਿਆਂ ਜਾ ਸਕਦਾ ਹੈ ਕਿਉਂਕਿ ਦੁਨੀਆ ਦੇ ਕਿਸੇ ਵੀ ਵਿਅਕਤੀ ਦਾ ਵਿਅਕਤਿਤਵ ਉਸ ਦੇ ਵਿਚਾਰਾਂ ਤੋਂ ਵੱਖਰਾ ਹੋ ਹੀ ਨਹੀਂ ਸਕਦਾ।" ਰੋਮਨ ਸਾਮਰਾਜ 'ਤੇ ਸ਼ਾਸ਼ਨ ਕਰਨ ਵਾਲਾ ਮਹਾਨ ਦਾਰਸ਼ਨਿਕ ਮਰਕਸ਼ ਉਰੇਲਿਅਸ ਕਹਿੰਦਾ ਹੈ ਕਿ, "ਸਾਡਾ ਜੀਵਨ ਵੈਸਾ ਹੀ ਹੁੰਦਾ ਹੈ ਜਿਸ ਤਰਾਂ ਦਾ ਸਾਡੇ ਵਿਚਾਰ ਉਸਨੂੰ ਬਣਾਉਂਦੇ ਹਨ।" ਉਕਤ ਵਿਚਾਰਾਂ ਦੀ ਪੁਸ਼ਟੀ ਵਿਚ ਪੰਜਾਬੀ ਚ ਇਕ ਬੜੀ ਢੁਕਵੀਂ ਅਖਾਣ ਪ੍ਰਚਲਿਤ ਹੈ ਕਿ 'ਚੋਰ ਨੂੰ ਸਾਰੀ ਦੁਨੀਆ ਚੋਰ ਤੇ ਸਾਧ ਨੂੰ ਸਾਰੀ ਦੁਨੀਆ ਸਾਧ ਹੀ ਨਜ਼ਰ ਆਉਦੀ ਹੈ।'

ਮੁੱਕਦੀ ਗੱਲ ਇਹ ਹੈ ਕਿ ਜੇਕਰ ਸਾਡੀ ਸੋਚ ਦੀ ਦਿਸ਼ਾ ਸਕਾਰਾਕਮਕ ਹੈ ਤਾਂ ਦੇਰ ਸਵੇਰ ਨਤੀਜੇ ਵੀ ਸਕਾਰਾਤਮਕ ਹੀ ਮਿਲਦੇ ਰਹਿਣਗੇ। ਨਾਹਵਾਚਕ ਜਾਂ ਪਿਛਾਹਖਿਚੂ ਵਿਚਾਰਾਂ ਨਾਲ ਜੇਕਰ ਕੋਈ ਪ੍ਰਾਪਤੀ ਦੀ ਆਸ ਕਰਦਾ ਹੈ ਤਾਂ ਉਹ ਕੋਈ ਸਿਰੇ ਦਾ ਮੂਰਖ ਤੇ ਉਜੱਡ ਹੀ ਹੋ ਸਕਦਾ ਹੈ। ਦੁਖਦਾਈ ਵਿਚਾਰਾਂ ਨਾਲ ਦੁੱਖ ਹੀ ਮਿਲੇਗਾ। ਡਰਾਉਣੇ ਵਿਚਾਰ ਰੱਖਦੇ ਹਾਂ ਤਾਂ ਹਮੇਸ਼ਾ ਭੈਭੀਤ ਹੀ ਰਹਾਂਗੇ। ਜੇਕਰ ਆਤਮ ਗਿਲਾਨੀ ਵਿੱਚ ਰਹਾਂਗੇ ਤਾਂ ਕੋਈ ਵੀ ਸਾਡੇ ਨੇੜੇ ਨਹੀਂ ਆਏਗਾ, ਲੋਕ ਹਮੇਸ਼ਾ ਸਾਥੋਂ ਬਚਣ ਦੀ ਕੋਸ਼ਿਸ਼ ਕਰਨਗੇ।



ਇਸ ਵਾਸਤੇ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਸਮੇਂ ਸਮੇਂ ਆਤਮ ਮੰਥਨ ਕਰੋ, ਆਪਣੇ ਵਿਚਾਰਾਂ ਬਾਰੇ ਸੋਚੋ ਤੇ ਜੇਕਰ ਸੋਚ ਦੀ ਦਿਸ਼ਾ ਬਦਲਣ ਦੀ ਲੋੜ ਹੈ ਤਾਂ ਇਸ ਪਾਸੇ ਧਿਆਨ ਦਿਓ। ਹਮੇਸ਼ਾ ਖਿਆਲ ਰੱਖੋ ਕਿ ਕਿਸੇ ਮਨੁੱਖ ਦੀ ਬਾਹਰੀ ਸਰੀਰਕ ਦਿੱਖ ਉਸਦੀ ਸੋਚ ਤੋਂ ਬਹੁਤ ਪ੍ਰਭਾਵਿਤ ਹੁੰਦੀ ਹੈ, ਜਿਸ ਦਾ ਅਰਥ ਇਹ ਹੈ ਕਿ ਜੋ ਗੱਲਾਂ ਅਸੀਂ ਆਮ ਲੋਕਾਈ ਤੋਂ ਲੁਕਾਉਣ ਦੀ ਕੋਸ਼ਿਸ਼ ਕਰਦੇ ਹਾਂ, ਉਹਨਾਂ ਗੱਲਾਂ ਨੂੰ ਚੇਹਰੇ ਅਤੇ ਸਰੀਰ ਦੇ ਹਾਵ ਭਾਵ ਦੂਸਰਿਆਂ ਨੂੰ ਸਹਿਜੇ ਹੀ ਬਿਆਨ ਕਰ ਜਾਂਦੇ ਹਨ।

ਸਕਾਰਾਤਮਕ ਸੋਚ ਵਾਲੇ ਵਿਅਕਤੀ ਜਿੱਥੇ ਆਪਣੇ ਜੀਵਨ ਵਿੱਚ ਸਫਲ ਤੇ ਖੁਸ਼ ਰਹਿੰਦੇ ਹਨ, ਉਥੇ ਉਹਨਾਂ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦੇ ਜੀਵਨ ਵਿੱਚ ਵੀ ਕਾਫ਼ੀ ਹਾਂ ਵਾਚੀ ਅਸਰ ਪੈਂਦਾ ਹੈ। ਉਹ ਲੋਕ ਚੰਦਨ ਦੀ ਲੱਕੜੀ ਦੀ ਤਰਾਂ ਹੁੰਦੇ ਹਨ ਜੋ ਹਰ ਪਾਸੇ ਖੁਸ਼ਬੂ ਬਿਖੇਰਦੇ ਹਨ, ਗੁਲਾਬ ਹੁੰਦੇ ਹਨ ਜੋ ਮਹਿਕਾਂ ਵੰਡਦੇ ਹਨ। ਉਹਨਾ ਦੀ ਲੋੜ ਹਰ ਥਾਂ ਮਹਿਸੂਸ ਕੀਤੀ ਜਾਂਦੀ ਹੈ। ਸ਼ਾਇਦ ਇਸੇ ਕਾਰਨ ਉਹਨਾਂ ਦਾ ਘੇਰਾ ਬਹੁਤ ਵੱਡਾ, ਸ਼ਖ਼ਸੀਅਤ ਵਿਲੱਖਣ ਹੁੰਦੀ ਹੈ ਤੇ ਵਿਸ਼ਾਲ ਵੀ।

ਸਿਰੇ ਦੀ ਗੱਲ ਇਹ ਹੈ ਕਿ ਵਿਚਾਰ ਤੇ ਸ਼ਖ਼ਸ਼ੀਅਤ ਦਾ ਆਪਸ ਵਿੱਚ ਚੋਲੀ ਦਾਮਨ ਜਾਂ ਫਿਰ ਇੰਜ ਕਹਿ ਲਓ ਕਿ ਨਹੁੰ ਮਾਸ ਦਾ ਰਿਸ਼ਤਾ ਹੁੰਦਾ ਹੈ। ਇਹਨਾਂ ਦੋਹਾਂ ਨੂੰ ਕਦੇ ਵੀ ਨਿਖੇੜਕੇ ਨਹੀਂ ਦੇਖਿਆ ਜਾ ਸਕਦਾ। ਜਿਸ ਦੇ ਵਿਚਾਰ ਸੁਚੱਜੇ ਹਨ, ਉਸ ਦੀ ਸ਼ਖ਼ਸ਼ੀਅਤ ਵੀ ਉੱਚੀ ਹੋਵੇਗੀ ਤੇ ਜਿਸ ਦੀ ਸ਼ਖ਼ਸ਼ੀਅਤ ਉੱਚੀ ਹੋਵੇਗੀ, ਸਮਾਜ ਵਿੱਚ ਉਸਦਾ ਮਾਣ ਸਤਿਕਾਰ ਵੀ ਵੱਡਾ ਹੋਵੇਗਾ।

ਪਰ ਮਨੁੱਖੀ ਫ਼ਿਤਰਤ ਇਹ ਹੈ ਕਿ ਉਹ ਆਪਣੇ ਆਪ ਨੂੰ ਸੋਚ ਪੱਖੋਂ ਸਵਾਰਨ ਸੁਧਾਰਨ ਦੀ ਬਜਾਏ ਦੂਜਿਆ ਚ ਗਲਤੀਆਂ ਲੱਭਦਾ ਹੈ ਤੇ ਉਹਨਾਂ ਨੂੰ ਨਸੀਹਤਾਂ ਤੇ ਬਿਨ ਮੰਗੀਆਂ ਸਲਾਹਾਂ ਦੇਂਦਾ ਹੈ। ਅਜਿਹਾ ਕਰਕੇ ਅਸਲ ਵਿੱਚ ਉਹ ਆਪਣੀ ਹਉਂ ਨੂੰ ਪੱਠੇ ਪਾ ਰਿਹਾ ਹੁੰਦਾ ਹੈ ਜਦ ਕਿ ਅਸਲੋਂ ਅਚੇਤ ਰੂਪ ਚ ਉਹ ਆਪਣੀ ਸ਼ਖਸ਼ੀਅਤ ਨੂੰ ਬੌਨਾ ਕਰ ਰਿਹਾ ਹੁੰਦਾ ਹੈ।

ਸੋ ਸਮੇਂ ਸਮੇਂ ਆਪਣੇ ਵਿਚਾਰਾਂ ਦਾ ਆਤਮ ਮੰਥਨ ਤੇ ਲੋੜ ਮੁਤਾਬਿਕ ਉਹਨਾਂ ਦੀ ਸ਼ੁੱਧੀ ਜਾਂ ਸੋਧ ਕਰ ਲੈਣ ਨਾਲ ਜੀਵਨ ਵਿਚਲੇ ਟੇਢੇ ਮੇਢੇ ਰਾਹਾਂ 'ਤੇ ਚੱਲਣਾ ਅਸਾਨ ਹੋ ਜਾਂਦਾ ਤੇ ਕਈ ਵਾਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਵੀ ਸਹਿਜੇ ਹੀ ਮਿਲ ਜਾਂਦਾ ਹੈ ਤੇ ਇਸ ਦੇ ਨਾਲ ਹੀ ਸੋਚ ਵਿੱਚ ਪਕਿਆਈ ਵੀ ਆ ਜਾਂਦੀ ਹੈ, ਜੋ ਸਾਡੀ ਸ਼ਖ਼ਸ਼ੀਅਤ ਨੂੰ ਹੋਰ ਨਿਖਾਰਕੇ ਚਾਰ ਚੰਨ ਲਗਾ ਦਿੰਦੀ ਹੈ।


ਆਖਿਰ ਚ ਇਹ ਕਹਿਕੇ ਆਪਣੀ ਗੱਲ ਸਮਾਪਤ ਕਰਾਂਗਾ ਕਿ :

ਨਜ਼ਰ ਕੋ ਬਦਲੋ ਨਜ਼ਾਰੇ ਬਦਲ ਜਾਏਗੇ
ਸੋਚ ਕੋ ਬਦਲੋ ਸਿਤਾਰੇ ਬਦਲ ਜਾਏਂਗੇ
ਕਿਸ਼ਤੀ ਤੋਂ ਬਦਲਨੇ ਕੀ ਜ਼ਰੂਰਤ ਨਹੀਂ,
ਦਿਸ਼ਾ ਕੋ ਬਦਲੋ, ਕਿਨਾਰੇ,
ਆਪਣੇ ਆਪ ਹੀ ਬਦਲ ਜਾਏਂਗੇ

*******

# ਭਾਈ ਘਨੱਈਆ ਜੀ ਦੀ ਸੇਵਾ ਤੋਂ ਆਰੰਭ ਹੋਈ ਸੇਵਾਪੰਥੀ ਸੰਪ੍ਰਦਾਇ ਦਾ ਯੋਗਦਾਨ

**ਰਮੇਸ਼ ਬੱਗਾ ਚੋਹਲਾ**



ਸੇਵਾ ਅਤੇ ਸਿਮਰਨ ਸਿੱਖੀ ਦੇ ਦੋ ਅਹਿਮ ਥੰਮ ਹਨ। ਸਿੱਖੀ ਦਾ ਮਹਿਲ ਉਸਾਰਨ ਲਈ ਗੁਰੂ ਸਾਹਿਬਾਨ ਨੇ ਆਪੋ ਆਪਣੇ ਸਮੇਂ ਵਿਚ ਇਨ੍ਹਾਂ ਦੋਵਾਂ ਥੰਮਾਂ ਦੀ ਮਜ਼ਬੂਤੀ ਅਤੇ ਚਿਰ-ਸਥਾਈ ਕਾਇਮੀ ਲਈ ਕਈ ਮਹਾਨ ਉਪਰਾਲੇ ਕੀਤੇ ਹਨ। ਨਿਯਮਤਿ ਰੂਪ ਵਿਚ ਕੀਤਾ ਗਿਆ ਸਿਮਰਨ ਜਿਥੇ ਕਿਸੇ ਪ੍ਰਾਣੀ ਦੇ ਪ੍ਰਭੂ-ਮਿਲਾਪ ਵਿਚ ਸਹਾਈ ਸਾਬਤ ਹੁੰਦਾ ਹੈ, ਉਥੇ ਨਿਸ਼ਕਾਮ ਅਤੇ ਸ਼ਰਧਾਮਈ ਭਾਵਨਾ ਨਾਲ ਕੀਤੀ ਗਈ ਸੇਵਾ ਉਸ ਨੂੰ ਇਲਾਹੀ ਬਖ਼ਸ਼ਿਸ਼ਾਂ ਦਾ ਪਾਤਰ ਬਣਾ ਦਿੰਦੀ ਹੈ। ਇਸ ਵਿਚਾਰਧਾਰਾ ਦੇ ਅਨੁਸਾਰ ਹੀ ਸਿੱਖ ਧਰਮ ਵਿਚ ਸੇਵਾ ਦਾ ਵਿਸ਼ੇਸ਼ ਮਹਾਤਮ ਮੰਨਿਆਂ ਜਾਂਦਾ ਹੈ।

ਜਦੋਂ ਕੋਈ ਸ਼ਰਧਾਵਾਨ ਪ੍ਰਾਣੀ ਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਨਿਸ਼ਕਾਮਤਾ ਦੇ ਨਾਲ ਕਿਸੇ ਗ਼ਰੀਬ, ਅਨਾਥ ਅਤੇ ਲੋੜਵੰਦ ਦੇ ਹਿੱਤ ਵਿਚ ਕੋਈ ਕਾਰਜ ਜਾਂ ਸਹਾਇਤਾ ਕਰਦਾ ਹੈ ਤਾਂ ਇਹ ਉਸ ਦੇ ਸੇਵਾ (ਧਰਮ) ਖ਼ਾਤੇ ਵਿਚ ਸ਼ੁਮਾਰਿਆ ਜਾਂਦਾ ਹੈ। ਇਸ ਖ਼ਾਤੇ ਦੀ ਭਰਪੂਰਤਾ ਹੀ ਉਸ ਪ੍ਰਾਣੀ ਨੂੰ ਆਪਣਾ ਲੋਕ ਅਤੇ ਪ੍ਰਲੋਕ ਸੰਵਾਰਨ ਦੇ ਸਮਰੱਥ ਬਣਾਉਂਦੀ ਹੈ।

ਸੇਵਾ ਦੀ ਮਹਾਨਤਾ ਬਾਬਤ ਗੁਰਬਾਣੀ ਵਿਚ ਗੁਰੂ ਸਾਹਿਬ ਨੇ ਫ਼ੁਰਮਾਇਆ ਹੈ:-

ਵਿਣੁ ਸੇਵਾ ਧ੍ਰਿਗੁ
ਹਥ ਪੈਰ ਹੋਰ ਨਿਹਫਲ ਕਰਣੀ॥

ਆਪਣੀ ਕਰਨੀ ਨੂੰ ਫ਼ਲਦਾਇਕ ਬਣਾਉਣ ਲਈ ਇਹ ਸੇਵਾ ਸੰਸਾਰ ਵਿਚ ਰਹਿ ਕੇ ਹੀ ਕਮਾਉਣ ਦਾ ਉਪਦੇਸ਼ ਹੈ:-

ਵਿਚਿ ਦੁਨੀਆ ਸੇਵ ਕਮਾਈਐ
ਤ ਦਰਗਹ ਬੈਸਣੁ ਪਾਈਐ॥
(ਸ੍ਰੀ ਰਾਗ ਮ:1)

ਉਪਰੋਕਤ ਮਹਾਂਵਾਕਾਂ ਦੀ ਰੋਸ਼ਨੀ ਵਿਚ ਸੇਵਾ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣ ਵਾਲੇ ਗੁਰਸਿੱਖ ਭਾਈ ਘਨੱਈਆ ਦਾ ਨਾਮ ਵਰਨਣਯੋਗ ਹੈ। ਸਮਸਰ ਦ੍ਰਿਸ਼ਟੀ ਦੀ ਭਾਵਨਾ ਨਾਲ ਮੈਦਾਨ-ਏ-ਜੰਗ ਵਿਚ ਸੇਵਾ ਕਮਾਉਣ ਵਾਲੇ ਭਾਈ ਘਨੱਈਆ ਜੀ ਨੇ ਆਪਣੀ ਸੇਵਾ ਨਾਲ ਨਾ ਸਿਰਫ਼ ਕਲਗੀਧਰ ਪਾਤਸ਼ਾਹ ਦੀ ਪ੍ਰਸੰਨਤਾ ਹੀ ਹਾਸਲ ਕੀਤੀ ਸਗੋਂ 'ਨਾ ਕੋਈ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦੇ ਸਿਧਾਂਤ ਨੂੰ ਸਾਰਥਿਕ ਵੀ ਕੀਤਾ।

ਆਪਣਿਆਂ ਅਤੇ ਬਿਗਾਨਿਆਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਜਲ ਛਕਾਉਣ ਵਾਲੇ ਭਾਈ ਘਨੱਈਆ ਜੀ ਦੀ ਸੇਵਾ ਨਾਲ ਸਿੱਖ ਇਤਿਹਾਸ ਵਿਚ ਇੱਕ ਅਜਿਹੀ ਸੰਪ੍ਰਦਾਇ ਦਾ ਮੁੱਢ ਬੱਝਦਾ ਹੈ ਜਿਸ ਨੂੰ ਸੇਵਾ-ਪੰਥੀ ਸੰਪ੍ਰਦਾਇ ਕਿਹਾ ਜਾਂਦਾ ਹੈ।

ਸੇਵਾ ਦੇ ਪੁੰਜ ਭਾਈ ਘਨੱਈਆ ਦਾ ਜਨਮ ਪਿਤਾ ਨੱਥੂ ਰਾਮ ਜੀ ਅਤੇ ਮਾਤਾ ਸੁੰਦਰੀ ਜੀ ਦੇ ਗ੍ਰਹਿ ਪਿੰਡ ਸੋਧਰਾ ਜ਼ਿਲ੍ਹਾ ਸਿਆਲਕੋਟ (ਨਜਦੀਕ ਵਜ਼ੀਰਾਬਾਦ) ਵਿਖੇ ਹੋਇਆ। ਇੱਕ ਟਿੱਕੀ ਰਾਤ ਨੂੰ ਭਾਈ ਘਨੱਈਆ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿੱਖ ਭਾਈ ਨੌਨਾ ਬੈਰਾਗੀ ਕੋਲੋਂ ਗੁਰਬਾਣੀ ਦਾ ਪਾਠ ਸਰਵਣ ਕੀਤਾ। ਪਾਠ ਸਰਵਣ ਕਰਨ ਤੋਂ ਬਾਅਦ ਭਾਈ ਘਨੱਈਆ ਜੀ ਦੇ ਮਨ ਵਿਚ ਗੁਰੂ-ਮਿਲਾਪ ਦੀ ਤਾਂਘ ਪੈਦਾ ਹੋਈ ਅਤੇ ਉਹ ਸ੍ਰੀ ਆਨੰਦਪੁਰ ਸਾਹਿਬ ਨੂੰ ਰਵਾਨਾ ਹੋ ਗਏ।



ਸ੍ਰੀ ਆਨੰਦਪੁਰ ਸਾਹਿਬ ਵਿਖੇ ਆ ਕੇ ਭਾਈ ਘਨੱਈਆ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਖੁੱਲੇ ਦਰਸ਼ਨ-ਦੀਦਾਰੇ ਕੀਤੇ ਅਤੇ ਪ੍ਰਸੰਨ-ਚਿੱਤ ਹੋ ਗਿਆ। ਇਸ ਪ੍ਰਸੰਨਤਾ ਨੇ ਉਸ ਨੂੰ ਗੁਰੂ-ਘਰ ਦੀ ਸੇਵਾ ਨਾਲ ਜੋੜ ਦਿੱਤਾ ਅਤੇ ਉਹ ਉਥੇ ਰਹਿ ਕੇ ਘੋੜਿਆਂ ਦੀ ਸੇਵਾ ਕਰਨ ਲੱਗ ਪਿਆ। ਇਹ ਸੇਵਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ (ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ) ਵੀ ਨਿਰਵਿਘਨ ਜਾਰੀ ਰਹੀ।

ਜਦੋਂ ਸ੍ਰੀ ਆਨੰਦਪੁਰ ਸਾਹਿਬ ਨੂੰ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਘੇਰਾ ਪਾਇਆ ਤਾਂ ਖ਼ਾਲਸਾ ਫੋਜ ਨੇ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਮੁਕਾਬਲੇ ਦੌਰਾਨ ਰਣ-ਤੱਤੇ ਵਿਚ ਦੋਵਾਂ ਧਿਰਾਂ ਦੇ ਲੜਾਕੂ ਜ਼ਖਮੀ ਹੋਏ ਪਏ ਸਨ। ਇਸ ਜੰਗ ਦੇ ਸਮੇਂ ਭਾਈ ਘਨੱਈਆ ਜੀ ਸਤਲੁਜ ਦਰਿਆ ਤੋਂ ਪਾਣੀ ਦੀਆਂ ਮਸ਼ਕਾਂ ਭਰ ਕੇ ਲਿਆਉਂਦੇ ਅਤੇ ਸਾਰੇ ਜ਼ਖਮੀਆਂ ਨੂੰ ਬਰਾਬਰਤਾ ਨਾਲ ਜਲ ਛਕਾਈ ਜਾਂਦੇ। ਭਾਈ ਸਾਹਿਬ ਦੇ ਇਸ ਵਰਤਾਰੇ ਦੀ ਖਬਰ/ਸ਼ਿਕਾਇਤ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਕੋਲ ਪਹੁੰਚ ਗਈ। ਗੁਰੂ ਸਾਹਿਬ ਦੇ ਪੁੱਛਣ 'ਤੇ ਭਾਈ ਸਾਹਿਬ ਦਾ ਜਵਾਬ ਸੀ-

'ਪਾਤਸ਼ਾਹ ਤੁਹਾਡੇ ਉਪਦੇਸ਼ ਦੇ ਮੁਤਾਬਿਕ ਮੈਨੂੰ ਤਾਂ ਸਾਰਿਆਂ ਵਿਚੋਂ ਇੱਕ ਹੀ ਬ੍ਰਹਮ ਨਜ਼ਰ ਆਉਂਦਾ ਹੈ। ਇਸ ਲਈ ਮੈਂ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰ ਸਕਦਾ।'

ਭਾਈ ਘਨੱਈਆ ਜੀ ਦੀ ਸੇਵਾ-ਭਾਵਨਾ ਵਾਲੇ ਜਵਾਬ ਤੋਂ ਪ੍ਰਸੰਨ ਹੋ ਕੇ ਦਸਵੇਂ ਪਾਤਸ਼ਾਹ ਨੇ ਉਸ ਨੂੰ ਆਪਣੇ ਕੋਲੋਂ ਇੱਕ ਮਲ੍ਹਮ ਦੀ ਡੱਬੀ ਦਿੱਤੀ ਅਤੇ ਜ਼ਖਮੀਆਂ ਦੇ ਜ਼ਖਮ ਭਰਨ ਲਈ ਕਿਹਾ।

ਇਸ ਤਰ੍ਹਾਂ ਭਾਈ ਘਨੱਈਆ ਜੀ ਵੱਲੋਂ ਨਿਭਾਈ ਜਾਂਦੀ ਸੇਵਾ ਇੱਕ ਲਹਿਰ ਬਣ ਗਈ ਜਿਸ ਨਾਲ ਭਾਈ ਸੇਵਾ ਰਾਮ ਜੀ ਵੀ ਜੁੜ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਥਾਪੜਾ ਲੈ ਕੇ ਉਹ ਭਾਈ ਘਨੱਈਆ ਜੀ ਦੇ ਪਿੰਡ ਸੋਧਰੇ ਪਹੁੰਚ ਗਏ। ਭਾਈ ਸਾਹਿਬ ਦੇ ਉਪਦੇਸ਼ ਨਾਲ ਉਨ੍ਹਾਂ ਨੇ ਗੁਰਮਿਤ ਦੇ ਪ੍ਰਚਾਰ ਅਤੇ ਸੇਵਾ-ਸੰਭਾਲ ਦੀ ਜ਼ਿੰਮੀਵਾਰੀ ਚੁੱਕ ਲਈ ਅਤੇ ਸੇਵਾ ਕਾਰਜਾਂ ਵਿਚ ਜੁੱਟ ਗਏ।

ਭਾਈ ਘਨੱਈਆ ਜੀ ਦੇ ਅਕਾਲ-ਚਾਲਾਣੇ ਤੋਂ ਬਾਅਦ ਭਾਈ ਸੇਵਾ ਰਾਮ ਜੀ ਸੇਵਾ-ਪੰਥੀ ਸੰਪ੍ਰਦਾਇ ਦੇ ਮੁੱਖ ਸੇਵਾਦਾਰ ਬਣ ਗਏ। ਉਨ੍ਹਾਂ ਨੇ ਭਾਈ ਅੱਡਣਸ਼ਾਹ ਦੇ ਸਹਿਯੋਗ ਨਾਲ ਦੂਰ-ਦੁਰਾਡੇ ਤੱਕ ਗੁਰਮਿਤ ਦਾ ਪ੍ਰਚਾਰ ਕੀਤਾ ਅਤੇ ਕਈ ਵੱਡਮੁੱਲੇ ਸੇਵਾ-ਕਾਰਜਾਂ ਨੂੰ ਨੇਪਰ੍ਹੇ ਚਾੜ੍ਹਿਆ। ਕਈ ਲੰਗਰ ਅਤੇ ਧਰਮਸ਼ਾਲਵਾਂ ਇਨ੍ਹਾਂ ਦੀ ਅਗਵਾਈ ਵਿਚ ਉਸਾਰੇ ਗਏ।

ਭਾਈ ਸੇਵਾ ਰਾਮ ਜੀ ਦੇ ਅੱਗੇ ਅੱਠ ਚੇਲੇ ਹੋਏ ਹਨ ਜਿਹੜੇ ਸੇਵਾਪੰਥੀ ਸੰਪ੍ਰਦਾਇ ਦੀ ਚੜ੍ਹਦੀਕਲਾ ਲਈ ਦਿਨ-ਰਾਤ ਜਤਨਸ਼ੀਲ ਰਹੇ ਹਨ। ਇਨ੍ਹਾਂ ਵਿਚ ਭਾਈ ਅੱਡਣਸ਼ਾਹ ਜੀ, ਭਾਈ ਲਛਮਣ ਜੀ, ਭਾਈ ਬੁਧਰ ਜੀ, ਭਾਈ ਰਾਣਾ ਜੀ, ਭਾਈ ਸੰਤੋਖਾ ਜੀ,ਭਾਈ ਨਰਾਇਣ ਜੀ, ਭਾਈ ਸਾਹਿਬ ਰਾਮ ਜੀ ਅਤੇ ਭਾਈ ਸਾਹਿਜ ਰਾਮ ਦੇ ਨਾਮ ਵਰਨਣਯੋਗ ਹਨ। ਇਨ੍ਹਾਂ ਚੇਲਿਆਂ ਉਰਫ਼ ਸੇਵਾ-ਪੰਥੀਆਂ ਦੀ ਬਾਦੌਲਤ ਸ਼ਾਹਪੁਰ, ਸਰਗੋਧਾ, ਮਿਆਣੀ, ਸਾਹੀਵਾਲ, ਖੁਸ਼ਾਬ, ਮੁਲਤਾਨ, ਡੇਰਾ ਇਸਮਾਈਲ ਖਾਂ, ਲਾਹੌਰ, ਸ਼ਾਹਦਰੇ ਅਤੇ ਸ੍ਰੀ ਅੰਮ੍ਰਿਤਸਰ ਵਿਖੇ ਇਸ ਸੰਪ੍ਰਦਾਇ ਦੇ ਟਿਕਾਣੇ ਬਣਦੇ ਗਏ ਸ਼ੇਵਾ-ਪੰਥੀਆਂ ਦੇ ਇਨ੍ਹਾਂ ਟਿਕਾਣਿਆਂ ਉਪਰ ਕਥਾ-ਕੀਰਤਨ ਤੋਂ ਇਲਾਵਾ ਵਿਦਿਆ ਅਤੇ ਹਿਕਮਤ ਦਾ ਵੀ ਵਿਸ਼ੇਸ਼ ਪ੍ਰਬੰਧ ਹੁੰਦਾ ਸੀ।

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੇਵਾਪੰਥੀ ਸੰਪ੍ਰਦਾਇ ਦਾ ਚੰਗਾ ਪ੍ਰਭਾਵ ਬਣਿਆ ਰਿਹਾ ਹੈ। ਇਸ ਸੰਪ੍ਰਦਾਇ ਨਾਲ ਜੁੜੇ ਪ੍ਰਸਿੱਧ ਕੀਰਤਨੀਏ ਭਾਈ ਸ਼ਾਮ ਸਿੰਘ ਜੀ ਅੱਧੀ ਸਦੀ ਤੋਂ ਵਧੇਰੇ ਸਮਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ ਹਨ। ਭਾਈ ਅਮੀਰ ਸਿੰਘ ਦੀ ਟਕਸਾਲ ਵਿਚ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਸਿਖਾਈ ਜਾਂਦੀ ਰਹੀ ਹੈ।

ਹਿੰਦੋਸਤਾਨ ਦੀ ਵੰਡ ਤੋਂ ਬਾਅਦ ਨੂਰਪੁਰ ਥਲ ਛੱਡ ਕੇ ਮਹੰਤ ਗੁਲਾਬ ਸਿੰਘ ਜੀ ਨੇ ਜ਼ਿਲ੍ਹਾ ਬਠਿੰਡਾ ਦੇ ਕਸਬਾ ਗੋਨਿਆਨਾ ਮੰਡੀ ਵਿਖੇ ਟਿਕਾਣਾ ਭਾਈ ਜਗਤਾ ਜੀ ਸਥਾਪਿਤ ਕਰ ਲਿਆ। ਇਥੇ ਕਈ ਸਕੂਲ, ਕਾਲਜ ਤੇ ਦਵਾਖ਼ਾਨੇ ਬਣਾਏ ਗਏ।

ਸੇਵਾਪੰਥੀ ਸੰਪ੍ਰਦਾਇ ਸਿਰਫ ਧਾਰਮਿਕ ਕੰਮਾਂ ਲਈ ਹੀ ਨਹੀਂ ਸਗੋਂ ਇਹ ਕਲਮੀ-ਸੇਵਾ ਲਈ ਵੀ ਜਾਣੀ ਜਾਂਦੀ ਹੈ।ਇਸ (ਕਲਮੀ) ਸੇਵਾ ਵਿਚ ਭਾਈ ਸਹਿਜ ਰਾਮ ਸੇਵਾਪੰਥੀ ਦਾ ਨਾਮ ਵਿਸ਼ੇਸ਼ ਰੂਪ ਵਿਚ ਲਿਆ ਜਾਂਦਾ ਹੈ। ਉਨ੍ਹਾਂ ਨੇ ਆਪਣੀ ਕਲਮ ਨਾਲ ਕਈ ਪੁਸਤਕਾਂ ਦੀ ਰਚਨਾ ਕੀਤੀ ਹੈ।

ਸੇਵਪੰਥੀ ਸੰਪ੍ਰਦਾਇ ਵੱਲੋਂ ਜਦੋਂ ਕਿਸੇ ਨਵੇਂ ਮਹੰਤ ਨੂੰ ਸੇਵਾ ਦੀ ਜ਼ਿੰਮੀਵਾਰੀ ਸੌਂਪੀ ਜਾਂਦੀ ਹੈ ਤਾਂ ਸੇਵਾ ਦੇ ਪ੍ਰਤੀਕ ਵਜੋਂ ਇੱਕ ਛੰਨਾ ਅਤੇ ਝਾੜੂ ਪੇਸ਼ ਕੀਤਾ ਜਾਂਦਾ ਹੈ ਤਾਂ ਜੋ ਟਹਿਲ-ਸੇਵਾ ਦਾ ਸੰਦੇਸ਼ ਉਸ ਨੂੰ ਹਮੇਸ਼ਾਂ ਯਾਦ ਰਹੇ। ਅਜੋਕੇ ਸਮੇਂ ਵੀ ਸੇਵਾਪੰਥੀ ਸੰਪ੍ਰਦਾਇ ਵੱਲੋਂ ਗੁਰਮਿਤ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਕਈ ਜ਼ਿਕਰਯੋਗ ਕਾਰਜ ਕੀਤੇ ਜਾ ਰਹੇ ਹਨ।

# 1348/17/1 ਗਲੀ ਨੰ.8 ਰਿਸ਼ੀ ਨਗਰ ਐਕਸਟੈਂਸ਼ਨ (ਲੁਧਿਆਣਾ)

## ਬਾਲ ਕਹਾਣੀ - ਸ਼ੇਰ ਅਤੇ ਹਾਥੀ

ਇੱਕ ਵਾਰ ਦੀ ਗੱਲ ਹੈ। ਇੱਕ ਜੰਗਲ ਵਿੱਚ ਸ਼ੇਰ ਅਤੇ ਹਾਥੀ ਰਹਿੰਦੇ ਸਨ। ਦੋਵੇਂ ਬਹੁਤ ਬਹਾਦਰ ਸਨ। ਪਰ ਦੋਵਾਂ ਨੂੰ ਆਪਣੀ ਬਹਾਦਰੀ ਅਤੇ ਤਾਕਤ 'ਤੇ ਬਹੁਤ ਹੰਕਾਰ ਸੀ। ਉਹਨਾਂ ਨੂੰ ਕਈ ਜਾਨਵਰਾਂ ਨੇ ਸਮਝਾਇਆ ਕਿ ਸਾਰੇ ਇੱਕੋ ਜਿਹੇ ਹੁੰਦੇ ਹਨ ਤੇ ਕਿਸੇ ਨੂੰ ਵੀ ਹੰਕਾਰ ਨਹੀਂ ਕਰਨਾ ਚਾਹੀਦਾ। ਪਰ ਉਹ ਕਿੱਥੇ ਸਮਝਦੇ ਸੀ ? ਇੱਕ ਵਾਰ ਜੰਗਲ ਵਿੱਚ ਬਹੁਤ ਤੇਜ਼ ਅੱਗ ਲੱਗ ਗਈ ਤੇ ਸ਼ੇਰ ਦਾ ਘਰ ਸੜ ਰਿਹਾ ਸੀ ਤਾਂ ਹਾਥੀ ਭੱਜਾ - ਭੱਜਾ ਪਾਣੀ ਲੈ ਕੇ ਆਇਆ। ਉਸਨੇ ਦਰਿਆ ਵਿੱਚੋਂ ਪਾਣੀ ਭਰਿਆ ਤੇ ਸ਼ੇਰ ਦੇ ਘਰ ਨੂੰ ਅੱਗ ਲੱਗਣ ਤੋਂ ਬਚਾ ਲਿਆ। ਸ਼ੇਰ ਨੇ ਹਾਥੀ ਦਾ ਧੰਨਵਾਦ ਕੀਤਾ। ਜਦਕਿ ਸ਼ੇਰ ਜੰਗਲ ਦਾ ਰਾਜਾ ਹੁੰਦੇ ਹੋਏ ਵੀ ਕੁਝ ਨਹੀਂ ਸੀ ਕਰ ਸਕਿਆ। ਫਿਰ ਕੁਝ ਸਮੇਂ ਬਾਅਦ ਸ਼ਿਕਾਰੀਆਂ ਨੇ ਹਾਥੀ ਨੂੰ ਫੜਨ ਦੀ ਯੋਜਨਾ ਬਣਾਈ। ਉਹ ਹਾਥੀ ਨੂੰ ਪਕੜਨ ਵਾਲੇ ਹੀ ਸਨ ਤਾਂ ਸ਼ੇਰ ਨੂੰ ਪਤਾ ਲੱਗਿਆ ਤਾਂ ਉਸ ਨੇ ਜ਼ੋਰ ਦੀ ਦਹਾੜ ਮਾਰੀ ਤੇ ਸ਼ਿਕਾਰੀਆਂ ਵੱਲ ਭੱਜਿਆ। ਸ਼ੇਰ ਦੀ ਆਵਾਜ਼ ਸੁਣ ਕੇ ਸ਼ਿਕਾਰੀ ਭੱਜ ਗਏ ਤੇ ਹਾਥੀ ਦੀ ਜਾਨ ਬਚ ਗਈ। ਹਾਥੀ ਨੇ ਸ਼ੇਰ ਦਾ ਧੰਨਵਾਦ ਕੀਤਾ। ਹਾਥੀ ਨੇ ਸੋਚਿਆ ਮੈਂ ਇੰਨਾ ਵੱਡਾ ਸੀ ਫਿਰ ਵੀ ਆਪਣੇ ਆਪ ਨੂੰ ਨਹੀਂ ਬਚਾ ਸਕਿਆ। ਹੁਣ ਉਹਨਾਂ ਦੋਵਾਂ ਨੂੰ ਸਮਝ ਆ ਚੁੱਕੀ ਸੀ ਕਿ ਸਾਨੂੰ ਆਪਣੀ ਤਾਕਤ ਅਤੇ ਬੁੱਧੀ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਸਾਰਿਆਂ ਕੋਲ ਆਪਣੀ - ਆਪਣੀ ਤਾਕਤ ਮਹਾਨਤਾ ਹੁੰਦੀ ਹੈ।

-ਮਾਸਟਰ ਸੰਜੀਵ ਧਰਮਾਣੀ 9478561356

# ਸਮੁੱਚੀ ਮਾਨਵਤਾ ਦੀ ਧਾਰਮਿਕ ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਹੱਕਾਂ ਦੀ ਰਖਵਾਲੀ ਦਾ ਸੁਨੇਹਾ ਦਿੰਦੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ : ਗੁਰਚਰਨ ਸਿੰਘ ਗੁਰਾਇਆ

ਮੂਲ ਨਾਨਕਸ਼ਾਹੀ ਕਲੰਡਰ ਅਨੁਸਾਰ 11 ਮੱਘਰ 24 ਨਵੰਬਰ ਨੂੰ ਨੌਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ, ਸ਼ਹੀਦ ਭਾਈ ਮਤੀ ਦਾਸ ਜੀ, ਸ਼ਹੀਦ ਭਾਈ ਸਤੀ ਦਾਸ ਜੀ ਤੇ ਸ਼ਹੀਦ ਭਾਈ ਦਿਆਲਾ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਸਿੱਖ ਕੌਮ ਵੱਲੋਂ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਉੱਥੇ ਸਿੱਖ ਪੰਥ ਤੇ ਬਾਹਰੀ ਤੇ ਅੰਦਰੂਨੀ ਵਾਰ ਕਰਨ ਵਾਲੇ ਭਾਰਤੀ ਹਾਕਮਾਂ ਵੱਲੋ ਵੀ ਗੁਰੂ ਸਾਹਿਬ ਜੀ ਦੀ ਮਹਾਨ ਸ਼ਹਾਦਤ ਨੂੰ ਇੱਕ ਫਿਰਕੇ ਲਈ ਹਿੰਦ ਦੀ ਚਾਦਰ ਕਹਿ ਛਟਿਆਣ ਦੀ ਕੋਸ਼ਿਸ਼ ਹੈ ਇਹਨਾਂ ਹਿੰਦੂਤਵੀ ਹਾਕਮਾਂ ਦੀ ਸ਼ਰਧਾਂ ਭਰੇ ਲੈਕਚਰ ਸ਼ੈਤਾਨ ਦੇ ਮੂੰਹੋਂ ਕੁਰਾਨ ਦੀ ਆਇਤਾਂ ਵਰਗੇ ਹਨ। ਜਦ ਕਿ ਸਿੱਖ ਪੰਥ ਨੇ ਦੁਨੀਆਂ 'ਚੋ ਜ਼ੋਰ-ਜ਼ਬਰ ਦੇ ਖ਼ਾਤਮੇ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਰਬੱਤ ਦੇ ਭਲੇ ਹਿੱਤ ਅਥਾਹ ਕੁਰਬਾਨੀਆਂ ਦਿੱਤੀਆਂ ਹਨ। ਹਰ ਚੜ੍ਹਦੇ ਸੂਰਜ ਦੀ ਰੋਸ਼ਨੀ ਆਏ ਦਿਨ ਸਿੱਖ ਪੰਥ ਦੀਆਂ ਸ਼ਹਾਦਤਾਂ ਦੀ ਗਾਥਾ ਨੂੰ ਰੁਸ਼ਨਾਉਂਦੀ ਹੈ।

ਇਸੇ ਸੰਦਰਭ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਤੇ ਦੁਨੀਆ ਦੇ ਧਰਮਾਂ ਦੇ ਵਿੱਚ ਇੱਕ ਖਾਸ ਮਹੱਤਤਾ ਰੱਖਦੀ ਹੈ। ਗੁਰੂ ਸਾਹਿਬ ਜੀ ਦੀ ਕੁਰਬਾਨੀ ਧਰਮ ਦੀ ਅਜ਼ਾਦੀ, ਮਨੁੱਖੀ ਹੱਕਾਂ ਦੀ ਰੱਖਿਆ ਤੇ ਇੱਕ ਆਦਰਸ਼ਕ ਪੁਰਸ਼ ਦੀ ਧਾਰਮਿਕ ਦ੍ਰਿੜਤਾ ਤੇ ਉੱਚੇ ਸੁੱਚੇ ਸਿਧਾਂਤਾਂ ਦੀ ਇੱਕ ਅਨੋਖੀ ਮਿਸਾਲ ਹੈ। ਜਿੱਥੇ ਸਿੱਖ ਕੌਮ ਨੂੰ ਇਸ ਸ਼ਹਾਦਤ ਵਿੱਚੋਂ ਕਿਸੇ ਵੀ ਜ਼ਾਲਮ ਦੇ ਜ਼ੁਲਮ ਦੇ ਦਬਾਅ ਹੇਠ ਨਾ ਝੁਕਣ ਦੀ ਪ੍ਰੇਰਨਾ ਮਿਲਦੀ ਹੈ ਉੱਥੇ ਸਮੁੱਚੀ ਮਨੁੱਖਤਾ ਨੂੰ ਧਾਰਮਿਕ ਅਜ਼ਾਦੀ ਦੇ ਸੁਨਿਹਰੀ ਅਸੂਲ ਦੇ ਸੰਕਲਪ ਦਾ ਸੁਨੇਹਾ ਮਿਲਦਾ ਹੈ। ਕਿਸੇ ਦੂਸਰੇ ਧਰਮ ਦੀ ਰੱਖਿਆ ਲਈ ਦਿੱਤੀ ਗਈ ਇਸ ਅਸੂਲੀ ਸ਼ਹਾਦਤ ਦੀ ਪੂਰੀ ਦੁਨੀਆਂ ਦੇ ਇਤਿਹਾਸ ਵਿੱਚ ਇਹ ਵਿਲੱਖਣ ਮਿਸਾਲ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਸਿੱਖ ਧਰਮ ਦੀ ਬੁਨਿਆਦ ਹੀ "ਇੱਕ" ਦੇ ਸਿਧਾਂਤ ਤੇ ਰੱਖੀ ਗਈ ਸੀ। ਜਾਤ ਪਾਤ ਤੇ ਰੰਗ ਨਸਲ ਦੇ ਭੇਦ ਭਾਵ ਤੋਂ ਉੱਪਰ ਉੱਠ ਕੇ ਪੂਰੀ ਮਨੁੱਖਤਾ ਦੀ ਬਰਾਬਰੀ ਦਾ ਸਿਧਾਂਤ ਸਿੱਖ ਕੌਮ ਦੀ ਬੁਨਿਆਦ ਹੈ। ਨਾ ਕੋ ਹਿੰਦੂ ਤੇ ਨਾ ਕੋ ਮੁਸਲਮਾਨ ਦਾ ਨਾਅਰਾ ਦੇ ਕੇ ਸਤਿਗੁਰੂ ਜੀ ਨੇ ਸਰਬ ਸਾਂਝੀਵਾਲਤਾ ਦਾ ਸੁਨਿਹਰਾ ਸਿਧਾਂਤ ਦਿੱਤਾ।

ਸਿੱਖ ਕੌਮ ਦੇ ਇਹ ਸੁਨਿਹਰੀ ਅਸੂਲ ਹੀ ਸਨ ਜਿਨ੍ਹਾਂ ਦੀ ਵਜ੍ਹਾ ਕਰਕੇ ਜਦ ਔਰੰਗਜ਼ੇਬ ਦੇ ਹਿੰਦੂ ਧਰਮ ਖਿਲਾਫ ਜ਼ੁਲਮਾਂ ਦੀ ਸਿਖਰ ਹੋ ਗਈ ਤੇ ਕੋਈ ਕਸ਼ਮੀਰੀ ਪੰਡਤਾਂ ਦੀ ਬਾਂਹ ਫੜਨ ਵਾਲਾ ਨਾ ਮਿਲਿਆ ਤਾਂ ਉਹ ਸਰਬ ਸਾਂਝੀਵਾਲਤਾ ਦੇ ਪ੍ਰਤੀਕ ਨੌਵੇਂ ਨਾਨਕ ਸਾਹਿਬ ਦੀ ਜੋਤਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਆਪਣੇ ਧਰਮ ਨੂੰ ਬਚਾਉਣ ਦੀ ਫਰਿਆਦ ਲੈ ਕੇ ਆਏ।

ਗੁਰੂ ਤੇਗ ਬਹਾਦਰ ਜੀ ਨੇ ਸਿੱਖ ਧਰਮ ਦੇ ਅਸੂਲਾਂ ਮੁਤਾਬਕ "ਧਰਮ" ਦੀ ਰੱਖਿਆ ਲਈ ਆਪਣੇ ਸੀਸ ਦਾ ਬਲੀਦਾਨ ਦੇਣ ਦਾ ਫੈਸਲਾ ਕੀਤਾ। ਇਸ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਦੇਸ਼ ਅੰਦਰ ਵਿਚਰਦਿਆਂ ਲੋਕਾਈ ਨੂੰ ਧਰਮ ਵਿੱਚ ਪ੍ਰਪੱਕ ਰਹਿਣ ਅਤੇ ਜ਼ੁਲਮ ਦੀ ਝੁਲਦੀ ਹਨੇਰੀ ਅੱਗੇ ਨਿਰਭੈ ਰਹਿਣ ਦਾ ਹੋਕਾ ਦਿੱਤਾ। ਜ਼ਾਲਮ ਔਰੰਗਜ਼ੇਬ ਇਹ ਬਰਦਾਸ਼ਤ ਨਾ ਕਰ ਸਕਿਆ ਤੇ ਉਸ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਕੇ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ਅੱਜ ਦੇ ਦਿਹਾੜੇ ਸੰਨ 1675 ਨੂੰ ਦਿੱਲੀ ਦੇ ਚਾਂਦਨੀ ਚੌਕ ਅੰਦਰ ਗੁਰੂ ਤੇਗ ਬਹਾਦਰ ਜੀ ਨੂੰ ਆਪ ਜੀ ਦੇ ਤਿੰਨ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਤੇ ਭਾਈ ਦਿਆਲ ਜੀ ਸਮੇਤ ਸ਼ਹੀਦ ਕਰ ਦਿੱਤਾ। ਜਿਸ ਹਿੰਦੂਤਵਾ ਕੌਮ ਲਈ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਉਹਨਾਂ ਦੇ



ਧਰਮ ਦੀ ਰੱਖਿਆ ਕੀਤੀ ਸੀ ਬੇਸ਼ੱਕ ਉਹਨਾਂ ਦੀਆਂ ਮਨੌਤਾਂ ਸਿਧਾਂਤ ਸਿੱਖੀ ਸਿਧਾਂਤਾਂ ਨਾਲ ਮੇਲ ਨਹੀ ਖਾਂਦੀਆਂ ਸੀ ਪਰ ਫਿਰ ਵੀ ਉਹਨਾਂ ਦੀ ਰਾਖੀ ਦੀ ਖਾਤਰ ਗੁਰੂ ਸਾਹਿਬ ਨੇ ਸ਼ਹਾਦਤ ਦਿੱਤੀ। ਮੌਜੂਦਾ ਸਮੇਂ ਵਿੱਚ ਦਿੱਲੀ ਤਖਤ ਤੇ ਹਿੰਦੂਤਵੀਆਂ ਦੀ ਹਕੂਮਤ ਔਰੰਗਜੇਬ ਦੇ ਪਦ ਚਿੰਨ ਤੇ ਚਲਦੀ ਹੋਈ ਮੁਸਲਮਾਨਾਂ, ਦਲਿਤਾਂ ਅਤੇ ਈਸਾਈਆਂ ਤੇ ਹੀ ਜ਼ੁਲਮ ਨਹੀ ਕਰ ਰਹੀ ਸਗੋਂ ਗੁਰੂ ਨਾਨਕ ਸਾਹਿਬ ਜੀ ਦੇ ਨਿਆਰੇ ਨਿਰਮਲੇ ਸਿੱਖ ਪੰਥ ਨੂੰ ਹਰ ਹੀਲਾ ਵਰਤ ਕੇ ਆਪਣੇ ਬ੍ਰਾਹਮਣਵਾਦ ਦੇ ਜਾਲ ਵਿੱਚ ਜਜਬ ਕਰਨ ਦੀਆਂ ਅਸਫਲ ਕੋਸ਼ਿਸ਼ ਕੀਤੀਆਂ ਜਾ ਰਿਹੀਆਂ ਹਨ।

ਬ੍ਰਾਹਮਣਵਾਦ ਸਿੱਖ ਕੌਮ ਦੀ ਹੋਂਦ ਤੋਂ ਹੀ ਸਿੱਖੀ ਦੇ ਅਸੂਲਾਂ ਤੋਂ ਭੈ ਖਾ ਕੇ ਉਸ ਨੂੰ ਖਤਮ ਕਰਨ ਲਈ ਤਤਪਰ ਰਿਹਾ ਹੈ ਪਰ ਮੌਜੂਦਾ ਸਮੇਂ ਵਿੱਚ ਉਹ ਸਤਾ ਵਿੱਚ ਹੋਣ ਕਰਕੇ ਆਪਣਾ ਜ਼ਾਲਮ ਤੇ ਕਰੂਪ ਚਿਹਰਾ ਸਿੱਖ ਕੌਮ ਨੂੰ ਦਿਖਾ ਰਿਹਾ ਹੈ। ਬ੍ਰਾਹਮਣਵਾਦ ਦਾ ਪੂਰਾ ਜ਼ੋਰ ਹੈ ਕਿ ਉਹ ਜਾਂ ਤਾਂ ਸਿੱਖ ਕੌਮ ਨੂੰ ਖਤਮ ਕਰ ਦੇਣ ਜਾਂ ਇਸ ਨੂੰ ਆਪਣੇ ਧਰਮ ਅੰਦਰ ਜਜ਼ਬ ਕਰ ਲੈਣ ਆਪਣੇ ਇਸ ਮਕਸਦ ਦੀ ਪ੍ਰਾਪਤੀ ਲਈ ਉਸ ਨੇ ਦੋ ਧਾਰੀ ਮੁਹਿੰਮ ਵਿੱਢੀ ਹੈ। ਬਾਹਰੀ ਤੌਰ ਤੇ ਸਿੱਖ ਧਰਮ ਤੇ ਸਿੱਖ ਹੱਕਾਂ ਦੀ ਗੱਲ ਕਰਨ ਵਾਲੇ ਹਜ਼ਾਰਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਤੇ ਅੰਦਰੂਨੀ ਤੌਰ ਤੇ ਆਰ ਐਸ ਐਸ ਵਰਗੀਆਂ ਜਥੇਬੰਦੀਆਂ ਰਾਹੀਂ ਸਿੱਖ ਕੌਮ ਨੂੰ ਆਪਣੇ ਵਿੱਚ ਜਜ਼ਬ ਕਰਨ ਲਈ ਲੁਕਵੇਂ ਵਾਰ ਕੀਤੇ ਗਏ। ਇਹਨਾਂ ਵਾਰਾਂ ਦੀ ਕਾਮਯਾਬੀ ਹੈ ਕਿ ਬ੍ਰਾਹਣਵਾਦੀ ਤਾਕਤਾਂ ਮਾਰੀ, ਕੁੱਟੀ ਤੇ ਲਿਤਾੜੀ ਕੌਮ ਵਿੱਚ ਘੁਸਪੈਠ ਕਰਨ ਵਿੱਚ ਕਾਮਯਾਬ ਹੋ ਗਈਆਂ ਹਨ। ਇਸ ਕਰਕੇ ਹੀ ਸਮੁੱਚੀ ਮਨੁੱਖਤਾ ਦੀ ਧਾਰਮਿਕ ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਹੱਕ ਦਾ ਸੁਨੇਹਾ ਦਿੰਦੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਵੱਡੇ ਪੱਧਰ ਤੇ ਹਿੰਦੂ ਧਰਮ ਲਈ ਦਿੱਤੀ ਕੁਰਬਾਨੀ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਬ੍ਰਾਹਮਣਵਾਦੀ ਸੋਚ ਦੇ ਭਗਤ ਸਿੱਖ ਕੌਮ ਦੀ ਸਿਆਸੀ ਤੇ ਧਾਰਮਿਕ ਲੀਡਰਸ਼ਿਪ ਚੁੱਪ ਚਾਪ ਬ੍ਰਾਹਮਣਵਾਦ ਦੀ ਹਾਂ ਵਿੱਚ ਹਾਂ ਮਿਲਾ ਕੇ ਇਸ ਮਹਾਨ ਕੁਰਬਾਨੀ ਦਾ ਮਾਣ ਘਟਾ ਰਹੀ ਹੈ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾ ਰਹੀ ਸਿੱਖ ਕੌਮ ਨੂੰ ਇਸ ਸ਼ਹਾਦਤ ਦਾ ਅਸਲ ਸਿਧਾਂਤ ਸਮੁੱਚੀ ਮਨੁੱਖਤਾ ਦੀ ਧਾਰਮਿਕ ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਹੱਕ ਦਾ ਸੁਨੇਹਾ ਪੂਰੀ ਦੁਨਿਆ ਤੱਕ ਪਹੁੰਚਾਉਣਾ ਚਾਹੀਦਾ ਹੈ ਤੇ ਨਾਲ ਨਾਲ ਜ਼ੁਲਮ ਦਾ ਮੁਕਾਬਲਾ ਨਿਰਭੈ ਹੋ ਕੇ ਤੇ ਡਟ ਕੇ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ। ਇਸੇ ਵਿੱਚ ਹੀ ਸਿੱਖ ਕੌਮ ਦਾ ਤੇ ਪੂਰੀ ਮਨੁੱਖਤਾ ਦਾ ਭਲਾ ਹੈ।

# ਸਾਂਝੇ ਪੰਜਾਬ ਦੀ ਧੀ ਸੁਰਿੰਦਰ ਕੌਰ ਨੂੰ ਯਾਦ ਕਰਦਿਆਂ

ਸੁਖਪਾਲ ਸਿੰਘ ਗਿੱਲ
9878111445


ਸਦਾਬਹਾਰ ਗਾਇਕਾ ਸੁਰਿੰਦਰ ਕੌਰ 25 ਨਵੰਬਰ 1929 ਨੂੰ ਸਾਂਝੇ ਪੰਜਾਬ ਦੇ ਲਾਹੌਰ ਚ ਜਨਮੀ ਸੀ। ਉਹਨਾਂ ਦੇ ਪਿਤਾ ਦਾ ਨਾਮ ਬਿਸ਼ਨ ਦਾਸ ਅਤੇ ਮਾਤਾ ਦਾ ਨਾਮ ਮਾਇਆ ਦੇਵੀ ਸੀ। ਇਹਨਾਂ ਦੀਆਂ ਪੰਜ ਭੈਣਾਂ ਸਨ, ਨਰਿੰਦਰ ਕੌਰ, ਮਹਿੰਦਰ ਕੌਰ, ਮਨਜੀਤ ਕੌਰ, ਪ੍ਰਕਾਸ਼ ਕੌਰ। ਸੁਰਿੰਦਰ ਕੌਰ ਨੇ ਮੁੱਢਲੀ ਸਿੱਖਿਆ ਲਾਹੌਰ ਲਾਗੇ ਦਬੁਰਜੀ ਸਕੂਲ ਤੋਂ ਪ੍ਰਾਪਤ ਕੀਤੀ ਸੀ। ਉਹਨਾਂ ਨੇ ਆਪਣੀ ਸੰਗੀਤਕ ਤਾਲੀਮ ਅਨਾਇਤ ਹੁਸੈਨ ਅਤੇ ਪੰਡਿਤ ਮਨੀ ਪ੍ਰਸ਼ਾਦ ਤੋਂ ਪ੍ਰਾਪਤ ਕੀਤੀ ਸੀ। ਸਭ ਤੋਂ ਪਹਿਲੀ ਵਾਰ ਉਹਨਾਂ ਦੀ ਪਛਾਣ ਲਾਹੌਰ ਰੇਡੀਓ ਤੋਂ ਬਣੀ। ਲਾਹੌਰ ਰੇਡੀਓ ਤੇ 1943 ਵਿੱਚ ਉਨਾਂ ਨੇ ਆਪਣਾ ਗੀਤ ਪੇਸ਼ ਕੀਤਾ, "ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ" ਇਸ ਨਾਲ ਉਹਨਾਂ ਦੀ ਸਿਰੇ ਤੱਕ ਪਹਿਚਾਣ ਬਣ ਗਈ। ਇਸ ਗੀਤ ਤੋਂ ਖੁਸ਼ ਹੋ ਕੇ ਐਚਐਮਬੀ ਕੰਪਨੀ ਨੇ ਇਹ ਗੀਤ ਰਿਕਾਰਡ ਕੀਤਾ ਸੀ। ਬਸ ਫਿਰ ਚੱਲ ਸੋ ਚੱਲ। ਸੱਭਿਆਚਾਰ ਨੂੰ ਨਾਲ ਹੀ ਲੈ ਕੇ ਜਨਮੀ ਸੁਰਿੰਦਰ ਕੌਰ ਨੇ ਸੁਥਰੀ ਗਾਇਕੀ ਨੂੰ ਸਾਂਭ-ਸਾਂਭ ਰੱਖਿਆ ਹੋਇਆ ਸੀ। ਕਾਰਲ ਮਾਰਕਸ ਨੇ ਕਿਸੇ ਸਮੇਂ ਕਿਹਾ ਸੀ ਕਿ, "ਮੈਨੂੰ ਆਪਣੀ ਪੀੜੀ ਦੇ ਪੰਜ ਗਾਣੇ ਸੁਣਾ ਦਿਓ, ਮੈਂ ਤੁਹਾਡੀ ਪੀੜੀ ਦਾ ਭਵਿੱਖ ਦੱਸ ਦਿਆਂਗਾ" ਇਸੇ ਤਰਜ਼ ਤੇ ਸੁਰਿੰਦਰ ਕੌਰ ਨੇ ਸੱਭਿਆਚਾਰਕ ਗੀਤ ਗਾਏ। ਉਹਨਾਂ ਨੇ ਸਾਰੀ ਗਾਇਕੀ ਲੱਚਰਤਾ ਤੋਂ ਦੂਰ ਰੱਖੀ।

1947 ਨੂੰ ਬਟਵਾਰੇ ਦੇ ਸੇਕ ਤੋਂ ਬਾਅਦ ਸੁਰਿੰਦਰ ਕੌਰ ਦਿੱਲੀ ਲਾਗੇ ਗਾਜੀਆਬਾਦ ਵਿੱਚ ਆ ਕੇ ਵਸ ਗਈ। ਇਸੇ ਸਮੇਂ ਦੌਰਾਨ ਉਨਾਂ ਦਾ ਵਿਆਹ ਸਾਇਕਾਲੋਜੀ ਦੇ ਪ੍ਰੋਫੈਸਰ ਜੋਗਿੰਦਰ ਸਿੰਘ ਸੋਢੀ ਨਾਲ ਹੋਇਆ। 1948 ਤੋਂ 1952 ਤੱਕ ਬਾਲੀਵੁੱਡ ਵਿੱਚ ਛਾਈ ਰਹੀ। ਉਨਾਂ ਨੇ 2000 ਤੋਂ ਵੱਧ ਗੀਤ ਗਾਏ। ਖਾਸ ਤੌਰ ਤੇ ਉਹਨਾਂ ਨੇ ਬਿਰਹੋਂ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਅਤੇ ਨੰਦ ਲਾਲ ਨੂਰਪੁਰੀ ਨੂੰ ਗਾਇਆ। ਇੱਕ ਵਾਰ ਕਿਸਾਨੀ ਅੰਦੋਲਨ ਸਮੇਂ ਉਹਨਾਂ ਦੀ ਧੀ ਡੋਲੀ ਗੁਲੇਰੀਆ ਨੇ ਦਰਦ ਉਛਾਲਿਆ ਸੀ,ਕਿ ਮੇਰੀ ਮਾਂ ਨੂੰ ਪਦਮਸ੍ਰੀ ਦਿਵਾਉਣ ਦੀ ਸਿਫਾਰਿਸ਼ ਹਰਿਆਣਾ ਸਰਕਾਰ ਨੇ ਕੀਤੀ। ਇਸ ਲਈ ਇਸ ਪਰਿਵਾਰ ਨੂੰ ਪੰਜਾਬ ਨਾਲ ਇਹ ਗਿਲਾ ਸ਼ਿਕਵਾ ਰਹੇਗਾ ਹੀ। 1984 ਵਿੱਚ ਉਨਾਂ ਨੂੰ ਸੰਗੀਤ ਨਾਟਕ ਅਕੈਡਮੀ ਅਵਾਰਡ ਅਤੇ ਨੈਸ਼ਨਲ ਮਿਊਜ਼ਿਕ ਅਵਾਰਡ ਵੀ ਮਿਲੇ ਸਨ। ਉਹਨਾਂ ਦੀ ਧੀ ਨੇ ਇਹ ਵੀ ਦੱਸਿਆ ਸੀ ਕਿ ਮੇਰੀ ਮਾਤਾ ਸੁਰਿੰਦਰ ਕੌਰ ਦੀ ਪੰਜਾਬ ਵਿੱਚ ਹੀ ਮਰਨ ਦੀ ਇੱਛਾ ਸੀ ਜੋ ਕਿ ਅਧੂਰੀ ਰਹੀ। ਉਹਨਾਂ ਦੀ ਮੌਤ15 ਜੂਨ 2006 ਨੂੰ 77 ਸਾਲ ਦੀ ਉਮਰ ਵਿੱਚ ਅਮਰੀਕਾ ਵਿੱਚ ਹੋਈ।

ਪੰਜਾਬੀ ਸੱਭਿਆਚਾਰ ਦੀ ਰੂਹ ਉਸ ਦੇ ਅੰਗ ਹੁੰਦੇ ਹਨ, ਜਿਵੇਂ ਕਿ ਢੋਲਾ, ਸੱਸ, ਮਾਹੀਆ, ਚਰਖਾ, ਡੋਲੀ ਅਤੇ ਭਾਬੋ ਆਦਿ। ਇਹਨਾਂ ਨੂੰ ਸੁਰਿੰਦਰ ਕੌਰ ਨੇ ਬਾਖੂਬੀ ਨਿਭਾਇਆ। ਧੀ ਨੂੰ ਦਰਾਂ ਤੋਂ ਤੋਰਨ ਸਮੇਂ ਭਾਵੁਕਤਾ ਦੇ ਪਲਾਂ ਨੂੰ ਸੁਰਿੰਦਰ ਕੌਰ ਨੇ ਇਉਂ ਬਿਆਨਿਆ ਹੈ:-"ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਏ" ਸਾਡੇ ਸਮਾਜ ਵਿੱਚ ਨੂੰਹ-ਸੱਸ ਦਾ ਰਿਸ਼ਤਾ ਕੜਵਾਹਟ ਭਰਿਆ ਪੇਸ਼ ਕੀਤਾ ਜਾਂਦਾ ਹੈ। ਪਰ ਸੁਰਿੰਦਰ ਕੌਰ ਨੇ ਇਸ ਰਿਸ਼ਤੇ ਨੂੰ ਨਵੀਂ ਦਿੱਖ ਦਿੱਤੀ:- "ਮਾਵਾਂ ਲਾਡ ਲਡਾਵਣ ਧੀਆਂ ਵਿਗਾੜ ਨੀਂ, ਸੱਸਾਂ ਦੇਵਣ ਮੱਤਾਂ ਉਮਰ ਸੰਵਾਰਨ ਨੀਂ" ਇਸ ਸਦਾਬਹਾਰ ਗਾਇਕੀ ਦੀ ਮਲਕਾ ਦੀ ਇੱਕ ਹੋਰ ਵੰਨਗੀ ਸੱਭਿਆਚਾਰ ਨੂੰ ਰੂਪਵਾਨ ਕਰਦੀ ਹੈ:-"ਡਾਚੀ ਵਾਲਿਆਂ ਮੋੜ ਮੁਹਾਰ ਵੇ ਸੋਹਣੀ ਵਾਲਿਆ ਲੈ ਚੱਲ ਨਾਲ ਵੇ" ਜਿਵੇਂ ਫੁੱਲ ਦੀ ਕੀਮਤ ਉਸ ਦੀ ਖੁਸ਼ਬੂ ਲਈ ਹੁੰਦੀ ਹੈ ਉਸੇ ਤਰ੍ਹਾਂ ਹੀ ਸੁਰਿੰਦਰ ਕੌਰ ਦੀ ਕੀਮਤ ਵੀ ਉਸਦੀ ਸਾਫ ਸੁਥਰੀ ਅਤੇ ਸੱਭਿਆਚਾਰਕ ਗਾਇਕੀ ਲਈ ਹੈ। ਇਸੇ ਕਰਕੇ ਇਹ ਸੱਭਿਆਚਾਰਕ ਮਹਿਕ ਦੀ ਮਲਕਾ ਤੇ ਸੁਰੀਲੀ ਗਾਇਕੀ ਕਰਕੇ ਪੰਜਾਬ ਦੀ ਕੋਇਲ ਕਹਾਉਂਦੀ ਹੈ। ਗਾਇਕੀ ਦੇ ਸਾਰੇ ਪੱਖ ਸਾਫ ਸੁਥਰੇ ਨਿਭਾਉਣ ਲਈ ਇਹ ਨਾਂ ਕਿਸੇ ਦਾ ਮੁਹਤਾਜ ਨਹੀਂ। ਚੜ੍ਹਦੇ-ਲਹਿੰਦੇ ਪੰਜਾਬ ਦੀ ਗਾਇਕਾ ਅੱਜ ਵੀ ਆਪਣੀ ਗਾਇਕੀ ਕਰਕੇ ਦੋਵਾਂ ਪੰਜਾਬਾਂ ਵਿੱਚ ਮਹਿਕ ਬਿਖੇਰਦੀ ਹੈ। ਸ਼ਾਲਾ ! ਕੋਈ ਹੋਰ ਸੁਰਿੰਦਰ ਕੌਰ ਪੈਦਾ ਹੋਵੇ।

## ਗੁਰਿਆਈ ਦਿਵਸ ਤੇ ਵਿਸ਼ੇਸ਼

# ਪਿਤਾ ਹਮਾਰੋ ਗੁਰੂ ਗੋਬਿੰਦ ਸਿੰਘ



ਡਾ. ਸਤਿੰਦਰ ਪਾਲ ਸਿੰਘ
ਸਿਡਨੀ, ਆਸਟ੍ਰੇਲਿਆ
akaalpurkh.7@gmail.com

ਗੁਰੂ ਤੇਗ ਬਹਾਦਰ ਸਾਹਿਬ ਦੀ ਅਦੁੱਤੀ ਸ਼ਹੀਦੀ ਦੇ ੩੫੦ ਸਾਲ ਪੂਰੇ ਹੋ ਰਹੇ ਹਨ, ਨਾਲ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਗੁਰਤਾ ਗੱਦੀ ਤੇ ਆਸੀਨ ਹੋਣ ਦੇ ਵੀ ੩੫੦ ਸਾਲ ਹੋ ਜਾਣਗੇ । ਇਨ੍ਹਾਂ ੩੫੦ ਸਾਲਾਂ ਵਿੱਚ ਬਹੁਤ ਕੁੱਝ ਵਾਪਰਿਆ, ਸ਼ਾਨ - ਮਾਨ ਭਰੇ ਇਤਿਹਾਸ ਰਚੇ ਗਏ ਤੇ ਬਹੁਤ ਕੁੱਝ ਬਦਲ ਵੀ ਗਿਆ ਹੈ। ਖਾਸ ਤੌਰ ਤੇ ਪਿਛਲੇ ਸੌ ਸਾਲ ਆਸ ਦੇ ਘੱਟ ਨਿਰਾਸ਼ ਕਰਨ ਵਾਲੇ ਜਿਆਦਾ ਰਹੇ ਹਨ। ਸਮਾਂ ਔਖਾ ਜਿਹਾ ਆ ਗਿਆ ਹੈ। ਮੁਸ਼ਕਿਲ ਹੋਵੇ ਤਾਂ ਮਾਪੇ ਯਾਦ ਆਉਂਦੇ ਹਨ। ਅੱਜ ਗੁਰੂ ਗੋਬਿੰਦ ਸਿੰਘ ਸਾਹਿਬ ਵਾਰ ਵਾਰ ਚੇਤੇ ਆ ਰਹੇ ਹਨ ਜਿਨ੍ਹਾਂ ਇੱਕ ਇੱਕ ਸਿੱਖ ਨੂੰ ਖਾਲਸਾਈ ਜਾਹੋ ਜਲਾਲ ਵਿਰਾਸਤ ਵਜੋਂ ਬਖਸ਼ ਕੇ ਸਦਾ ਲਈ ਸਵੈਮਾਣ ਨਾਲ ਭਰ ਦਿੱਤਾ ਸੀ। ਸੰਸਾਰ ਦਾ ਕੋਈ ਪਿਤਾ ਅਜਿਹਾ ਨਹੀਂ ਹੋਇਆ ਜਿਸ ਨੇ ਆਪਣੇ "ਜੀਵਤ ਕਈ ਹਜਾਰ" ਪੁੱਤਰਾਂ ਨੂੰ ਅਜਿਹੀ ਵਿਰਾਸਤ ਪ੍ਰਦਾਨ ਕੀਤੀ ਹੋਵੇ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਖਸ਼ੀ। ਪਿਤਾ ਮੇਰੋ ਬਡੋ ਧਨੀ ਅਗਮਾ॥ ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੦੭)

ਖਾਲਸੇ ਦੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸੰਸਾਰ ਦੀ ਸਰਵਉੱਚ ਸੱਤਾ ਸਨ। ਉਨ੍ਹਾਂ ਨੇ ਆਪਣੀ ਸੰਤਾਨ ਦੇ ਭਵਿੱਖ ਲਈ ਸਰਵਉੱਤਮ ਪ੍ਰਬੰਧ ਕੀਤੇ। ਆਪਣੇ ਸਿੱਖ ਲਈ ਗੁਰੂ ਸਾਹਿਬ ਅਜਿਹੀ ਜੀਵਨ ਵਿਵਸਥਾ ਸਿਰਜ ਕੇ ਗਏ ਜਿਸ ਵਿੱਚ ਸਾਰੀਆਂ ਲਈ ਬਰਾਬਰੀ ਦਾ ਸਤਿਕਾਰ, ਸਨਮਾਨ, ਹੱਕ ਤੇ ਹਿੱਸਾ ਪੱਕਾ ਕੀਤਾ ਗਿਆ ।ਜਾਤ ਪਾਤ, ਵਰਣ, ਵਰਗ ਦੇ ਸਾਰੇ ਭੇਦ ਦੂਰ ਹੋ ਕੇ ਸਿੱਖ ਦੀ ਇੱਕ ਜਾਤ ਹੋ ਗਈ। ਪੁਰਖ ਲਈ ਸਿੰਘ ਤੇ ਇਸਤ੍ਰੀ ਲਈ ਕੌਰ। ਸਿੱਖ ਹੋਣ ਲਈ ਖਾਲਸਾ ਹੋਣਾ ਲਾਜਮੀ ਹੋ ਗਿਆ। ਇਹ ਅੰਤਰ ਅਵਸਥਾ ਦੀ ਇੱਕਰੂਪਤਾ ਸੀ, ਭਾਵਨਾ ਦੀ ਇੱਕਰੂਪਤਾ ਸੀ ਅਤੇ ਸਵਰੂਪ ਦੀ ਵੀ ਇੱਕਰੂਪਤਾ ਸੀ। ਅੰਤਰ ਵਿੱਚ ਸ਼ਬਦ ਅੰਮ੍ਰਿਤ ਦਾ ਪ੍ਰਕਾਸ਼, ਭਾਵਨਾ ਵਿੱਚ ਖੰਡੇ ਬਾਟੇ ਦੀ ਪਾਹੁਲ ਦਾ ਨਿਵਾਸ ਤੇ ਵੇਸ਼ ਵਿੱਚ ਪੰਜ ਕਕਾਰਾਂ ਦਾ ਸਿੰਗਾਰ। ਇਸ ਇੱਕਰੂਪਤਾ ਨੇ ਖਾਲਸਾ ਨੂੰ ਇੱਕ ਮਜਬੂਤ ਤਾਕਤ ਦੇ ਰੂਪ ਵਿੱਚ ਬਦਲ ਦਿੱਤਾ। ਇਸ ਬੁਨਿਆਦ ਤੇ ਹੀ ਖਾਲਸਾ ਰਾਜ ਕਾਇਮ ਹੋਏ। ਖਾਲਸਾ ਦੀ ਸੰਗਠਨ ਸ਼ਕਤੀ ਮੁਗਲਾਂ ਤੇ ਅੰਗ੍ਰੇਜਾਂ ਲਈ ਸੱਭ ਤੋਂ ਵੱਡੀ ਚੁਣੌਤੀ ਸੀ। ਸਿੱਖ ਨੇ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਫਰਮਾਨ ਮੰਨਿਆ ਤੇ ਧਾਰਮਕ ਹੀ ਨਹੀਂ ਸਮਾਜਕ ਤੇ ਰਾਜਨੀਤਕ ਖੇਤਰ ਵਿੱਚ ਵੀ ਵੱਡੀ ਚੜ੍ਹਤ ਪ੍ਰਾਪਤ ਕੀਤੀ। ਅੱਜ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪਿਤਾ ਆਖਣ ਵਾਲੇ ਬਹੁਤ ਸਾਰੇ ਹਨ ਪਰ ਉਨ੍ਹਾਂ ਨੂੰ ਪਿਤਾ ਮੰਨਣ ਵਾਲੇ ਆਗਿਆਕਾਰੀ ਪੁੱਤਰ ਲੱਭਿਆਂ ਨਹੀਂ ਲੱਭਦੇ। ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੱਖ ਦੀ ਪਛਾਣ ਨਾਮ ਦੇ ਅੰਤ ਵਿੱਚ ਲੱਗੇ ਸਿੰਘ, ਕੌਰ ਨਾਲ ਸੀ। ਸਿੱਖ ਦਾ ਪੂਰਾ ਵਜੂਦ ਗੁਰੂ ਦੀ ਬਖਸ਼ੀ ਪਦਵੀ ਤੇ ਟਿਕਿਆ ਹੋਇਆ ਸੀ। ਅੱਜ ਸਿੰਘ ਹੈ ਪਰ ਅੱਗੇ ਜਾਤ ਜੋੜ ਦਿੱਤੀ ਗਈ ਹੈ। ਜਾਤ ਨਹੀਂ ਤਾਂ ਕਿੱਤੇ ਦਾ ਨਾਮ ਜੋੜ ਦਿੱਤਾ ਗਿਆ ਹੈ। ਬੋਲਚਾਲ ਵਿਚ, ਸਧਾਰਣ ਵਿਵਹਾਰ ਵਿੱਚ ਸਿੰਘ ਅਲੋਪ ਵੀ ਕਰ ਦਿੱਤਾ ਗਿਆ ਹੈ ਤੇ ਜਾਤ ਆ ਗਈ ਹੈ। ਇਹ ਆਪਣੇ ਪਿਤਾ ਦੇ ਪ੍ਰਤੀ ਭਾਵਨਾਤਮਕ ਦੂਰੀ ਨੂੰ ਦਰਸਾਉਂਦਾ ਹੈ। ਭਾਵਨਾਤਮਕ ਪੱਧਰ ਤੇ ਦੂਰ ਹੁੰਦੇ ਜਾਣਾ ਸਬੰਧ ਦਾ ਖੋਖਲਾ ਹੁੰਦਾ ਜਾਣਾ ਹੈ। ਕੀ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸਿੱਖ ਦਾ ਸਬੰਧ ਖੋਖਲਾ ਹੋ ਗਿਆ ਹੈ, ਇਹ ਡੂੰਘੇ ਵਿਚਾਰ ਦਾ ਵਿਸ਼ਾ ਹੈ। ਇਸ ਦੇ ਪ੍ਰਭਾਵ ਚਿੰਤਿਤ ਕਰਨ ਵਾਲੇ ਹਨ। ਜਾਤਾਂ ਦੇ ਨਾਮ ਦੇ ਗੁਰਦੁਆਰੇ ਬਣ ਗਏ ਹਨ। ਵਿਆਹ ਲਈ ਜਾਤ ਵੇਖੀ ਜਾਂਦੀ ਹੈ। ਜਾਤ ਅਧਾਰਤ ਸੰਗਠਨ ਬਣ ਗਏ ਹਨ। ਸਿੱਖ ਲਈ ਸਿੱਖ ਆਪਣਾ ਨਹੀਂ ਰਿਹਾ, ਆਪਣੀ ਜਾਤ ਦਾ ਸਿੱਖ ਆਪਣਾ ਮੰਨਿਆ ਜਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੱਲ ਅਸੀਂ ਕਿਵੇਂ ਕਰ ਸਕਦੇ ਹਾਂ ਜੇ ਆਪਣੇ ਨਾਮ ਦੇ ਆਖੀਰ ਵਿੱਚ ਜਾਤ ਲਗਾ ਕੇ ਗੁਰੂ ਸਾਹਿਬ ਦੇ ਬਖਸ਼ੇ ਸਿੰਘ ਜਾਂ ਕੌਰ ਦੀ ਬੇਕਦਰੀ ਕਰ ਰਹੇ ਹਾਂ, ਨਿਰਾਦਰ ਕਰ ਰਹੇ ਹਾਂ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਜਾਤ ਮਿਟਾ ਕੇ ਸਿੰਘ ਬਣਾਇਆ ਸੀ। ਅਸੀਂ ਅੱਜ ਵੀ ਉਸ ਮੁਰਦਾ ਹੋ ਗਈ ਜਾਤ ਨੂੰ ਗਲੇ ਦਾ ਹਾਰ ਬਣਾਇਆ ਹੋਇਆ ਹੈ। ਇਸ ਕਾਰਨ ਗੁਰੂ ਗੋਬਿੰਦ ਸਿੰਘ ਸਾਹਿਬ ਅੱਜ ਬਹੁਤ ਯਾਦ ਆਉਂਦੇ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਤੇ ਸਿੱਖ ਵਿਚਕਾਰ ਸਿੱਧਾ ਸਬੰਧ ਕਾਇਮ ਕਰਨ ਲਈ ਮਸੰਦ ਪ੍ਰਣਾਲੀ ਸਮਾਪਤ ਕਰ ਦਿੱਤੀ ਸੀ। ਸਿੱਖ ਬੇਨਤੀ ਕਰਦਾ ਸੀ, ਗੁਰੂ ਸੁਣਦਾ ਸੀ। ਗੁਰੂ ਸਿੱਖ ਦੀ ਜਾਣਦਾ ਸੀ ਸਿੱਖ ਆਪਣੇ ਗੁਰੂ ਤੇ ਭਰੋਸਾ ਕਰਦਾ ਸੀ । ਕੋਈ ਦੂਰੀ ਨਹੀਂ ਸੀ ਤਾਂ ਹੀ ਜੈਤਾ ਗੁਰੂ ਦਾ ਬੇਟਾ ਬਣ ਸਕਿਆ ਸੀ। ਅੱਜ ਸਿੱਖ ਗੁਰੂ ਤੋਂ ਦੂਰ ਹੋ ਗਿਆ ਹੈ ਤੇ ਕਰ ਵੀ ਦਿੱਤਾ ਗਿਆ ਹੈ। ਅੱਜ ਗੁਰੂ ਤੱਕ ਪੁੱਜਣ ਲਈ ਕੋਈ ਸਿੱਧੀ ਰਾਹ ਨਹੀਂ ਰਹੀ, ਕਈ ਕਈ ਮਾਧਿਅਮ ਬਣ ਗਏ ਹਨ। ਗੁਰੂ ਦਾ ਕਥਨ ਮਾਧਿਅਮਾਂ ਤੋਂ ਗੁਜਰਦੀਆਂ ਗੁਜ਼ਰਦਿਆਂ ਹੋਰ ਦਾ ਹੋਰ ਹੀ ਰੂਪ ਲੈ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ ਸੀ। ਅੱਜ ਗੁਰੂ ਸਾਹਿਬ ਦੇ ਹੀ ਨਾਮ ਤੇ ਉਸ ਜੋੜ ਵਿਚ ਤਰੇੜਾਂ ਪਾਈਆਂ ਜਾ ਰਹੀਆਂ ਹਨ। ਗੁਰੂ ਸਾਹਿਬ ਦੇ ਹੀ ਨਾਮ ਤੇ ਉਨ੍ਹਾਂ ਦੇ ਹੁਕਮ " ਗੁਰੂ ਮਾਨਿਯੋ ਗਰੰਥ " ਦੀ ਖੁੱਲੀ ਉਲੰਘਣਾ ਹੋ ਰਹੀ ਹੈ। ਗੁਰੂ ਨਾਨਕ ਸਾਹਿਬ ਦੇ ਪੰਥ ਨੂੰ ਹੀ ਅੱਗੇ ਵਧਾਉਂਦੇ ਹੋਏ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਰਮਕਾਂਡ, ਪਖੰਡ ਤੋਂ ਸਿੱਖਾਂ ਨੂੰ ਵਰਜਿਆ ਤੇ ਗੁਰ ਸ਼ਬਦ ਨੂੰ ਹੀ ਉੱਧਾਰ ਦਾ ਮਾਰਗ ਦੱਸਿਆ ਸੀ। ਪਿਤਾ ਦੀ ਸੌਂਪੀ ਕੁੰਜੀ ਤਾਂ ਸਿੱਖ ਵਰਤਣਾ ਹੀ ਭੁੱਲ ਗਿਆ ਹੈ। ਗੁਰੂ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਕੰਠ ਸੀ ਤਾਂ ਹੀ ਆਪ ਨੇ ਸ੍ਰੀ ਦਮਦਮਾ ਸਾਹਿਬ ਵਿਚ ਪੂਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾ ਕੇ ਸੰਪੂਰਨਤਾ ਪ੍ਰਦਾਨ ਕੀਤੀ ਸੀ। ਅੱਜ ਜਪੁ ਸਾਹਿਬ ਦੀ ਬਾਣੀ ਕੰਠ ਕਰਨ ਵਾਲੇ ਸਿੱਖ ਵੀ ਵਿਰਲੇ ਹੀ ਮਿਲਦੇ ਹਨ।



ਸ੍ਰੀ ਹਜੂਰ ਸਾਹਿਬ ਨਾਂਦੇੜ ਦੀ ਧਰਤੀ ਤੇ ਕੀਤੇ ਗਏ ਦਸਮ ਪਿਤਾ ਦੇ ਬਵੰਜਾ ਹੁਕਮਾਂ ਵਿੱਚ ਸ਼ਾਮਿਲ ਹੁਕਮ ਜਿਵੇਂ ਗੁਰਬਾਣੀ ਕੰਠ ਕਰਨੀ, ਗੁਰਬਾਣੀ ਦੇ ਅਰਥ ਸਮਝਣੇ, ਸ਼ਬਦ ਅਭਿਆਸ ਕਰਨਾ ਆਦਿਕ ਵਿਸਾਰ ਹੀ ਦਿੱਤੇ ਗਏ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੰਨ ੧੬੭੫ ਤੋਂ ਸੰਨ ੧੭੦੮ ਤੱਕ ਦਾ ਗੁਰਤਾ ਕਾਲ ਚੁਣੌਤੀਆਂ ਤੇ ਸੰਘਰਸ਼ ਦਾ ਕਾਲ ਰਿਹਾ। ਗੁਰੂ ਸਾਹਿਬ ਨੇ ਹਰ ਚੁਣੌਤੀ ਦਾ ਬੜੇ ਸਬਰ ਤੇ ਸੂਝ ਬੂਝ ਨਾਲ ਸਾਹਮਣਾ ਕੀਤਾ। ਔਖੀ ਤੋਂ ਔਖੀ ਸਥਿਤੀ ਵਿੱਚੋਂ ਵੀ ਆਪ ਜੇਤੂ ਬਣ ਕੇ ਨਿਕਲੇ। ਸਿਧਾਂਤਾਂ ਲਈ ਹਮੇਸ਼ਾ ਹਾਲਾਤ ਨਾਲ ਟਾਕਰਾ ਲਿਆ ਤੇ ਸਰਬੰਸ ਵਾਰ ਦਿੱਤਾ। ਇਹ ਜਜਬਾ ਖਾਲਸਾਈ ਜਜਬਾ ਸੀ "ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ"। ਅੱਜ ਸਿਧਾਂਤਾਂ ਦੀ ਥਾਂ ਸਮਝੌਤੇ ਲੈਂਦੇ ਜਾ ਰਹੇ ਹਨ। ਗੁਰੂ ਸਾਹਿਬ ਨੇ ਸਿੱਖ ਨੂੰ ਸਿਖਾਇਆ ਸੀ "ਇਹ ਲਾਲਚ ਹਉ ਗੁਨ ਤਉ ਉਚਰੋਂ", ਪਰ ਕੌਮ ਨੇ ਕੁਰਸਿਆਂ, ਪਦਵਿਆਂ ਤੇ ਲਾਲਚ ਪਾਲ ਲਏ ਹਨ। ਇਸ ਲਾਲਚ ਨੇ ਸਿੱਖ ਦੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣਾ ਪਿਤਾ ਆਖਣ ਦੇ ਹੱਕ ਤੇ ਸਵਾਲ ਖੜਾ ਕਰ ਦਿੱਤਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੁਰਿਆਈ ਦਾ ਦਿਨ ਇੱਕ ਮਹਾਨ ਦਿਨ ਸੀ ਜਦੋਂ ਸਿੱਖ ਕੌਮ ਅੰਦਰ ਆਏ ਵਿਲੱਖਣ ਬਦਲਾਵ ਦੀ ਇਬਾਰਤ ਲਿਖਣੀ ਆਰੰਭ ਹੋਈ ਸੀ। ਖਾਲਸੇ ਦੇ ਜਨਮ ਦੇ ਬੀਜ ਅੱਜ ਦੇ ਦਿਨ ਬੀਜੇ ਗਏ ਸਨ। ਇਹ ਆਪਣੀ ਹੋਂਦ ਦੀ ਨਿਸ਼ਾਨਦੇਹੀ ਕਰਨ ਦਾ ਦਿਨ ਹੈ। ਆਪਣੇ ਪਿਤਾ ਨੂੰ ਯਾਦ ਕਰਨ ਦੇ ਨਾਲ ਹੀ ਪਿਤਾ ਦੀ ਵਿਸਾਰੀ ਹੋਈ ਮਹਾਨ ਵਿਰਾਸਤ ਨੂੰ ਆਪਣੇ ਜੀਵਨ ਵਿੱਚ ਉਤਾਰਨ ਲਈ ਸੰਕਲਪ ਲੈਣ ਦਾ ਦਿਨ ਹੈ। ਆਪਣੇ ਆਪ ਨੂੰ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੁਯੋਗ ਸੰਤਾਨ ਸਾਬਿਤ ਕਰਨ ਦਾ ਦਿਨ ਹੈ।

* * * * * * * *

# ਜੋਗਿੰਦਰ ਸਿੰਘ ਬੀ.ਪੀ.ਈ.ਓ. ਦੇ ਹੋਣਹਾਰ ਬੇਟੇ ਸਿਮਰਨਜੀਤ ਸਿੰਘ ਦਾ ਵਿਛੋੜਾ



ਗੁਰਬਾਣੀ ਦੀ ਇਹ ਪੰਕਤੀ "ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ" ਦਰਸਾਉਂਦੀ ਹੈ ਕਿ ਜੋ ਪੈਦਾ ਹੋਇਆ ਹੈ ਉਸ ਨੇ ਅੱਜ ਜਾਂ ਕੱਲ ਖਤਮ ਹੋ ਜਾਣਾ ਹੈ ਭਾਵ ਮੌਤ ਹਰੇਕ ਲਈ ਆਉਣੀ ਹੈ, ਸਮਾਂ ਵੱਖ-ਵੱਖ ਹੋ ਸਕਦਾ ਹੈ। ਪਰ ਜਦੋਂ ਮੌਤ ਛੋਟੀ ਉਮਰੇ ਆਉਂਦੀ ਹੈ ਤਾਂ ਉਸ ਨੂੰ ਪਰਿਵਾਰ ਲਈ ਸਹਿਣ ਕਰਨਾ ਔਖਾ ਹੂੰਦਾ ਹੈ ਪਰ ਗੁਰਬਾਣੀ ਦਾ ਆਸਰਾ ਲੈ ਕੇ ਭਾਣਾ ਮੰਨਣਾ ਪੈਂਦਾ ਹੈ। ਇਹੋ ਜਿਹੀ ਦੁੱਖ ਦੀ ਘੜੀ ਮਾ: ਜੋਗਿੰਦਰ ਸਿੰਘ ਦੇ ਪਰਿਵਾਰ ਉੱਪਰ ਆਈ ਜਦੋਂ ਉਨ੍ਹਾਂ ਦਾ ਹੋਣਹਾਰ ਨੋਜਵਾਨ ਬੇਟਾ ਸਿਮਰਨਜੀਤ ਸਿੰਘ ਆਪਣੀ ਡਿਊਟੀ ਤੋਂ ਸਾਮ ਨੂੰ ਘਰ ਆਉਂਦੇ ਸਮੇਂ ਅਚਾਨਕ 11 ਨਵੰਬਰ 2025 ਨੂੰ ਐਕਸੀਡੈਂਟ ਹੋਣ ਕਾਰਨ ਵਿਛੌੜਾ ਦੇ ਗਿਆ। ਉਹ ਬਹੁਤ ਹੀ ਹਸੱਮੁੱਖ, ਆਗਿਆਕਾਰੀ, ਹਲੀਮੀ ਨਾਲ ਭਰਿਆ, ਮਿਹਨਤੀ ਅਤੇ ਨਿੱਘੇ ਸੁਭਾਅ ਵਾਲਾ ਸੀ। ਉਸ ਦਾ ਜਨਮ 17 ਅਕਤੂਬਰ 1989 ਨੂੰ ਮਾਤਾ ਸ੍ਰੀਮਤੀ ਸੁਖਵਿੰਦਰ ਕੌਰ ਦੀ ਕੁੱਖੋਂ ਹੋਇਆ ਸੀ। ਉਸ ਦਾ ਦੋਸਤਾਨਾ ਸਰਕਲ ਬਹੁਤ ਹੀ ਵਧੀਆ ਦੋਸਤਾਂ ਨਾਲ ਸੀ। ਉਸ ਨੇ ਐਮ.ਏ.,ਬੀ.ਐਡ.,ਪੀ.ਜੀ.ਡੀ.ਸੀ.ਏ.,ਟੈੱਟ ਪਾਸ ਕੀਤੇ ਹੋਏ ਸੀ, ਹੁਣ ਸਰਕਾਰੀ ਨੌਕਰੀ ਦੀ ਉਡੀਕ ਵਿੱਚ ਸੀ ਪਰ ਹੁਣ ਸੁਵਿਧਾ ਕੇਂਦਰ ਗੁਰਦਿੱਤਪੁਰਾ ਵਿਖੇ ਡਿਊਟੀ ਕਰ ਰਿਹਾ ਸੀ। ਉਸ ਦਾ ਵਿਆਹ ਤਿੰਨ ਕੁ ਸਾਲ ਪਹਿਲਾਂ ਹੀ ਹੋਇਆ ਸੀ।

ਉਨ੍ਹਾ ਦੇ ਪਿਤਾ ਸ੍ਰ. ਜੋਗਿੰਦਰ ਸਿੰਘ ਜੋ ਸਮਾਜ ਸੇਵਾ ਨੂੰ ਸਮਰਪਿਤ, ਮਿੱਠ-ਬੋਲੜੇ, ਹਲੀਮੀ ਦੇ ਪ੍ਰਤੀਕ, ਸਮੇਂ ਦੇ ਪਾਬੰਦ, ਦੂਜਿਆਂ ਦੇ ਦੁੱਖ ਸੁੱਖ ਦੇ ਭਾਈਵਾਲ, ਕੁਸ਼ਲ ਅਣਥੱਕ ਪ੍ਰਬੰਧਕ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ, ਇਸੇ ਸਦਕਾ ਬੇਟੇ ਉੱਪਰ ਆਪਣੇ ਪਿਤਾ ਜੀ ਦੀ ਸਖਸ਼ੀਅਤ ਅੰਦਰਲੇ ਗੁਣਾਂ ਦਾ ਪ੍ਰਭਾਵ ਅੱਵਸ਼ ਦਿਖਾਈ ਦਿੰਦਾ ਸੀ। ਉਨ੍ਹਾ ਨੇ ਬਤੌਰ ਬੀ.ਪੀ.ਈ.ਓ. ਪਟਿਆਲਾ ਜਿਲ੍ਹੇ ਦੇ ਕਈ ਬਲਾਕਾਂ ਵਿੱਚ ਇਮਾਨਦਾਰੀ ਨਾਲ ਮਿਸਾਲੀ ਕੰਮ ਕੀਤਾ ਜਿਸ ਸਦਕਾ ਸਿੱਖਿਆ ਵਿਭਾਗ ਦੇ ਸਾਰੇ ਸਟਾਫ ਨੇ ਅਚਾਨਕ ਹੀ ਉਨ੍ਹਾਂ ਦੇ ਬੇਟੇ ਦੀ ਬੇਵਕਤੀ ਮੌਤ ਦੀ ਖਬਰ ਸੁਣਦਿਆਂ ਭਾਰੀ ਸੋਗ ਮਨਾਇਆ ਗਿਆ। ਸਵ: ਕਾਕਾ ਸਿਮਰਨਜੀਤ ਸਿੰਘ ਦੇ ਨਮਿੱਤ ਅੰਤਿਮ ਅਰਦਾਸ 21 ਨਵੰਬਰ 2025 ਦਿਨ ਸੁਕਰਵਾਰ ਨੂੰ ਦੁਪਿਹਰ 12 ਵਜੇ ਤੋਂ 1 ਵਜੇ ਤੱਕ ਗੁਰੂਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ (ਘੋੜਿਆਂ ਵਾਲਾ) ਨਾਭਾ ਵਿਖੇ ਹੋਵੇਗੀ। ਵਾਹਿਗੁਰੂ ਜੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। -ਮੇਜਰ ਸਿੰਘ ਨਾਭਾ

# ਜਨਮ ਪੱਤ੍ਰੀ, ਬਾਬਾ ਨਾਨਕ ਜੀ ਕੀ

**ਸਰਵਜੀਤ ਸਿੰਘ ਸੈਕਰਾਮੈਂਟੋ**



ਜਨਮਪਤ੍ਰੀ ਸੰਗਯਾ- ਉਹ ਪਤ੍ਰ, ਜਿਸ ਉੱਪਰ ਕਿਸੇ ਦੇ ਜਨਮ ਸਮੇਂ ਦੇ ਦਿਨ, ਤਿਥਿ, ਸਾਲ, ਯੋਗ, ਕਰਣ ਛਤ੍ਰ, ਰਾਸ਼ਿ ਅਤੇ ਗ੍ਰਹਾਂ ਦੀ ਸ਼ੁਭ ਅਸ਼ੁਭ ਦਸ਼ਾ ਦਾ ਨਿਰਣਾ ਲਿਖਿਆ ਹੋਵੇ। (ਮਹਾਨ ਕੋਸ਼)

ਜਨਮ ਪੱਤ੍ਰੀ, ਜਨਮ ਕੁੰਡਲੀ ਜਾਂ ਟੇਵਾ, ਉਹ ਦਸਤਾਵੇਜ ਹੁੰਦਾ ਹੈ ਜਿਸ ਉੱਪਰ ਨਵੇਂ ਜਨਮੇ ਬੱਚੇ ਦੇ ਜਨਮ ਸਮੇਂ ਦੇ ਹਿਸਾਬ ਨਾਲ, ਉਸ ਦਾ ਭਵਿੱਖ ਦਰਜ ਕੀਤਾ ਹੁੰਦਾ। ਇਹ ਮੰਨਿਆ ਜਾਂਦਾ ਹੈ ਕਿ ਭਵਿੱਖਬਾਣੀ ਜੀਵਨ ਦੇ ਸਾਰੇ ਖੇਤਰਾਂ ਜਿਵੇ ਸਿਹਤ, ਗ੍ਰਿਸਤ, ਵਿੱਤੀ ਮੁਸ਼ਕਲਾ ਅਤੇ ਨੌਕਰੀ-ਵਪਾਰ ਆਦਿ, ਅੰਦਰੂਨੀ ਤਾਕਤਾਂ ਅਤੇ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕਰਦੀ ਹੈ। ਇਸਨੂੰ ਸਮਝ ਕੇ, ਬਿਹਤਰ ਫੈਸਲੇ ਲਏ ਜਾ ਸਕਦੇ ਹਨ, ਅਤੇ ਭਵਿੱਖ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਅਗਾਂਊ ਬਿਉਂਤਬੰਦੀ ਕੀਤੀ ਜਾਂ ਸਕਦੀ ਹੈ।

ਜਨਮਸਾਖੀਆਂ ਮੁਤਾਬਕ ਮਹਿਤਾ ਕਾਲੂ ਜੀ ਨੇ ਵੀ, ਆਪਣੇ ਸਪੁੱਤਰ 'ਬਾਬਾ ਨਾਨਕ' ਦੇ ਜਨਮ ਵੇਲੇ , ਪੰਡਤ ਹਰਦਿਆਲ ਤੋਂ ਜਨਮਪੱਤ੍ਰੀ ਤਿਆਰ ਕਰਵਾਈ ਸੀ। ਇਹ ਗੱਲ ਭਾਈ ਬਾਲਾ, ਗੁਰੂ ਅੰਗਦ ਸਾਹਿਬ ਜੀ ਨੂੰ ਖੁਦ ਦੱਸ ਰਿਹਾ ਹੈ।

"ਬਾਲੇ ਕਹਿਆ ਜੀ ਇਹੁ ਮੈਨੂੰ ਮਲੂਮ ਨਾਹੀ। ਪਰ ਜੀ ਇਤਨੀ ਮੈਂ ਸੁਣਦਾ ਸਾ ਲੋਕਾਂ ਦੇ ਮੂਹੋਂ । ਹਰਿਦਿਆਲ ਮਿਸਰ ਆਖਦਾ ਆਹਾ। ਜੋ ਭਾਈ ਇਨੀ ਮਹੂਰਤੇ ਅਤੇ ਸਤਾਈ ਨਛਤਰੀਂ ਅਤੇ ਕਤਕ ਦੀ ਪੂਰਨਮਾਸ਼ੀ ਸੰਸਾਰ ਤੇ ਕੋਈ ਨਾਹੀ ਜਨਮਿਆ। ਇਹੁ ਕੋਈ ਕਾਲੂ ਦੇ ਘਰਿ ਕੋਈ ਵਡਾ ਅਵਤਾਰੀ ਜਨਮਿਆ ਹੈ। ਇਤਨੀ ਮੈਂ ਸੁਣਦਾ ਸੀ ਅਤੇ ਜੀ ਹੋਰ ਭੀ ਸੁਣੀਦੀ ਸੀ ਜੋ ਮਹਿਤੇ ਕਾਲੂੰ ਤਿਤੇ ਸਮੇਂ ਜਨਮ ਪਤ੍ਰੀ ਲਿਖਾਈ (1535 ਈ.) ਮਿਤੀ ਵੈਸਾਖ ਸੁਦੀ ਪੰਚਮੀ। ਫਿਰਿ ਗੁਰੂ ਅੰਗਦ ਕਹਿਆ, ਭਾਈ ਬਾਲਾ ਕਿਵੇਂ ਜਨਮਪਤ੍ਰੀ ਭੀ ਹਥਿ ਆਵੇ। ਫਿਰਿ ਬਾਲੇ ਕਹਿਆ: ਜੀ ਗੁਰੂ ਜਾਣੇ ਪਰ ਖੋਜ ਕੀਤਿਆ ਹਥਿ ਆਵੇ"। (ਡਾ ਸੁਖਦਿਆਲ ਸਿੰਘ, ਜੀਵਨ ਇਤਿਹਾਸ ਗੁਰੂ ਨਾਨਕ ਸਾਹਿਬ, ਪੰਨਾ 48)

"ਖਡੂਰ ਸਾਹਿਬ ਹੀ ਰਹਿ ਕੇ ਭਾਈ ਬਾਲੇ ਅਤੇ ਪੈੜੇ ਮੋਖੇ ਦੇ ਸਹਿਯੋਗ ਨਾਲ ੧੫੪੧ ਈ: ਵਿੱਚ ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤਰੀ (ਮਿਤੀ ਵੈਸਾਖ ਸੁਦੀ ੫, ੧੫੮੨ ਬਿ:/ ਅਪ੍ਰੈਲ 27, 1525 ਈ:) ਦੇ ਅਧਾਰ 'ਤੇ ਇੱਕ ਜਨਮਸਾਖੀ ਤਿਆਰ ਕਰਵਾਈ। ਜਿਸ ਨੂੰ ਜਨਮਸਾਖੀ ਭਾਈ ਬਾਲਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇਸ ਵਿੱਚ ਗੁਰੂ ਅੰਗਦ ਦੇਵ ਜੀ ਨੇ ਆਪਣੇ ਨਿਜੀ ਅਨੁਭਵ ਵੀ ਸਾਂਝੇ ਕੀਤੇ। ਇਸ ਜਨਮ ਸਾਖੀ ਨੂੰ ਕਪਟੀ ਮੀਣੇ ਅਤੇ ਹੰਦਾਲੀਏ ਗੁਰੂਆਂ ਨੇ ਦੂਸ਼ਿਤ ਕੀਤਾ"। (ਅਨੁਰਾਗ ਸਿੰਘ, ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 30)

ਭਾਈ ਬਾਲਾ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ 'ਜਨਮਸਾਖੀ ਭਾਈ ਬਾਲਾ' ਦੇ ਕੱਟੜ ਹਮਾਇਤੀ ਅਨੁਰਾਗ ਸਿੰਘ ਅਤੇ ਡਾ ਸੁਖਦਿਆਲ ਸਿੰਘ ,ਇਸ ਗੱਲ ਤੇ ਸਹਿਮਤ ਹਨ ਕਿ ਭਾਈ ਬਾਲੇ ਨੇ ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿੱਚ ਜਨਮ ਸਾਖੀ ਲਿਖਵਾਈ ਸੀ। ਜਿਸ ਦਾ ਅਧਾਰ, ਗੁਰੂ ਨਾਨਕ ਜੀ ਦੀ ਜਨਮ ਪ੍ਰਤੀ ਸੀ। ਉਸ ਜਨਮ ਪ੍ਰਤੀ ਬਾਰੇ, ਅਨੁਰਾਗ ਸਿੰਘ ਦਾ ਮੰਨਣਾ ਹੈ ਕਿ , "ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤਰੀ, ਮਿਤੀ ਵੈਸਾਖ ਸੁਦੀ ੫, ੧੫੮੨ ਬਿ:/ਅਪ੍ਰੈਲ 27, 1525 ਈ: ਵਿੱਚ ਲਿਖੀ ਗਈ ਸੀ। ਪਰ ਡਾ ਸੁਖਦਿਆਲ ਸਿੰਘ ਦੀ ਖੋਜ ਮੁਤਾਬਕ, "1535 ਈ. ਮਿਤੀ ਵੈਸਾਖ ਸੁਦੀ ਪੰਚਮੀ। ਸੀ। ਇਨ੍ਹਾਂ ਦੋਵਾਂ ਇਤਿਹਾਸਕਾਰਾਂ ਵੱਲੋਂ ਜਨਮਪਤ੍ਰੀ ਲਿਖੇ ਜਾਣ ਦੀਆ ਦਿੱਤੀਆ ਗਈਆਂ ਤਾਰੀਖਾਂ ਵਿੱਚ ਸਿਰਫ 10 ਸਾਲ ਦਾ ਅੰਤਰ ਹੈ।

ਬਾਲੇ ਵਾਲੀ ਜਨਮ ਸਾਖੀ ਮੁਤਾਬਕ, ਗੁਰੂ ਨਾਨਕ ਜੀ ਦਾ ਜਨਮ ,ਕੱਤਕ ਦੀ ਪੁੰਨਿਆ, ਸੰਮਤ 1526 ਬਿ: ਨੂੰ ਹੋਇਆ ਸੀ। ਇਹ ਤਾਰੀਖ ਭਾਈ ਬਾਲੇ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਖੁਦ ਦੱਸੀ ਸੀ, "ਹਰਿਦਿਆਲ ਮਿਸਰ ਆਖਦਾ ਆਹਾ। ਜੋ ਭਾਈ ਇਨੀ ਮਹੂਰਤੇ ਅਤੇ ਸਤਾਈ ਨਛਤਰੀਂ ਅਤੇ ਕਤਕ ਦੀ ਪੂਰਨਮਾਸ਼ੀ ਸੰਸਾਰ ਤੇ ਕੋਈ ਨਾਹੀ ਜਨਮਿਆ । ਇਹੁ ਕੋਈ ਕਾਲੂ ਦੇ ਘਰਿ ਕੋਈ ਵਡਾ ਅਵਤਾਰੀ ਜਨਮਿਆ ਹੈ। ਇਤਨੀ ਮੈਂ ਸੁਣਦਾ ਸੀ ਅਤੇ ਜੀ ਹੋਰ ਭੀ ਸੁਣੀਦੀ ਸੀ ਜੋ ਮਹਿਤੇ ਕਾਲੂੰ ਤਿਤੇ ਸਮੇਂ ਜਨਮ ਪਤ੍ਰੀ ਲਿਖਾਈ"।

ਕੱਤਕ ਦੀ ਪੁੰਨਿਆ ਸੰਮਤ 1526 ਬਿਕ੍ਰਮੀ ਦਿਨ ਸ਼ੁਕਰਵਾਰ ਵਾਲੇ ਦਿਨ ਸਤਾਈਵਾ ਨਛੱਤਰ (ਰੇਵਤੀ) ਨਹੀਂ ਸੀ, ਉਸ ਦਾ ਤਾਂ ਬਾਈਵਾਂ ਨਛੱਤਰ (ਅਸ਼ਵਨੀ) ਸੀ। ਦੂਜਾ ਅਤੇ ਸਭ ਤੋਂ ਮਹੱਤਵ ਪੂਰਨ ਨੁਕਤਾ , "ਹੋਰ ਭੀ ਸੁਣੀਦੀ ਸੀ ਜੋ ਮਹਿਤੇ ਕਾਲੂੰ ਤਿਤੇ ਸਮੇਂ ਜਨਮ ਪਤ੍ਰੀ ਲਿਖਾਈ"। ਡਾ ਸੁਰਿੰਦਰ ਸਿੰਘ ਕੋਹਲੀ ਨੇ 'ਤਿਤੇ' ਦੇ ਅਰਥ, 'ਉਸੇ' ਕੀਤੇ ਹਨ ( ਪੰਨਾ 48 ) ਭਾਵ ਉਸੇ ਸਮੇਂ ਜਨਮ ਪਤ੍ਰੀ ਲਿਖਵਾਈ ਗਈ। ਬਾਲਕ ਦਾ ਜਨਮ ਹੁੰਦਾ ਹੈ ਕੱਤਕ ਦੀ ਪੁੰਨਿਆ ਸੰਮਤ 1526 ਬਿ: ਨੂੰ, ਅਨੁਰਾਗ ਸਿੰਘ ਮੁਤਾਬਕ ਜਨਮ ਪ੍ਰਤੀ ਲਿਖੀ ਗਈ, ਵੈਸਾਖ ਸੁਦੀ ਪੰਚਮੀ, ਸੰਮਤ 1582 ਬਿ:, ਅਤੇ ਡਾ ਸੁਖਦਿਆਲ ਸਿੰਘ ਮੁਤਾਬਕ ਵੈਸਾਖ ਸੁਦੀ ਪੰਚਮੀ, ਸੰਮਤ 1592 ਬਿ:, ਦੋਵਾਂ ਸੱਜਣਾ ਨੇ ਬਾਲੇ ਵਾਲੀ ਜਨਮ ਸਾਖੀ ਵਿੱਚ ਦਰਜ ਇਸ ਵਾਰਤਾ ਨੂੰ ਹਿੰਦਾਲੀਆਂ ਵੱਲੋ ਕੀਤੀ ਗਈ ਮਿਲਾਵਟ ਨਹੀਂ ਮੰਨਿਆ। ਇਹ ਤਾਂ ਭਾਈ ਬਾਈ ਵੱਲੋਂ ਲਿਖਵਾਏ ਹੋਵੇ 'ਨਿਰਮਲ ਬਚਨ' ਹਨ।

"ਇਹ ਉਹ ਭੂਮਿਕਾ ਜਾਂ ਜਾਣਕਾਰੀ ਹੈ ਜਿਹੜੀ ਭਾਈ ਬਾਲੇ ਵਾਲੀ ਜਨਮਸਾਖੀ ਦੇ ਸ਼ੁਰੂ ਵਿੱਚ ਦਿੱਤੀ ਗਈ ਹੈ। ਭਲਾ ਦੇਖਿਆ ਜਾਵੇ ਤਾਂ ਇਸ ਤੋਂ ਵੱਧ ਵਿਸ਼ਵਾਸ ਕਰਨ ਯੋਗ ਹੋਰ ਕਿਹੜੀ ਸ਼ਭਦਾਵਲੀ ਹੋ ਸਕਦੀ ਹੈ? ਇਹ ਪੰਜਾਬੀ ਦੀ ਗੁਰਮੁਖੀ ਅੱਕਰਾ ਵਿੱਚ ਪਹਿਲੀ ਲਿਖਤ ਹੈ। ਇਤਨੀ ਪੁਰਾਤਨ ਲਿਖਤ ਦਾ ਇਸ ਤੋਂ ਵਧੀਆਂ ਕੋਈ ਹੋਰ ਢੰਗ ਨਹੀਂ ਹੋ ਸਕਦਾ। ਇਸ ਵਿੱਚ ਲਿਖੀ ਗਈ ਹਰ ਗੱਲ ਮੰਨਣ ਯੋਗ ਹੈ"। ( ਡਾ ਸੁਖਦਿਆਲ ਸਿੰਘ , ਉਹੀ, ਪੰਨਾ 50)

ਹੁਣ ਇਥੇ ਇਕ ਹੋਰ ਪਹਾੜ ਜਿੱਡਾ ਸਵਾਲ ਸਵਾਲ ਸਾਹਮਣੇ ਆ ਖਲੋਤਾ ਹੈ ਉਹ ਹੈ



ਇਸੇ ਜਨਮ ਸਾਖੀ ਦੀਆਂ ਆਰੰਭਕ ਪੰਗਤੀ, "ਜਨਮਪਤ੍ਰੀ ਬਾਬੇ ਨਾਨਕ ਜੀ ਕੀ ਸੰਮਤ ੧੫੮੨ ਪੰਦ੍ਰਾ ਸੈ ਬਿਆਸੀ ਮਿਤੀ ਵੈਸਾਖ ਸੁਦੀ ੫ ਪੋਥੀ ਲਿਖੀ ਪੈੜੇ ਮੋਖੇ ਸੁਲਤਾਨ ਪੁਰ ਦੇ ਖਤਰੇਟੇ, ਗੁਰੂ ਅੰਗਦ ਜੀ ਲਿਖਵਾਈ ਪੈਞੇ ਲਿਖੀ।"

ਸਵਾਲ ਇਹ ਹੈ ਕਿ ਜੇ ਇਹ ਤਾਰੀਖ ਜਨਮਪਤ੍ਰੀ ਲਿਖਣ ਦੀ ਤਾਰੀਖ ਹੈ ਤਾਂ ਬਾਬੇ ਨਾਨਕ ਜੀ ਕੀ ਜਨਮ ਪਤ੍ਰੀ ਦਾ ਲੇਖਕ ਕੌਣ ਹੋਇਆ, ਮਿਸਰ ਹਰਦਿਆਲ ਜਾਂ ਮੋਖਾ ਪੈੜਾ? ਹੁਣ ਇਸ ਤਾਰੀਖ ਨੂੰ ਜਨਮ ਸਾਖੀ ਲਿਖਣ ਦੀ ਤਾਰੀਖ ਤਾਂ ਤੁਸੀ ਮੰਨਣ ਨੂੰ ਤਿਆਰ ਨਹੀਂ ਹੋ। "ਕਿਸੇ ਵੀ ਪੁਰਾਤਨ ਖੱਰੜੇ ਦੇ ਲਿੱਖਣ ਦੀ ਤਿਥ-ਸੰਮਤ ਖੱਰੜੇ ਦੇ ਸ਼ੁਰੂ ਵਿੱਚ ਦਿਤਾ ਅਗਰ ਮਿਲੇ ਤਾਂ ਸਾਂਝਾ ਕਰਨਾ। ਇਹ ਸਿਰਫ ਸੰਗਤਾ ਨੂੰ ਗੁਮਰਾਹ ਕਰਨ ਲਈ ਝੂਠ ਬੋਲਿਆ ਗਿਆ"। (ਅਨੁਰਾਗ ਸਿੰਘ)

ਚਲੋ, ਹੁਣ ਹੱਥ ਲਿਖਤ ਖੱਰੜੇ ਦੇ ਆਰੰਭ ਵਿੱਚ ਲਿਖੀ ਤਿਥ-ਸੰਮਤ ਨੂੰ ਜਨਮਪਤ੍ਰੀ ਲਿਖਣ ਦੀ ਤਾਰੀਖ ਹੀ ਸਾਬਿਤ ਕਰ ਦਿਓ।

ਤਿੱਥ ਅਤੇ ਤਾਰੀਖ ਅਤੇ ਪ੍ਰਵਿਸ਼ਟਾ:-

ਗੁਰੂ ਨਾਨਕ ਜੀ ਦੀ ਜਨਮ ਤਾਰੀਖ ਬਾਲੇ ਵਾਲੀ ਜਨਮ ਸਾਖੀ ਦੇ ਹਵਾਲੇ ਨਾਲ, ਕੱਤਕ ਦੀ ਪੁੰਨਿਆ ਸੰਮਤ 1526 ਬਿ:, 20 ਅਕਤੂਬਰ 1469 ਈ: ਲਿਖੀ ਮਿਲਦੀ ਹੈ।

**"Five years later a son was born to Tripta on the full moon day of October 20, 1469 A.D. kartik Puranmashi, 1526 B.S. at Talwandi, now known as Nankana Sahib". (Dr Trilochan Singh, Guru Nanak, Founder of Sikhism -Page 3)**

ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ, ਡਾ ਹਰਜਿੰਦਰ ਸਿੰਘ ਦਿਲਗੀਰ ਵੀ ਇਸੇ ਤਾਰੀਖ ਨਾਲ ਸਹਿਮਤ ਹਨ। "20 ਗੋਬਿੰਦ ਸਿੰਘ ਮਾਹ,੧੪੬੯, ਪ੍ਰਕਾਸ਼ ਪੁਰਬ ਗੁਰੂ ਨਾਨਕ ਸਾਹਿਬ"। (ਡਾ ਦਿਲਗੀਰ) ਦਮਦਮੀ ਟਕਟਾਲ ਦਾ ਤਾਂ ਆਲਮ ਹੀ ਨਿਰਾਲਾ ਹੈ ਉਨ੍ਹਾਂ ਦੇ ਮਹਾਪੁਰਖ ਤਾਂ 29 ਨਵੰਬਰ 1469 ਈ: ਲਿਖੀ ਬੈਠੇ ਹੈ।

ਕੱਤਕ ਸੁਦੀ 15 ( ਪੁੰਨਿਆ) 20 ਅਕਤੂਬਰ 1469 ਦਿਨ ਸ਼ੁਕਰਵਾਰ ਨੂੰ ਸੀ। ਜਨਮਸਾਖੀ ਮੁਤਾਬਕ ਗੁਰੂ ਨਾਨਕ ਜੀ ਦਾ ਜਨਮ ਪੁੰਨਿਆ ਦੀ ਰਾਤ, ਅੱਧੀ ਰਾਤ ਤੋਂ ਪਿਛੋਂ ਹੋਇਆ ਸੀ। "ਜੇ ਪਹਿਲੇ ਦੁਹ ਪਹਰਾ ਅੰਦਿਰ ਜਨਮ ਹੋਦਾ ਤਾਂ ਸਾਹੂਕਾਰ ਹੁੰਦਾ। ਇਹ ਪਿਛਲੇ ਪਹਿਰ ਢਲਦੀ ਰਾਤ ਜਨਮਿਆ ਹੈ"। "ਪਿਛਲੇ ਪਹਿਰ ਢਲਦੀ ਰਾਤ" ਤੋਂ ਕਿਹੜਾ ਪਹਿਰ ਸਮਝਿਆ ਜਾਵੇ? ਪਿਛਲਾ ਪਹਿਰ ਆਖਰੀ ਪਹਿਰ ਵੀ ਹੋ (ਚੌਥਾ ਪਹਿਰ) ਵੀ ਹੋ ਸਕਦਾ ਹੈ। ਜਨਮਸਾਖੀਆਂ ਵਿੱਚ ਸਾਨੂੰ "ਸਵਾ ਪਹਿਰ ਰਾਤ ਰਹਿੰਦਿਆ" ਵੀ ਪੜ੍ਹਨ ਨੂੰ ਮਿਲਦਾ ਹੈ। ਪੁੰਨਿਆ ਦੀ ਤਿਥ ਦਾ ਆਰੰਭ 20 ਅਕਤੂਬਰ ਸਵੇਰੇ 6:14 ਅੰ ਤੇ ਹੋਇਆ ਸੀ। ਸੂਰਜ 6:49 ਅੰ ਤੇ ਚੜ੍ਹਿਆ ਸੀ। (ਇਹ ਸਮਾਂ ਨਨਕਾਣਾ ਸਾਹਿਬ ਦਾ ਹੈ) ਇਸ ਲਈ ਸ਼ੁਕਰਵਾਰ 20 ਅਕਤੂਬਰ ਨੂੰ ਸਵੇਰੇ ਸੂਰਜ ਚੜ੍ਹਨ ਵੇਲੇ ਪੁੰਨਿਆ ਦੀ ਤਿਥ ਹੋਣ ਕਾਰਨ, 21 ਤਾਰੀਖ ਨੂੰ ਸੂਰਜ ਚੜ੍ਹਨ ਵੇਲੇ ਤੀਕ ਪੁੰਨਿਆ ਹੀ ਗਿਣੀ ਜਾਵੇਗੀ। 20 ਅਕਤੂਬਰ ਨੂੰ ਸੂਰਜ 5:49 ਵੰ ਤੇ ਛਿਪਿਆ ਸੀ ਅਤੇ 21 ਤਾਰੀਖ ਸਵੇਰੇ 6:50 ਅੰ ਤੇ ਚੜ੍ਹਿਆ ਸੀ। ਮੋਟੇ ਤੌਰ ਵੇਖੀਏ ਤਾਂ 20 ਅਕਤੂਬਰ ਦੀ ਰਾਤ 13 ਘੰਟਿਆਂ ਦੀ ਸੀ। ਤਾਂ ਅਸੀਂ ਕਹਿ ਸਕਦੇ ਹਾਂ ਕਿ ਇਕ ਪਹਿਰ ਦਾ ਸਮਾ 3 ਘੰਟੇ 15 ਦਾ ਬਣਦਾ ਹੈ। ਤੀਜੇ ਪਹਿਰ ਦਾ ਆਰੰਭ 5:49 ਵੰ+6:30= 12:19 ਅੰ ਤੇ ਹੋਇਆ ਸੀ। ਅਤੇ ਚੋਥੇ ਪਹਿਰ ਦਾ ਆਰੰਭ 12:19+3:15= 3:34 ਤੇ ਹੋਇਆ ਸੀ। ਜੇ ਸਵਾ ਪਹਿਰ ਰਾਤ ਰਹਿੰਦਿਆ ਨੂੰ ਮੰਨ ਲਿਆ ਜਾਵੇ ਤਾਂ ਇਹ ਸਮਾ ਲੱਗਭੱਗ 2: 45 ਅੰ ਬਣਦਾ ਹੈ। ਇਕ ਗੱਲ ਤਾਂ ਸਪੱਸ਼ਟ ਹੈ ਕਿ ਇਹ ਸਮਾਂ 21 ਅਕਤੂਬਰ ਦਾ ਬਣਦਾ ਹੈ। 20 ਅਕਤੂਬਰ ਤੋਂ 21 ਅਕਤੂਬਰ ਰਾਤ 12 ਵਜੇ ਹੋ ਗਈ ਸੀ। ਇਸ ਲਈ ਗੁਰੂ ਜੀ ਦੇ ਜਨਮ ਦੀ ਤਿੱਥ, ਕੱਤਕ ਦੀ ਪੁੰਨਿਆ, ਤਾਰੀਖ 21 ਅਕਤੂਬਰ ਅਤੇ ਪ੍ਰਵਿਸ਼ਰਾ 21 ਕੱਤਕ ਬਣਦਾ ਹੈ। ਕੀ ਹੁਣ ਅਨੁਰਾਗ ਸਿੰਘ, ਡਾ ਤ੍ਰਿਲੋਚਨ ਸਿੰਘ ਵੱਲੋਂ (ਕਿਤਿਓ ਨਕਲ ਮਾਰ ਕੇ) ਲਿਖੀ ਗਲਤ ਤਾਰੀਖ 20 ਅਕਤੂਬਰ ਨੂੰ, ਗਲਤ ਕਹਿਣ ਦਾ ਹੌਸਲਾ ਕਰੇਗਾ?

ਇਹ ਦੋਵੇ ਇਤਿਹਾਸਕਾਰ, ਜਿਹੜੇ ਸ. ਕਰਮ ਸਿੰਘ ਹਿਸਟੋਰੀਅਨ ਦੀ ਅਲੋਚਨਾ (ਬਹੁਤ ਹੀ ਘਟੀਆਂ ਸ਼ਬਦਾਂ ਵਿੱਚ) ਰੂਪੀ ਮੰਗਲਾਚਰਣ ਲਿਖ ਕੇ ਆਪਣੀ ਗੱਲ ਆਰੰਭ ਕਰਦੇ ਹਨ, ਇਨ੍ਹਾਂ ਨੂੰ ਬੇਨਤੀ ਹੈ ਕਿ ਸ. ਕਰਮ ਸਿੰਘ ਜੀ ਤਾਂ ਹੁਣ ਇਸ ਦੁਨੀਆਂ ਵਿੱਚ ਨਹੀਂ ਹਨ, ਜਿਹੜੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਣ। ਪਰ, ਤੁਸੀਂ ਤਾਂ ਦੋਵੇਂ ਜਿਉਂਦੇ-ਜਾਗਦੇ ਹੋ, ਦਿਓ ਆਪਣੇ ਜਿਉਂਦੇ ਹੋਣ ਦਾ ਸਬੂਤ, ਕਰੋ ਆਪਣਾ-ਆਪਣਾ ਪੱਖ ਸ਼ੱਪਸ਼ਟ ਅਤੇ ਕਰਾਉ ਉਸ ਜਨਮ ਸਾਖੀ ਸਾਖੀ ਦੇ ਦਰਸ਼ਨ, ਜਿਹੜੀ 1596 ਬਿ: ਦੇ ਅਖੀਰ ਵਿੱਚ, ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿੱਚ ਲਿਖੀ ਗਈ ਸੀ। ਤਾਂ ਜੋ ਕੱਤਕ ਕਿ ਵੈਸਾਖ ਦਾ ਮਸਲਾ ਸਦਾ ਲਈ ਹਲ ਕੀਤਾ ਜਾ ਸਕੇ।

ooo

## ਨਛੱਤਰ ਗਿੱਲ ਬੋਲੇ ਹਿੱਟ ਹੈ ਫਿੱਟ ਹੈ ਕਲ ਅੱਜ ਤੇ ਕੱਲ੍ਹ ਬੰਨੀ ਸ਼ਰਮਾ



ਪੰਜਾਬ ਦੇ ਸਟਾਰ ਗਾਇਕ ਨਛੱਤਰ ਗਿੱਲ ਦਾ ਟੀਵੀ ਪ੍ਰੋਗਰਾਮ ਨਿਰਮਾਤਾ ਤੇ ਸੰਗੀਤ ਪ੍ਰਮੋਟਰ ਬੰਨੀ ਸ਼ਰਮਾ ਨਾਲ ਪਿਆਰ ਬਹੁਤ ਹੀ ਸਦੀਵੀ ਤੇ ਰੂਹਾਂ ਵਾਲਾ ਹੈ। ਜਦ ਬੰਨੀ ਸ਼ਰਮਾ ਦੇ ਜਲੰਧਰ ਦੂਰਦਰਸ਼ਨ ਤੇ ਟੌਪ ਪ੍ਰੋਗਰਾਮ ਚਲਦੇ ਸਨ ਤਦ ਨੱਛਤਰ ਗਿੱਲ ਦੇ ਗੀਤਾਂ ਦਾ ਪ੍ਰਸਾਰਨ ਓਹ ਚੋਟੀ ਦੇ ਤਰੀਕੇ ਨਾਲ ਕਰਦੇ ਸਨ। ਹੈਪੀ ਮਨੀਲਾ ਜਿਹੇ ਅੰਤਰ ਰਾਸ਼ਟਰੀ ਪ੍ਰਮੋਟਰ ਵੀ ਆਖਦੇ ਰਹੇ ਨੇ ਬੰਨੀ ਸ਼ਰਮਾ ਯਾਰਾਂ ਦੇ ਯਾਰ ਨੇ ਤੇ ਨੱਛਤਰ ਗਿੱਲ ਤਦ ਵੀ ਕਹਿੰਦੇ ਸਨ ਕਿ ਬੰਨੀ ਸ਼ਰਮਾ ਵਪਾਰ ਵਿੱਚ ਘਾਟੇ ਖਾ ਜਾਣਗੇ ਪਰ ਯਾਰੀ ਵਿੱਚ ਮੁਨਾਫ਼ੇ ਹੀ ਹਨ ਓਹਨਾਂ ਕੋਲ ਤੇ ਅੱਜ ਵੀ ਨਛਤਰ ਗਿੱਲ ਓਸ ਹੀ ਪਿਆਰ ਨਾਲ ਬੰਨੀ ਸ਼ਰਮਾ ਨੂੰ ਮਿਲਦੇ ਨੇ ਤੇ ਆਖਦੇ ਨੇ ਕਿ ਬੰਨੀ ਸ਼ਰਮਾ ਫਿਲਮੀ ਹੀਰੋ ਦੀ ਤਰਾਂ ਨੇ ਜਿਵੇਂ ਪੰਦਰਾਂ ਸਾਲ ਪਹਿਲੇ ਓਹ ਹਿੱਟ ਫਿੱਟ ਸਨ ਵਾਹਿਗੁਰੂ ਦੀ ਕਿਰਪਾ ਅੱਜ ਵੀ ਉਹੀ ਜਲਵਾ ਓਹਨਾਂ ਦਾ ਹੈ ਚਿਹਰਾ ਹੋਏ ਜਾਂ ਕੰਮ ਕਾਰ। ਬੰਨੀ ਸ਼ਰਮਾ ਜਿਹੜੇ "ਸੁਰਮਈ ਸ਼ਾਮ" ਵਿੱਚ ਬੀਤੇ ਦਿਨੀਂ ਬ੍ਰਹਮਪਟਨ ਵਿਖੇ "ਗੈਸਟ ਆਫ ਆਨਰ" ਸਨ ਨੇ ਕਿਹਾ ਕਿ ਨੱਛਤਰ ਗਿੱਲ ਪਿਆਰੇ ਗਾਇਕ, ਸੱਜਣ ਕਰੀਬੀ ਤੇ ਇਨਸਾਨ ਲਾਜਵਾਬ ਹਨ। ਗੱਲ ਮੁੱਕਦੀ ਤੇ ਢੁੱਕਦੀ ਇਹ ਕਿ ਬੰਨੀ ਸ਼ਰਮਾ ਤੇ ਨਛੱਤਰ ਗਿੱਲ ਦੇ ਪ੍ਰੇਮ ਰਿਸ਼ਤੇ ਬਰਕਰਾਰ ਹਨ ਤੇ ਰੱਬ ਕਰੇ ਇਹ ਇੰਜ ਹੀ ਹੋਰ ਪਕ ਹੁੰਦੇ ਰਹਿਣ।

## ਰਾਣਾ ਸਿੰਘ ਦਰਾਜ ਤੇ ਐਂਜਲੀਨਾ ਰਾਜਪੂਤ ਜੋੜੀ ਰਾਜਾ ਰਾਣੀ ਦੀ



ਜੋੜੀਆਂ ਜਿਵੇਂ ਧੁਰੋਂ ਬਣ ਆਉਂਦੀਆਂ ਨੇ ਇੰਜ ਹੀ ਫਿਲਮੀ ਜੋੜੀਆਂ ਵੀ ਹਾਣ ਪ੍ਰਵਾਨ ਦੀਆਂ ਸੋਹਣੀਆਂ ਲੱਗਦੀਆਂ ਹਨ। ਪੰਜਾਬੀ ਵੈੱਬ ਸੀਰੀਜ਼ ਤੇ ਸ਼ੋਰਟ ਫਿਲਮਾਂ ਦੇ ਨਾਲ ਵੀਡੀਓ ਗਾਣਿਆਂ ਵਿੱਚ ਇੱਕ ਜੋੜੀ ਜਿਕਰਯੋਗ ਹੈ। ਇਹ ਹੈ ਰਾਣਾ ਸਿੰਘ ਦਰਾਜ ਐਂਜਲੀਨਾ ਰਾਜਪੂਤ ਦੀ ਪਿਆਰੀ ਜੋੜੀ ਬਿਲਕੁਲ ਧਰਮਿੰਦਰ ਹੇਮਾ ਮਾਲਿਨੀ ਦੀ ਜੋੜੀ ਦੀ ਤਰਾਂ ਹੈ। ਵੀਡੀਓ ਬਜ਼ਾਰ ਦੇ ਇੱਕ ਮਾਹਿਰ ਨੇ ਕਿਹਾ ਜਿਸ ਵੀਡੀਓ ਵਿੱਚ ਦੋਵੇਂ ਸ਼ਾਨਦਾਰ ਅਦਾਇਗੀ ਦੇਖਣ ਨੂੰ ਮਿਲਦੀ ਹੈ। ਰਾਣਾ ਸਿੰਘ ਦਰਾਜ ਉੱਚਾ ਸੁਨੱਖਾ ਤੇ ਕੱਦ ਕਾਠ ਸੋਹਣਾ ਹੈ, ਜਚਦਾ ਮੁੰਡਾ ਤੇ ਐਂਜਲੀਨਾ ਰਾਜਪੂਤ ਵੀ ਐਂਜਲ ਲੱਗਦੀ ਹੈ ਪਰੀ ਲੋਕ ਦੀ ਪਰੀ। ਭਗਵੰਤ ਕੰਗ ਦੀ "ਪੌੜੀ" ਦੇ ਮਜ਼ਬੂਤ ਡੰਡੇ ਨੇ ਰਾਣਾ ਸਿੰਘ ਦਰਾਜ ਤੇ ਐਂਜਲੀਨਾ ਰਾਜਪੂਤ ਤੇ ਪਰਮਜੀਤ ਸਿੰਘ ਨਾਗਰਾ ਬੋਲਦੇ ਨੇ ਵਾਹ ਵਾਹ ਮਜ਼ਾ ਆ ਜਾਂਦਾ ਦੋਵਾਂ ਨੂੰ ਇਕਠਿਆਂ ਦੇਖ ਕਿ ਤੇ ਸਿੰਮੀ ਪ੍ਰੀਤ ਕੌਰ ਵੀ ਰਾਣਾ ਤੇ ਐਂਜਲੀਨਾ ਦੀ ਸਿਫਤ ਕਰਦੀ ਹੈ ਤੇ ਗੁਰਪ੍ਰੀਤ ਕੌਰ ਕੰਗ ਦੀ ਨਜ਼ਰੇ ਦੋਵੇਂ ਬਹੁਤ ਤਰੱਕੀ ਕਰਨਗੇ। ਪੰਜਾਬੀ ਫ਼ਿਲਮਾਂ ਵਿੱਚ ਇਹ ਜੋੜੀ ਬਹੁਤ ਦੂਰ ਤੱਕ ਜਾਏਗੀ ਚਰਚਿਤ ਹੋਏਗੀ। ਇਹ ਗੱਲ ਸਹੀ ਹੈ ਕਿ ਰਾਣਾ ਸਿੰਘ ਦਰਾਜ ਕੋਲ ਐਕਟਿੰਗ ਵੀ ਹੈ ਤੇ ਐਂਜਲੀਨਾ ਵੀ ਸ਼ਾਨਦਾਰ ਅਭਿਨੇਤਰੀ ਹੈ। ਰਾਣਾ ਦਰਾਜ ਐਂਜਲੀਨਾ ਰਾਜਪੂਤ ਦੀ ਇਹ ਜੋੜੀ ਬਹੁਤ ਉੱਨਤੀ ਕਰੇ ਸ਼ੁੱਭ ਕਾਮਨਾਵਾਂ।

# • ਪੰਜਾਬੀ ਫ਼ਿਲਮ ਦਰਪਣ •

## ਹਰਮਿੰਦਰ ਸਿੰਘ ਬਿਲਖੂ ਬਣ ਜਾਣਗੇ ਸ਼ੋਰਟ ਫ਼ਿਲਮਾਂ ਦੇ ਸਟਾਰ ਡਾਇਰੈਕਟਰ



ਮਿਹਨਤ ਹਰਮਿੰਦਰ ਸਿੰਘ ਬਿਲਖੂ ਨੇ ਜਿੰਨੀ ਕੀਤੀ ਹੈ ਫ਼ਿਲਮ ਖੇਤਰ ਵਿੱਚ ਓਹ ਬਹੁਤ ਜ਼ਿਆਦਾ ਹੈ ਤੇ ਓਹਨਾਂ ਦੀ ਸ਼ਰਾਫਤ ਨੇ ਓਹਨਾਂ ਨੂੰ ਚਾਹੇ ਆਰਥਿਕ ਤੌਰ ਤੇ ਫਾਇਦਾ ਘੱਟ ਦਿੱਤਾ ਹੋਊ ਪਰ ਓਹਨਾਂ ਕੋਲ ਵਿਸ਼ਾਲ ਤਜ਼ਰਬਾ ਹੈ। ਵੱਡੀਆਂ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਡਾਇਰੈਕਟ ਕਰ ਚੁੱਕੇ ਹਰਮਿੰਦਰ ਸਿੰਘ ਬਿਲਖੂ ਅੱਛੇ ਐਕਟਰ ਵੀ ਹਨ। ਅੱਜ ਕਲ ਓਹਨਾਂ ਦਾ ਨਿਰਦੇਸ਼ਕ ਤੌਰ ਤੇ ਕੈਰੀਅਰ ਚਮਕ ਰਿਹਾ ਹੈ ਤੇ ਬਹੁਤ ਸਾਰੀਆਂ ਸ਼ੋਰਟ ਫ਼ਿਲਮਾਂ ਬਣਾ ਕਿ ਓਹ ਵੈੱਬ ਸ਼ੋਰਟ ਫ਼ਿਲਮਾਂ ਦੇ ਖੇਤਰ ਵਿੱਚ ਚਰਚਿਤ ਹੋ ਰਹੇ ਹਨ। ਸੰਗੀਤਿਕ ਫ਼ਿਲਮ "ਮੋੜ ਮੁਹਾਰਾਂ" ਲਈ ਓਹਨਾਂ ਨੂੰ ਜਵਾਹਰ ਭਰੋਲੀ ਜਿਹੇ ਨਾਮਵਰ ਸੰਗੀਤਕਾਰ ਨੇ ਉਤਸ਼ਾਹਿਤ ਕੀਤਾ ਹੈ ਤੇ ਪਾਲੀ ਦਮਦਮੇ ਵਾਲੀਆ ਓਹਨਾਂ ਦੇ ਸਥਾਈ ਨਿਰਮਾਤਾ ਹਨ। ਪਾਲੀ ਨਾਲ ਓਹਨਾਂ ਦੀਆਂ ਸ਼ੋਰਟ ਫ਼ਿਲਮਾਂ ਵਿੱਚ "ਪੰਜ ਮੁਰੱਬਿਆਂ ਵਾਲਾ" ਚਰਚਾ ਵਿੱਚ ਹੈ। ਬਾਲਕ੍ਰਿਸ਼ਨ ਕੋਚਰ ਜਿਹੇ ਐਕਟਰ ਵੀ ਆਖਦੇ ਨੇ ਬਿਲਖੂ ਦਾ ਕੰਮ ਕਰਵਾਉਣ ਦਾ ਤਰੀਕਾ ਵਧੀਆ ਹੈ ਤੇ ਖੁਦ ਨਿਰਦੇਸ਼ਣ ਵਿੱਚ ਓਹ ਕੱਲੀ ਕੱਲੀ ਚੀਜ਼ ਤੇ ਧਿਆਨ ਦਿੰਦੇ ਹਨ। ਐਂਡਰਾਇਡ ਤੇ ਸ਼ਾਨਦਾਰ ਰਿਜਲਟ ਤੇ ਹੁਣ ਹਰਮਿੰਦਰ ਸਿੰਘ ਬਿਲਖੂ ਵੱਡੇ ਫ਼ਿਲਮ ਕੈਮਰੇ ਤੇ ਅਗਲੀਆਂ ਫ਼ਿਲਮਜ਼ ਕਰ ਰਹੇ ਹਨ। ਬਿਲਖੂ ਕਹਿੰਦੇ ਹਨ ਕਿ ਮੇਰੀ ਟੀਮ ਦਿਨ ਬ ਦਿਨ ਵੱਡੀ ਹੁੰਦੀ ਜਾ ਰਹੀ ਹੈ ਤੇ ਸਾਡੇ ਕੋਲ ਆਧੁਨਿਕ ਫਿਲਮਕਣ ਸਹੂਲਤਾਂ ਵੀ ਆ ਰਹੀਆਂ ਹਨ। ਉਮੀਦ ਹੈ ਕਿ ਨਵੇਂ ਸਾਲ ਵਿੱਚ ਹਰਮਿੰਦਰ ਸਿੰਘ ਬਿਲਖੂ ਪੰਜਾਬੀ ਲਘੂ ਫਿਲਮਾਂ ਦੇ ਬਾਦਸ਼ਾਹ ਡਾਇਰੈਕਟਰ ਹੋਣਗੇ।

## "ਚੜ੍ਹਦੀਕਲਾ ਦੇ ਵਿੱਚ ਰਵੇ ਖਾਲਸਾ" ਨਿੰਮਾ ਮਹਿਰਮ ਪੁਰੀਆ ਦਾ ਧਾਰਮਿਕ ਗੀਤ



ਅਮਰੀਕਾ ਰਹਿੰਦੇ ਨਿੰਮਾ ਮਹਿਰਮ ਪੁਰੀਆ ਦਾ ਨਾਮ ਪੰਜਾਬੀ ਗਾਇਕੀ ਵਿੱਚ ਸਤਿਕਾਰਿਤ ਹੈ ਕਿਉਂ ਕਿ ਓਸ ਦੇ ਗਾਏ ਗੀਤ ਵਿਰਾਸਤ ਦੀ, ਪੰਜਾਬ ਤੇ ਸੋਨੇ ਜਿਹਾ ਵਿਰਸਾ ਪੰਜਾਬੀ ਦੀ ਗੱਲ ਕਰਦੇ ਹਨ। "ਸੋਹਣੇ ਦੇਸ਼ ਪੰਜਾਬ ਤੋਂ ਜਾਵਾਂ ਬਲਿਹਾਰੇ" ਦੇ ਬਾਅਦ ਨਿੰਮਾ ਮਹਿਰਮ ਪੁਰੀਆ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਤੇ ਆਪਣਾ ਨਵਾਂ ਧਾਰਮਿਕ ਗੀਤ ਲਿਆਂਦਾ ਹੈ। ਇਸ ਦਾ ਟਾਈਟਲ "ਚੜ੍ਹਦੀਕਲਾ ਦੇ ਵਿੱਚ ਰਵੇ ਖਾਲਸਾ" ਹੈ ਤੇ ਐਮ ਕੇ ਵੀ ਬੀਟ ਨੇ ਇਸ ਦਾ ਧਰਮ ਭਾਵਨਾ ਵਾਲਾ ਅਨੁਕੂਲ ਸੰਗੀਤ ਦੇ ਕਿ ਇਸ ਨੂੰ ਸਭ ਦੇ ਮੂੰਹ ਚੜ੍ਹਨ ਵਾਲਾ ਗੀਤ ਬਣਾ ਦਿੱਤਾ ਹੈ। ਪ੍ਰਦੇਸੀ ਰਕਰਾਂ ਵਾਲਾ ਨੇ ਇਸ ਗੀਤ ਦੇ ਵੀਡੀਓ ਨਾਲ ਖਾਲਸਾ ਨੂੰ ਉਭਾਰਿਆ ਹੈ ਤਾਂ ਕਿ ਵਿਦੇਸ਼ੀ ਵੀ ਖਾਲਸਾ ਤੋਂ ਜਾਣੂ ਹੋਣ। ਏ ਜੇ ਸ਼ੂਟ ਦੀ ਡ੍ਰੋਨ ਫੋਟੋਗ੍ਰਾਫੀ ਨਾਲ ਵੀਡੀਓ ਹੋਰ ਅੱਤੀ ਉੱਤਮ ਬਣਿਆ ਹੈ। ਪ੍ਰਜਾਪਤੀ ਨੇ ਗਾਣੇ ਦਾ ਸੰਪਾਦਨ ਵੀ ਅੱਛਾ ਕੀਤਾ ਹੈ। ਨਿੰਮਾ ਮਹਿਰਮ ਪੁਰੀਆ ਆਖਦੇ ਨੇ ਕਿ ਬੀਰ ਖਾਲਸਾ ਗਤਕਾ ਗਰੁੱਪ ਨੇ ਸਾਡੇ ਇਸ ਧਾਰਮਿਕ ਉਪਰਾਲੇ ਨੂੰ ਬਲ ਦਿੱਤਾ ਹੈ ਤੇ ਓਹ ਜੋਰਾ ਸਿੰਘ, ਅਨਮੋਲ ਪ੍ਰੀਤ ਸਿੰਘ, ਰਣਯੋਧ ਸਿੰਘ, ਲਵਪ੍ਰੀਤ ਸਿੰਘ ਤੇ ਪ੍ਰੀਤਪਾਲ ਸਿੰਘ ਦੇ ਨਾਲ ਹਰਪ੍ਰੀਤ ਸਿੰਘ ਤੇ ਭੁਪਿੰਦਰ ਤੇ ਪ੍ਰਿਤਪਾਲ ਹਵੇਲੀ ਦੇ ਧੰਨਵਾਦੀ ਨੇ ਜਿਹਨਾਂ ਦੇ ਕਾਰਜ ਨਾਲ "ਚੜ੍ਹਦੀ ਕਲਾ ਦੇ ਵਿੱਚ ਰਵੇ ਖਾਲਸਾ" ਯਾਦਗਾਰ ਵੀਡੀਓ ਗੀਤ ਬਣਿਆ ਹੈ। ਇਹ ਗੀਤ ਨਿੰਮਾ ਮਹਿਰਮ ਪੁਰੀਆ ਰਿਕਾਰਡਜ਼ ਦੀ ਯਾਦਗਾਰ ਭੇਂਟ ਹੈ ਤੇ ਸੰਗਤ ਇਸ ਨੂੰ ਭਰਵਾਂ ਹੁੰਗਾਰਾ ਦੇਵੇਗੀ।

## ਹਰਦੀਸ਼ ਕੌਰ ਬੈਂਸ ਹੁਣ ਆਪਣੀ ਐਕਟਿੰਗ ਨਾਲ ਖੜਕਾਏਗੀ ਟਕੂਆ




ਸਰਦਾਰਨੀ ਦੀ ਦਿੱਖ ਸ਼ੁੱਧ ਪੰਜਾਬੀ ਵਿੱਚ ਘੈਂਟ ਹੈ, ਜੱਚਦੀ ਹੈ ਤੇ ਫੱਬਦੀ ਹੈ। ਨਾਂਅ ਹਰਦੀਸ਼ ਕੌਰ ਬੈਂਸ ਹੈ ਤੇ ਓਹ ਸ਼ਾਨਦਾਰ ਅਭਿਨੇਤਰੀ ਹੈ। ਇਸ ਦੇ ਨਾਲ ਓਹ ਫ਼ਿਲਮ ਲੇਖਿਕਾ ਵੀ ਹੈ ਤੇ ਸ਼ੁੱਧ ਪੰਜਾਬਣ ਹੈ। ਜੱਟੀ ਪੰਦਰਾਂ ਮੁਰੱਬਿਆਂ ਵਾਲੀ ਦਾ ਖਿਤਾਬ ਓਸ ਉੱਪਰ ਢੁੱਕਦਾ ਹੈ। ਬਹੁਤ ਸਾਰੀਆਂ ਫ਼ਿਲਮਾਂ ਸ਼ੋਰਟ, ਵੈੱਬ ਤੇ ਵੈੱਬ ਸੀਰੀਜ ਦੇ ਨਾਲ ਜੀ ਪੰਜਾਬੀ ਤੇ ਵੀ ਹਰ ਦੀ ਬੱਲੇ ਬੱਲੇ ਰਹੀ ਹੈ। ਰਮਨ ਪੰਨੂ ਤੋਂ ਬਾਈ ਹਰਨੇਕ ਤੱਕ ਓਸ ਦੀ ਤਰੀਫ਼ ਕਰਦੇ ਹਨ। ਹਰਦੀਸ਼ ਕੌਰ ਬੈਂਸ ਨੇ "ਸਕਸੇਸ" ਫ਼ਿਲਮ ਵੀ ਕੀਤੀ ਤੇ ਹੋਰ ਬਹੁਤ ਸਾਰੇ ਐਕਟਿੰਗ ਕਾਰਜ ਤੇ ਓਹ ਸੁਨੀਤਾ ਧੀਰ ਦੀ ਤਰਾਂ ਮੌਕੇ ਦਿਓ ਬੱਲੇ ਬੱਲੇ ਕਰਵਾ ਦੇਵੇਗੀ। ਸਰਦਾਰਨੀ ਬੈਂਸ ਰੁੱਝੀ ਹੋਈ ਹੈ ਫ਼ਿਲਮਜ਼ ਵਿੱਚ ਤੇ ਨਵੀਂ ਫ਼ਿਲਮ ਓਹ "ਟਕੂਆ" ਕਰ ਰਹੀ ਹੈ। ਓਹ ਪੂਰੀ ਜਵਾਨ ਲੱਗਦੀ ਹੈ ਤੇ ਓਸ ਦੀ ਸਰੀਰਕ ਭਾਸ਼ਾ ਵੀ ਗ਼ਜ਼ਬ ਦੀ ਹੈ ਅਰਥਾਤ ਗੱਭਰੂ ਅੱਜ ਵੀ ਸੱਤ ਕੁੜਮਾਈਆਂ ਓਸ ਪਿੱਛੇ ਛੱਡ ਦੇਣ ਵਾਲੀ ਗੱਲ ਹੈ। ਹਰਦੀਸ਼ ਕੌਰ ਬੈਂਸ ਨੂੰ "ਟਕੂਆ" ਦੇ ਇਲਾਵਾ ਕਈ ਵੀਡੀਓ ਗੀਤਾਂ ਤੇ ਸਿਨੇਮਾ ਵਾਲੀਆਂ ਫ਼ਿਲਮਾਂ ਵਿੱਚ ਵੀ ਜਲਦੀ ਤਕੋਗੇ। ਸੋਸ਼ਲ ਮੀਡੀਆ ਤੇ ਹਰ ਬਹੁਤ ਸਰਗਰਮ ਰਹਿੰਦੀ ਹੈ ਤੇ ਰੀਲਾਂ ਵਿੱਚ ਵੀ ਉਹ ਜੱਚਦੀ ਫਿਰੇ ਨਾਲੇ ਨੱਚਦੀ ਫਿਰੇ ਵਾਲੀ ਗੱਲ ਢੁੱਕਦੀ ਹੈ। ਚਲੋ ਓਸ ਲਈ ਦੁਆ ਦੀ ਸੁੱਖ ਸ਼ੈਰ ਤੇ ਆਸ ਕਿ "ਟਕੂਆ" ਨਾਲ ਓਸ ਦਾ ਫ਼ਿਲਮ ਕੈਰੀਅਰ ਉੱਚ ਮੰਜ਼ਿਲ ਵੱਲ ਹੋਏਗਾ ਤੇ ਬੈਸਟ ਐਕਟ੍ਰੈਸ ਦਾ ਐਵਾਰਡ ਓਹ ਇੱਕ ਦਿਨ ਪ੍ਰਾਪਤ ਕਰੇਗੀ।

## ਰੇਸ਼ਮ ਛੀਨਾ ਨਵੇਂ ਸਾਲ ਨਵੀਆਂ ਸੰਭਾਵਨਾਵਾਂ ਤੇ ਉਮੀਦਾਂ ਪੂਰੀਆਂ ਕਰੂ



ਪਰਸਨੈਲਿਟੀ ਰੇਸ਼ਮ ਛੀਨਾ ਦੀ ਇਹ ਗੱਲ ਸ਼ਗਨ ਨੇ "ਜੁਦਾਈਆਂ" ਫ਼ਿਲਮ ਦੀ ਸ਼ੂਟਿੰਗ ਵੇਲੇ ਆਖੀ ਸੀ ਤੇ ਗੱਲ ਹੈ ਵੀ ਖਰੀ ਤੇ ਸੱਚ ਕਿ ਦਿੱਖ ਤੇ ਨਕਸ਼ ਰੇਸ਼ਮ ਛੀਨਾ ਰੇਸ਼ਮ ਜਿਹਾ ਮੁੰਡਾ ਹੈ ਹੀ ਹੀਰੋ ਤੇ ਅੱਛੀ ਪਰਵਰਿਸ਼ ਨਾਲ ਜਵਾਨ ਹੋਇਆ। ਰੱਬ ਨੇ ਅੰਦਾਜ਼ ਤੇ ਦਿੱਤੇ ਹੀ ਨਾਲ ਹੀ ਆਵਾਜ਼ ਦੇ ਕਿ ਗਾਇਕ ਬਣਾ ਕਾਮਯਾਬੀਆਂ ਦਿੱਤੀਆਂ ਹਨ। ਰੇਸ਼ਮ ਛੀਨਾ ਹੁਣ ਜਿਆਦਾ ਧਿਆਨ ਸ਼ਾਈਨ ਮੋਸ਼ਨ ਪਿਕਚਰਜ਼ ਨੂੰ ਸਥਾਪਿਤ ਕਰਨ ਵੱਲ ਦੇ ਰਹੇ ਹਨ। ਓਹ ਆਖਦੇ ਨੇ ਟਰੈਕ ਤਾਂ ਆਉਂਦੇ ਰਹਿਣਗੇ ਪਹਿਲਾਂ ਆਪਣੀ ਮਿਊਜਕ ਕੰਪਨੀ ਨੂੰ ਵੈੱਬ ਸ਼ੋਰਟ ਫ਼ਿਲਮਾਂ ਦੇ ਬਜ਼ਾਰ ਵਿੱਚ ਚਰਚਿਤ ਕਰ ਰਹੇ ਹਾਂ। ਇਸ ਨੂੰ ਇੱਕ ਸਥਾਪਿਤ ਚੈਨਲ ਬਣਾ ਦੇਣਾ ਹੈ ਤੇ ਫ਼ਿਰ ਬਾਹਰੀ ਫ਼ਿਲਮਾਂ ਵੀ ਇਸ ਤੇ ਰਲੀਜ਼ ਹੋਣ ਦਾ ਕੰਮ ਸ਼ੁਰੂ ਹੋਏਗਾ। ਗਾਇਕ ਦੀ ਗੱਲ ਤਾਂ ਇਹ ਸ਼ੌਂਕ ਤਾਂ ਪੱਕਾ ਹੈ ਤੇ ਨਵੇਂ ਸਾਲ ਕੋਈ ਵਧੀਆ ਜਿਹਾ ਗਾਣਾ ਅੱਛੇ ਵੀਡੀਓ ਨਾਲ ਵੱਡੀ ਪੱਧਰ ਤੇ ਕਰਨਾ ਹੈ। ਇਸ ਦੇ ਨਾਲ ਨਵੇਂ ਸਾਲ ਆਪਣੀਆਂ ਸ਼ੋਰਟ ਫ਼ਿਲਮਾਂ ਦਾ ਦਾਇਰਾ ਵਿਸ਼ਾਲ ਕਰਨਾ ਹੈ। ਰੇਸ਼ਮ ਛੀਨਾ ਦੇ ਸੰਬੰਧ ਕਲਾ ਤੇ ਸੱਭਿਆਚਾਰ ਖੇਤਰ ਦੇ ਨਾਲ ਰਾਜਨੀਤੀ, ਖੇਡਾਂ ਤੇ ਬਾਕੀ ਹੋਰ ਖੇਤਰਾਂ ਵਿੱਚ ਵੀ ਅੱਛੇ ਹਨ। ਰੇਸ਼ਮ ਛੀਨਾ ਦੀ ਆਦਤ ਹਰੇਕ ਨਾਲ ਅੱਛੇ ਵਤੀਰੇ ਨਾਲ ਮਿਲਣ ਦੀ ਹੈ ਤੇ ਸੁਭਾਅ ਦਯਾਵਾਨ ਹੈ ਜਦ ਕਿ ਸ਼ੌਂਕ ਹਾਲੀਵੁੱਡ ਫ਼ਿਲਮਾਂ ਦੇਖ ਤਕਨੀਕੀ ਜਾਣਕਾਰੀ ਵਿੱਚ ਵਾਧਾ ਕਰਨਾ ਹੈ। ਓਹ ਚਾਹੁੰਦੇ ਹਨ ਕਿ ਓਹਨਾਂ ਦੀਆਂ ਜਾਂ ਸ਼ਾਈਨ ਮੋਸ਼ਨ ਪਿਕਚਰਜ਼ ਦੀਆਂ ਫ਼ਿਲਮਜ਼ ਨੂੰ ਐਵਾਰਡ ਵੀ ਮਿਲਣ ਤੇ ਇੱਕ ਦਿਨ ਏਕਤਾ ਕਪੂਰ ਦੀ ਤਰਾਂ ਓਹਨਾਂ ਦਾ ਚੈਨਲ ਤੇ ਬੈਨਰ ਬੇਹੱਦ ਲੋਕ ਪ੍ਰਿਅ ਹੋਏ। ਰੇਸ਼ਮ ਛੀਨਾ ਜੋ ਕਹਿੰਦੇ ਨੇ ਕਰ ਦਿਖਾ ਦਿੰਦੇ ਹਨ ਤੇ ਰੱਬ ਸੋਹਣੇ ਦੀ ਕਿਰਪਾ ਨਾਲ ਨਵੇਂ ਸਾਲ ਓਹ ਬਹੁਤ ਕੁੱਝ ਕਰਨ ਆਸਾਂ ਉਮੀਦ ਢੇਰ ਸਾਰੀਆਂ ਓਹਨਾਂ ਤੇ ਸ਼ਾਈਨ ਮੋਸ਼ਨ ਪਿਕਚਰਜ਼ ਤੋਂ ਹਨ।

-ਅੰਮ੍ਰਿਤ ਪਵਾਰ